mysteries

ਅਨਜੁਰਿ ਅਜੇਵ ॥

anajur ajev ||

ਅੰਤਰਿ ਅਤੇਵ ॥੪੦੫॥

a(n)tar atev ||405||

They were the age with mysterious mind.405.

ਅਨਭੂ ਪ੍ਰਕਾਸ ॥

anabhoo prakaas ||

ਨਿਤਪ੍ਰਤਿ ਉਦਾਸ ॥

nitaprat udhaas ||

They felt the inner Light and remained detached

ਗੁਨ ਅਧਿਕ ਜਾਸ ॥

gun adhik jaas ||

ਲਖਿ ਲਜਤ ਅਨਾਸ ॥੪੦੬॥

lakh lajat anaas ||406||

They were full of virues and were no prone to destruction.406.

ਬ੍ਰਹਮੰਨ ਦੇਵ ॥

brahama(n)n dhev ||

ਗੁਨ ਗਨ ਅਭੇਵ ॥

gun gan abhev ||

They were adorable for Brahmins, and masters of mysterious qualities

ਦੇਵਾਨ ਦੇਵ ॥

dhevaan dhev ||

ਅਨਭਿਖ ਅਜੇਵ ॥੪੦੭॥

anabhikh ajev ||407||

They were god of gods, who never begged alms etc.407.

ਸੰਨਿਆਸ ਨਾਥ ॥

sa(n)niaas naath ||

ਅਨਧਰ ਪ੍ਰਮਾਥ ॥

anadhar pramaath ||

They were masters of Sannyasis and supremely mighty people

ਇਕ ਰਟਤ ਗਾਥ ॥

eik raTat gaath ||

ਟਕ ਏਕ ਸਾਥ ॥੪੦੮॥

Tak ek saath ||408||

Someone talked about their story and someone walked with them.408.

ਗੁਨ ਗਨਿ ਅਪਾਰ ॥

gun gan apaar ||

ਮੁਨਿ ਮਨਿ ਉਦਾਰ ॥

mun man udhaar ||

These gentle sages were masters of infinite qualities

ਸੁਭ ਮਤਿ ਸੁਢਾਰ ॥

subh mat suddaar ||

ਬੁਧਿ ਕੋ ਪਹਾਰ ॥੪੦੯॥

budh ko pahaar ||409||

They were persons of good intellect and stores of wisdom..409.

ਸੰਨਿਆਸ ਭੇਖ ॥

sa(n)niaas bhekh ||

ਅਨਿਬਿਖ ਅਦ੍ਵੈਖ ॥

anibikh adhavaikh ||

These sages in the garb of Sannyasis, were without malice and

ਜਾਪਤ ਅਭੇਖ ॥

jaapat abhekh ||

ਬ੍ਰਿਧ ਬੁਧਿ ਅਲੇਖ ॥੪੧੦॥

biradh budh alekh ||410||

Remembering that Lord, were merged (absorbed) in that Great, wise and

unrealizable Lord.410.

ਕੁਲਕ ਛੰਦ ॥

kulak chha(n)dh ||

KULAK STANZA

ਧੰ ਧਕਿਤ ਇੰਦ ॥

dha(n) dhakit i(n)dh ||

ਚੰ ਚਕਿਤ ਚੰਦ ॥

cha(n) chakit cha(n)dh ||

ਥੰ ਥਕਤ ਪਉਨ ॥

tha(n) thakat paun ||

ਭੰ ਭਜਤ ਮਉਨ ॥੪੧੧॥

bha(n) bhajat maun ||411||

Indra, moon-god and wind-god silently remembered the Lord.411.

ਜੰ ਜਕਿਤ ਜਛ ॥

ja(n) jakit jachh ||

ਪੰ ਪਚਤ ਪਛ ॥

pa(n) pachat pachh ||

ਧੰ ਧਕਤ ਸਿੰਧੁ ॥

dha(n) dhakat si(n)dh ||

ਬੰ ਬਕਤ ਬਿੰਧ ॥੪੧੨॥

ba(n) bakat bi(n)dh ||412||

The Yakshas, birds and oceans wer raising tumult in astonishment.412.

ਸੰ ਸਕਤ ਸਿੰਧੁ ॥

sa(n) sakat si(n)dh ||

ਗੰ ਗਕਤ ਗਿੰਧ ॥

ga(n) gakat gi(n)dh ||

ਤੰ ਤਕਤ ਦੇਵ ॥

ta(n) takat dhev ||

ਅੰ ਅਕਤ ਭੇਵ ॥੪੧੩॥

a(n) akat bhev ||413||

The sea alongwith his powers was visualizing that God of gods and

mysterious Lord.413.

ਲੰ ਲਖਤ ਜੋਗਿ ॥

la(n) lakhat jog ||

ਭੰ ਭ੍ਰਮਤ ਭੋਗਿ ॥

bha(n) bhramat bhog ||

ਬੰ ਬਕਤ ਬੈਨ ॥

ba(n) bakat bain ||

ਚੰ ਚਕਤ ਨੈਨ ॥੪੧੪॥

cha(n) chakat nain ||414||

Seeing these Yogis, the pleasures and sexual enjoyments were getting

illusioned in wonder.414.

ਤੰ ਤਜਤ ਅਤ੍ਰ ॥

ta(n) tajat atr ||

ਛੰ ਛਕਤ ਛਤ੍ਰ ॥

chha(n) chhakat chhatr ||

ਪੰ ਪਰਤ ਪਾਨ ॥

pa(n) parat paan ||

ਭੰ ਭਰਤ ਭਾਨ ॥੪੧੫॥

bha(n) bharat bhaan ||415||

Forsaking their arms, weapons and canopies, the people were falling at the

feet of these sages.415.

ਬੰ ਬਜਤ ਬਾਦ ॥

ba(n) bajat baadh ||

ਨੰ ਨਜਤ ਨਾਦ ॥

na(n) najat naadh ||

Th musical instruments were being played

ਅੰ ਉਠਤ ਰਾਗ ॥

a(n) uThat raag ||

ਉਫਟਤ ਸੁਹਾਗ ॥੪੧੬॥

aufaTat suhaag ||416||

There was the sound of thunderous music and the songs were being

sung.416.

ਛੰ ਸਕਤ ਸੂਰ ॥

chha(n) sakat soor ||

ਭੰ ਭ੍ਰਮਤ ਹੂਰ ॥

bha(n) bhramat hoor ||

ਰੰ ਰਿਝਤ ਚਿਤ ॥

ra(n) rijhat chit ||

ਤੰ ਤਜਤ ਬਿਤ ॥੪੧੭॥

ta(n) tajat bit ||417||

The god Surya and the heavenly damsels leaving their self-restraint, were

getting pleased with them.417.

ਛੰ ਛਕਤ ਜਛ ॥

chha(n) chhakat jachh ||

ਭੰ ਭ੍ਰਮਤ ਪਛ ॥

bha(n) bhramat pachh ||

ਭੰ ਭਿਰਤ ਭੂਪ ॥

bha(n) bhirat bhoop ||

ਨਵ ਨਿਰਖ ਰੂਪ ॥੪੧੮॥

nav nirakh roop ||418||

Seeing hem the Yakshas and birds were getting pleased and there was a

run amongst the kings for their sight.418.

ਚਰਪਟ ਛੰਦ ॥

charapaT chha(n)dh ||

CHARPAT STANZA

ਗਲਿਤੰ ਜੋਗੰ ॥

galita(n) joga(n) ||

ਦਲਿਤੰ ਭੋਗੰ ॥

dhalita(n) bhoga(n) ||

These Yogis who had been immersed in Yoga and who had withdrawn

from all enjoyments,

ਭਗਿਵੇ ਭੇਸਾਂ ॥

bhagive bhesa(n) ||

ਸੁਫਿਲੇ ਦੇਸਾਂ ॥੪੧੯॥

sufile dhesa(n) ||419||

Had been wearing the ochre-colored clothes of various countries. 419.

ਅਚਲ ਧਰਮਾਂ ॥

achal dharama(n) ||

ਅਖਿਲ ਕਰਮਾਂ ॥

akhil karama(n) ||

ਅਮਿਤ ਜੋਗਾਂ ॥

amit joga(n) ||

ਤਜਿਤ ਭੋਗੰ ॥੪੨੦॥

tajit bhoga(n) ||420||

These Yogis of firm conduct and sinless Karmas had abandoned all enjoyments.420.

ਸੁਫਲ ਕਰਮੰ ॥

sufal karama(n) ||

ਸੁਬ੍ਰਿਤ ਧਰਮੰ ॥

subirat dharama(n) ||

ਕੁਕ੍ਰਿਤ ਹੰਤਾ ॥

kukirat ha(n)taa ||

ਸੁਗਤੰ ਗੰਤਾ ॥੪੨੧॥

sugata(n) ga(n)taa ||421||

These vow-observing Yogis of good conduct and sinless Karmas had

given up all evil actions.421.

ਦਲਿਤੰ ਦ੍ਰੋਹੰ ॥

dhalita(n) dhroha(n) ||

ਮਲਿਤੰ ਮੋਹੰ ॥

malita(n) moha(n) ||

These were the people who had destroyed attachment and deceit and

ਸਲਿਤੰ ਸਾਰੰ ॥

salita(n) saara(n) ||

ਸੁਕ੍ਰਿਤ ਚਾਰੰ ॥੪੨੨॥

sukirat chaara(n) ||422||

Performers of good actions like the waters of all the sacred rivers.422.

ਭਗਵੇ ਭੇਸੰ ॥

bhagave bhesa(n) ||

ਸੁਫਲੰ ਦੇਸੰ ॥

sufala(n) dhesa(n) ||

They were kind-hearted people, wearing ochre-coloured clothes,

ਸੁਹ੍ਰਿਦੰ ਸਰਤਾ ॥

suhiradha(n) sarataa ||

ਕੁਕ੍ਰਿਤੰ ਹਰਤਾ ॥੪੨੩॥

kukirata(n) harataa ||423||

Purifying all the countries far and near were the destroyers of evil

actions.423.

ਚਕ੍ਰਿਤੰ ਸੂਰੰ ॥

chakirata(n) soora(n) ||

ਬਮਤੰ ਨੂਰੰ ॥

bamata(n) noora(n) ||

Seeing their radiance even the sun was wonder-struck

ਏਕੰ ਜਪਿਤੰ ॥

eka(n) japita(n) ||

ਏਕੋ ਥਪਿਤੰ ॥੪੨੪॥

eko thapita(n) ||424||

And someone out of them was repeating the Name of the Lord, and

someone was singing the Praises of the Lord.424.

ਰਾਜੰ ਤਜਿਤ੍ਵੰ ॥

raaja(n) tajitavai(n) ||

ਈਸੰ ਭਵਿਤ੍ਵੰ ॥

e'eesa(n) bhavitavai(n) ||

While remembering and repeating the Name of the Lord,

ਜਪੰ ਜਪਿਤ੍ਵੰ ॥

japa(n) japitavai(n) ||

ਏਕੰ ਥਪਿਤ੍ਵੰ ॥੪੨੫॥

eka(n) thapitavai(n) ||425||

They were firmly establishing the Lord in their mind.425.

ਬਜਤੰ ਨਾਦੰ ॥

bajata(n) naadha(n) ||

ਬਿਦਿਤੰ ਰਾਗੰ ॥

bidhita(n) raaga(n) ||

The horns were being sounded and there was the singing of Ragas (musical modes)

ਜਪਤੰ ਜਾਪੰ ॥

japata(n) jaapa(n) ||

ਤ੍ਰਸਿਤੰ ਤਾਪੰ ॥੪੨੬॥

trasita(n) taapa(n) ||426||

The Name of the Lord was being repeated, which had frightened the sins.426.

ਚਕਿਤੰ ਚੰਦੰ ॥

chakita(n) cha(n)dha(n) ||

ਧਕਤੰ ਇੰਦੰ ॥

dhakata(n) i(n)dha(n) ||

The moon was wondering and Indra, seeing their devotion, had been

fearful

ਤਕਤੰ ਦੇਵੰ ॥

takata(n) dheva(n) ||

ਭਗਤੰ ਭੇਵੰ ॥੪੨੭॥

bhagata(n) bheva(n) ||427||

All the gods were looking at them.427.

ਭ੍ਰਮਤੰ ਭੂਤੰ ॥

bhramata(n) bhoota(n) ||

ਲਖਿਤੰ ਰੂਪੰ ॥

lakhita(n) roopa(n) ||

The ghosts, fiends and ganas, seeing their beauty were wonder-struck

ਚਕ੍ਰਤੰ ਚਾਰੰ ॥

chakrata(n) chaara(n) ||

ਸੁਹ੍ਰਿਦੰ ਸਾਰੰ ॥੪੨੮॥

suhiradha(n) saara(n) ||428||

And all were thinking about them with sincerity.428.

ਨਲਿਨੰ ਸੂਅੰ ॥

nalina(n) sooa(n) ||

ਲਖਿ ਅਉਧੂਅੰ ॥

lakh aaudhooa(n) ||

ਚਟ ਦੇ ਛਟਾ ॥

chaT dhe chhaTaa ||

ਭ੍ਰਮ ਤੇ ਜਟਾ ॥੪੨੯॥

bhram te jaTaa ||429||

The Yogi Dut saw there a parrot, who was released from bondage and

immediately flew away.429.

ਤਕਿਤੰ ਦੇਵੰ ॥

takita(n) dheva(n) ||

ਬਕਿਤੰ ਭੇਵੰ ॥

bakita(n) bheva(n) ||

ਦਸ ਨਵ ਸੀਸੰ ॥

dhas nav seesa(n) ||

ਕਰਮਕ ਦੀਸੰ ॥੪੩੦॥

karamak dheesa(n) ||430||

As soon as the pious Dutt saw him, he flew away and made known to Dutt this secret that the action-prone man with ten senses and none doors was

superior amongst beings.430.

ਬੁਧਿਤੰ ਧਾਮੰ ॥

budhita(n) dhaama(n) ||

ਗ੍ਰਿਹਿਤੰ ਬਾਮੰ ॥

girahita(n) baama(n) ||

ਭ੍ਰਮਤੰ ਮੋਹੰ ॥

bhramata(n) moha(n) ||

ਮਮਤੰ ਮੋਹੰ ॥੪੩੧॥

mamata(n) moha(n) ||431||

He is the abode of wisdom, but falling in the attachment of his wife etc. he

remains in illusion.431.

ਮਮਤਾ ਬੁਧੰ ॥

mamataa budha(n) ||

ਸ੍ਰਿਹਤੰ ਲੋਗੰ ॥

sirahata(n) loga(n) ||

ਅਹਿਤਾ ਧਰਮੰ ॥

ahitaa dharama(n) ||

ਲਹਿਤਹ ਭੋਗੰ ॥੪੩੨॥

lahiteh bhoga(n) ||432||

The individual entrapped in the key of wisdom and mildness, he is

absorbed in pleasure and is removed far away from Dharma.432.

ਗ੍ਰਿਸਤੰ ਬੁਧੰ ॥

girasata(n) budha(n) ||

ਮਮਤਾ ਮਾਤੰ ॥

mamataa maata(n) ||

ਇਸਤ੍ਰੀ ਨੇਹੰ ॥

eisatree neha(n) ||

ਪੁਤ੍ਰੰ ਭ੍ਰਾਤੰ ॥੪੩੩॥

putra(n) bhraata(n) ||433||

His wisdom seized by the attachment of mother, wife, sons and

brothers.433.

ਗ੍ਰਸਤੰ ਮੋਹੰ ॥

grasata(n) moha(n) ||

ਧਰਿਤੰ ਕਾਮੰ ॥

dharita(n) kaama(n) ||

ਜਲਤੰ ਕ੍ਰੋਧੰ ॥

jalata(n) krodha(n) ||

ਪਲਿਤੰ ਦਾਮੰ ॥੪੩੪॥

palita(n) dhaama(n) ||434||

Engrossed in lust, he is absorbed in attachments and burning in the fire of

anger, he is occupied in the collection of wealth.434.

ਦਲਤੰ ਬਿਯੋਧੰ ॥

dhalata(n) biyodha(n) ||

ਤਕਿਤੰ ਦਾਵੰ ॥

takita(n) dhaava(n) ||

ਅੰਤਹ ਨਰਕੰ ॥

a(n)teh naraka(n) ||

ਗੰਤਹ ਪਾਵੰ ॥੪੩੫॥

ga(n)teh paava(n) ||435||

On getting an opportunity, he destroys the great warriors for his self-

interest and in this way, he falls into hell.435.

ਤਜਿਤੰ ਸਰਬੰ ॥

tajita(n) saraba(n) ||

ਗ੍ਰਹਿਤੰ ਏਕੰ ॥

grahita(n) eka(n) ||

ਪ੍ਰਭਤੰ ਭਾਵੰ ॥

prabhata(n) bhaava(n) ||

ਤਜਿਤੰ ਦ੍ਵੈਖੰ ॥੪੩੬॥

tajita(n) dhavaikha(n) ||436||

If forsaking all, the Lord is adored with sincerity, and then all the sufferings

and malice come to an end.436.

ਨਲਿਨੀ ਸੁਕਿ ਜਯੰ ॥

nalinee suk jaya(n) ||

ਤਜਿਤੰ ਦਿਰਬੰ ॥

tajita(n) dhiraba(n) ||

ਸਫਲੀ ਕਰਮੰ ॥

safalee karama(n) ||

ਲਹਿਤੰ ਸਰਬੰ ॥੪੩੭॥

lahita(n) saraba(n) ||437||

If the being relinquishes all like the abandonment of the cage by parrot, then all his actions can bear fruit and he achieves the position of superiority.437.

ਇਤਿ ਨਲਿਨੀ ਸੁਕ ਉਨੀਸਵੋ ਗੁਰੂ ਬਰਨਨੰ ॥੧੯॥

eit nalinee suk uneesavo guroo baranana(n) ||19||

End of the description of the adoption of the Parrot as the Nineteenth

Guru.

ਅਥ ਸਾਹ ਬੀਸਵੋ ਗੁਰੁ ਕਥਨੰ ॥

ath saeh beesavo gur kathana(n) ||

Now begins the description of the adoption of a Trader as the Twentieth

Guru

ਚੌਪਈ ॥

chauapiee ||

CHAUPAI

ਆਗੇ ਚਲਾ ਦਤ ਜਟ ਧਾਰੀ ॥

aage chalaa dhat jaT dhaaree ||

ਬੇਜਤ ਬੇਣ ਬਿਖਾਨ ਅਪਾਰੀ ॥

bejat ben bikhaan apaaree ||

Then Dutt, the wearer of matted locks moved further

ਅਸਥਾਵਰ ਲਖਿ ਚੇਤਨ ਭਏ ॥

asathaavar lakh chetan bhe ||

ਚੇਤਨ ਦੇਖ ਚਕ੍ਰਿਤ ਹ੍ਵੈ ਗਏ ॥੪੩੮॥

chetan dhekh chakirat havai ge ||438||

The musical instruments were being played seeing Dutt. The inanimate

things were becoming animate and the animate were wonder-struck.438.

ਮਹਾ ਰੂਪ ਕਛੁ ਕਹਾ ਨ ਜਾਈ ॥

mahaa roop kachh kahaa na jaiee ||

ਨਿਰਖਿ ਚਕ੍ਰਿਤ ਰਹੀ ਸਕਲ ਲੁਕਾਈ ॥

nirakh chakirat rahee sakal lukaiee ||

His great beauty was indescribable, seeing which all the world was in astonishment

ਜਿਤ ਜਿਤ ਜਾਤ ਪਥਹਿ ਰਿਖਿ ਗਯੋ ॥

jit jit jaat patheh rikh gayo ||

ਜਾਨੁਕ ਪ੍ਰੇਮ ਮੇਘ ਬਰਖ੍ਯੋ ॥੪੩੯॥

jaanuk prem megh barakhrayo ||439||

The paths on which the sage went, it appeared that the cloud of love was

raining.439.

ਤਹ ਇਕ ਲਖਾ ਸਾਹ ਧਨਵਾਨਾ ॥

teh ik lakhaa saeh dhanavaanaa ||

ਮਹਾ ਰੂਪ ਧਰਿ ਦਿਰਬ ਨਿਧਾਨਾ ॥

mahaa roop dhar dhirab nidhaanaa ||

There he saw a wealthy trader, was extremely comely and treasure of money and materials

ਮਹਾ ਜੋਤਿ ਅਰੁ ਤੇਜ ਅਪਾਰੂ ॥

mahaa jot ar tej apaaroo ||

ਆਪ ਘੜਾ ਜਾਨੁਕ ਮੁਖਿ ਚਾਰੂ ॥੪੪੦॥

aap ghaRaa jaanuk mukh chaaroo ||440||

He was supremely splendid and it appeared that Brahma himself had

created him.440.

ਬਿਕ੍ਰਿਅ ਬੀਚ ਅਧਿਕ ਸਵਧਾਨਾ ॥

bikria beech adhik savadhaanaa ||

ਬਿਨੁ ਬਿਪਾਰ ਜਿਨ ਅਉਰ ਨ ਜਾਨਾ ॥

bin bipaar jin aaur na jaanaa ||

He was extremely conscious about his sale and it seemed that he did not know anything else except trade

ਆਸ ਅਨੁਰਕਤ ਤਾਸੁ ਬ੍ਰਿਤ ਲਾਗਾ ॥

aas anurakat taas birat laagaa ||

ਮਾਨਹੁ ਮਹਾ ਜੋਗ ਅਨੁਰਾਗਾ ॥੪੪੧॥

maanahu mahaa jog anuraagaa ||441||

Absorbed in desires his attention was solely engrossed in trade and he

was looking like a great Yogi.441.

ਤਹਾ ਰਿਖਿ ਗਏ ਸੰਗਿ ਸੰਨਜਾਸਨ ॥

tahaa rikh ge sa(n)g sa(n)nayaasan ||

ਕਈ ਛੋਹਨੀ ਜਾਤ ਨਹੀ ਗਨਿ ॥

kiee chhohanee jaat nahee gan ||

The sage reached there alongwith Sannyasis and innumerable disciples

ਤਾ ਕੇ ਜਾਇ ਦੁਆਰ ਪਰ ਬੈਠੇ ॥

taa ke jai dhuaar par baiThe ||

ਸਕਲ ਮੁਨੀ ਮੁਨੀਰਾਜ ਇਕੈਠੇ ॥੪੪੨॥

sakal munee muneeraaj ikaiThe ||442||

The great sage Dutt sat at the gate of that trader alongwith many other

sages.442.

ਸਾਹ ਸੁ ਦਿਰਬ ਬ੍ਰਿਤ ਲਗ ਰਹਾ ॥

saeh su dhirab birat lag rahaa ||

ਰਿਖਨ ਓਰ ਤਿਨ ਚਿਤ੍ਰਯੋ ਨ ਕਹਾ ॥

rikhan or tin chitrayo na kahaa ||

The mind of the trader was so much absorbed in earning money that he did not pay attention to the sages even slightly

ਨੇਤ੍ਰ ਮੀਚ ਏਕੈ ਧਨ ਆਸਾ ॥

netr meech ekai dhan aasaa ||

ਐਸ ਜਾਨੀਅਤ ਮਹਾ ਉਦਾਸਾ ॥੪੪੩॥

aais jaaneeat mahaa udhaasaa ||443||

With closed eyes he was immersed in the expectation of money like a

detached hermit.443.

ਤਹ ਜੇ ਹੁਤੇ ਰਾਵ ਅਰੁ ਰੰਕਾ ॥

teh je hute raav ar ra(n)kaa ||

ਮੁਨਿ ਪਗ ਪਰੇ ਛੋਰ ਕੈ ਸੰਕਾ ॥

mun pag pare chhor kai sa(n)kaa ||

ਤਿਹ ਬਿਪਾਰ ਕਰਮ ਕਰ ਭਾਰੀ ॥

teh bipaar karam kar bhaaree ||

ਰਿਖੀਅਨ ਓਰ ਨ ਦ੍ਰਿਸਟਿ ਪਸਾਰੀ ॥੪੪੪॥

rikheean or na dhirasaT pasaaree ||444||

All the kings and poor people who were there, leaving all their doubts fell dwon at the feet of the sages, but that trader was so much immersed in his

work that he did not even raise his eyes and see towards the sages.444.

ਤਾਸੁ ਦੇਖਿ ਕਰਿ ਦਤ ਪ੍ਰਭਾਊ ॥

taas dhekh kar dhat prabhaauoo ||

ਪ੍ਰਗਟ ਕਹਾ ਤਜ ਕੈ ਹਠ ਭਾਊ ॥

pragaT kahaa taj kai haTh bhaauoo ||

ਐਸ ਪ੍ਰੇਮ ਪ੍ਰਭੁ ਸੰਗ ਲਗਈਐ ॥

aais prem prabh sa(n)g lagieeaai ||

ਤਬ ਹੀ ਪੁਰਖੁ ਪੁਰਾਤਨ ਪਈਐ ॥੪੪੫॥

tab hee purakh puraatan pieeaai ||445||

Dutt looking at his position and impact, leaving his persistence, said openly, “If such a love is employed with the Lord, then that supreme Lord

can be realized.”445.

ਇਤਿ ਸਾਹ ਬੀਸਵੋ ਗੁਰੂ ਸਮਾਪਤੰ ॥੨੦॥

eit saeh beesavo guroo samaapata(n) ||20||

End of the description of the adoption of a Trader as the Twentieth Guru.

ਅਥ ਸੁਕ ਪੜਾਵਤ ਨਰ ਇਕੀਸਵੋ ਗੁਰੂ ਕਥਨੰ ॥

ath suk paRaavat nar ikeesavo guroo kathana(n) ||

Now begins the description of the adoption of a parrot-instructor as the twenty-first Guru

ਚੌਪਈ ॥

chauapiee ||

CHAUPAI

ਬੀਸ ਗੁਰੂ ਕਰਿ ਆਗੇ ਚਲਾ ॥

bees guroo kar aage chalaa ||

ਸੀਖੇ ਸਰਬ ਜੋਗ ਕੀ ਕਲਾ ॥

seekhe sarab jog kee kalaa ||

Adopting twenty Gurus and learning all the arts of Yoga, the sage moved

further

ਅਤਿ ਪ੍ਰਭਾਵ ਅਮਿਤੋਜੁ ਪ੍ਰਤਾਪੂ ॥

at prabhaav amitoj prataapoo ||

ਜਾਨੁਕ ਸਾਧਿ ਫਿਰਾ ਸਬ ਜਾਪੂ ॥੪੪੬॥

jaanuk saadh firaa sab jaapoo ||446||

His glory, impact and radiance were infinite and it seemed that he had completed all the practices and was roaming, remembering the Name of the Lord.446.

ਲੀਏ ਬੈਠ ਦੇਖਾ ਇਕ ਸੂਆ ॥

le'ee baiTh dhekhaa ik sooaa ||

ਜਿਹ ਸਮਾਨ ਜਗਿ ਭਯੋ ਨ ਹੂਆ ॥

jeh samaan jag bhayo na hooaa ||

There he saw a person seated with a parrot and for him there was none like

it in the world

ਤਾ ਕਹੁ ਨਾਥ ਸਿਖਾਵਤ ਬਾਨੀ ॥

taa kahu naath sikhaavat baanee ||

ਏਕ ਟਕ ਪਰਾ ਅਉਰ ਨ ਜਾਨੀ ॥੪੪੭॥

ek Tak paraa aaur na jaanee ||447||

That person was teaching the parrot the art of speaking he was so much

concentrated that he did not know anything else.447.

ਸੰਗ ਲਏ ਰਿਖਿ ਸੈਨ ਅਪਾਰੀ ॥

sa(n)g le rikh sain apaaree ||

ਬਡੇ ਬਡੇ ਮੋਨੀ ਬ੍ਰਤਿਧਾਰੀ ॥

badde badde monee bratidhaaree ||

ਤਾ ਕੇ ਤੀਰ ਤੀਰ ਚਲਿ ਗਏ ॥

taa ke teer teer chal ge ||

ਤਿਨਿ ਨਰ ਏ ਨਹੀ ਦੇਖਤ ਭਏ ॥੪੪੮॥

tin nar e nahee dhekhat bhe ||448||

Dutt, taking with him the sages and a large gathering of silence-observing hermits, passed just before him, but that person did not see anyone from

them.448.

ਸੋ ਨਰ ਸੁਕਹਿ ਪੜਾਵਤ ਰਹਾ ॥

so nar sukeh paRaavat rahaa ||

ਇਨੈ ਕਛੂ ਮੁਖ ਤੇ ਨਹੀ ਕਹਾ ॥

einai kachhoo mukh te nahee kahaa ||

That person kept on instructing the parrot and did not talk anything with these persons

ਨਿਰਖਿ ਨਿਠੁਰਤਾ ਤਿਹ ਮੁਨਿ ਰਾਊ ॥

nirakh niThurataa teh mun raauoo ||

ਪੁਲਕ ਪ੍ਰੇਮ ਤਨ ਉਪਜਾ ਚਾਊ ॥੪੪੯॥

pulak prem tan upajaa chaauoo ||449||

The absorption of that persons the love welled up in the mind of the

sage.449.

ਐਸੇ ਨੇਹੁੰ ਨਾਥ ਸੋ ਲਾਵੈ ॥

aaise nehu(n) naath so laavai ||

ਤਬ ਹੀ ਪਰਮ ਪੁਰਖ ਕਹੁ ਪਾਵੈ ॥

tab hee param purakh kahu paavai ||

If such a love is applied towards the Lord, only then that Supreme Lord can be realized

ਇਕੀਸਵਾ ਗੁਰੁ ਤਾ ਕਹ ਕੀਆ ॥

eikeesavaa gur taa keh keeaa ||

ਮਨ ਬਚ ਕਰਮ ਮੋਲ ਜਨੁ ਲੀਆ ॥੪੫੦॥

man bach karam mol jan leeaa ||450||

Surrendering before him with mind, speech and action, the sage adopted him as his twenty-first Guru.450.

ਇਤਿ ਇਕੀਸਵੋਂ ਗੁਰੁ ਸੁਕ ਪੜਾਵਤ ਨਰ ਸਮਾਪਤੰ ॥੨੧॥

eit ikeesavo(n) gur suk paRaavat nar samaapata(n) ||21||

End of the description of the adoption of a parrot-instructor as the Twenty-

First Guru.

ਅਥਿ ਹਰ ਬਾਹਤ ਬਾਈਸਵੋ ਗੁਰੂ ਕਥਨੰ ॥

ath har baahat baieesavo guroo kathana(n) ||

Now begins the description of the adoption of Ploughman as the Twenty-Second Guru

ਚੌਪਈ ॥

chauapiee ||

CHAUPAI

ਜਬ ਇਕੀਸ ਕਰ ਗੁਰੂ ਸਿਧਾਰਾ ॥

jab ikees kar guroo sidhaaraa ||

ਹਰ ਬਾਹਤ ਇਕ ਪੁਰਖ ਨਿਹਾਰਾ ॥

har baahat ik purakh nihaaraa ||

When after adopting his twenty-first Guru, Dutt moved further, then he saw

a ploughman

ਤਾ ਕੀ ਨਾਰਿ ਮਹਾ ਸੁਖਕਾਰੀ ॥

taa kee naar mahaa sukhakaaree ||

ਪਤਿ ਕੀ ਆਸ ਹੀਏ ਜਿਹ ਭਾਰੀ ॥੪੫੧॥

pat kee aas he'ee jeh bhaaree ||451||

His wife was a great comfort-giving chaste woman.451.

ਭਤਾ ਲਏ ਪਾਨਿ ਚਲਿ ਆਈ ॥

bhataa le paan chal aaiee ||

ਜਨੁਕ ਨਾਥ ਗ੍ਰਿਹ ਬੋਲ ਪਠਾਈ ॥

januk naath gireh bol paThaiee ||

Her husband had called her and she had come with food

ਹਰ ਬਾਹਤ ਤਿਨ ਕਛੂ ਨ ਲਹਾ ॥

har baahat tin kachhoo na lahaa ||

ਤ੍ਰੀਆ ਕੋ ਧਿਆਨ ਨਾਥ ਪ੍ਰਤਿ ਰਹਾ ॥੪੫੨॥

treeaa ko dhiaan naath prat rahaa ||452||

That ploughman did not see anything else while ploughing and the attention of the wife was absorbed in her husbadd.452.

ਮੁਨਿ ਪਤਿ ਸੰਗਿ ਲਏ ਰਿਖ ਸੈਨਾ ॥

mun pat sa(n)g le rikh sainaa ||

ਮੁਖ ਛਬਿ ਦੇਖਿ ਲਜਤ ਜਿਹ ਮੈਨਾ ॥

mukh chhab dhekh lajat jeh mainaa ||

The king of sages was moving alongwith a large gathering of sages and

seeing the beauty of his face, even the god of love was feeling shy

ਤੀਰ ਤੀਰ ਤਾ ਕੇ ਚਲਿ ਗਏ ॥

teer teer taa ke chal ge ||

ਮੁਨਿ ਪਤਿ ਬੈਠ ਰਹਤ ਪਛ ਭਏ ॥੪੫੩॥

mun pat baiTh rahat pachh bhe ||453||

The sages passed near him and the king of sages also sat there.453.

ਅਨੂਪ ਨਰਾਜ ਛੰਦ ॥

anoop naraaj chha(n)dh ||

ANOOP NARAAJ STANZA

ਅਨੂਪ ਗਾਤ ਅਤਿਭੁਤੰ ਬਿਭੂਤ ਸੋਭਤੰ ਤਨੰ ॥

anoop gaat atibhuta(n) bibhoot sobhata(n) tana(n) ||

The bodies of the sages were marvelous and their magnificence were

unique

ਅਛਿਜ ਤੇਜ ਜਾਜੁਲੰ ਅਨੰਤ ਮੋਹਤੰ ਮਨੰ ॥

achhij tej jaajula(n) ana(n)t mohata(n) mana(n) ||

Their luster was indestructible and they allured the innumerable minds

ਸਸੋਭ ਬਸਤ੍ਰ ਰੰਗਤੰ ਸੁਰੰਗ ਗੇਰੂ ਅੰਬਰੰ ॥

sasobh basatr ra(n)gata(n) sura(n)g geroo a(n)bara(n) ||

Their clothes were beautifully dyed in ochre colour

ਬਿਲੋਕ ਦੇਵ ਦਾਨਵੰ ਮਮੋਹ ਗੰਧ੍ਰਬੰ ਨਰੰ ॥੪੫੪॥

bilok dhev dhaanava(n) mamoh ga(n)dhraba(n) nara(n) ||454||

, Seeing which the gods and demons, men and Gnadharvas were all fascinated.454.

ਜਟਾ ਬਿਲੋਕਿ ਜਾਨਵੀ ਜਟੀ ਸਮਾਨ ਜਾਨਈ ॥

jaTaa bilok jaanavee jaTee samaan jaaniee ||

Seeing the matted locks of the sage, the Ganges was considering him as Shiva and

ਬਿਲੋਕਿ ਲੋਕ ਲੋਕਿਣੰ ਅਲੋਕਿ ਰੂਪ ਮਾਨਈ ॥

bilok lok lokina(n) alok roop maaniee ||

The beings of all the worlds accepted him as one containing supernatural

elegance

ਬਜੰਤ ਚਾਰ ਕਿੰਕੁਰੀ ਭਜੰਤ ਭੂਤ ਭੈਧਰੀ ॥

baja(n)t chaar ki(n)kuree bhaja(n)t bhoot bhaidharee ||

All the beings, in His fear, playing on the fiddle, were repeating His Name

ਪਪਾਤ ਜਛ ਕਿੰਨ੍ਰਨੀ ਮਮੋਹ ਮਾਨਨੀ ਮਨੰ ॥੪੫੫॥

papaat jachh ki(n)nranee mamoh maananee mana(n) ||455||

The Yaksha and Kinnar women were all getting allured.455.

ਬਚਿਤ੍ਰ ਨਾਰਿ ਚਿਤ੍ਰਣੀ ਪਵਿਤ੍ਰ ਚਿਤ੍ਰਣੰ ਪ੍ਰਭੰ ॥

bachitr naar chitranee pavitr chitrana(n) prabha(n) ||

The beautiful Chitarni (a kind of women) women, getting pleased on that

poure Lord,

ਰ ਰੀਝ ਜਛ ਗੰਧ੍ਰਬੰ ਸੁਰਾਰਿ ਨਾਰਿ ਸੁ ਪ੍ਰਭੰ ॥

r reejh jachh ga(n)dhraba(n) suraar naar su prabha(n) ||

The women of Yakshas, Gandharvas and gods, were remembering Him

ਕੜੰਤ ਕ੍ਰੂ ਕਿੰਨ੍ਰਣੀ ਹਸੰਤ ਹਾਸ ਕਾਮਿਣੀ ॥

kaRa(n)t kraoo ki(n)nranee hasa(n)t haas kaaminee ||

ਲਸੰਤ ਦੰਤਣੰ ਦੁਤੰ ਖਿਮੰਤ ਜਾਣੁ ਦਾਮਿਣੀ ॥੪੫੬॥

lasa(n)t dha(n)tana(n) dhuta(n) khima(n)t jaan dhaaminee ||456||

The evil Kinnar women were getting angry and other pretty ladies laughingly exhibited their teeth making the lightning shyful.456.

ਦਲੰਤ ਪਾਪ ਦੁਭਰੰ ਚਲੰਤ ਮੋਨਿ ਸਿੰਮਰੰ ॥

dhala(n)t paap dhubhara(n) chala(n)t mon si(n)mara(n) ||

Seeing him, the formidable sins were destroyed and the silent remembrance of the Lord was the natural outcome

ਸੁਭੰਤ ਭਾਰਗਵੰ ਪਟੰ ਬਿਅੰਤ ਤੇਜ ਉਫਣੰ ॥

subha(n)t bhaaragava(n) paTa(n) bia(n)t tej ufana(n) ||

On their bodies, their garments were keeping under control the rising

radiance

ਪਰੰਤ ਪਾਨਿ ਭੂਚਰੰ ਭ੍ਰਮੰਤ ਸਰਬਤੋ ਦਿਸੰ ॥

para(n)t paan bhoochara(n) bhrama(n)t sarabato dhisa(n) ||

The beings of all the directions, wandering and coming there, were falling at his feet

ਤਜੰਤ ਪਾਪ ਨਰ ਬਰੰ ਚਲੰਤ ਧਰਮਣੋ ਮਗੰ ॥੪੫੭॥

taja(n)t paap nar bara(n) chala(n)t dharamano maga(n) ||457||

All the beings forsaking their sins were following the path of Dharma on reaching there.457.

ਬਿਲੋਕਿ ਬੀਰਣੋ ਦਯੰ ਅਰੁਝ ਛਤ੍ਰ ਕਰਮਣੰ ॥

bilok beerano dhaya(n) arujh chhatr karamana(n) ||

There he saw two kshatriya fighters absorbed in their actions of war

ਤਜੰਤਿ ਸਾਇਕੰ ਸਿਤੰ ਕਟੰਤ ਟੂਕ ਬਰਮਣੰ ॥

taja(n)t saika(n) sita(n) kaTa(n)t Took baramana(n) ||

The warriors were abandoning their bows and cutting the armours seeing

that fighting

ਥਥੰਭ ਭਾਨਣੋ ਰਥੰ ਬਿਲੋਕਿ ਕਉਤਕੰ ਰਣੰ ॥

thatha(n)bh bhaanano ratha(n) bilok kautaka(n) rana(n) ||

ਗਿਰੰਤ ਜੁਧਣੋ ਛਿਤੰ ਬਮੰਤ ਸ੍ਰੋਣਤੰ ਮੁਖੰ ॥੪੫੮॥

gira(n)t judhano chhita(n) bama(n)t sronata(n) mukha(n) ||458||

The chariot of the sun stopped there and there the fighters falling on the

earth, were throwing out blood from their mouths.458.

ਫਿਰੰਤ ਚਕ੍ਰਣੋ ਚਕੰ ਗਿਰੰਤ ਜੋਧਣੋ ਰਣੰ ॥

fira(n)t chakrano chaka(n) gira(n)t jodhano rana(n) ||

The discs were being discharged and the fighters were falling

ਉਠੰਤ ਕ੍ਰੋਧ ਕੈ ਹਠੀ ਠਠੁਕਿ ਕ੍ਰੁਧਿਤੰ ਭੁਜੰ ॥

auTha(n)t krodh kai haThee ThaThuk krudhita(n) bhuja(n) ||

The persistent warriors were again rising in anger

ਭ੍ਰਮੰਤ ਅਧ ਬਧਤੰ ਕਮਧ ਬਧਤੰ ਕਟੰ ॥

bhrama(n)t adh badhata(n) kamadh badhata(n) kaTa(n) ||

ਪਰੰਤ ਭੂਤਲੰ ਭਟੰ ਬਕੰਤ ਮਾਰੂੜੈ ਰਟੰ ॥੪੫੯॥

para(n)t bhootala(n) bhaTa(n) baka(n)t maarooRai raTa(n) ||459||

Having been cut into half in the form of headless trunks were wandering

and those falling on the earth were shouting “kill, kill”.459.

ਪਿਪੰਤ ਅਸਵ ਭਟੰਤ ਭਿਰੰਤ ਦਾਰੁਣੋ ਰਣੰ ॥

pipa(n)t asav bhaTa(n)t bhira(n)t dhaaruno rana(n) ||

The horses of the warriors were fighting in that dreadful war

ਬਹੰਤ ਤੀਛਣੋ ਸਰੰ ਝਲੰਤ ਝਾਲ ਖੜਿਗਿਣੰ ॥

baha(n)t teechhano sara(n) jhala(n)t jhaal khaRigina(n) ||

The sharp arrows were being seen

ਉਠੰਤ ਮਾਰੂੜੋ ਰਣੰ ਬਕੰਤ ਮਾਰਣੋ ਮੁਖੰ ॥

auTha(n)t maarooRo rana(n) baka(n)t maarano mukha(n) ||

The fighters were rising with the shouts of “kill, kill”

ਚਲੰਤ ਭਾਜਿ ਨ ਹਠੀ ਜੁਝੰਤ ਦੁਧਰੰ ਰਣੰ ॥੪੬੦॥

chala(n)t bhaaj na haThee jujha(n)t dhudhara(n) rana(n) ||460||

And they were not running away from that battlefield with persistence.460.

ਕਟੰਤ ਕਾਰਮੰ ਸੁਭੰ ਬਚਿਤ੍ਰ ਚਿਤ੍ਰਤੰ ਕ੍ਰਿਤੰ ॥

kaTa(n)t kaarama(n) subha(n) bachitr chitrata(n) kirata(n) ||

ਸਿਲੇਨਿ ਉਜਲੀ ਕ੍ਰਿਤੰ ਬਹੰਤ ਸਾਇਕੰ ਸੁਭੰ ॥

silen ujalee kirata(n) baha(n)t saika(n) subha(n) ||

All were cutting one another in a strange way and the white arrows like the slab were flowing (like a stream)

ਬਿਲੋਕਿ ਮੋਨਿਸੰ ਜੁਧੰ ਚਚਉਧ ਚਕ੍ਰਤੰ ਭਵੰ ॥

bilok monisa(n) judha(n) chachaudh chakrata(n) bhava(n) ||

ਮਮੋਹ ਆਸ੍ਰਮੰ ਗਤੰ ਪਪਾਤ ਭੂਤਲੀ ਸਿਰੰ ॥੪੬੧॥

mamoh aasrama(n) gata(n) papaat bhootalee sira(n) ||461||

Seeing that war the whole world was dazzled and wonder-struck and moving towards that hermitage, it was falling down upon the earth under the impact of attachment.461.

ਸਭਾਰ ਭਾਰਗ ਬਸਨਿਨੰ ਜਜਪਿ ਜਾਪਣੋ ਰਿਖੰ ॥

sabhaar bhaarag basanina(n) jajap jaapano rikha(n) ||

ਨਿਹਾਰਿ ਪਾਨ ਪੈ ਪਰਾ ਬਿਚਾਰ ਬਾਇਸਵੋ ਗੁਰੰ ॥

nihaar paan pai paraa bichaar baisavo gura(n) ||

That woman, carrying her utensils on her head, was moving remembering her husband like a sage and the sag seeing her and falling at her feet

adopted her as the twenty-second Guru

ਬਿਅੰਤ ਜੋਗਣੋ ਸਧੰ ਅਸੰਖ ਪਾਪਣੋ ਦਲੰ ॥

bia(n)t jogano sadha(n) asa(n)kh paapano dhala(n) ||

ਅਨੇਕ ਚੇਲਕਾ ਲਏ ਰਿਖੇਸ ਆਸਨੰ ਚਲੰ ॥੪੬੨॥

anek chelakaa le rikhes aasana(n) chala(n) ||462||

That great sage, who had performed innumerable Yogic practices and destroying many sins, moved towards his abode.462.

ਇਤਿ ਹਰ ਬਾਹਤਾ ਬਾਈਸਵੋ ਗੁਰੂ ਇਸਤ੍ਰੀ ਭਾਤ ਲੈ ਆਈ ਸਮਾਪਤੰ ॥੨੨॥

eit har baahataa baieesavo guroo isatree bhaat lai aaiee samaapata(n) ||22||

End of the description of the adoption of the Ploughman as the Twenty-second Guru, and his wife bringing the food.

ਅਥ ਤ੍ਰਿਆ ਜਛਣੀ ਤੇਈਸਮੋ ਗੁਰੂ ਕਥਨੰ ॥

ath triaa jachhanee teieesamo guroo kathana(n) ||

Now begins the description of adopting a Yaksha woman as the twenty-

third Guru

ਅਨੂਪ ਨਰਾਜ ਛੰਦ ॥

anoop naraaj chha(n)dh ||

ANOOP NARAAJ STANZA

ਬਜੰਤ ਨਾਦ ਦੁਧਰੰ ਉਠੰਤ ਨਿਸਨੰ ਸੁਰੰ ॥

baja(n)t naadh dhudhara(n) uTha(n)t nisana(n) sura(n) ||

ਭਜੰਤ ਅਰਿ ਦਿਤੰ ਅਘੰ ਬਿਲੋਕਿ ਭਾਰਗਵੰ ਭਿਸੰ ॥

bhaja(n)t ar dhita(n) agha(n) bilok bhaaragava(n) bhisa(n) ||

The trumpets sounded and there was thundering voice seeing the ochre-coloured garb the sins were destroyed

ਬਿਲੋਕਿ ਕੰਚਨੰ ਗਿਰੰਤ ਤਜ ਮਾਨੁਖੀ ਭੁਅੰ ॥

bilok ka(n)chana(n) gira(n)t taj maanukhee bhua(n) ||

ਸ ਸੁਹਕ ਤਾਪਸੀ ਤਨੰ ਅਲੋਕ ਲੋਕਣੋ ਬਪੰ ॥੪੬੩॥

s suhak taapasee tana(n) alok lokano bapa(n) ||463||

The gold was seen being showered on the earth inhabitated by human

beings and the bodies of the ascetic were supernatural glory.463.

ਅਨੇਕ ਜਛ ਗੰਧ੍ਰਬੰ ਬਸੇਖ ਬਿਧਿਕਾ ਧਰੀ ॥

anek jachh ga(n)dhraba(n) basekh bidhikaa dharee ||

ਨਿਰਕਤ ਨਾਗਣੀ ਮਹਾ ਬਸੇਖ ਬਾਸਵੀ ਸੁਰੀ ॥

nirakat naaganee mahaa basekh baasavee suree ||

Many Yaksha, Gandharava, Naga and god's women were dancing

ਪਵਿਤ੍ਰ ਪਰਮ ਪਾਰਬਤੀ ਅਨੂਪ ਆਲਕਾਪਤੀ ॥

pavitr param paarabatee anoop aalakaapatee ||

ਅਸਕਤ ਆਪਿਤੰ ਮਹਾ ਬਿਸੇਖ ਆਸੁਰੀ ਸੁਰੀ ॥੪੬੪॥

asakat aapita(n) mahaa bisekh aasuree suree ||464||

There was Parvati and the wife of the unique Kuber there were seated the

women off gods and demons.464.

ਅਨੂਪ ਏਕ ਜਛਣੀ ਮਮੋਹ ਰਾਗਣੋ ਮਨੰ ॥

anoop ek jachhanee mamoh raagano mana(n) ||

ਘੁਮੰਤ ਘੂਮਣੰ ਛਿਤੰ ਲਗੰਤ ਸਾਰੰਗੋ ਸਰੰ ॥

ghuma(n)t ghoomana(n) chhita(n) laga(n)t saara(n)go sara(n) ||

There was there a unique Yakssha woman, who was revolving in a circle as if she was struck by an arrow

ਬਿਸਾਰਿ ਨੇਹ ਗੇਹਣੰ ਸਨੇਹ ਰਾਗਣੋ ਮਨੰ ॥

bisaar neh gehana(n) saneh raagano mana(n) ||

ਮ੍ਰਿਗੀਸ ਜਾਣੁ ਘੁਮਤੰ ਕ੍ਰਿਤੇਣ ਕ੍ਰਿਸ ਕ੍ਰਿਤੀ ਸਰੰ ॥੪੬੫॥

miragees jaan ghumata(n) kiraten kiras kiratee sara(n) ||465||

Abandoning all kinds of desires, her mind was absorbed only in music she

was moving agitated like a deer.465.

ਰਝੀਝ ਰਾਗਣੋ ਚਿਤੰ ਬਦੰਤ ਰਾਗ ਸੁਪ੍ਰਭੰ ॥

rajheejh raagano chita(n) badha(n)t raag suprabha(n) ||

ਬਜੰਤ ਕਿੰਗੁਰੀ ਕਰੰ ਮਮੋਹ ਆਸ੍ਰਮੰ ਗਤੰ ॥

baja(n)t ki(n)guree kara(n) mamoh aasrama(n) gata(n) ||

She was absorbed in singing in various male and female musical modes and playing on her fiddle, she went lovingly towards the hermitage

ਸਸਜਿ ਸਾਇਕੰ ਸਿਤੰ ਕਪੰਤ ਕਾਮਣੋ ਕਲੰ ॥

sasaj saika(n) sita(n) kapa(n)t kaamano kala(n) ||

ਭ੍ਰਮੰਤ ਭੂਤਲੰ ਭਲੰ ਭੁਗੰਤ ਭਾਮਿਣੀ ਦਲੰ ॥੪੬੬॥

bhrama(n)t bhootala(n) bhala(n) bhuga(n)t bhaaminee dhala(n) ||466||

That beautiful damsel was decorated with the arrows of her art and the

group of those beautiful women was enjoying the earthly existence.466.

ਤੋਮਰ ਛੰਦ ॥

tomar chha(n)dh ||

TOMAR STANZA

ਗੁਨਵੰਤ ਸੀਲ ਅਪਾਰ ॥

gunava(n)t seel apaar ||

ਦਸ ਚਾਰ ਚਾਰ ਉਦਾਰ ॥

dhas chaar chaar udhaar ||

She was virtuous very gentle and knower of eighteen sciences,

ਰਸ ਰਾਗ ਸਰਬ ਸਪੰਨਿ ॥

ras raag sarab sapa(n)n ||

ਧਰਣੀ ਤਲਾ ਮਹਿ ਧੰਨਿ ॥੪੬੭॥

dharanee talaa meh dha(n)n ||467||

Well versed in music and full of essence, She was fortunate enough on

earth.467.

ਇਕ ਰਾਗ ਗਾਵਤ ਨਾਰਿ ॥

eik raag gaavat naar ||

ਗੁਣਵੰਤ ਸੀਲ ਅਪਾਰ ॥

gunava(n)t seel apaar ||

A woman, gentle and virtuous, was singing a musical mode

ਸੁਖ ਧਾਮ ਲੋਚਨ ਚਾਰੁ ॥

sukh dhaam lochan chaar ||

ਸੰਗੀਤ ਕਰਤ ਬਿਚਾਰ ॥੪੬੮॥

sa(n)geet karat bichaar ||468||

She was the abode of happiness and her eyes were charming she was

thoughtfully singing her musical modes.468.

ਦੁਤਿ ਮਾਨ ਰੂਪ ਅਪਾਰ ॥

dhut maan roop apaar ||

ਗੁਣਵੰਤ ਸੀਲ ਉਦਾਰ ॥

gunava(n)t seel udhaar ||

She was pretty, gentle and generous

ਸੁਖ ਸਿੰਧੁ ਰਾਗ ਨਿਧਾਨ ॥

sukh si(n)dh raag nidhaan ||

ਹਰਿ ਲੇਤ ਹੇਰਤਿ ਪ੍ਰਾਨ ॥੪੬੯॥

har let herat praan ||469||

That lady, the treasure of music, to whichever direction she viewed, she

allured everyone.469.

ਅਕਲੰਕ ਜੁਬਨ ਮਾਨ ॥

akala(n)k juban maan ||

ਸੁਖ ਸਿੰਧੁ ਸੁੰਦਰਿ ਥਾਨ ॥

sukh si(n)dh su(n)dhar thaan ||

That blemishless and honourable lady was an ocean of happiness

ਇਕ ਚਿਤ ਗਾਵਤ ਰਾਗ ॥

eik chit gaavat raag ||

ਉਫਟੰਤ ਜਾਨੁ ਸੁਹਾਗ ॥੪੭੦॥

aufaTa(n)t jaan suhaag ||470||

She was singing with full concentration of mind and the auspicious songs

seemed to be springing out from her very interior.470.

ਤਿਹ ਪੇਖ ਕੈ ਜਟਿ ਰਾਜ ॥

teh pekh kai jaT raaj ||

ਸੰਗ ਲੀਨ ਜੋਗ ਸਮਾਜ ॥

sa(n)g leen jog samaaj ||

Seeing her, the king of Yogis gathered all his Yogis and

ਰਹਿ ਰੀਝ ਆਪਨ ਚਿਤ ॥

reh reejh aapan chit ||

ਜੁਗ ਰਾਜ ਜੋਗ ਪਵਿਤ ॥੪੭੧॥

jug raaj jog pavit ||471||

All of them were pleased to see that pure Yogin.471.

ਇਹ ਭਾਤਿ ਜੋ ਹਰਿ ਸੰਗ ॥

eeh bhaat jo har sa(n)g ||

ਹਿਤ ਕੀਜੀਐ ਅਨਭੰਗ ॥

hit keejeeaai anabha(n)g ||

The king of Yogis thought that if in this way, detaching oneself from all other sides,

ਤਬ ਪਾਈਐ ਹਰਿ ਲੋਕ ॥

tab paieeaai har lok ||

ਇਹ ਬਾਤ ਮੈ ਨਹੀ ਸੋਕ ॥੪੭੨॥

eeh baat mai nahee sok ||472||

The mind is concentrated on the Lord, then the Lord can be realized

without any apprehension.472.

ਚਿਤ ਚਉਪ ਸੋ ਭਰ ਚਾਇ ॥

chit chaup so bhar chai ||

ਗੁਰ ਜਾਨਿ ਕੈ ਪਰਿ ਪਾਇ ॥

gur jaan kai par pai ||

The enthusiastic sage, accepted her as his Guru, fell at her feet

ਚਿਤ ਤਊਨ ਕੇ ਰਸ ਭੀਨ ॥

chit tuoon ke ras bheen ||

ਗੁਰੁ ਤੇਈਸਵੋ ਤਿਹ ਕੀਨ ॥੪੭੩॥

gur teieesavo teh keen ||473||

Getting absorbed in her love, the king of the sages, adopted her as his Twenty-Third Guru.473.

ਇਤਿ ਜਛਣੀ ਨਾਰਿ ਰਾਗ ਗਾਵਤੀ ਗੁਰੂ ਤੇਈਸਵੋ ਸਮਾਪਤੰ ॥੨੩॥

eit jachhanee naar raag gaavatee guroo teieesavo samaapata(n) ||23||

End of the description of the adoption of a Yaksha woman-singer as the

twenty-Third Guru.

ਤੋਮਰ ਛੰਦ ॥

tomar chha(n)dh ||

(Now begins the description of the adoption of the Twenty-fourth Guru [carnation])

ਤਬ ਬਹੁਤ ਬਰਖ ਪ੍ਰਮਾਨ ॥

tab bahut barakh pramaan ||

TOMAR STANZA

ਚੜਿ ਮੇਰ ਸ੍ਰਿੰਗ ਮਹਾਨ ॥

chaR mer sira(n)g mahaan ||

ਕੀਅ ਘੋਰ ਤਪਸਾ ਉਗ੍ਰ ॥

keea ghor tapasaa ugr ||

ਤਬ ਰੀਝਏ ਕਛੁ ਸੁਗ੍ਰ ॥੪੭੪॥

tab reejhe kachh sugr ||474||

Then ascending the Sumeru mountain the sage performed great austerities

for many years and felt pleased as the essence-finder.474.

ਜਗ ਦੇਖ ਕੇ ਬਿਵਹਾਰ ॥

jag dhekh ke bivahaar ||

ਮੁਨਿ ਰਾਜ ਕੀਨ ਬਿਚਾਰ ॥

mun raaj keen bichaar ||

ਇਨ ਕਉਨ ਸੋ ਉਪਜਾਇ ॥

ein kaun so upajai ||

ਫਿਰਿ ਲੇਤਿ ਆਪਿ ਮਿਲਾਇ ॥੪੭੫॥

fir let aap milai ||475||

Seeing the practice of the world, the sage thought as to who is He, who

creates the world and then merges it within Himself?475.

ਤਿਹ ਚੀਨੀਐ ਕਰਿ ਗਿਆਨ ॥

teh cheeneeaai kar giaan ||

ਤਬ ਹੋਇ ਪੂਰਣ ਧਯਾਨ ॥

tab hoi pooran dhayaan ||

When He is recognized through the knowledge, then the adoration will be complete

ਤਿਹ ਜਾਣੀਐ ਜਤ ਜੋਗ ॥

teh jaaneeaai jat jog ||

ਤਬ ਹੋਇ ਦੇਹ ਅਰੋਗ ॥੪੭੬॥

tab hoi dheh arog ||476||

If He is comprehended through the medium off Yoga, only then the body

(and the mind) will be completely healthy.476.

ਤਬ ਏਕ ਪੁਰਖ ਪਛਾਨ ॥

tab ek purakh pachhaan ||

ਜਗ ਨਾਸ ਜਾਹਿਨ ਜਾਨ ॥

jag naas jaahin jaan ||

Then the supreme essence will be known (when it will be realized) that He is also the destroyer of the world

ਸਬ ਜਗਤ ਕੋ ਪਤਿ ਦੇਖਿ ॥

sab jagat ko pat dhekh ||

ਅਨਭਉ ਅਨੰਤ ਅਭੇਖ ॥੪੭੭॥

anabhau ana(n)t abhekh ||477||

That master of the world is real and Lord is supremely absorbed and He is

also beyond all forms.477.

ਬਿਨ ਏਕ ਨਾਹਿਨ ਸਾਤਿ ॥

bin ek naahin saat ||

ਸਭ ਤੀਰਥ ਕਿਯੁੰ ਨ ਅਨਾਤ ॥

sabh teerath kiyu(n) na anaat ||

There will be no peace without that one Lord the bath at all the pilgrim-stations will be fruitless

ਜਬ ਸੇਵਿਹੋ ਇਕਿ ਨਾਮ ॥

jab seviho ik naam ||

ਤਬ ਹੋਇ ਪੂਰਣ ਕਾਮ ॥੪੭੮॥

tab hoi pooran kaam ||478||

When service will be rendered to him and His Name will be remembered,

then all the desires will be fulfilled.478.

ਬਿਨੁ ਏਕ ਚੌਬਿਸ ਫੋਕ ॥

bin ek chauabis fok ||

ਸਬ ਹੀ ਧਰਾ ਸਬ ਲੋਕ ॥

sab hee dharaa sab lok ||

Without that One Lord, all the twenty-four incarnation and all others are meaningless

ਜਿਨਿ ਏਕ ਕਉ ਪਹਿਚਾਨ ॥

jin ek kau pahichaan ||

ਤਿਨ ਚਉਬਿਸੋ ਰਸ ਮਾਨ ॥੪੭੯॥

tin chaubiso ras maan ||479||

He, who recognizes the One Lord, he will remain jubilant even on adoring

all the twenty-four incarnations.479.

ਜੇ ਏਕ ਕੇ ਰਸ ਭੀਨ ॥

je ek ke ras bheen ||

ਤਿਨਿ ਚਉਬਿਸੋ ਰਸਿ ਲੀਨ ॥

tin chaubiso ras leen ||

He, who falls in love with the One Lord, he will feel happy in knowing about the wonderful works of all the twenty-four incarnations

ਜਿਨ ਏਕ ਕੋ ਨਹੀ ਬੂਝ ॥

jin ek ko nahee boojh ||

ਤਿਹ ਚਉਬਿਸੈ ਨਹੀ ਸੂਝ ॥੪੮੦॥

teh chaubisai nahee soojh ||480||

He, who does not recognize the One Lord, he cannot know the mysteries

of the twenty-four incarnations.480.

ਜਿਨਿ ਏਕ ਕੌ ਨਹੀ ਚੀਨ ॥

jin ek kau nahee cheen ||

ਤਿਨਿ ਚਉਬਿਸੈ ਫਲ ਹੀਨ ॥

tin chaubisai fal heen ||

He, who not recognized the One Lord, the twenty-four are fruitless for him

ਜਿਨ ਏਕ ਕੋ ਪਹਿਚਾਨ ॥

jin ek ko pahichaan ||

ਤਿਨਿ ਚਉਬਿਸੈ ਰਸ ਮਾਨ ॥੪੮੧॥

tin chaubisai ras maan ||481||

He, who feels the presence of One and recognizes him, he can feel the

happiness of the twenty-four.481.

ਬਚਿਤ੍ਰ ਪਦ ਛੰਦ ॥

bachitr padh chha(n)dh ||

VICHITRA PAD STANZA

ਏਕਹਿ ਜਉ ਮਨਿ ਆਨਾ ॥

ekeh jau man aanaa ||

ਦੂਸਰ ਭਾਵ ਨ ਜਾਨਾ ॥

dhoosar bhaav na jaanaa ||

ਦੁੰਦਭਿ ਦਉਰ ਬਜਾਏ ॥

dhu(n)dhabh dhaur bajaae ||

ਫੂਲ ਸੁਰਨ ਬਰਖਾਏ ॥੪੮੨॥

fool suran barakhaae ||482||

The sage absorbed his mind in the One Lord and did not allow any other idea to enter his mind, then the gods showered flowers, beating their

drums.482.

ਹਰਖੇ ਸਬ ਜਟ ਧਾਰੀ ॥

harakhe sab jaT dhaaree ||

ਗਾਵਤ ਦੇ ਦੇ ਤਾਰੀ ॥

gaavat dhe dhe taaree ||

The sages, getting delighted, clapped their hands and began to sing

ਜਿਤ ਤਿਤ ਡੋਲਤ ਫੂਲੇ ॥

jit tit ddolat foole ||

ਗ੍ਰਿਹ ਕੇ ਸਬ ਦੁਖ ਭੂਲੇ ॥੪੮੩॥

gireh ke sab dhukh bhoole ||483||

They forgot their domestic worries and moved here and there happily.483.

ਤਾਰਕ ਛੰਦ ॥

taarak chha(n)dh ||

TAARAK STANZA

ਬਹੁ ਬਰਖ ਜਬੈ ਤਪਸਾ ਤਿਹ ਕੀਨੀ ॥

bahu barakh jabai tapasaa teh keenee ||

ਗੁਰਦੇਵ ਕ੍ਰਿਆ ਜੁ ਕਹੀ ਧਰ ਲੀਨੀ ॥

gurdhev kriaa ju kahee dhar leenee ||

In this way, when the sages performed austerities for many years and did all according to the bidding of their Guru

ਤਬ ਨਾਥ ਸਨਾਥ ਹੁਐ ਬਜੋਤ ਬਤਾਈ ॥

tab naath sanaath huaai bayot bataiee ||

ਤਬ ਹੀ ਦਸਓ ਦਿਸਿ ਸੂਝ ਬਨਾਈ ॥੪੮੪॥

tab hee dhaso dhis soojh banaiee ||484||

The great sage told them many methods and in this way, they obtained the

wisdom of knowledge of all the ten directions.484.

ਦਿਜ ਦੇਵ ਤਬੈ ਗੁਰ ਚਉਬਿਸ ਕੈ ਕੈ ॥

dhij dhev tabai gur chaubis kai kai ||

ਗਿਰਿ ਮੇਰ ਗਏ ਸਭ ਹੀ ਮੁਨਿ ਲੈ ਕੈ ॥

gir mer ge sabh hee mun lai kai ||

In this way, the sage adopting twenty-four Gurus, went on the Sumeru mountain alongwith other sages

ਤਪਸਾ ਜਬ ਘੋਰ ਤਹਾ ਤਿਨ ਕੀਨੀ ॥

tapasaa jab ghor tahaa tin keenee ||

ਗੁਰਦੇਵ ਤਬੈ ਤਿਹ ਯਾ ਸਿਖ ਦੀਨੀ ॥੪੮੫॥

gurdhev tabai teh yaa sikh dheenee ||485||

There he performed severe austerities and then the Guru Dutt, gave these

instructions to all of them.485.

ਤੋਟਕ ਛੰਦ ॥

toTak chha(n)dh ||

TOTAK STANZA

ਗਿਰਿ ਮੇਰੁ ਗਏ ਰਿਖਿ ਬਾਲਕ ਲੈ ॥

gir mer ge rikh baalak lai ||

ਧਰ ਸੀਸ ਜਟਾ ਭਗਵੇ ਪਟ ਕੈ ॥

dhar sees jaTaa bhagave paT kai ||

The sage having matted locks on his head and wearing ochre-coloured clothed on his body, went on the Sumeru mountain alongwith his disciples

ਤਪ ਘੋਰ ਕਰਾ ਬਹੁ ਬਰਖ ਦਿਨਾ ॥

tap ghor karaa bahu barakh dhinaa ||

ਹਰਿ ਜਾਪ ਨ ਛੋਰਸ ਏਕ ਛਿਨਾ ॥੪੮੬॥

har jaap na chhoras ek chhinaa ||486||

There he performed austerities in various for many years and did not

forget the Lord even for an instant.486.

ਦਸ ਲਛ ਸੁ ਬੀਸ ਸਹੰਸ੍ਰ ਬ੍ਰਖੰ ॥

dhas lachh su bees saha(n)sr brakha(n) ||

ਤਪ ਕੀਨ ਤਹਾ ਬਹੁ ਭਾਤਿ ਰਿਖੰ ॥

tap keen tahaa bahu bhaat rikha(n) ||

There the sages performed austerities in various ways for ten lakh twenty thousand years

ਸਬ ਦੇਸਨ ਦੇਸ ਚਲਾਇ ਮਤੰ ॥

sab dhesan dhes chalai mata(n) ||

ਮੁਨਿ ਦੇਵ ਮਹਾ ਮਤਿ ਗੂੜ ਗਤੰ ॥੪੮੭॥

mun dhev mahaa mat gooR gata(n) ||487||

Then they propagated the secret doctrines of that great sage in all the

countries far and near.487.

ਰਿਖਿ ਰਾਜ ਦਸਾ ਜਬ ਅੰਤ ਭਈ ॥

rikh raaj dhasaa jab a(n)t bhiee ||

ਬਲ ਜੋਗ ਹੁਤੇ ਮੁਨਿ ਜਾਨ ਲਈ ॥

bal jog hute mun jaan liee ||

When the final hour of that great sage arrived, the great sage came to know of it with the strength of Yoga

ਧੂਅਰੋ ਜਗ ਧਉਲੁਰ ਜਾਨਿ ਜਟੀ ॥

dhooaro jag dhaulur jaan jaTee ||

ਕਛੁ ਅਉਰ ਕ੍ਰਿਆ ਇਹ ਭਾਤਿ ਠਟੀ ॥੪੮੮॥

kachh aaur kriaa ieh bhaat ThaTee ||488||

Then that sage with matted locks, considering this world like a cloud of

smoke, formulated a plan of another activity.488.

ਸਧਿ ਕੈ ਪਵਨੈ ਰਿਖ ਜੋਗ ਬਲੰ ॥

sadh kai pavanai rikh jog bala(n) ||

ਤਜਿ ਚਾਲ ਕਲੇਵਰ ਭੂਮਿ ਤਲੰ ॥

taj chaal kalevar bhoom tala(n) ||

Controlling the wind with the strength of Yoga, relinquishing his body left the earth

ਕਲ ਫੋਰਿ ਉਤਾਲ ਕਪਾਲ ਕਲੀ ॥

kal for utaal kapaal kalee ||

ਤਿਹ ਜੋਤਿ ਸੁ ਜੋਤਿਹ ਮਧ ਮਿਲੀ ॥੪੮੯॥

teh jot su joteh madh milee ||489||

Breaking the skull, his light of the soul merged in the supreme light of the

Lord.489.

ਕਲ ਕਾਲ ਕ੍ਰਵਾਲ ਕਰਾਲ ਲਸੈ ॥

kal kaal kravaal karaal lasai ||

ਜਗ ਜੰਗਮ ਥਾਵਰ ਸਰਬ ਕਸੈ ॥

jag ja(n)gam thaavar sarab kasai ||

The KAL (death) streches his dreadful sword always o all categories of beings

ਜਗ ਕਾਲਹਿ ਜਾਲ ਬਿਸਾਲ ਰਚਾ ॥

jag kaaleh jaal bisaal rachaa ||

ਜਿਹ ਬੀਚ ਫਸੇ ਬਿਨ ਕੋ ਨ ਬਚਾ ॥੪੯੦॥

jeh beech fase bin ko na bachaa ||490||

It has created the large net of this world, from which none had been able to

escape.490.

ਸਵੈਯਾ ॥

savaiyaa ||

SWAYYA

ਦੇਸ ਬਿਦੇਸ ਨਰੇਸਨ ਜੀਤਿ ਅਨੇਸ ਬਡੇ ਅਵਨੇਸ ਸੰਘਾਰੇ ॥

dhes bidhes naresan jeet anes badde avanes sa(n)ghaare ||

ਆਠੋ ਈ ਸਿਧ ਸਬੈ ਨਵ ਨਿਧਿ ਸਮ੍ਰਿਧਨ ਸਰਬ ਭਰੇ ਗ੍ਰਿਹ ਸਾਰੇ ॥

aaTho iee sidh sabai nav nidh samiradhan sarab bhare gireh saare ||

This KAL (death) has killed the great sovereigns of all the countries and the earth, who had eight powers, nine treasures, all kinds of accomplishments

ਚੰਦ੍ਰਮੁਖੀ ਬਨਿਤਾ ਬਹੁਤੈ ਘਰਿ ਮਾਲ ਭਰੇ ਨਹੀ ਜਾਤ ਸੰਭਾਰੇ ॥

cha(n)dhramukhee banitaa bahutai ghar maal bhare nahee jaat sa(n)bhaare

||

Moon-faced women and unlimited wealth

ਨਾਮ ਬਿਹੀਨ ਅਧੀਨ ਭਏ ਜਮ ਅੰਤਿ ਕੋ ਨਾਗੇ ਹੀ ਪਾਇ ਸਿਧਾਰੇ ॥੪੯੧॥

naam biheen adheen bhe jam a(n)t ko naage hee pai sidhaare ||491||

They all left this world with naked feet under the control of Yama, without the remembrance of the Name of the Lord.491.

ਰਾਵਨ ਕੇ ਮਹਿਰਾਵਨ ਕੇ ਮਨੁ ਕੇ ਨਲ ਕੇ ਚਲਤੇ ਨ ਚਲੀ ਗਉ ॥

raavan ke mahiraavan ke man ke nal ke chalate na chalee gau ||

Even Ravan and Mehravan were helpless before him

ਭੋਜ ਦਿਲੀਪਤਿ ਕੌਰਵਿ ਕੈ ਨਹੀ ਸਾਥ ਦਯੋ ਰਘੁਨਾਥ ਬਲੀ ਕਉ ॥

bhoj dhileepat kauarav kai nahee saath dhayo raghunaath balee kau ||

He did not even co-operate with king Bhoj, the Delhi kings of Surya clan, the mighty Raghunath etc.

ਸੰਗਿ ਚਲੀ ਅਬ ਲੌ ਨਹੀ ਕਾਹੂੰ ਕੇ ਸਾਚ ਕਹੌ ਅਘ ਓਘ ਦਲੀ ਸਉ ॥

sa(n)g chalee ab lau nahee kaahoo(n) ke saach kahau agh ogh dhalee sau

||

He did not even side with the destroyer of the store of sins

ਚੇਤ ਰੇ ਚੇਤ ਅਚੇਤ ਮਹਾ ਪਸੁ ਕਾਹੂ ਕੇ ਸੰਗਿ ਚਲੀ ਨ ਹਲੀ ਹਉ ॥੪੯੨॥

chet re chet achet mahaa pas kaahoo ke sa(n)g chalee na halee hau ||492||

Therefore O great animal-like unconscious mind! come into your senses, but consider that the KAL (death) did not consider anyone its own.492.

ਸਾਚ ਔਰ ਝੂਠ ਕਹੇ ਬਹੁਤੈ ਬਿਧਿ ਕਾਮ ਕਰੋਧ ਅਨੇਕ ਕਮਾਏ ॥

saach aauar jhooTh kahe bahutai bidh kaam karodh anek kamaae ||

The being, in many ways, speaking both truth and falsehood, absorbed himself in lust and anger

ਭਾਜ ਨਿਲਾਜ ਬਚਾ ਧਨ ਕੇ ਡਰ ਲੋਕ ਗਯੋ ਪਰਲੋਕ ਗਵਾਏ ॥

bhaaj nilaaj bachaa dhan ke ddar lok gayo paralok gavaae ||

For earning and gathering wealth unashamedly lost both theis and the next world

ਦੁਆਦਸ ਬਰਖ ਪੜਾ ਨ ਗੁੜਿਓ ਜੜ ਰਾਜੀਵਿ ਲੋਚਨ ਨਾਹਿਨ ਪਾਏ ॥

dhuaadhas barakh paRaa na guRio jaR raajeev lochan naahin paae ||

Though he obtained education for twelve-years, but did not follow its

sayings and lotus-eyed (Rajiv-lochan) could not realise that Lord

ਲਾਜ ਬਿਹੀਨ ਅਧੀਨ ਗਹੇ ਜਮ ਅੰਤ ਕੇ ਨਾਗੇ ਹੀ ਪਾਇ ਸਿਧਾਏ ॥੪੯੩॥

laaj biheen adheen gahe jam a(n)t ke naage hee pai sidhaae ||493||

The unashamed being will ultimately be caught by Yama and it will have to go with naked feet from this place.493.

ਕਾਹੇ ਕਉ ਬਸਤ੍ਰ ਧਰੋ ਭਗਵੇ ਮੁਨਿ ਤੇ ਸਬ ਪਾਵਕ ਬੀਚ ਜਲੈਗੀ ॥

kaahe kau basatr dharo bhagave mun te sab paavak beech jalaigee ||

O sages! why do you wear ochre-coloured clothes?, they will all be burnt in the fire at the end.

ਕਿਯੋਂ ਇਮ ਰੀਤ ਚਲਾਵਤ ਹੋ ਦਿਨ ਦ੍ਵੈਕ ਚਲੈ ਸ੍ਰਬਦਾ ਨ ਚਲੈਗੀ ॥

kiyo(n) im reet chalaavat ho dhin dhavaik chalai srabadhaa na chalaigee ||

Why do you introduce such-like rites, which will not continue for ever?

ਕਾਲ ਕਰਾਲ ਕੀ ਰੀਤਿ ਮਹਾ ਇਹ ਕਾਹੂੰ ਜੁਗੇਸਿ ਛਲੀ ਨ ਛਲੈਗੀ ॥

kaal karaal kee reet mahaa ieh kaahoo(n) juges chhalee na chhalaigee ||

Now one will be able to deceive the great tradition of the dreadful KAL

ਸੁੰਦਰਿ ਦੇਹ ਤੁਮਾਰੀ ਮਹਾ ਮੁਨਿ ਅੰਤ ਮਸਾਨ ਹ੍ਵੈ ਧੂਰਿ ਰਲੈਗੀ ॥੪੯੪॥

su(n)dhar dheh tumaaree mahaa mun a(n)t masaan havai dhoor ralaigee

||494||

O sage! your beautiful body will ultimately be mixed with dust.494.

ਕਾਹੇ ਕੋ ਪਉਨ ਭਛੋ ਸੁਨਿ ਹੋ ਮੁਨਿ ਪਉਨ ਭਛੇ ਕਛੂ ਹਾਥਿ ਨ ਐ ਹੈ ॥

kaahe ko paun bhachho sun ho mun paun bhachhe kachhoo haath na aai hai ||

O sage! why are you only subsisting on wind ? You will not achieve anything by doing this

ਕਾਹੇ ਕੋ ਬਸਤ੍ਰ ਕਰੋ ਭਗਵਾ ਇਨ ਬਾਤਨ ਸੋ ਭਗਵਾਨ ਨ ਹ੍ਵੈ ਹੈ ॥

kaahe ko basatr karo bhagavaa in baatan so bhagavaan na havai hai ||

You cannot even attain that supreme Lord by wearing the ochre-coloured clothes

ਬੇਦ ਪੁਰਾਨ ਪ੍ਰਮਾਨ ਕੇ ਦੇਖਹੁ ਤੇ ਸਬ ਹੀ ਬਸ ਕਾਲ ਸਬੈ ਹੈ ॥

bedh puraan pramaan ke dhekhahu te sab hee bas kaal sabai hai ||

Look at the illustrations of all the Vedas, Pranas etc., then you will know that all are under the control of KAL

ਜਾਰਿ ਅਨੰਗ ਨ ਨੰਗ ਕਹਾਵਤ ਸੀਸ ਕੀ ਸੰਗਿ ਜਟਾਊ ਨ ਜੈ ਹੈ ॥੪੯੫॥

jaar ana(n)g na na(n)g kahaavat sees kee sa(n)g jaTaauoo na jai hai ||495||

You can be called ANANG (limbless) by burning your lust, but even your matted locks will not accompany your head and all this will be destroyed

over here.495.

ਕੰਚਨ ਕੂਟ ਗਿਰ੍ਯੋ ਕਹੋ ਕਾਹੇ ਨ ਸਾਤਓ ਸਾਗਰ ਕਿਯੋਂ ਨ ਸੁਕਾਨੋ ॥

ka(n)chan kooT girayo kaho kaahe na saato saagar kiyo(n) na sukaano ||

Undoubtedly, the citadels of gold be reduced to dust, all the seven oceans be dried up,

ਪਸਚਮ ਭਾਨੁ ਉਦ੍ਯੋ ਕਹੁ ਕਾਹੇ ਨ ਗੰਗ ਬਹੀ ਉਲਟੀ ਅਨੁਮਾਨੋ ॥

pasacham bhaan udhrayo kahu kaahe na ga(n)g bahee ulaTee anumaano ||

The sun may rise in the west, the Ganges may flow in the opposite direction,

ਅੰਤਿ ਬਸੰਤ ਤਪ੍ਯੋ ਰਵਿ ਕਾਹੇ ਨ ਚੰਦ ਸਮਾਨ ਦਿਨੀਸ ਪ੍ਰਮਾਨੋ ॥

a(n)t basa(n)t tapayo rav kaahe na cha(n)dh samaan dhinees pramaano ||

The sun may heat in the spring season, the sun may become cold like the moon, the earth supported by the tortoise may shake,

ਕਿਯੋਂ ਡਮਡੋਲ ਡੁਬੀ ਨ ਧਰਾ ਮੁਨਿ ਰਾਜ ਨਿਪਾਤਨਿ ਤਿਯੋਂ ਜਗ ਜਾਨੋ ॥੪੯੬॥

kiyo(n) ddamaddol ddubee na dharaa mun raaj nipaatan tiyo(n) jag jaano ||496||

But even then, O king of the sages! the destruction of the world is certain

by KAL.496.

ਅਤ੍ਰਿ ਪਰਾਸਰ ਨਾਰਦ ਸਾਰਦ ਬਯਾਸ ਤੇ ਆਦਿ ਜਿਤੇ ਮੁਨ ਭਾਏ ॥

atr paraasar naaradh saaradh bayaas te aadh jite mun bhaae ||

There have been many sages like Atri, Parashar, Narada, Sharda, Vyas etc.,

ਗਾਲਵ ਆਦਿ ਅਨੰਤ ਮੁਨੀਸ੍ਵਰ ਬ੍ਰਹਮ ਹੂੰ ਤੇ ਨਹੀ ਜਾਤ ਗਨਾਏ ॥

gaalav aadh ana(n)t muneesavair braham hoo(n) te nahee jaat ganaae ||

Who cannot be counted even by Brahma

ਅਗਸਤ ਪੁਲਸਤ ਬਸਿਸਟ ਤੇ ਆਦਿ ਨ ਜਾਨ ਪਰੇ ਕਿਹ ਦੇਸ ਸਿਧਾਏ ॥

agasat pulasat basisaT te aadh na jaan pare keh dhes sidhaae ||

There had been many sages like Agastya, Pulastya, Vashistha etc., but it could not be known to which directions they have gone

ਮੰਤ੍ਰ ਚਲਾਇ ਬਨਾਇ ਮਹਾ ਮਤਿ ਫੇਰਿ ਮਿਲੇ ਪਰ ਫੇਰ ਨ ਆਏ ॥੪੯੭॥

ma(n)tr chalai banai mahaa mat fer mile par fer na aae ||497||

They composed mantras and established many sects, but they merged in the cycle of dreadful existence, that after that nothing could be known

about them.497.

ਬ੍ਰਹਮ ਨਿਰੰਧ੍ਰ ਕੋ ਫੋਰਿ ਮੁਨੀਸ ਕੀ ਜੋਤਿ ਸੁ ਜੋਤਿ ਕੇ ਮਧਿ ਮਿਲਾਨੀ ॥

braham nira(n)dhr ko for munees kee jot su jot ke madh milaanee ||

Breaking the Brahmarandhra (an aperture in the crown of the head), the light of the king of sages merged in that Supreme Light

ਪ੍ਰੀਤਿ ਰਲੀ ਪਰਮੇਸਰ ਸੋ ਇਮ ਬੇਦਨ ਸੰਗਿ ਮਿਲੈ ਜਿਮ ਬਾਨੀ ॥

preet ralee paramesar so im bedhan sa(n)g milai jim baanee ||

His love was absorbed in the Lord like all kinds of compositions are interlinked in the Veda

ਪੁੰਨ ਕਥਾ ਮੁਨਿ ਨੰਦਨ ਕੀ ਕਹਿ ਕੈ ਮੁਖ ਸੋ ਕਬਿ ਸਯਾਮ ਬਖਾਨੀ ॥

pu(n)n kathaa mun na(n)dhan kee keh kai mukh so kab sayaam bakhaanee ||

In his way, the poet Shyam has described the episode of the great sage Dutt

ਪੂਰਣ ਧਿਆਇ ਭਯੋ ਤਬ ਹੀ ਜਯ ਸ੍ਰੀ ਜਗਨਾਥ ਭਵੇਸ ਭਵਾਨੀ ॥੪੯੮॥

pooran dhiaai bhayo tab hee jay sree jaganaath bhaves bhavaanee ||498||

This chapter is now being completed hailing the Lord of the world and the

mother of the world.498.

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਦਤ ਮਹਾਤਮੇ ਰੁਦ੍ਰਵਤਾਰ ਪ੍ਰਬੰਧ ਸਮਾਪਤੰ ॥ ਸੁਭੰ ਭਵੇਤ ਗੁਰੂ ਚਉਬੀਸ ॥੨੪॥

eit sree bachitr naaTak gra(n)the dhat mahaatame rudhravataar praba(n)dh samaapata(n) || subha(n) bhavet guroo chaubees ||24||

End of the description of the composition regarding the sage Dutt, the incarnation of Rudra in Bachittar Natak.

ੴ ਸਤਿਗੁਰਪ੍ਰਸਾਦਿ ॥

ikOankaar satiguraprasaadh ||

The Lord is One and He can be attained through the Grace of the True Guru.

ਅਥ ਪਾਰਸ ਨਾਥ ਰੁਦ੍ਰ ਅਵਤਾਰ ਕਥਨੰ ॥

ath paaras naath rudhr avataar kathana(n) ||

Now begins the description of Parasnath, the incarnation of Rudra. Tent

Guru.

ਪਾਤਸਾਹੀ ੧੦ ॥

paatasaahee 10 ||

CHAUPAI

ਚੌਪਈ ॥

chauapiee ||

ਇਹ ਬਿਧਿ ਦਤ ਰੁਦ੍ਰ ਅਵਤਾਰਾ ॥

eeh bidh dhat rudhr avataaraa ||

ਪੂਰਣ ਮਤ ਕੋ ਕੀਨ ਪਸਾਰਾ ॥

pooran mat ko keen pasaaraa ||

In this way there was the Dutt incarnation of Rudra and he spread his

religion

ਅੰਤਿ ਜੋਤਿ ਸੋ ਜੋਤਿ ਮਿਲਾਨੀ ॥

a(n)t jot so jot milaanee ||

ਜਿਹ ਬਿਧਿ ਸੋ ਪਾਰਬ੍ਰਹਮ ਭਵਾਨੀ ॥੧॥

jeh bidh so paarabraham bhavaanee ||1||

In the end, according to the Will of the Lord, his light (soul) merged in the Supreme Light of the Lord.1.

ਏਕ ਲਛ ਦਸ ਬਰਖ ਪ੍ਰਮਾਨਾ ॥

ek lachh dhas barakh pramaanaa ||

ਪਾਛੇ ਚਲਾ ਜੋਗ ਕੋ ਬਾਨਾ ॥

paachhe chalaa jog ko baanaa ||

After that, the Yoga-marga (path) continued its way for one lakh and ten

years

ਗ੍ਯਾਰਵ ਬਰਖ ਬਿਤੀਤਤ ਭਯੋ ॥

grayaarav barakh biteetat bhayo ||

ਪਾਰਸਨਾਥ ਪੁਰਖ ਭੂਅ ਵਯੋ ॥੨॥

paarasanaath purakh bhooa vayo ||2||

With the passing away of the eleventh year, Parasnath was born on this

earth.2.

ਰੋਹ ਦੇਸ ਸੁਭ ਦਿਨ ਭਲ ਥਾਨੁ ॥

roh dhes subh dhin bhal thaan ||

ਪਰਸ ਨਾਥ ਭਯੋ ਸੁਰ ਗ੍ਯਾਨੁ ॥

paras naath bhayo sur grayaan ||

On an auspicious day and at an auspicious place and country, he was born

ਅਮਿਤ ਤੇਜ ਅਸਿ ਅਵਰ ਨ ਹੋਊ ॥

amit tej as avar na houoo ||

ਚਕ੍ਰਤ ਰਹੇ ਮਾਤ ਪਿਤ ਦੋਊ ॥੩॥

chakrat rahe maat pit dhouoo ||3||

He was supremely learned and glorious there was none so illustrious like

him and seeing him, his parents were wonder-struck.3.

ਦਸਊ ਦਿਸਨਿ ਤੇਜ ਅਤਿ ਬਢਾ ॥

dhasuoo dhisan tej at baddaa ||

ਦ੍ਵਾਦਸ ਭਾਨ ਏਕ ਹ੍ਵੈ ਚਢਾ ॥

dhavaiaadhas bhaan ek havai chaddaa ||

His glory spread in all the ten directions and it seemed that the twelve suns were shining in one

ਦਹ ਦਿਸ ਲੋਕ ਉਠੇ ਅਕੁਲਾਈ ॥

dheh dhis lok uThe akulaiee ||

ਭੂਪਤਿ ਤੀਰ ਪੁਕਾਰੇ ਜਾਈ ॥੪॥

bhoopat teer pukaare jaiee ||4||

The people in all the ten directions felt agitated and went to the king for

their lamenation.4.

ਸੁਨੋ ਭੂਪ ਇਕ ਕਹੋਂ ਕਹਾਨੀ ॥

suno bhoop ik kaho(n) kahaanee ||

ਏਕ ਪੁਰਖ ਉਪਜਯੋ ਅਭਿਮਾਨੀ ॥

ek purakh upajayo abhimaanee ||

“O king! Listen, we tell you an episode

ਜਿਹ ਸਮ ਰੂਪ ਜਗਤ ਨਹੀ ਕੋਈ ॥

jeh sam roop jagat nahee koiee ||

ਏਕੈ ਘੜਾ ਬਿਧਾਤਾ ਸੋਈ ॥੫॥

ekai ghaRaa bidhaataa soiee ||5||

A very proud person has been born and there is none so beautiful like him

it seems that the Lord (Providence) Himself had created him.5.

ਕੈ ਗੰਧ੍ਰਬ ਜਛ ਕੋਈ ਅਹਾ ॥

kai ga(n)dhrab jachh koiee ahaa ||

ਜਾਨੁਕ ਦੂਸਰ ਭਾਨੁ ਚੜ ਰਹਾ ॥

jaanuk dhoosar bhaan chaR rahaa ||

"Either he is a Yaksha or Gandharva it appears that a second sun has arisen

ਅਤਿ ਜੋਬਨ ਝਮਕਤ ਤਿਹ ਅੰਗਾ ॥

at joban jhamakat teh a(n)gaa ||

ਨਿਰਖਤ ਜਾ ਕੇ ਲਜਤ ਅਨੰਗਾ ॥੬॥

nirakhat jaa ke lajat ana(n)gaa ||6||

His body is gleaming with youth and seeing him, even the god of love is

feeling shy."6.

ਭੂਪਤਿ ਦੇਖਨ ਕਾਜ ਬੁਲਾਵਾ ॥

bhoopat dhekhan kaaj bulaavaa ||

ਪਹਿਲੇ ਦਯੋਸ ਸਾਥ ਚਲ ਆਵਾ ॥

pahile dhayos saath chal aavaa ||

The king called him in order to see him and he (Parasnath) came on the very first day with the messengers

ਹਰਖ ਹ੍ਰਿਦੈ ਧਰ ਕੇ ਜਟਧਾਰੀ ॥

harakh hiradhai dhar ke jaTadhaaree ||

ਜਾਨੁਕ ਦੁਤੀ ਦਤ ਅਵਤਾਰੀ ॥੭॥

jaanuk dhutee dhat avataaree ||7||

The king was pleased in his heart on seeing him wearing matted locks and

it appeared to him that he was the second incarnation of Dutt.7.

ਨਿਰਖ ਰੂਪ ਕਾਪੇ ਜਟਧਾਰੀ ॥

nirakh roop kaape jaTadhaaree ||

ਯਹ ਕੋਊ ਭਯੋ ਪੁਰਖੁ ਅਵਤਾਰੀ ॥

yeh kouoo bhayo purakh avataaree ||

Seeing his figure the sages wearing matted locks trembled and thought he was some incarnation,

ਯਹ ਮਤ ਦੂਰ ਹਮਾਰਾ ਕੈ ਹੈ ॥

yeh mat dhoor hamaaraa kai hai ||

ਜਟਾਧਾਰ ਕੋਈ ਰਹੈ ਨ ਪੈ ਹੈ ॥੮॥

jaTaadhaar koiee rahai na pai hai ||8||

who will finish their religion and no person with matted locks will

survive.8.

ਤੇਜ ਪ੍ਰਭਾਵ ਨਿਰਖਿ ਤਬ ਰਾਜਾ ॥

tej prabhaav nirakh tab raajaa ||

ਅਤਿ ਪ੍ਰਸੰਨਿ ਪੁਲਕਤ ਚਿਤ ਗਾਜਾ ॥

at prasa(n)n pulakat chit gaajaa ||

The king, seeing the impact of his glory, was extremely pleased

ਜਿਹ ਜਿਹਾ ਲਖਾ ਰਹੇ ਬਿਸਮਾਈ ॥

jeh jihaa lakhaa rahe bisamaiee ||

ਜਾਨੁਕ ਰੰਕ ਨਵੋ ਨਿਧ ਪਾਈ ॥੯॥

jaanuk ra(n)k navo nidh paiee ||9||

Whosoever saw him, he was pleased like one pauper obtaining nine

treasures.9.

ਮੋਹਨ ਜਾਲ ਸਭਨ ਸਿਰ ਡਾਰਾ ॥

mohan jaal sabhan sir ddaaraa ||

ਚੇਟਕ ਬਾਨ ਚਕ੍ਰਿਤ ਹ੍ਵੈ ਮਾਰਾ ॥

cheTak baan chakirat havai maaraa ||

He put his net of allurement on all and all were getting succumbed in wonder

ਜਹ ਤਹ ਮੋਹਿ ਸਕਲ ਨਰ ਗਿਰੇ ॥

jeh teh moh sakal nar gire ||

ਜਾਨ ਸੁਭਟ ਸਾਮੁਹਿ ਰਣ ਭਿਰੇ ॥੧੦॥

jaan subhaT saamuh ran bhire ||10||

All the people getting fascinated fell down here and there like the warriors

falling in battle.10.

ਨਰ ਨਾਰੀ ਜਿਹ ਜਿਹ ਤਿਹ ਪੇਖਾ ॥

nar naaree jeh jeh teh pekhaa ||

ਤਿਹ ਤਿਹ ਮਦਨ ਰੂਪ ਅਵਿਰੇਖਾ ॥

teh teh madhan roop avirekhaa ||

The man or woman, who saw him, considered him s the god of love

ਸਾਧਨ ਸਰਬ ਸਿਧਿ ਕਰ ਜਾਨਾ ॥

saadhan sarab sidh kar jaanaa ||

ਜੋਗਨ ਜੋਗ ਰੂਪ ਅਨੁਮਾਨਾ ॥੧੧॥

jogan jog roop anumaanaa ||11||

The hermits considered him as an adept and the Yogis as a great Yogi.11.

ਨਿਰਖਿ ਰੂਪ ਰਨਵਾਸ ਲੁਭਾਨਾ ॥

nirakh roop ranavaas lubhaanaa ||

ਦੇ ਤਿਹ ਸੁਤਾ ਨ੍ਰਿਪਤਿ ਮਨਿ ਮਾਨਾ ॥

dhe teh sutaa nirapat man maanaa ||

The group of queens was allured on seeing him and the king also decided to marry his daughter with him

ਨ੍ਰਿਪ ਕੋ ਭਯੋ ਜਬੈ ਜਾਮਾਤਾ ॥

nirap ko bhayo jabai jaamaataa ||

ਮਹਾ ਧਨੁਖਧਰ ਬੀਰ ਬਿਖ੍ਯਾਤਾ ॥੧੨॥

mahaa dhanukhadhar beer bikhayaataa ||12||

When he became the son-in-law of the king, then he became famous as a great archer.12.

ਮਹਾ ਰੂਪ ਅਰੁ ਅਮਿਤ ਪ੍ਰਤਾਪੂ ॥

mahaa roop ar amit prataapoo ||

ਜਾਨੁ ਜਪੈ ਹੈ ਆਪਨ ਜਾਪੂ ॥

jaan japai hai aapan jaapoo ||

That extremely beautiful and infinitely glorious persons was absorbed

within himself

ਸਸਤ੍ਰ ਸਾਸਤ੍ਰ ਬੇਤਾ ਸੁਰਿ ਗਜਾਨਾ ॥

sasatr saasatr betaa sur gayaanaa ||

ਜਾ ਸਮ ਪੰਡਿਤ ਜਗਤਿ ਨ ਆਨਾ ॥੧੩॥

jaa sam pa(n)ddit jagat na aanaa ||13||

He was expert in the knowledge of Shastras and weapons and there was no Pandit like him in the world.13.

ਥੋਰਿ ਬਹਿਕ੍ਰਮ ਬੁਧਿ ਬਿਸੇਖਾ ॥

thor bahikram budh bisekhaa ||

ਜਾਨੁਕ ਧਰਾ ਬਿਤਨ ਯਹਿ ਭੇਖਾ ॥

jaanuk dharaa bitan yeh bhekhaa ||

He was like a Yaksha in human garb, not being troubled by the outer

afflictions

ਜਿਹ ਜਿਹ ਰੂਪ ਤਵਨ ਕਾ ਲਹਾ ॥

jeh jeh roop tavan kaa lahaa ||

ਸੋ ਸੋ ਚਮਕ ਚਕ੍ਰਿ ਹੁਐ ਰਹਾ ॥੧੪॥

so so chamak chakr huaai rahaa ||14||

Whosoever saw his beauty, he was wonder-struck and duped.14.

ਸਵੈਯਾ ॥

savaiyaa ||

SWAYYA

ਹਿਯੈ ਬਿਚਾਰਿਯੋ ਸਾਹ ਕੇ ਸੁਤ ਸੌ ਰਮੌ ਸੁਧਾਰ ॥੩॥

hiyai bichaariyo saeh ke sut sau ramau sudhaar ||3||

ਚੌਪਈ ॥

chauapiee ||

ਬੋਲਿ ਸਾਹੁ ਕੋ ਪੂਤ ਮੰਗਾਯੋ ॥

bol saahu ko poot ma(n)gaayo ||

ਕਾਮ ਕੇਲ ਤਿਹ ਸੰਗ ਕਮਾਯੋ ॥

kaam kel teh sa(n)g kamaayo ||

ਦਿਵਸ ਭਏ ਗ੍ਰਿਹ ਦੇਤ ਪਠਾਈ ॥

dhivas bhe gireh dhet paThaiee ||

ਰੈਨਿ ਭਏ ਪੁਨਿ ਲੇਤ ਬੁਲਾਈ ॥੪॥

rain bhe pun let bulaiee ||4||

ਐਸੀ ਪ੍ਰੀਤਿ ਦੁਹਨਿ ਮੈ ਭਈ ॥

aaisee preet dhuhan mai bhiee ||

ਲੋਕ ਲਾਜ ਸਭ ਹੀ ਤਜਿ ਦਈ ॥

lok laaj sabh hee taj dhiee ||

ਜਾਨੁਕ ਕਹੂੰ ਬਜਾਹ ਕਰਿ ਆਨੀ ॥

jaanuk kahoo(n) bayaeh kar aanee ||

ਤਿਨ ਪਰ ਨਾਰਿ ਐਸ ਪਹਿਚਾਨੀ ॥੫॥

tin par naar aais pahichaanee ||5||

ਅੜਿਲ ॥

aRil ||

ਇਸਕ ਮੁਸਕ ਖਾਸੀ ਅਰੁ ਖੁਰਕ ਬਖਾਨਿਯੈ ॥

eisak musak khaasee ar khurak bakhaaniyai ||

ਖੂਨ ਖੈਰ ਮਦਪਾਨ ਸੁ ਬਹੁਰਿ ਪ੍ਰਮਾਨਿਯੈ ॥

khoon khair madhapaan su bahur pramaaniyai ||

ਕਸ ਕੋਊ ਕਰਈ ਸਾਤ ਛਪਾਏ ਛਪਤ ਨਹਿ ॥

kas kouoo kariee saat chhapaae chhapat neh ||

ਹੋ ਹੋਵਤ ਪ੍ਰਗਟ ਨਿਦਾਨ ਸੁ ਸਾਰੀ ਸ੍ਰਿਸਟਿ ਮਹਿ ॥੬॥

ho hovat pragaT nidhaan su saaree sirasaT meh ||6||

ਦੋਹਰਾ ॥

dhoharaa ||

ਦਰਪ ਕਲਾ ਸੁਤ ਸਾਹੁ ਕੇ ਊਪਰ ਰਹੀ ਬਿਕਾਇ ॥

dharap kalaa sut saahu ke uoopar rahee bikai ||

ਰੈਨਿ ਦਿਵਸ ਤਾ ਸੌ ਰਮੈ ਸਭਹਿਨ ਸੁਨੀ ਬਨਾਇ ॥੭॥

rain dhivas taa sau ramai sabhahin sunee banai ||7||

ਦਰਪ ਕਲਾ ਜਬ ਸਾਹੁ ਕੌ ਲੀਨੋ ਪੂਤ ਬੁਲਾਇ ॥

dharap kalaa jab saahu kau leeno poot bulai ||

ਆਨ ਪਿਯਾਦਨ ਗਹਿ ਲਿਯੋ ਰਹਿਯੋ ਨ ਕਛੂ ਉਪਾਇ ॥੮॥

aan piyaadhan geh liyo rahiyo na kachhoo upai ||8||

ਚੌਪਈ ॥

chauapiee ||

ਦਰਪ ਕਲਾ ਇਹ ਭਾਤ ਉਚਾਰੀ ॥

dharap kalaa ieh bhaat uchaaree ||

ਸੁਨੋ ਮੀਤ ਤੁਮ ਬਾਤ ਹਮਾਰੀ ॥

suno meet tum baat hamaaree ||

ਸੋਨਾ ਬੋਵਤ ਮੁਹਿ ਤੁਮ ਕਹਿਯਹੁ ॥

sonaa bovat muh tum kahiyahu ||

ਯੌ ਕਹਿ ਨੈਨ ਨੀਚ ਕਰਿ ਰਹਿਯਹੁ ॥੯॥

yau keh nain neech kar rahiyahu ||9||

ਨ੍ਰਿਪ ਪਹਿ ਬਾਧ ਤਾਹਿ ਲੈ ਗਏ ॥

nirap peh baadh taeh lai ge ||

ਤੇ ਵੈ ਬੈਨ ਬਖਾਨਤ ਭਏ ॥

te vai bain bakhaanat bhe ||

ਏਕ ਬਾਤ ਮੈ ਤੁਮੈ ਦਿਖਾਊ ॥

ek baat mai tumai dhikhaauoo ||

ਤੁਮ ਤੇ ਕਹੋ ਕਹਾ ਤਬ ਪਾਊਂ ॥੧੦॥

tum te kaho kahaa tab paauooaa(n) ||10||

ਜਾ ਪੈ ਬੈਠੇ ਮੁਹਿ ਗਹਿ ਆਨੋ ॥

jaa pai baiThe muh geh aano ||

ਉਨ ਮੋ ਸੋ ਇਹ ਭਾਤਿ ਬਖਾਨੋ ॥

aun mo so ieh bhaat bakhaano ||

ਜੌ ਮੈ ਕੰਚਨ ਬੀਜਿ ਦਿਖਾਊ ॥

jau mai ka(n)chan beej dhikhaauoo ||

ਤਬ ਮੈ ਕਹੋ ਕਹਾ ਬਰ ਪਾਊ ॥੧੧॥

tab mai kaho kahaa bar paauoo ||11||

ਜਦ ਯੌ ਬਚਨ ਰਾਵ ਸੁਨਿ ਪਾਯੋ ॥

jadh yau bachan raav sun paayo ||

ਦਰਪ ਕਲਾ ਕੌ ਬੋਲਿ ਪਠਾਯੋ ॥

dharap kalaa kau bol paThaayo ||

ਤਾ ਕੋ ਏਕ ਧਾਮ ਮੈ ਰਾਖਿਯੋ ॥

taa ko ek dhaam mai raakhiyo ||

ਕੰਚਨ ਕੇ ਬੀਜਨ ਕਹ ਭਾਖਿਯੋ ॥੧੨॥

ka(n)chan ke beejan keh bhaakhiyo ||12||

ਮੋਹਿ ਇਹ ਏਕ ਸਦਨ ਮੈ ਰਾਖੋ ॥

moh ieh ek sadhan mai raakho ||

ਭਲੀ ਬੁਰੀ ਕਛੁ ਬਾਤ ਨ ਭਾਖੋ ॥

bhalee buree kachh baat na bhaakho ||

ਜਬ ਮੈ ਮਾਸ ਇਕਾਦਸ ਲਹਿਹੌਂ ॥

jab mai maas ikaadhas lahihau ||

ਤੁਮ ਸੌ ਆਇ ਆਪ ਹੀ ਕਹਿਹੌਂ ॥੧੩॥

tum sau aai aap hee kahihau ||13||

ਜਬ ਵੈ ਦੋਊ ਏਕ ਗ੍ਰਿਹ ਰਾਖੈ ॥

jab vai dhouoo ek gireh raakhai ||

ਤਬ ਤ੍ਰਿਯ ਯੌ ਤਾ ਸੌ ਬਚ ਭਾਖੈ ॥

tab tiray yau taa sau bach bhaakhai ||

ਮੋ ਸੌ ਭੋਗ ਮੀਤ ਅਬ ਕਰਿਯੈ ॥

mo sau bhog meet ab kariyai ||

ਯਾ ਚਿੰਤ ਤੇ ਨੈਕੁ ਨ ਡਰਿਯੈ ॥੧੪॥

yaa chi(n)t te naik na ddariyai ||14||

ਦੋਹਰਾ ॥

dhoharaa ||

ਪਕਰਿ ਮੀਤ ਕੋ ਆਪਨੇ ਊਪਰ ਲਯੋ ਚਰਾਇ ॥

pakar meet ko aapane uoopar laye charai ||

ਤਾ ਸੌ ਰਤਿ ਮਾਨਤ ਭਈ ਲਪਟਿ ਲਪਟਿ ਸੁਖ ਪਾਇ ॥੧੫॥

taa sau rat maanat bhiee lapaT lapaT sukh pai ||15||

ਕਾਲਿ ਕਿਨੀ ਜਾਨ੍ਯੋ ਨਹੀ ਆਜੁ ਰਮੌ ਤਵ ਸੰਗ ॥

kaal kinee jaanayo nahee aaj ramau tav sa(n)g ||

ਲਾਜ ਨ ਕਾਹੂ ਕੀ ਕਰੋ ਮੋ ਤਨ ਬਢ੍ਯੋ ਅਨੰਗ ॥੧੬॥

laaj na kaahoo kee karo mo tan baddiyo ana(n)g ||16||

ਅੜਿਲ ॥

aRil ||

ਦਸ ਮਾਸਨ ਰਤਿ ਕਰੀ ਹਰਖ ਉਪਜਾਇ ਕੈ ॥

dhas maasan rat karee harakh upajai kai ||

ਆਸਨ ਚੁੰਬਨ ਅਨਿਕ ਕਿਯੇ ਲਪਟਾਇ ਕੈ ॥

aasan chu(n)ban anik kiye lapaTai kai ||

ਜਬ ਗਿਯਾਰਵੋ ਮਾਸ ਪਹੂਚਯੌ ਆਇ ਕਰਿ ॥

jab giyaaravo maas pahoochayau aai kar ||

ਹੋ ਦਰਪ ਕਲਾ ਕਹਿਯੋ ਨ੍ਰਿਪਤਿ ਸੌ ਜਾਇ ਕਰਿ ॥੧੭॥

ho dharap kalaa kahiyo nirapat sau jai kar ||17||

ਕੰਚਨ ਬੋਵਨ ਸਮੈ ਪਹੂਚਯੋ ਆਇ ਕੈ ॥

ka(n)chan bovan samai pahoochayo aai kai ||

ਸਭ ਰਾਨੀ ਜੁਤ ਨ੍ਰਿਪ ਕੌ ਲਿਯੋ ਬੁਲਾਇ ਕੈ ॥

sabh raanee jut nirap kau liyo bulai kai ||

ਪੁਰ ਬਾਸੀ ਜਨ ਸਭੇ ਤਮਾਸਾ ਕੌ ਗਏ ॥

pur baasee jan sabhe tamaasaa kau ge ||

ਹੋ ਜਹ ਅਸਥਿਤ ਵਹ ਤ੍ਰਿਯਾ ਤਹਾ ਹੀ ਜਾਤ ਭੇ ॥੧੮॥

ho jeh asathit veh tirayaa tahaa hee jaat bhe ||18||

ਜੋ ਤ੍ਰਿਯ ਪੁਰਖ ਨ ਬਿਨਸਿਯੋ ਤਾਹਿ ਬੁਲਾਇਯੈ ॥

jo tiray purakh na binasiyo taeh bulaiyai ||

ਵਾ ਕੈ ਕਰ ਦੈ ਹਯਾਂ ਕਲਧੌਤ ਬਿਜਾਇਯੈ ॥

vaa kai kar dhai hayaa(n) kaladhauat bijaiyai ||

ਜੋ ਬਿਨਸਿਯੋ ਨਰ ਤ੍ਰਿਯ ਇਹ ਹਾਥ ਛੁਵਾਇ ਹੈ ॥

jo binasiyo nar tiray ieh haath chhuvai hai ||

ਹੋ ਉਗੈ ਨ ਕੰਚਨ ਨੈਕ ਦੋਸ ਮੁਹਿ ਆਇ ਹੈ ॥੧੯॥

ho ugai na ka(n)chan naik dhos muh aai hai ||19||

ਤਬ ਰਾਜੈ ਸਭਹਿਨ ਯੌ ਕਹਿਯੋ ਸੁਨਾਇ ਕੈ ॥

tab raajai sabhahin yau kahiyo sunai kai ||

ਜੋ ਬਿਨਸਿਯੋ ਨਹਿ ਹੋਇ ਸੁ ਬੀਜਹੁ ਜਾਇ ਕੈ ॥

jo binasiyo neh hoi su beejahu jai kai ||

ਸੁਨਤ ਬਚਨ ਤ੍ਰਿਯ ਨਰ ਸਭ ਹੀ ਚਕ੍ਰਿਤ ਭਏ ॥

sunat bachan tiray nar sabh hee chakirat bhe ||

ਹੋ ਸੋਨੋ ਬੀਜਨ ਕਾਜ ਨ ਤਿਤ ਕੌ ਜਾਤ ਭੇ ॥੨੦॥

ho sono beejan kaaj na tit kau jaat bhe ||20||

ਚੌਪਈ ॥

chauapiee ||

ਦਰਪ ਕਲਾ ਇਹ ਭਾਤਿ ਉਚਾਰੀ ॥

dharap kalaa ieh bhaat uchaaree ||

ਜੋ ਰਾਜਾ ਸਭ ਤ੍ਰਿਯਾ ਤੁਹਾਰੀ ॥

jo raajaa sabh tirayaa tuhaaree ||

ਤਿਨ ਸਭਹਿਨ ਇਹ ਠੌਰ ਬੁਲਾਵਹੁ ॥

tin sabhahin ieh Thauar bulaavahu ||

ਕੰਚਨ ਦੇ ਕਰਿ ਹਾਥ ਬਿਜਾਵਹੁ ॥੨੧॥

ka(n)chan dhe kar haath bijaavahu ||21||

ਦੋਹਰਾ ॥

dhoharaa ||

ਸਭ ਰਾਨੀ ਜੇਤਕ ਹੁਤੀ ਠਟਕਿ ਰਹੀ ਮਨ ਮਾਹਿ ॥

sabh raanee jetak hutee ThaTak rahee man maeh ||

ਕਛੁ ਚਰਿਤ੍ਰ ਇਹ ਠਾਨਿ ਰਖਿ ਕੰਚਨ ਬੋਯੋ ਨਾਹਿ ॥੨੨॥

kachh charitr ieh Thaan rakh ka(n)chan boyo naeh ||22||

ਚੌਪਈ ॥

chauapiee ||

ਦਰਪ ਕਲਾ ਪੁਨ ਐਸ ਉਚਾਰੀ ॥

dharap kalaa pun aais uchaaree ||

ਜੋ ਤੁਮ ਰਾਵਹੁ ਨ ਬਿਭਚਾਰੀ ॥

jo tum raavahu na bibhachaaree ||

ਤੌ ਤੁਮ ਆਇ ਕੰਚਨਹਿ ਬੋਵਹੁ ॥

tau tum aai ka(n)chaneh bovahu ||

ਹਮਰੋ ਸਕਲ ਅਸੁਖ ਕਹ ਖੋਵਹੁ ॥੨੩॥

hamaro sakal asukh keh khovahu ||23||

ਅੜਿਲ ॥

aRil ||

ਤ੍ਰਿਯਾ ਪੁਰਖ ਸੁਨਿ ਬੈਨ ਮੂੰਦਿ ਮੁਖ ਰਹਤ ਭੇ ॥

tirayaa purakh sun bain moo(n)dh mukh rahat bhe ||

ਕੰਚਨ ਬੋਵਨ ਕਾਜ ਨ ਟਰਿ ਤਿਤ ਕੌ ਗਏ ॥

ka(n)chan bovan kaaj na Tar tit kau ge ||

ਦਰਪ ਕਲਾ ਤਬ ਬਚਨ ਕਹੇ ਮੁਸਕਾਇ ਕੈ ॥

dharap kalaa tab bachan kahe musakai kai ||

ਹੋ ਸੁਨੋ ਰਾਵ ਜੂ ਬਚਨ ਹਮਾਰੋ ਆਇ ਕੈ ॥੨੪॥

ho suno raav joo bachan hamaaro aai kai ||24||

ਪੁਰਖ ਇਸਤ੍ਰਿਨ ਕੌ ਜੋ ਨ੍ਰਿਪ ਪ੍ਰਥਮ ਸੰਘਾਰਿਯੈ ॥

purakh isatiran kau jo nirap pratham sa(n)ghaariyai ||

ਤੌ ਕਰ ਲੈ ਕੇ ਖੜਗ ਦੁਹੁਨ ਹੁਮ ਮਾਰਿਯੈ ॥

tau kar lai ke khaRag dhuhun hum maariyai ||

ਬਿਨਸੇ ਬਿਨਾ ਨ ਰਹਿਯੋ ਕੋਊ ਜਗਤ ਮੈ ॥

binase binaa na rahiyo kouoo jagat mai ||

ਹੋ ਛਮਾ ਕਰੋ ਅਪਰਾਧੁ ਜੁ ਕੀਨੋ ਆਜੁ ਮੈ ॥੨੫॥

ho chhamaa karo aparaadhu ju keeno aaj mai ||25||

ਦੋਹਰਾ ॥

dhoharaa ||

ਜਬ ਰਿਤੁ ਰਾਜ ਸਮੈ ਬਿਖੈ ਬੇਗ ਪਵਨ ਕੋ ਹੋਇ ॥

jab rit raaj samai bikhai beg pavan ko hoi ||

ਊਚ ਨੀਚ ਕਾਪੇ ਬਿਨਾ ਰਹਿਯੋ ਬਿਰਛ ਨ ਕੋਇ ॥੨੬॥

uooch neech kaape binaa rahiyo birachh na koi ||26||

ਸੁਨਿ ਰਾਜਾ ਐਸੋ ਬਚਨ ਕੀਨੋ ਤਿਨੈ ਨਿਹਾਲ ॥

sun raajaa aaiso bachan keeno tinai nihaal ||

ਸਾਹੁ ਸੁਤਾ ਸੁਤ ਸਾਹੁ ਕੋ ਦੇਤ ਭਯੋ ਤਤਕਾਲ ॥੨੭॥

saahu sutaa sut saahu ko dhet bhayo tatakaal ||27||

ਅੜਿਲ ॥

aRil ||

ਇਹ ਛਲ ਸੌ ਤ੍ਰਿਯ ਛੈਲ ਸਭਨ ਕੌ ਛਲਿ ਗਈ ॥

eeh chhal sau tiray chhail sabhan kau chhal giee ||

ਕੇਲ ਨ੍ਰਿਪਤਿ ਕੇ ਧਾਮ ਮਾਸ ਦਸ ਕਰਤ ਭੀ ॥

kel nirapat ke dhaam maas dhas karat bhee ||

ਬਹੁਰ ਸਭਨ ਕੋ ਐਸੋ ਚਰਿਤ੍ਰ ਦਿਖਾਇ ਕਰਿ ॥

bahur sabhan ko aaiso charitr dhikhai kar ||

ਹੋ ਮਨ ਭਾਵਤ ਕੋ ਮੀਤ ਬਰਿਯੋ ਸੁਖ ਪਾਇ ਕਰਿ ॥੨੮॥

ho man bhaavat ko meet bariyo sukh pai kar ||28||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਚੌਵਨੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੫੪॥੩੦੭੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau chauavano charitr samaapatam sat subham sat

||154||3079||afajoo(n)||

ਚੌਪਈ ॥

chauapiee ||

ਸਾਹਿਜਹਾ ਕੀ ਏਕ ਬਰ ਨਾਰੀ ॥

saahijahaa kee ek bar naaree ||

ਪ੍ਰਾਨਮਤੀ ਤਿਹ ਨਾਮ ਉਚਾਰੀ ॥

praanamatee teh naam uchaaree ||

ਤਿਨਿਕ ਸਾਹੁ ਕੋ ਪੂਤ ਬਿਲੋਕਿਯੋ ॥

tinik saahu ko poot bilokiyo ||

ਤਬ ਹੀ ਆਨਿ ਕਾਮੁ ਤਿਹ ਰੋਕਿਯੋ ॥੧॥

tab hee aan kaam teh rokiyo ||1||

ਅੜਿਲ ॥

aRil ||

ਪਠੈ ਸਹਿਚਰੀ ਤਾ ਕੋ ਲਿਯੋ ਬੁਲਾਇ ਕੈ ॥

paThai sahicharee taa ko liyo bulai kai ||

ਲਪਟਿ ਲਪਟਿ ਰਤਿ ਕਰੀ ਹਰਖ ਉਪਜਾਇ ਕੈ ॥

lapaT lapaT rat karee harakh upajai kai ||

ਕੇਲ ਕਰਤ ਦੋਹੂੰ ਬਚਨ ਕਹੇ ਮੁਸਕਾਇ ਕੈ ॥

kel karat dhohoo(n) bachan kahe musakai kai ||

ਹੋ ਚੌਰਾਸੀ ਆਸਨ ਲੀਨੇ ਸੁਖ ਪਾਇ ਕੈ ॥੨॥

ho chauaraasee aasan leene sukh pai kai ||2||

ਦੋਹਰਾ ॥

dhoharaa ||

ਬਹੁਤ ਦਿਵਸ ਤਾ ਸੋ ਰਮੀ ਪੁਨਿ ਯੌ ਕਹਿਯੋ ਬਨਾਇ ॥

bahut dhivas taa so ramee pun yau kahiyo banai ||

ਯਾਹਿ ਮਾਰਿ ਕਰਿ ਡਾਰਿਯੈ ਜਿਨਿ ਕੋਊ ਲਖਿ ਜਾਇ ॥੩॥

yaeh maar kar ddaariyai jin kouoo lakh jai ||3||

ਚੌਪਈ ॥

chauapiee ||

ਪ੍ਰਾਨਮਤੀ ਆਗਜਾ ਤਿਹ ਦਈ ॥

praanamatee aagayaa teh dhiee ||

ਮਾਰਨ ਸਖੀ ਤਾਹਿ ਲੈ ਗਈ ॥

maaran sakhee taeh lai giee ||

ਆਪੁ ਭੋਗ ਤਿਹ ਸਾਥ ਕਮਾਯੋ ॥

aap bhog teh saath kamaayo ||

ਪੁਨਿ ਤਾ ਸੋ ਇਹ ਭਾਤਿ ਸੁਨਾਯੋ ॥੪॥

pun taa so ieh bhaat sunaayo ||4||

ਮੋ ਸੋ ਭੋਗ ਭਲੋ ਤੈ ਦਿਯੋ ॥

mo so bhog bhalo tai dhiyo ||

ਮੋਹਿ ਚਿਤ ਹਮਰੋ ਕੌ ਲਿਯੋ ॥

moh chit hamaro kau liyo ||

ਤੋ ਪਰ ਚੋਟ ਮੈ ਨਹੀ ਡਾਰੋ ॥

to par choT mai nahee ddaaro ||

ਏਕ ਚਰਿਤ ਤਨ ਤੁਮੈ ਨਿਕਾਰੋ ॥੫॥

ek charit tan tumai nikaaro ||5||

ਅੜਿਲ ॥

aRil ||

ਅਰਧ ਸੂਰ ਜਬ ਚੜ੍ਯੋ ਸੁ ਦ੍ਰਿਗਨ ਨਿਹਾਰਿਹੌ ॥

aradh soor jab chaRayo su dhiragan nihaarihau ||

ਤਬ ਤੋਰੋ ਗਹਿ ਹਾਥ ਨਦੀ ਮੈ ਡਾਰਿ ਹੌ ॥

tab toro geh haath nadhee mai ddaar hau ||

ਤਬੈ ਹਾਥ ਅਰ ਪਾਵ ਅਧਿਕ ਤੁਮ ਮਾਰਿਯੋ ॥

tabai haath ar paav adhik tum maariyo ||

ਹੋ ਡੂਬਤ ਡੂਬਤ ਕਹਿ ਕੈ ਊਚ ਪੁਕਾਰਿਯੋ ॥੬॥

ho ddoobat ddoobat keh kai uooch pukaariyo ||6||

ਤਬ ਸਰਤਾ ਕੇ ਬਿਖੇ ਤਾਹਿ ਗਹਿ ਡਾਰਿਯੋ ॥

tab sarataa ke bikhe taeh geh ddaariyo ||

ਹਾਥ ਪਾਵ ਬਹੁ ਮਾਰਿ ਸੁ ਜਾਰ ਪੁਕਾਰਿਯੋ ॥

haath paav bahu maar su jaar pukaariyo ||

ਡੂਬਤ ਤਿਹ ਲਖਿ ਲੋਗ ਪਹੂਚੈ ਆਇ ਕੈ ॥

ddoobat teh lakh log pahoochai aai kai ||

ਹੋ ਹਾਥੋ ਹਾਥ ਉਬਾਰਿਯੋ ਲਯੋ ਬਚਾਇ ਕੈ ॥੭॥

ho haatho haath ubaariyo layo bachai kai ||7||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਪਚਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ

ਸਤੁ ॥੧੫੫॥੩੦੮੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau pachaanavo charitr samaapatam sat subham sat

||155||3086||afajoo(n)||

ਚੌਪਈ ॥

chauapiee ||

ਮਦ੍ਰ ਦੇਸ ਚੌਧਰੀ ਭਨਿਜੈ ॥

madhr dhes chauadharee bhanijai ||

ਰੋਸਨ ਸਿੰਘ ਤਿਹ ਨਾਮ ਕਹਿਜੈ ॥

rosan si(n)gh teh naam kahijai ||

ਕੰਦ੍ਰਪ ਕਲਾ ਬਾਲ ਤਿਹ ਸੋਹੈ ॥

ka(n)dhrap kalaa baal teh sohai ||

ਖਗ ਮ੍ਰਿਗ ਜਛ ਭੁਜੰਗਨ ਮੋਹੈ ॥੧॥

khag mirag jachh bhuja(n)gan mohai ||1||

ਤਾ ਕੇ ਧਾਮ ਅੰਨੁ ਧਨੁ ਭਾਰੀ ॥

taa ke dhaam a(n)n dhan bhaaree ||

ਨਿਤਿ ਉਠਿ ਕਰੈ ਨਾਥ ਰਖਵਾਰੀ ॥

nit uTh karai naath rakhavaaree ||

ਜੌ ਅਤਿਥ ਮਾਗਨ ਕਹ ਆਵੈ ॥

jau atith maagan keh aavai ||

ਮੁਖ ਮਾਗਤ ਬਰੁ ਲੈ ਘਰੁ ਜਾਵੈ ॥੨॥

mukh maagat bar lai ghar jaavai ||2||

ਅੜਿਲ ॥

aRil ||

ਤਿਹ ਠਾ ਇਕ ਅਤਿਥ ਪਹੂੰਚਯੋ ਆਇ ਕੈ ॥

teh Thaa ik atith pahoo(n)chayo aai kai ||

ਲਖਿ ਤਿਹ ਛਬਿ ਝਖ ਕੇਤੁ ਰਹੈ ਉਰਝਾਇ ਕੈ ॥

lakh teh chhab jhakh ket rahai urajhai kai ||

ਅਪ੍ਰਮਾਨ ਅਪ੍ਰਤਿਮ ਸਰੂਪ ਬਿਧਨੈ ਦਯੋ ॥

apramaan apratim saroop bidhanai dhayo ||

ਹੋ ਭੂਤ ਭਵਿਖ ਭਵਾਨ ਨ ਕੋ ਐਸੌ ਭਯੋ ॥੩॥

ho bhoot bhavikh bhavaan na ko aaisau bhayo ||3||

ਕੰਦ੍ਰਪ ਕਲਾ ਹੇਰਿ ਤਾ ਕੀ ਛਬ ਬਸਿ ਭਈ ॥

ka(n)dhrap kalaa her taa kee chhab bas bhiee ||

ਬਿਰਹ ਨਦੀ ਕੇ ਬੀਚ ਡੂਬਿ ਸਿਗਰੀ ਗਈ ॥

bireh nadhee ke beech ddoob sigaree giee ||

ਪਠੈ ਸਹਚਰੀ ਤਿਹ ਗ੍ਰਿਹ ਲਿਯੋ ਬੁਲਾਇ ਕੈ ॥

paThai sahacharee teh gireh liyo bulai kai ||

ਹੋ ਭਾਤਿ ਭਾਤਿ ਰਤਿ ਕਰੀ ਹਰਖ ਉਪਜਾਇ ਕੈ ॥੪॥

ho bhaat bhaat rat karee harakh upajai kai ||4||

ਪਾਚ ਚੌਤਰੋ ਛੋਰਿ ਚੌਧਰੀ ਆਇਯੋ ॥

paach chauataro chhor chauadharee aaiyo ||

ਕੁਠਿਆ ਮੋ ਚੌਧ੍ਰਨੀ ਤਾਹਿ ਛਪਾਇਯੋ ॥

kuThiaa mo chauadhranee taeh chhapaiyo ||

ਬਹੁਰਿ ਉਚਾਰੇ ਬੈਨ ਮੂੜ ਸੌ ਕੋਪਿ ਕੈ ॥

bahur uchaare bain mooR sau kop kai ||

ਹੋ ਤਾ ਕੋ ਸਿਰ ਕੈ ਬਿਖੈ ਪਨਹਿਯਾ ਸੌ ਕੁ ਦੈ ॥੫॥

ho taa ko sir kai bikhai panahiyaa sau k dhai ||5||

ਤੁਮਰੇ ਰਾਜ ਨ ਧਰੈ ਸੁਯੰਬਰ ਅੰਗ ਮੈ ॥

tumare raaj na dharai suya(n)bar a(n)g mai ||

ਆਛੋ ਸਦਨ ਸਵਾਰੋ ਦਯੋ ਨ ਦਰਬ ਤੈ ॥

aachho sadhan savaaro dhayo na dharab tai ||

ਕਛੁ ਨ ਕੀਨੋ ਭੋਗ ਜਗਤ ਮੈ ਆਇ ਕੈ ॥

kachh na keeno bhog jagat mai aai kai ||

ਬਿਪ੍ਰਨ ਦਿਯੋ ਸੁ ਕਛੁ ਨ ਦਾਨ ਬੁਲਾਇ ਕੈ ॥੬॥

bipran dhiyo su kachh na dhaan bulai kai ||6||

ਚੌਪਈ ॥

chauapiee ||

ਤਬ ਮੂਰਖ ਐਸੀ ਬਿਧਿ ਭਾਖਿਯੋ ॥

tab moorakh aaisee bidh bhaakhiyo ||

ਮੈ ਤੁਮ ਤੇ ਕਛੁ ਦਰਬੁ ਨ ਰਾਖਿਯੋ ॥

mai tum te kachh dharab na raakhiyo ||

ਜਾ ਕੌ ਰੁਚੈ ਤਿਸੀ ਕੋ ਦੀਜੈ ॥

jaa kau ruchai tisee ko dheejai ||

ਮੋਰੀ ਕਛੂ ਕਾਨਿ ਨਹਿ ਕੀਜੈ ॥੭॥

moree kachhoo kaan neh keejai ||7||

ਅੜਿਲ ॥

aRil ||

ਤਾਬ੍ਰ ਦਾਨ ਤੇ ਦੁਗਨ ਰੁਕਮ ਕੌ ਜਾਨੀਯੈ ॥

taabr dhaan te dhugan rukam kau jaaneeyai ||

ਰੁਕਮ ਦਾਨ ਤੈ ਚੌਗੁਨ ਸ੍ਵਰਨਹਿੰ ਮਾਨੀਯੈ ॥

rukam dhaan tai chauagun savairanahi(n) maaneeyai ||

ਬਡੋ ਧਾਨ ਕੋ ਧਨ ਤੈ ਦਾਨ ਪ੍ਰਮਾਨਹੀ ॥

baddo dhaan ko dhan tai dhaan pramaanahee ||

ਹੋ ਚਾਰਿ ਸੁ ਖਟ ਦਸ ਆਠ ਪੁਰਾਨ ਬਖਾਨਹੀ ॥੮॥

ho chaar su khaT dhas aaTh puraan bakhaanahee ||8||

ਦੋਹਰਾ ॥

dhoharaa ||

ਇਹ ਜੋ ਕੋਠੀ ਅੰਨ ਜੁਤ ਦੀਜੈ ਦਿਜਨ ਬੁਲਾਇ ॥

eeh jo koThee a(n)n jut dheejai dhijan bulai ||

ਇਹੈ ਕਹਿਯੋ ਮੁਰਿ ਮਾਨਿਯੈ ਸੁਨੁ ਚੌਧ੍ਰਿਨ ਕੇ ਰਾਇ ॥੯॥

eihai kahiyo mur maaniyai sun chauadhiran ke rai ||9||

ਵਹੈ ਭਿਟੌਅਨ ਬਾਮਨੀ ਲੀਨੀ ਨਿਕਟ ਬੁਲਾਇ ॥

vahai bhiTauan baamanee leenee nikaT bulai ||

ਜਾਰ ਸਹਿਤ ਤਿਹ ਨਾਜ ਕੀ ਕੁਠਿਯਾ ਦਈ ਉਠਾਇ ॥੧੦॥

jaar sahit teh naaj kee kuThiyaa dhiee uThai ||10||

ਚੌਪਈ ॥

chauapiee ||

ਮੂਰਖ ਬਾਤ ਨ ਕਛੁ ਲਖਿ ਲਈ ॥

moorakh baat na kachh lakh liee ||

ਕਿਹ ਬਿਧਿ ਨਾਰਿ ਤਾਹਿ ਛਲਿ ਗਈ ॥

keh bidh naar taeh chhal giee ||

ਜਾਨ੍ਯੋ ਦਾਨ ਆਜੁ ਤ੍ਰਿਯ ਕੀਨੋ ॥

jaanayo dhaan aaj tiray keeno ||

ਤਾ ਕੌ ਕਛੂ ਚਰਿਤ੍ਰ ਨ ਚੀਨੋ ॥੧੧॥

taa kau kachhoo charitr na cheeno ||11||

ਦਾਨ ਭਿਟੌਅਨ ਕੋ ਜਬ ਦਿਯੋ ॥

dhaan bhiTauan ko jab dhiyo ||

ਕਛੁ ਜੜ ਭੇਦ ਸਮਝਿ ਨਹਿ ਲਿਯੋ ॥

kachh jaR bhedh samajh neh liyo ||

ਤਹ ਤੇ ਕਾਢਿ ਅੰਨ ਤਿਨ ਖਾਯੋ ॥

teh te kaadd a(n)n tin khaayo ||

ਤਵਨ ਜਾਰ ਕੋ ਘਰ ਪਹੁਚਾਯੋ ॥੧੨॥

tavan jaar ko ghar pahuchaayo ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਛਪਨੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੫੬॥੩੦੯੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau chhapano charitr samaapatam sat subham sat

||156||3098||afajoo(n)||

ਦੋਹਰਾ ॥

dhoharaa ||

ਬਿਦ੍ਰਭ ਦੇਸ ਭੀਤਰ ਰਹੈ ਭੀਮਸੈਨ ਨ੍ਰਿਪ ਏਕ ॥

bidhrabh dhes bheetar rahai bheemasain nirap ek ||

ਹੈ ਗੈ ਰਥ ਹੀਰਨ ਜਰੇ ਝੂਲਹਿ ਦ੍ਵਾਰ ਅਨੇਕ ॥੧॥

hai gai rath heeran jare jhooleh dhavaiaar anek ||1||

ਦਮਵੰਤੀ ਤਾ ਕੀ ਸੁਤਾ ਜਾ ਕੋ ਰੂਪ ਅਪਾਰ ॥

dhamava(n)tee taa kee sutaa jaa ko roop apaar ||

ਦੇਵ ਅਦੇਵ ਗਿਰੈ ਧਰਨਿ ਤਿਸ ਕੀ ਪ੍ਰਭਾ ਨਿਹਾਰਿ ॥੨॥

dhev adhev girai dharan tis kee prabhaa nihaar ||2||

ਅੜਿਲ ॥

aRil ||

ਕਾਮ ਦੇਵ ਤਿਹ ਚਹੈ ਸੁ ਕਯੋਹੂੰ ਪਾਇਯੈ ॥

kaam dhev teh chahai su kayohoo(n) paiyai ||

ਇੰਦ੍ਰ ਚੰਦ੍ਰ ਕਹੈ ਤਾਹਿ ਬਯਾਹਿ ਲੈ ਆਇਯੈ ॥

ei(n)dhr cha(n)dhr kahai taeh bayaeh lai aaiyai ||

ਕਾਰਤਕੇਅ ਤਿਹ ਬਯਾਹਨ ਕਿਯੋ ਨਿਹਾਰਿ ਕਰਿ ॥

kaaratakea teh bayaahan kiyo nihaar kar ||

ਹੋ ਮਹਾ ਰੁਦ੍ਰ ਬਨ ਬਸੇ ਨ ਆਏ ਪਲਟਿ ਘਰਿ ॥੩॥

ho mahaa rudhr ban base na aae palaT ghar ||3||

ਨੈਨ ਹਰਨ ਕੇ ਹਰੇ ਬੈਨ ਪਿਕ ਕੇ ਹਰਿ ਲੀਨੇ ॥

nain haran ke hare bain pik ke har leene ||

ਹਰਿ ਦਾਮਨਿ ਕੀ ਦਿਪਤਿ ਦਸਨ ਦਾਰਿਮ ਬਸ ਕੀਨੇ ॥

har dhaaman kee dhipat dhasan dhaarim bas keene ||

ਕੀਰ ਨਾਸਿਕਾ ਹਰੀ ਕਦਲਿ ਜੰਘਨ ਤੇ ਹਾਰੇ ॥

keer naasikaa haree kadhal ja(n)ghan te haare ||

ਹੋ ਛਪੇ ਜਲਜ ਜਲ ਮਾਹਿ ਆਂਖਿ ਲਖਿ ਲਜਤ ਤਿਹਾਰੇ ॥੪॥

ho chhape jalaj jal maeh aa(n)kh lakh lajat tihaare ||4||

ਦੋਹਰਾ ॥

dhoharaa ||

ਤਾ ਕੀ ਪ੍ਰਭਾ ਜਹਾਨ ਮੈ ਪ੍ਰਚੁਰ ਭਈ ਚਹੂੰ ਦੇਸ ॥

taa kee prabhaa jahaan mai prachur bhiee chahoo(n) dhes ||

ਸਭ ਬਜਾਹਨ ਤਾ ਕੌ ਚਹੈ ਸੇਸ ਸੁਰੇਸ ਲੁਕੇਸ ॥੫॥

sabh bayaahan taa kau chahai ses sures lukes ||5||

ਸੁਨਿ ਪਛਿਨ ਕੇ ਬਕਤ੍ਰ ਤੇ ਤਿਯ ਕੀ ਸੁੰਦਰ ਹਾਲ ॥

sun pachhin ke bakatr te tiy kee su(n)dhar haal ||

ਮਾਨ ਸਰੋਵਰ ਛੋਡਿ ਤਿਹ ਆਵਤ ਭਏ ਮਰਾਲ ॥੬॥

maan sarovar chhodd teh aavat bhe maraal ||6||

ਚੌਪਈ ॥

chauapiee ||

ਦਮਵੰਤੀ ਤੇ ਹੰਸ ਨਿਹਾਰੇ ॥

dhamava(n)tee te ha(n)s nihaare ||

ਰੂਪ ਮਾਨ ਚਿਤ ਮਾਝ ਬਿਚਾਰੇ ॥

roop maan chit maajh bichaare ||

ਸਖਿਯਨ ਸਹਿਤ ਆਪ ਉਠ ਧਾਈ ॥

sakhiyan sahit aap uTh dhaiee ||

ਏਕ ਹੰਸ ਤਿਨ ਤੇ ਗਹਿ ਲਯਾਈ ॥੭॥

ek ha(n)s tin te geh layaiee ||7||

ਹੰਸ ਬਾਚ ॥

ha(n)s baach ||

ਸੁਨੁ ਰਾਨੀ ਇਕ ਕਥਾ ਪ੍ਰਕਾਸੌਂ ॥

sun raanee ik kathaa prakaasau ||

ਤੁਮਰੇ ਜਿਯ ਕੋ ਭਰਮ ਬਿਨਾਸੌਂ ॥

tumare jiy ko bharam binaasau ||

ਨਲ ਰਾਜਾ ਦਛਿਨ ਇਕ ਰਹਈ ॥

nal raajaa dhachhin ik rahiee ||

ਅਤਿ ਸੁੰਦਰ ਤਾ ਕੋ ਜਗ ਕਹਈ ॥੮॥

at su(n)dhar taa ko jag kahiee ||8||

ਦੋਹਰਾ ॥

dhoharaa ||

ਤੇਜਮਾਨ ਸੁੰਦਰ ਧਨੀ ਤਾਹਿ ਉਚਾਰਤ ਲੋਗ ॥

tejamaan su(n)dhar dhanee taeh uchaarat log ||

ਤਾ ਕੋ ਬੋਲਿ ਬਿਵਾਹਿਯੈ ਵਹੁ ਬਰ ਤੁਮਰੋ ਜੋਗ ॥੯॥

taa ko bol bivaahiyai vahu bar tumaro jog ||9||

ਚੌਪਈ ॥

chauapiee ||

ਹਮ ਹੈ ਮਾਨ ਸਰੋਵਰ ਬਾਸੀ ॥

ham hai maan sarovar baasee ||

ਹੰਸ ਜੋਨਿ ਦੀਨੀ ਅਬਿਨਾਸੀ ॥

ha(n)s jon dheenee abinaasee ||

ਦੇਸ ਦੇਸ ਕੇ ਚਰਿਤ ਬਿਚਾਰੈ ॥

dhes dhes ke charit bichaarai ||

ਰਾਵ ਰੰਕ ਕੀ ਪ੍ਰਭਾ ਨਿਹਾਰੈ ॥੧੦॥

raav ra(n)k kee prabhaa nihaarai ||10||

ਅੜਿਲ ॥

aRil ||

ਧਨਦ ਧਨੀ ਹਮ ਲਹਿਯੋ ਤਪੀ ਇਕ ਰੁਦ੍ਰ ਨਿਹਾਰਿਯੋ ॥

dhanadh dhanee ham lahiyo tapee ik rudhr nihaariyo ||

ਇੰਦ੍ਰ ਰਾਜ ਇਕ ਲਹਿਯੋ ਸੂਰ ਬਿਸੁਇਸਹਿ ਬਿਚਾਰਿਯੋ ॥

ei(n)dhr raaj ik lahiyo soor bisuiseh bichaariyo ||

ਲੋਕ ਚਤ੍ਰਦਸ ਬਿਖੈ ਤੁਹੀ ਸੁੰਦਰੀ ਨਿਹਾਰੀ ॥

lok chatradhas bikhai tuhee su(n)dharee nihaaree ||

ਹੋ ਰੂਪਮਾਨ ਨਲ ਰਾਜ ਤਾਹਿ ਤੁਮ ਬਰੋ ਪਜਾਰੀ ॥੧੧॥

ho roopamaan nal raaj taeh tum baro payaaree ||11||

ਦੋਹਰਾ ॥

dhoharaa ||

ਦਮਵੰਤੀ ਏ ਬਚਨ ਸੁਨਿ ਹੰਸਹਿ ਦਯੋ ਉਡਾਇ ॥

dhamava(n)tee e bachan sun ha(n)seh dhayo uddai ||

ਲਿਖਿ ਪਤਿਯਾ ਕਰ ਮੈ ਦਈ ਕਹਿਯਹੁ ਨਲ ਪ੍ਰਤਿ ਜਾਇ ॥੧੨॥

likh patiyaa kar mai dhiee kahiyahu nal prat jai ||12||

ਅੜਿਲ ॥

aRil ||

ਬੋਲਿ ਪਿਤਾ ਕੌ ਕਾਲਿ ਸੁਯੰਬ੍ਰ ਬਨਾਇ ਹੌ ॥

bol pitaa kau kaal suya(n)br banai hau ||

ਬਡੇ ਬਡੇ ਰਾਜਨ ਕੋ ਬੋਲਿ ਪਠਾਇ ਹੌ ॥

badde badde raajan ko bol paThai hau ||

ਪਤਿਯਾ ਕੇ ਬਾਚਤ ਤੁਮ ਹਜਾਂ ਉਠਿ ਆਇਯੈ ॥

patiyaa ke baachat tum hayaa(n) uTh aaiyai ||

ਹੋ ਨਿਜੁ ਨਾਰੀ ਕਰਿ ਮੋਹਿ ਸੰਗ ਲੈ ਜਾਇਯੈ ॥੧੩॥

ho nij naaree kar moh sa(n)g lai jaiyai ||13||

ਹੰਸ ਉਹਾ ਤੇ ਉਡਿਯੋ ਤਹਾ ਆਵਤ ਭਯੋ ॥

ha(n)s uhaa te uddiyo tahaa aavat bhayo ||

ਦਮਵੰਤ੍ਰਯਹਿ ਸੰਦੇਸ ਨ੍ਰਿਪਤਿ ਨਲ ਕੌ ਦਯੋ ॥

dhamava(n)trayeh sa(n)dhes nirapat nal kau dhayo ||

ਨਲ ਪਤਿਯਾ ਕੌ ਰਹਿਯੋ ਹ੍ਰਿਦੈ ਸੋ ਲਾਇ ਕੈ ॥

nal patiyaa kau rahiyo hiradhai so lai kai ||

ਹੋ ਜੋਰਿ ਸੈਨ ਤਿਤ ਚਲਿਯੋ ਮ੍ਰਿਦੰਗ ਬਜਾਇ ਕੈ ॥੧੪॥

ho jor sain tit chaliyo miradha(n)g bajai kai ||14||

ਦੋਹਰਾ ॥

dhoharaa ||

ਦੂਤ ਪਹੂਚਯੋ ਮੀਤ ਕੋ ਪਤਿਯਾ ਲੀਨੇ ਸੰਗ ॥

dhoot pahoochayo meet ko patiyaa leene sa(n)g ||

ਆਖੈ ਅਤਿ ਨਿਰਮਲ ਭਈ ਨਿਰਖਤ ਵਾ ਕੇ ਅੰਗ ॥੧੫॥

aakhai at niramal bhiee nirakhat vaa ke a(n)g ||15||

ਸੁਨਿ ਰਾਜਾ ਬਚ ਹੰਸ ਕੇ ਮਨ ਮੈ ਮੋਦ ਬਢਾਇ ॥

sun raajaa bach ha(n)s ke man mai modh baddai ||

ਬਿਦ੍ਰਭ ਦੇਸ ਕੌ ਉਠਿ ਚਲਿਯੋ ਢੋਲ ਮ੍ਰਿਦੰਗ ਬਜਾਇ ॥੧੬॥

bidhrabh dhes kau uTh chaliyo ddol miradha(n)g bajai ||16||

ਅੜਿਲ ॥

aRil ||

ਦੇਵਊ ਪਹੁਚੇ ਆਇ ਦੈਤ ਆਵਤ ਭਏ ॥

dhevuoo pahuche aai dhait aavat bhe ||

ਗੰਧ੍ਰਬ ਜਛ ਭੁਜੰਗ ਸਭੈ ਚਲਿ ਤਹ ਗਏ ॥

ga(n)dhrab jachh bhuja(n)g sabhai chal teh ge ||

ਇੰਦ੍ਰ ਚੰਦ੍ਰ ਅਰ ਸੂਰਜ ਪਹੁਚੇ ਆਇ ਕਰਿ ॥

ei(n)dhr cha(n)dhr ar sooraj pahuche aai kar ||

ਹੋ ਧਨਧਿਈਸ ਜਲਿ ਰਾਵ ਬਦਿਤ੍ਰ ਬਜਾਇ ਕਰਿ ॥੧੭॥

ho dhanadhiees jal raav badhitr bajai kar ||17||

ਨਲ ਹੀ ਕੋ ਧਰਿ ਰੂਪ ਸਕਲ ਚਲਿ ਤਹ ਗਏ ॥

nal hee ko dhar roop sakal chal teh ge ||

ਨਲ ਕੋ ਕਰਿ ਹਰਿ ਦੂਤ ਪਠਾਵਤ ਤਹ ਭਏ ॥

nal ko kar har dhoot paThaavat teh bhe ||

ਸੁਨਿ ਨ੍ਰਿਪ ਬਰ ਏ ਬਚਨ ਚਲਿਯੋ ਤਹ ਧਾਇ ਕਰਿ ॥

sun nirap bar e bachan chaliyo teh dhai kar ||

ਹੋ ਕਿਨੀ ਨ ਹਟਕਿਯੋ ਤਾਹਿ ਪਹੂਚਯੋ ਜਾਇ ਕਰਿ ॥੧੮॥

ho kinee na haTakiyo taeh pahoochayo jai kar ||18||

ਦਮਵੰਤੀ ਛਬਿ ਨਿਰਖਿ ਅਧਿਕ ਰੀਝਤ ਭਈ ॥

dhamava(n)tee chhab nirakh adhik reejhat bhiee ||

ਜੁ ਕਛੁ ਹੰਸ ਕਹਿਯੋ ਸੁ ਸਭ ਸਾਚੀ ਭਈ ॥

j kachh ha(n)s kahiyo su sabh saachee bhiee ||

ਜਾ ਦਿਨ ਮੈ ਯਾ ਕੋ ਪਤਿ ਕਰਿ ਕਰਿ ਪਾਇ ਹੌ ॥

jaa dhin mai yaa ko pat kar kar pai hau ||

ਹੋ ਤਦਿਨ ਘਰੀ ਕੇ ਸਖੀ ਸਹਿਤ ਬਲਿ ਜਾਇ ਹੌ ॥੧੯॥

ho tadhin gharee ke sakhee sahit bal jai hau ||19||

ਮਨ ਮੈ ਇਹੈ ਦਮਵੰਤੀ ਮੰਤ੍ਰ ਬਿਚਾਰਿਯੋ ॥

man mai ihai dhamava(n)tee ma(n)tr bichaariyo ||

ਸਭਹਿਨ ਕੇ ਬੈਠੇ ਇਹ ਭਾਤਿ ਉਚਾਰਿਯੋ ॥

sabhahin ke baiThe ieh bhaat uchaariyo ||

ਸੁਨੋ ਸਕਲ ਜਨ ਇਹੈ ਭੀਮਜਾ ਪ੍ਰਨ ਕਰਿਯੋ ॥

suno sakal jan ihai bheemajaa pran kariyo ||

ਹੋ ਜੋ ਤੁਮ ਮੈ ਨਲ ਰਾਵ ਵਹੈ ਕਰਿ ਪਤਿ ਬਰਿਯੋ ॥੨੦॥

ho jo tum mai nal raav vahai kar pat bariyo ||20||

ਫੂਕ ਬਦਨ ਹ੍ਵੈ ਨ੍ਰਿਪਤ ਸਕਲ ਘਰ ਕੌ ਗਏ ॥

fook badhan havai nirapat sakal ghar kau ge ||

ਕਲਿਜੁਗਾਦਿ ਜੇ ਹੁਤੇ ਦੁਖਿਤ ਚਿਤ ਮੈ ਭਏ ॥

kalijugaadh je hute dhukhit chit mai bhe ||

ਨਲਹਿ ਭੀਮਜਾ ਬਰੀ ਅਧਿਕ ਸੁਖ ਪਾਇ ਕੈ ॥

naleh bheemajaa baree adhik sukh pai kai ||

ਹੋ ਭਾਤਿ ਭਾਤਿ ਬਾਦਿਤ੍ਰ ਅਨੇਕ ਬਜਾਇ ਕੈ ॥੨੧॥

ho bhaat bhaat baadhitr anek bajai kai ||21||

ਧਰਿ ਪੁਹਕਰਿ ਕੋ ਰੂਪ ਤਹਾ ਕਲਿਜੁਗ ਗਯੋ ॥

dhar puhakar ko roop tahaa kalijug gayo ||

ਜਬ ਤਾ ਕੌ ਨਲ ਬਜਾਹਿ ਸਦਨ ਲਜਾਵਤ ਭਯੋ ॥

jab taa kau nal bayaeh sadhan layaavat bhayo ||

ਖੇਲਿ ਜੂਪ ਬਹੁ ਭਾਤਿਨ ਤਾਹਿ ਹਰਾਇਯੋ ॥

khel joop bahu bhaatin taeh haraiyo ||

ਹੋ ਰਾਜ ਪਾਟ ਨਲ ਬਨ ਕੌ ਜੀਤਿ ਪਠਾਇਯੋ ॥੨੨॥

ho raaj paaT nal ban kau jeet paThaiyo ||22||

ਰਾਜ ਪਾਟ ਨਲ ਜਬ ਇਹ ਭਾਤਿ ਹਰਾਇਯੋ ॥

raaj paaT nal jab ieh bhaat haraiyo ||

ਬਨ ਮੈ ਅਤਿ ਦੁਖੁ ਪਾਇ ਅਜੁਧਿਆ ਆਇਯੋ ॥

ban mai at dhukh pai ajudhiaa aaiyo ||

ਬਿਛਰੇ ਪਤਿ ਕੇ ਭੀਮਸੁਤਾ ਬਿਰਹਿਨ ਭਈ ॥

bichhare pat ke bheemasutaa birahin bhiee ||

ਜੋ ਜਿਹ ਮਾਰਗ ਗੇ ਨਾਥ ਤਿਸੀ ਮਾਰਗ ਗਈ ॥੨੩॥

jo jeh maarag ge naath tisee maarag giee ||23||

ਭੀਮ ਸੁਤਾ ਬਿਨ ਨਾਥ ਅਧਿਕ ਦੁਖ ਪਾਇਯੋ ॥

bheem sutaa bin naath adhik dhukh paiyo ||

ਕਹ ਲਗਿ ਕਰੌ ਬਖਜਾਨ ਨ ਜਾਤ ਬਤਾਇਯੋ ॥

keh lag karau bakhayaan na jaat bataiyo ||

ਨਲ ਰਾਜ ਕੇ ਬਿਰਹਿ ਬਾਲ ਬਿਰਹਿਨਿ ਭਈ ॥

nal raaj ke bireh baal birahin bhiee ||

ਹੋ ਸਹਰਿ ਚੰਦੇਰੀ ਮਾਝ ਵਹੈ ਆਵਤ ਭਈ ॥੨੪॥

ho sahar cha(n)dheree maajh vahai aavat bhiee ||24||

ਭੀਮਸੈਨ ਤਿਨ ਹਿਤ ਜਨ ਬਹੁ ਪਠਵਤ ਭਏ ॥

bheemasain tin hit jan bahu paThavat bhe ||

ਦਮਵੰਤੀ ਕਹ ਖੋਜਿ ਬਹੁਰਿ ਗ੍ਰਿਹ ਲੈ ਗਏ ॥

dhamava(n)tee keh khoj bahur gireh lai ge ||

ਵਹੈ ਜੁ ਇਹ ਲੈ ਗਯੋ ਦਿਜ ਬਹੁਰਿ ਪਠਾਇਯੋ ॥

vahai ju ieh lai gayo dhij bahur paThaiyo ||

ਹੋ ਖੋਜਤ ਖੋਜਤ ਦੇਸ ਅਜੁਧ੍ਯਾ ਆਇਯੋ ॥੨੫॥

ho khojat khojat dhes ajudhrayaa aaiyo ||25||

ਹੇਰਿ ਹੇਰਿ ਬਹੁ ਲੋਗ ਸੁ ਯਾਹਿ ਨਿਹਾਰਿਯੋ ॥

her her bahu log su yaeh nihaariyo ||

ਦਮਵੰਤੀ ਕੋ ਮੁਖ ਤੇ ਨਾਮ ਉਚਾਰਿਯੋ ॥

dhamava(n)tee ko mukh te naam uchaariyo ||

ਕੁਸਲ ਤਾਹਿ ਇਹ ਪੂਛਿਯੋ ਨੈਨਨ ਨੀਰ ਭਰਿ ॥

kusal taeh ieh poochhiyo nainan neer bhar ||

ਹੋ ਤਬ ਦਿਜ ਗਯੋ ਪਛਾਨਿ ਇਹੈ ਨਲ ਨ੍ਰਿਪਤਿ ਬਰ ॥੨੬॥

ho tab dhij gayo pachhaan ihai nal nirapat bar ||26||

ਜਾਇ ਤਿਨੈ ਸੁਧਿ ਦਈ ਨ੍ਰਿਪਤਿ ਨਲ ਪਾਇਯੋ ॥

jai tinai sudh dhiee nirapat nal paiyo ||

ਤਬ ਦਮਵੰਤੀ ਬਹੁਰਿ ਸੁਯੰਬ੍ਰ ਬਨਾਇਯੋ ॥

tab dhamava(n)tee bahur suya(n)br banaiyo ||

ਸੁਨਿ ਰਾਜਾ ਏ ਬੈਨ ਸਕਲ ਚਲਿ ਤਹ ਗਏ ॥

sun raajaa e bain sakal chal teh ge ||

ਹੋ ਰਥ ਪੈ ਚੜਿ ਨਲ ਰਾਜ ਤਹਾ ਆਵਤ ਭਏ ॥੨੭॥

ho rath pai chaR nal raaj tahaa aavat bhe ||27||

ਦੋਹਰਾ ॥

dhoharaa ||

ਨ੍ਰਿਪ ਨਲ ਕੌ ਰਥ ਪੈ ਚੜੇ ਸਭ ਜਨ ਗਏ ਪਛਾਨਿ ॥

nirap nal kau rath pai chaRe sabh jan ge pachhaan ||

ਦਮਵੰਤੀ ਪੁਨਿ ਤਿਹ ਬਰਿਯੋ ਇਹ ਚਰਿਤ੍ਰ ਕਹ ਠਾਨਿ ॥੨੮॥

dhamava(n)tee pun teh bariyo ieh charitr keh Thaan ||28||

ਚੌਪਈ ॥

chauapiee ||

ਲੈ ਤਾ ਕੋ ਰਾਜਾ ਘਰ ਆਏ ॥

lai taa ko raajaa ghar aae ||

ਖੇਲਿ ਜੂਪ ਪੁਨਿ ਸਤ੍ਰੁ ਹਰਾਏ ॥

khel joop pun satr haraae ||

ਜੀਤਿ ਰਾਜ ਆਪਨੌ ਪੁਨਿ ਲੀਨੋ ॥

jeet raaj aapanau pun leeno ||

ਭਾਤਿ ਭਾਤਿ ਦੁਹੂੰਅਨ ਸੁਖ ਕੀਨੋ ॥੨੯॥

bhaat bhaat dhuhoo(n)an sukh keeno ||29||

ਦੋਹਰਾ ॥

dhoharaa ||

ਮੈ ਜੁ ਕਥਾ ਸੰਛੇਪਤੇ ਯਾ ਕੀ ਕਹੀ ਬਨਾਇ ॥

mai ju kathaa sa(n)chhepate yaa kee kahee banai ||

ਯਾ ਤੇ ਕਿਯ ਬਿਸਥਾਰ ਨਹਿ ਮਤਿ ਪੁਸਤਕ ਬਢ ਜਾਇ ॥੩੦॥

yaa te kiy bisathaar neh mat pusatak badd jai ||30||

ਦਮਵੰਤੀ ਇਹ ਚਰਿਤ ਸੋ ਪੁਨਿ ਪਤਿ ਬਰਿਯੋ ਬਨਾਇ ॥

dhamava(n)tee ieh charit so pun pat bariyo banai ||

ਸਭ ਤੇ ਜਗ ਜੂਆ ਬੁਰੋ ਕੋਊ ਨ ਖੇਲਹੁ ਰਾਇ ॥੩੧॥

sabh te jag jooaa buro kouoo na khelahu rai ||31||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਸਤਾਵਨੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੫੭॥੩੧੨੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau sataavano charitr samaapatam sat subham sat

||157||3129||afajoo(n)||

ਚੌਪਈ ॥

chauapiee ||

ਚੌੜ ਭਰਥ ਸੰਨਜਾਸੀ ਰਹੈ ॥

chauaR bharath sa(n)nayaasee rahai ||

ਰੰਡੀਗਿਰ ਦੁਤਿਯੈ ਜਗ ਕਹੈ ॥

ra(n)ddeegir dhutiyai jag kahai ||

ਬਾਲਕ ਰਾਮ ਏਕ ਬੈਰਾਗੀ ॥

baalak raam ek bairaagee ||

ਤਿਨ ਸੌ ਰਹੈ ਸਪਰਧਾ ਲਾਗੀ ॥੧॥

tin sau rahai saparadhaa laagee ||1||

ਏਕ ਦਿਵਸ ਤਿਨ ਪਰੀ ਲਰਾਈ ॥

ek dhivas tin paree laraiee ||

ਕੁਤਕਨ ਸੇਤੀ ਮਾਰਿ ਮਚਾਈ ॥

kutakan setee maar machaiee ||

ਕੰਠੀ ਕਹੂੰ ਜਟਨ ਕੇ ਜੂਟੇ ॥

ka(n)Thee kahoo(n) jaTan ke jooTe ||

ਖਪਰ ਸੌ ਖਪਰ ਬਹੁ ਫੂਟੇ ॥੨॥

khapar sau khapar bahu fooTe ||2||

ਗਿਰਿ ਗਿਰਿ ਕਹੂੰ ਟੋਪਿਯੈ ਪਰੀ ॥

gir gir kahoo(n) Topiyai paree ||

ਢੇਰ ਜਟਨ ਹ੍ਵੈ ਗਏ ਉਪਰੀ ॥

dder jaTan havai ge uparee ||

ਲਾਤ ਮੁਸਟ ਕੇ ਕਰੈ ਪ੍ਰਹਾਰਾ ॥

laat musaT ke karai prahaaraa ||

ਜਨ ਕਰਿ ਚੋਟ ਪਰੈ ਘਰਿਯਾਰਾ ॥੩॥

jan kar choT parai ghariyaaraa ||3||

ਦੋਹਰਾ ॥

dhoharaa ||

ਸਭ ਕਾਪੈ ਕੁਤਕਾ ਬਜੈ ਪਨਹੀ ਬਹੈ ਅਨੇਕ ॥

sabh kaapai kutakaa bajai panahee bahai anek ||

ਸਭ ਹੀ ਕੇ ਫੂਟੇ ਬਦਨ ਸਾਬਤ ਰਹਿਯੋ ਨ ਏਕ ॥੪॥

sabh hee ke fooTe badhan saabat rahiyo na ek ||4||

ਚੌਪਈ ॥

chauapiee ||

ਕੰਠਨ ਕੀ ਕੰਠੀ ਬਹੁ ਟੂਟੀ ॥

ka(n)Than kee ka(n)Thee bahu TooTee ||

ਮਾਰੀ ਜਟਾ ਲਾਠਿਯਨ ਛੂਟੀ ॥

maaree jaTaa laaThiyan chhooTee ||

ਕਿਸੀ ਨਖਨ ਕੇ ਘਾਇ ਬਿਰਾਜੈਂ ॥

kisee nakhan ke ghai biraajai(n) ||

ਜਨੁ ਕਰਿ ਚੜੇ ਚੰਦ੍ਰਮਾ ਰਾਜੈਂ ॥੫॥

jan kar chaRe cha(n)dhramaa raajai(n) ||5||

ਕੇਸ ਅਕੇਸ ਹੋਤ ਕਹੀ ਭਏ ॥

kes akes hot kahee bhe ||

ਕਿਤੇ ਹਨੇ ਨਸਿ ਕਿਨ ਮਰ ਗਏ ॥

kite hane nas kin mar ge ||

ਕਾਟਿ ਕਾਟਿ ਦਾਤਨ ਕੋਊ ਖਾਹੀ ॥

kaaT kaaT dhaatan kouoo khaahee ||

ਐਸੋ ਕਹੂੰ ਜੁਧ ਭਯੋ ਨਾਹੀ ॥੬॥

aaiso kahoo(n) judh bhayo naahee ||6||

ਐਸੀ ਮਾਰਿ ਜੂਤਿਯਨ ਪਰੀ ॥

aaisee maar jootiyan paree ||

ਜਟਾ ਨ ਕਿਸਹੂੰ ਸੀਸ ਉਬਰੀ ॥

jaTaa na kisahoo(n) sees ubaree ||

ਕਿਸੂ ਕੰਠ ਕੰਠੀ ਨਹਿ ਰਹੀ ॥

kisoo ka(n)Th ka(n)Thee neh rahee ||

ਬਾਲਕ ਰਾਮ ਪਨ੍ਹੀ ਤਬ ਗਹੀ ॥੭॥

baalak raam panrahee tab gahee ||7||

ਏਕ ਸੰਨਯਾਸੀ ਕੇ ਸਿਰ ਝਾਰੀ ॥

ek sa(n)nayaasee ke sir jhaaree ||

ਦੂਜੇ ਕੇ ਮੁਖ ਊਪਰ ਮਾਰੀ ॥

dhooje ke mukh uoopar maaree ||

ਸ੍ਰੋਨਤ ਬਹਿਯੋ ਬਦਨ ਜਬ ਫੂਟਿਯੋ ॥

srauanat bahiyo badhan jab fooTiyo ||

ਸਾਵਨ ਜਾਨ ਪਨਾਰੋ ਛੂਟਿਯੋ ॥੮॥

saavan jaan panaaro chhooTiyo ||8||

ਤਬ ਸਭ ਹੀ ਸੰਨਜਾਸੀ ਧਾਏ ॥

tab sabh hee sa(n)nayaasee dhaae ||

ਗਹਿ ਗਹਿ ਹਾਥ ਜੁਤਿਯੈ ਆਏ ॥

geh geh haath jootiyai aae ||

ਚੌੜ ਭਰਥ ਰੰਡੀਗਿਰ ਦੌਰੇ ॥

chauaR bharath ra(n)ddeegir dhauare ||

ਲੈ ਲੈ ਢੋਵ ਚੇਲਕਾ ਔਰੇ ॥੯॥

lai lai ddov chelakaa aauare ||9||

ਬਾਲਕ ਰਾਮ ਘੇਰਿ ਕੈ ਲਿਯੋ ॥

baalak raam gher kai liyo ||

ਜੂਤਨ ਸਾਥ ਦਿਵਾਨੋ ਕਿਯੋ ॥

jootan saath dhivaano kiyo ||

ਘੂਮਿ ਭੂਮਿ ਕੇ ਊਪਰ ਛਰਿਯੋ ॥

ghoom bhoom ke uoopar chhariyo ||

ਜਨੁ ਕਰਿ ਬੀਜੁ ਮੁਨਾਰਾ ਪਰਿਯੋ ॥੧੦॥

jan kar beej munaaraa pariyo ||10||

ਦੋਹਰਾ ॥

dhoharaa ||

ਸਭ ਮੁੰਡਿਯਾ ਕ੍ਰੁਧਿਤ ਭਏ ਭਾਜਤ ਭਯੋ ਨ ਏਕ ॥

sabh mu(n)ddiyaa krudhit bhe bhaajat bhayo na ek ||

ਚੌੜ ਭਰਥ ਗਿਰ ਰਾਡ ਪੈ ਕੁਤਕਾ ਹਨੇ ਅਨੇਕ ॥੧੧॥

chauaR bharath gir raadd pai kutakaa hane anek ||11||

ਸੰਨਯਾਸੀ ਕੋਪਿਤ ਭਏ ਲਗੇ ਮੁਤਹਰੀ ਘਾਇ ॥

sa(n)nayaasee kopit bhe lage mutaharee ghai ||

ਲਾਤ ਮੁਸਟ ਜੂਤਿਨ ਭਏ ਮੁੰਡਿਯਾ ਦਏ ਗਿਰਾਇ ॥੧੨॥

laat musaT jootin bhe mu(n)ddiyaa dhe girai ||12||

ਅੜਿਲ ॥

aRil ||

ਪਕਰਿ ਮੁਤਹਰੀ ਪੁਨਿ ਸਕੋਪ ਮੁੰਡਿਯਾ ਭਏ ॥

pakar mutaharee pun sakop mu(n)ddiyaa bhe ||

ਫਰੂਆ ਲਾਠੀ ਸਭੇ ਲਏ ਉਦਿਤ ਭਏ ॥

farooaa laaThee sabhe le udhit bhe ||

ਕਾਟਿ ਕਾਟਿ ਕੈ ਅੰਗ ਸੰਨਜਾਸਿਨ ਖਾਵਹੀ ॥

kaaT kaaT kai a(n)g sa(n)nayaasin khaavahee ||

ਹੋ ਦਸ ਨਾਮਨ ਕੋ ਲੈ ਲੈ ਨਾਮ ਗਿਰਾਵਹੀ ॥੧੩॥

ho dhas naaman ko lai lai naam giraavahee ||13||

ਤਬ ਸੰਨਜਾਸੀ ਧਾਇ ਧਾਇ ਤਿਨ ਕਾਟਹੀ ॥

tab sa(n)nayaasee dhai dhai tin kaaTahee ||

ਤੋਰਿ ਤੋਰਿ ਕੰਠਿਨ ਤੇ ਕੰਠੀ ਸਾਟਹੀ ॥

tor tor ka(n)Thin te ka(n)Thee saaTahee ||

ਐਚ ਐਚ ਟਾਗਨ ਤੇ ਗਹ ਗਹ ਡਾਰਹੀ ॥

aaich aaich Taagan te geh geh ddaarahee ||

ਦੋ ਦੁਹੂੰ ਹਾਥ ਭੇ ਖੈਂਚਿ ਮੁਤਹਰੀ ਮਾਰਹੀ ॥੧੪॥

dho dhuhoo(n) haath bhe khai(n)ch mutaharee maarahee ||14||

ਮੁੰਡਿਯਾ ਤਾਬ੍ਰ ਕਲਾ ਪੈ ਆਏ ॥

mu(n)ddiyaa taabr kalaa pai aae ||

ਹਮ ਸਭ ਸੰਨਜਾਸੀਨ ਦੁਖਾਏ ॥

ham sabh sa(n)nayaaseen dhukhaae ||

ਜਬ ਰਾਨੀ ਐਸੇ ਸੁਨ ਲਈ ॥

jab raanee aaise sun liee ||

ਦਤਾਤ੍ਰੈਨ ਬੁਲਾਵਤ ਭਈ ॥੧੫॥

dhataatrain bulaavat bhiee ||15||

ਸੰਨਯਾਸੀ ਦਤਾਤ੍ਰੈ ਮਾਨੈ ॥

sa(n)nayaasee dhataatrai maanai ||

ਰਾਮਾਨੰਦ ਬੈਰਾਗ ਪ੍ਰਮਾਨੈ ॥

raamaana(n)dh bairaag pramaanai ||

ਤੇ ਤੁਮ ਕਹੈ ਵਹੈ ਚਿਤ ਧਰਿਯਹੁ ॥

te tum kahai vahai chit dhariyahu ||

ਮੇਰੀ ਕਹੀ ਚਿਤ ਮੈ ਕਰਿਯਹੁ ॥੧੬॥

meree kahee chit mai kariyahu ||16||

ਏਕ ਦਿਵਸ ਹਮੇ ਗ੍ਰਿਹ ਸੋਵਹੁ ॥

ek dhivas hame gireh sovahu ||

ਸਗਰੀ ਨਿਸਾ ਜਾਗਤਹਿ ਖੋਵਹੁ ॥

sagaree nisaa jaagateh khovahu ||

ਜੋ ਤੁਮ ਕਹੈ ਲਰੌਂ ਤੌਂ ਲਰਿਯਹੁ ॥

jo tum kahai larau tau lariyahu ||

ਨਾਤਰ ਬੈਰ ਭਾਵ ਨਹਿ ਕਰਿਯਹੁ ॥੧੭॥

naatar bair bhaav neh kariyahu ||17||

ਜੁਦਾ ਜੁਦਾ ਘਰ ਦੋਊ ਸੁਵਾਏ ॥

judhaa judhaa ghar dhouoo suvaae ||

ਅਰਧ ਰਾਤ੍ਰਿ ਭੇ ਬੈਨ ਸੁਨਾਏ ॥

aradh raatr bhe bain sunaae ||

ਦਤ ਰਾਮਾਨੰਦ ਕਹੈ ਸੁ ਕਰਿਯਹੁ ॥

dhat raamaana(n)dh kahai su kariyahu ||

ਬਹੁਰੋ ਕੋਪ ਠਾਨਿ ਨਹਿ ਲਰਿਯਹੁ ॥੧੮॥

bahuro kop Thaan neh lariyahu ||18||

ਦੋਹਰਾ ॥

dhoharaa ||

ਛਲਿ ਛੈਲੀ ਇਹ ਬਿਧਿ ਗਈ ਐਸੋ ਚਰਿਤ ਸਵਾਰਿ ॥

chhal chhailee ieh bidh giee aaiso charit savaar ||

ਸਿਮਰਿ ਗੁਰਨ ਕੇ ਬਚਨ ਦ੍ਵੈ ਬਹੁਰਿ ਨ ਕੀਨੀ ਰਾਰਿ ॥੧੯॥

simar guran ke bachan dhavai bahur na keenee raar ||19||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਅਠਾਵਨੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੫੮॥੩੧੪੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau aThaavano charitr samaapatam sat subham sat

||158||3148||afajoo(n)||

ਚੌਪਈ ॥

chauapiee ||

ਰਾਜ ਸਿੰਘ ਰਾਜਾ ਇਕ ਰਹਈ ॥

raaj si(n)gh raajaa ik rahiee ||

ਬੀਰ ਕਲਾ ਰਾਨੀ ਜਗ ਕਹਈ ॥

beer kalaa raanee jag kahiee ||

ਤਾ ਸੌ ਨੇਹ ਨ੍ਰਿਪਤਿ ਕੋ ਭਾਰੋ ॥

taa sau neh nirapat ko bhaaro ||

ਜਾਨਤ ਭੇਦ ਦੇਸ ਇਹ ਸਾਰੋ ॥੧॥

jaanat bhedh dhes ieh saaro ||1||

ਅੜਿਲ ॥

aRil ||

ਔਰ ਰਾਨਿਯਨ ਕਬਹੂੰ ਨ ਨ੍ਰਿਪਤਿ ਬੁਲਾਵਈ ॥

aauar raaniyan kabahoo(n) na nirapat bulaaviee ||

ਭੂਲਿ ਨ ਕਬਹੂੰ ਤਿਨ ਕੌਂ ਸਦਨ ਸੁਹਾਵਈ ॥

bhool na kabahoo(n) tin kau sadhan suhaaviee ||

ਇਹ ਚਿੰਤਾ ਚਿਤ ਮਾਝ ਚੰਚਲਾ ਸਭ ਧਰੈ ॥

eeh chi(n)taa chit maajh cha(n)chalaa sabh dharai ||

ਹੋ ਜੰਤ੍ਰ ਮੰਤ੍ਰ ਅਰੁ ਤੰਤ੍ਰ ਰਾਵ ਸੌ ਸਭ ਕਰੈ ॥੨॥

ho ja(n)tr ma(n)tr ar ta(n)tr raav sau sabh karai ||2||

ਚੌਂਪਈ ॥

chauapiee ||

ਜੰਤ੍ਰ ਮੰਤ੍ਰ ਸਭ ਹੀ ਕਰਿ ਹਾਰੇ ॥

ja(n)tr ma(n)tr sabh hee kar haare ||

ਕੈਸੇ ਹੂੰ ਪਰੇ ਹਾਥ ਨਹਿ ਪਯਾਰੇ ॥

kaise hoo(n) pare haath neh payaare ||

ਏਕ ਸਖੀ ਇਹ ਭਾਤ ਉਚਾਰੋ ॥

ek sakhee ieh bhaat uchaaro ||

ਸੁਨੁ ਰਾਨੀ ਤੈ ਬਚਨ ਹਮਾਰੋ ॥੩॥

sun raanee tai bachan hamaaro ||3||

ਜੌ ਉਨ ਸੌ ਮੈ ਪ੍ਰੀਤਿ ਤੁਰਾਊ ॥

jau un sau mai preet turaauoo ||

ਤੌ ਤੁਮ ਤੇ ਕਹੁ ਮੈ ਕਾ ਪਾਊ ॥

tau tum te kahu mai kaa paauoo ||

ਬੀਰ ਕਲਹਿ ਨ੍ਰਿਪ ਮੁਖ ਨ ਦਿਖਾਵੈ ॥

beer kaleh nirap mukh na dhikhaavai ||

ਤੁਮਰੇ ਪਾਸਿ ਰੈਨਿ ਦਿਨ ਆਵੈ ॥੪॥

tumare paas rain dhin aavai ||4||

ਯੌ ਕਹਿ ਜਾਤ ਤਹਾ ਤੇ ਭਈ ॥

yau keh jaat tahaa te bhiee ||

ਨ੍ਰਿਪ ਬਰ ਕੇ ਮੰਦਿਰ ਮਹਿ ਗਈ ॥

nirap bar ke ma(n)dhir meh giee ||

ਪਤਿ ਤ੍ਰਿਯ ਕੇ ਕਾਨਨ ਮਹਿ ਪਰੀ ॥

pat tiray ke kaanan meh paree ||

ਮੁਖ ਤੇ ਕਛੂ ਨ ਬਾਤ ਉਚਰੀ ॥੫॥

mukh te kachhoo na baat ucharee ||5||

ਨ੍ਰਿਪ ਤ੍ਰਿਯ ਕਹਿਯੋ ਤੋਹਿ ਕਾ ਕਹਿਯੋ ॥

nirap tiray kahiyo toh kaa kahiyo ||

ਸੁਨਿ ਪਤਿ ਬਚਨ ਮੋਨ ਹ੍ਵੈ ਰਹਿਯੋ ॥

sun pat bachan mon havai rahiyo ||

ਪਤਿ ਪੂਛ੍ਯੋ ਤੁਹਿ ਇਹ ਕਾ ਕਹੀ ॥

pat poochhayo tuh ieh kaa kahee ||

ਸੁਨ ਤ੍ਰਿਯ ਬਚਨ ਮੋਨ ਹ੍ਵੈ ਰਹੀ ॥੬॥

sun tiray bachan mon havai rahee ||6||

ਪਤਿ ਜਾਨ੍ਯੋ ਤ੍ਰਿਯ ਬਾਤ ਦੁਰਾਈ ॥

pat jaanayo tiray baat dhuraiee ||

ਤ੍ਰਿਯ ਜਾਨ੍ਯੋ ਕਛੁ ਨ੍ਰਿਪਤਿ ਚੁਰਾਈ ॥

tiray jaanayo kachh nirapat churaiee ||

ਕੋਪ ਕਰਾ ਦੁਹੂੰਅਨ ਕੈ ਪਈ ॥

kop karaa dhuhoo(n)an kai piee ||

ਪ੍ਰੀਤਿ ਰੀਤ ਸਭ ਹੀ ਛੁਟਿ ਗਈ ॥੭॥

preet reet sabh hee chhuT giee ||7||

ਵਾ ਰਾਨੀ ਸੋ ਨੇਹ ਬਢਾਯੋ ॥

vaa raanee so neh baddaayo ||

ਜਿਨ ਚਰਿਤ੍ਰ ਇਹ ਭਾਤਿ ਬਨਾਯੋ ॥

jin charitr ieh bhaat banaayo ||

ਵਾ ਸੋ ਪ੍ਰੀਤਿ ਰੀਤਿ ਉਪਜਾਈ ॥

vaa so preet reet upajaiee ||

ਬੀਰ ਕਲਾ ਚਿਤ ਤੇ ਬਿਸਰਾਈ ॥੮॥

beer kalaa chit te bisaraiee ||8||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਉਨਸਠਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੫੯॥੩੧੫੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau unasaThavo charitr samaapatam sat subham sat

||159||3156||afajoo(n)||

ਚੌਪਈ ॥

chauapiee ||

ਬਲਵੰਡ ਸਿੰਘ ਤਿਰਹੁਤਿ ਕੋ ਨ੍ਰਿਪ ਬਰ ॥

balava(n)dd si(n)gh tirahut ko nirap bar ||

ਜਨੁ ਬਿਧਿ ਕਰਿਯੋ ਦੂਸਰੋ ਤਮ ਹਰ ॥

jan bidh kariyo dhoosaro tam har ||

ਅਮਿਤ ਰੂਪ ਤਾ ਕੋ ਅਤਿ ਸੋਹੈ ॥

amit roop taa ko at sohai ||

ਖਗ ਮ੍ਰਿਗ ਜਛ ਭੁਜੰਗਨ ਮੋਹੈ ॥੧॥

khag mirag jachh bhuja(n)gan mohai ||1||

ਰਾਨੀ ਸਾਠਿ ਸਦਨ ਤਿਹ ਮਾਹੀ ॥

raanee saaTh sadhan teh maahee ||

ਰੂਪਵਤੀ ਤਿਨ ਸਮ ਕਹੂੰ ਨਾਹੀ ॥

roopavatee tin sam kahoo(n) naahee ||

ਸਭਹਿਨ ਸੌ ਪਤਿ ਨੇਹ ਬਢਾਵਤ ॥

sabhahin sau pat neh baddaavat ||

ਬਾਰੀ ਬਾਰੀ ਕੇਲ ਕਮਾਵਤ ॥੨॥

baaree baaree kel kamaavat ||2||

ਰੁਕਮ ਕਲਾ ਰਾਨੀ ਰਸ ਭਰੀ ॥

rukam kalaa raanee ras bharee ||

ਜੋਬਨ ਜੇਬ ਸਭਨ ਤਿਨ ਹਰੀ ॥

joban jeb sabhan tin haree ||

ਆਨ ਮੈਨ ਜਬ ਤਾਹਿ ਸੰਤਾਵੈ ॥

aan main jab taeh sa(n)taavai ||

ਪਠੈ ਸਹਚਰੀ ਨ੍ਰਿਪਤਿ ਬੁਲਾਵੈ ॥੩॥

paThai sahacharee nirapat bulaavai ||3||

ਦੋਹਰਾ ॥

dhoharaa ||

ਕ੍ਰਿਸਨ ਕਲਾ ਇਕ ਸਹਚਰੀ ਪਠੈ ਦਈ ਨ੍ਰਿਪ ਤੀਰ ॥

kirasan kalaa ik sahacharee paThai dhiee nirap teer ||

ਸੋ ਯਾ ਪਰ ਅਟਕਤ ਭਈ ਹਰਿਅਰਿ ਕਰੀ ਅਧੀਰ ॥੪॥

so yaa par aTakat bhiee hariar karee adheer ||4||

ਚੌਪਈ ॥

chauapiee ||

ਸੁਨੋ ਨ੍ਰਿਪਤਿ ਜੂ ਬਾਤ ਹਮਾਰੀ ॥

suno nirapat joo baat hamaaree ||

ਮੈ ਰੀਝੀ ਲਖਿ ਪ੍ਰਭਾ ਤਿਹਾਰੀ ॥

mai reejhee lakh prabhaa tihaaree ||

ਮੈ ਤਵ ਹੇਰਿ ਦਿਵਾਨੀ ਭਈ ॥

mai tav her dhivaanee bhiee ||

ਮੋ ਕਹ ਬਿਸਰ ਸਕਲ ਸੁਧਿ ਗਈ ॥੫॥

mo keh bisar sakal sudh giee ||5||

ਦੋਹਰਾ ॥

dhoharaa ||

ਸੁਧਿ ਭੂਲੀ ਮੋਰੀ ਸਭੈ ਬਿਰਹ ਬਿਕਲ ਭਯੋ ਅੰਗ ॥

sudh bhoolee moree sabhai bireh bikal bhayo a(n)g ||

ਕਾਮ ਕੇਲ ਮੋ ਸੌ ਕਰੌ ਗਹਿ ਗਹਿ ਰੇ ਸਰਬੰਗ ॥੬॥

kaam kel mo sau karau geh geh re saraba(n)g ||6||

ਚੌਪਈ ॥

chauapiee ||

ਜਬ ਰਾਜੈ ਐਸੇ ਸੁਨਿ ਪਾਯੋ ॥

jab raajai aaise sun paayo ||

ਤਾ ਕੋ ਭੋਗ ਹੇਤ ਲਲਚਾਯੋ ॥

taa ko bhog het lalachaayo ||

ਲਪਟਿ ਲਪਟਿ ਤਾ ਸੌ ਰਤਿ ਕਰੀ ॥

lapaT lapaT taa sau rat karee ||

ਚਿਮਟਿ ਚਿਮਟਿ ਆਸਨ ਤਨ ਧਰੀ ॥੭॥

chimaT chimaT aasan tan dharee ||7||

ਚਿਮਿਟ ਚਿਮਿਟ ਤਾ ਸੌ ਰਤਿ ਮਾਨੀ ॥

chimiT chimiT taa sau rat maanee ||

ਕਾਮਾਤੁਰ ਹ੍ਵੈ ਤ੍ਰਿਯ ਲਪਟਾਨੀ ॥

kaamaatur havai tiray lapaTaanee ||

ਨ੍ਰਿਪ ਬਰ ਛਿਨਿਕ ਨ ਛੋਰਿਯੋ ਭਾਵੈ ॥

nirap bar chhinik na chhoriyo bhaavai ||

ਗਹਿ ਗਹਿ ਤਾਹਿ ਗਰੇ ਸੌ ਲਾਵੈ ॥੮॥

geh geh taeh gare sau laavai ||8||

ਦੋਹਰਾ ॥

dhoharaa ||

ਭਾਤਿ ਭਾਤਿ ਆਸਨ ਲਏ ਚੁੰਬਨ ਕਰੇ ਬਨਾਇ ॥

bhaat bhaat aasan le chu(n)ban kare banai ||

ਚਿਮਟਿ ਚਿਮਟਿ ਭੋਗਤ ਭਯੋ ਗਨਨਾ ਗਨੀ ਨ ਜਾਇ ॥੯॥

chimaT chimaT bhogat bhayo gananaa ganee na jai ||9||

ਸਵੈਯਾ ॥

savaiyaa ||

ਖਾਇ ਬੰਧੇਜਨ ਕੀ ਬਰਿਯੈ ਨ੍ਰਿਪ ਭਾਗ ਚਬਾਇ ਅਫੀਮ ਚੜਾਈ ॥

khai ba(n)dhejan kee bariyai nirap bhaag chabai afeem chaRaiee ||

ਪੀਤ ਸਰਾਬ ਬਿਰਾਜਤ ਸੁੰਦਰ ਕਾਮ ਕੀ ਰੀਤਿ ਸੌ ਪ੍ਰੀਤ ਮਚਾਈ ॥

peet saraab biraajat su(n)dhar kaam kee reet sau preet machaiee ||

ਆਸਨ ਔਰ ਅਲਿੰਗਨ ਚੁੰਬਨ ਭਾਤਿ ਅਨੇਕ ਲੀਏ ਸੁਖਦਾਈ ॥

aasan aauar ali(n)gan chu(n)ban bhaat anek le'ee sukhadhaiee ||

ਯੌ ਤਿਹ ਤੋਰਿ ਕੁਚਾਨ ਮਰੋਰਿ ਸੁ ਭੋਰ ਲਗੇ ਝਕਝੋਰਿ ਬਜਾਈ ॥੧੦॥

yau teh tor kuchaan maror su bhor lage jhakajhor bajaiee ||10||

ਅੜਿਲ ॥

aRil ||

ਰਤਿ ਮਾਨੀ ਤਿਹ ਸੰਗ ਨ੍ਰਿਪਤਿ ਹਰਖਾਇ ਕੈ ॥

rat maanee teh sa(n)g nirapat harakhai kai ||

ਕਾਮਾਤੁਰ ਹ੍ਵੈ ਜਾਤ ਤ੍ਰਿਯਾ ਲਪਟਾਇ ਕੈ ॥

kaamaatur havai jaat tirayaa lapaTai kai ||

ਭਾਤਿ ਭਾਤਿ ਕੇ ਆਸਨ ਲਏ ਬਨਾਇ ਕਰਿ ॥

bhaat bhaat ke aasan le banai kar ||

ਹੋ ਭੋਰ ਹੋਤ ਲੌ ਭਜੀ ਹਿਯੇ ਸੁਖ ਪਾਇ ਕਰਿ ॥੧੧॥

ho bhor hot lau bhajee hiye sukh pai kar ||11||

ਚੌਪਈ ॥

chauapiee ||

ਬਿਤਈ ਰੈਨ ਭੋਰ ਜਬ ਭਈ ॥

bitiee rain bhor jab bhiee ||

ਚੇਰੀ ਨ੍ਰਿਪਤਿ ਬਿਦਾ ਕਰ ਦਈ ॥

cheree nirapat bidhaa kar dhiee ||

ਬਿਹਬਲ ਭਈ ਬਿਸਰਿ ਸਭ ਗਯੋ ॥

bihabal bhiee bisar sabh gayo ||

ਤਾ ਕਾ ਓਡਿ ਉਪਰਨਾ ਲਯੋ ॥੧੨॥

taa kaa odd uparanaa layo ||12||

ਦੋਹਰਾ ॥

dhoharaa ||

ਕ੍ਰਿਸਨ ਕਲਾ ਰਤਿ ਮਾਨਿ ਕੈ ਤਹਾ ਪਹੂਚੀ ਜਾਇ ॥

kirasan kalaa rat maan kai tahaa pahoochee jai ||

ਰੁਕਮ ਕਲਾ ਪੂਛਿਤ ਭਈ ਤਾ ਕਹ ਨਿਕਟਿ ਬੁਲਾਇ ॥੧੩॥

rukam kalaa poochhit bhiee taa keh nikaT bulai ||13||

ਪ੍ਰਤਿ ਉਤਰ ॥

prat utar ||

ਸਵੈਯਾ ॥

savaiyaa ||

ਕਾਹੇ ਕੌ ਲੇਤ ਹੈ ਆਤੁਰ ਸ੍ਵਾਸ ਗਈ ਹੀ ਉਤਾਇਲ ਦੌਰੀ ਇਹਾ ਤੇ ॥

kaahe kau let hai aatur savaiaas giee hee utail dhauaree ihaa te ||

ਕਾਹੇ ਕੌ ਕੇਸ ਖੁਲੇ ਲਟ ਛੂਟਿਯੇ ਪਾਇ ਪਰੀ ਤਵ ਨੇਹ ਕੇ ਨਾਤੇ ॥

kaahe kau kes khule laT chhooTiye pai paree tav neh ke naate ||

ਓਠਨ ਕੀ ਅਰੁਨਾਈ ਕਹਾ ਭਈ ਤੇਰੀ ਬਡਾਈ ਕਰੀ ਬਹੁ ਭਾਤੇ ॥

oThan kee arunaiee kahaa bhiee teree baddaiee karee bahu bhaate ||

ਕੌਨ ਕੌ ਅੰਬਰ ਓਢਿਯੋ ਅਲੀ ਪਰਤੀਤਿ ਕੌ ਲਾਈ ਹੌ ਲੇਹੁ ਉਹਾ ਤੇ ॥੧੪॥

kauan kau a(n)bar oddiyo alee parateet kau laiee hau leh uhaa te ||14||

ਦੋਹਰਾ ॥

dhoharaa ||

ਸੁਨਿ ਬਚ ਰਾਨੀ ਚੁਪ ਰਹੀ ਜਾ ਕੇ ਰੂਪ ਅਪਾਰ ॥

sun bach raanee chup rahee jaa ke roop apaar ||

ਛਲ ਕੋ ਛਿਦ੍ਰ ਨ ਕਿਛੁ ਲਖਿਯੋ ਇਮ ਛਲਗੀ ਬਰ ਨਾਰਿ ॥੧੫॥

chhal ko chhidhr na kichh lakhiyo im chhalagee bar naar ||15||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਸਠਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ

॥੧੯੦॥੩੧੭੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

ik sau saThavo charitr samaapatam sat subham sat ||160||3171||afajoo(n)||

ਦੋਹਰਾ ॥

dhoharaa ||

ਨਰਵਰ ਕੋ ਰਾਜਾ ਬਡੋ ਬੀਰ ਸੈਨ ਤਿਹ ਨਾਮ ॥

naravar ko raajaa baddo beer sain teh naam ||

ਦੇਸ ਦੇਸ ਕੇ ਏਸ ਜਿਹ ਜਪਤ ਆਠਹੂੰ ਜਾਮ ॥੧॥

dhes dhes ke es jeh japat aaThahoo(n) jaam ||1||

ਚੌਪਈ ॥

chauapiee ||

ਸ੍ਵਰਨਮਤੀ ਤਾ ਕੀ ਬਰ ਨਾਰੀ ॥

savairanamatee taa kee bar naaree ||

ਜਨ ਸਮੁੰਦ੍ਰ ਮਥਿ ਸਾਤ ਨਿਕਾਰੀ ॥

jan samu(n)dhr math saat nikaaree ||

ਰੂਪ ਪ੍ਰਭਾ ਤਾ ਕੀ ਅਤਿ ਸੋ ਹੈ ॥

roop prabhaa taa kee at so hai ||

ਜਾ ਸਮ ਰੂਪਵਤੀ ਨਹਿ ਕੋ ਹੈ ॥੨॥

jaa sam roopavatee neh ko hai ||2||

ਸੁਨਿਯੋ ਜੋਤਕਿਨ ਗ੍ਰਹਨ ਲਗਾਯੋ ॥

suniyo jotakin grahan lagaayo ||

ਕੁਰੂਛੇਤ੍ਰ ਨਾਵਨ ਨ੍ਰਿਪ ਆਯੋ ॥

kuroochhetr naavan nirap aayo ||

ਰਾਨੀ ਸਕਲ ਸੰਗ ਕਰ ਲੀਨੀ ॥

raanee sakal sa(n)g kar leenee ||

ਬਹੁ ਦਛਿਨਾ ਬਿਪ੍ਰਨ ਕਹ ਦੀਨੀ ॥੩॥

bahu dhachhinaa bipran keh dheenee ||3||

ਦੋਹਰਾ ॥

dhoharaa ||

ਸ੍ਵਰਨਮਤੀ ਗਰਭਿਤ ਹੁਤੀ ਸੋਊ ਸੰਗ ਕਰਿ ਲੀਨ ॥

savairanamatee garabhit hutee souoo sa(n)g kar leen ||

ਛੋਰਿ ਭੰਡਾਰ ਦਿਜਾਨ ਕੋ ਅਮਿਤ ਦਛਿਨਾ ਦੀਨ ॥੪॥

chhor bha(n)ddaar dhijaan ko amit dhachhinaa dheen ||4||

ਨਵਕੋਟੀ ਮਰਵਾਰ ਕੋ ਸੂਰ ਸੈਨ ਥੋ ਨਾਥ ॥

navakoTee maravaar ko soor sain tho naath ||

ਸੋਊ ਤਹਾ ਆਵਤ ਭਯੋ ਸਭ ਰਨਿਯਨ ਲੈ ਸਾਥ ॥੫॥

souoo tahaa aavat bhayo sabh raniyan lai saath ||5||

ਚੌਪਈ ॥

chauapiee ||

ਬੀਰ ਕਲਾ ਤਾ ਕੀ ਬਰ ਨਾਰੀ ॥

beer kalaa taa kee bar naaree ||

ਦੁਹੂੰ ਪਛ ਭੀਤਰ ਉਜਿਆਰੀ ॥

dhuhoo(n) pachh bheetar ujiaaree ||

ਤਾ ਕੀ ਪ੍ਰਭਾ ਜਾਤ ਨਹਿ ਕਹੀ ॥

taa kee prabhaa jaat neh kahee ||

ਮਾਨਹੁ ਫੂਲਿ ਚੰਬੇਲੀ ਰਹੀ ॥੬॥

maanahu fool cha(n)belee rahee ||6||

ਰਾਜਾ ਦੋਊ ਅਨੰਦਿਤ ਭਏ ॥

raajaa dhouoo ana(n)dhit bhe ||

ਅੰਕ ਭੁਜਨ ਦੋਊ ਭੇਟਤ ਭਏ ॥

a(n)k bhujan dhouoo bheTat bhe ||

ਰਨਿਯਨ ਦੁਹੂ ਮਿਲਾਵੈ ਭਯੋ ॥

raniyan dhuhoo milaavai bhayo ||

ਚਿਤ ਕੋ ਸੋਕ ਬਿਦਾ ਕਰਿ ਦਯੋ ॥੭॥

chit ko sok bidhaa kar dhayo ||7||

ਅੜਿਲ ॥

aRil ||

ਨਿਜ ਦੇਸਨ ਕੀ ਕਥਾ ਬਖਾਨਤ ਸਭ ਭਈ ॥

nij dhesan kee kathaa bakhaanat sabh bhiee ||

ਦੁਹੂੰ ਆਪੁ ਮੈ ਕੁਸਲ ਕਥਾ ਕੀ ਸੁਧਿ ਲਈ ॥

dhuhoo(n) aap mai kusal kathaa kee sudh liee ||

ਗਰਭ ਦੁਹੂੰਨ ਕੇ ਦੁਹੂੰਅਨ ਸੁਨੇ ਬਨਾਇ ਕੈ ॥

garabh dhuhoo(n)n ke dhuhoo(n)an sune banai kai ||

ਹੋ ਤਬ ਰਨਿਯਨ ਬਚ ਉਚਰੇ ਕਛੁ ਮੁਸਕਾਇ ਕੈ ॥੮॥

ho tab raniyan bach uchare kachh musakai kai ||8||

ਜੌ ਦੁਹੂੰਅਨ ਹਰਿ ਦੈਹੈ ਪੂਤੁਪਜਾਇ ਕੈ ॥

jau dhuhoo(n)an har dhaihai pootupajai kai ||

ਤਬ ਹਮ ਤੁਮ ਮਿਲਿ ਹੈਂ ਹਜਾਂ ਬਹੁਰੌ ਆਇ ਕੈ ॥

tab ham tum mil hai(n) hayaa(n) bahurau aai kai ||

ਪੂਤ ਏਕ ਕੇ ਸੁਤਾ ਬਿਧਾਤਾ ਦੇਇ ਜੌ ॥

poot ek ke sutaa bidhaataa dhei jau ||

ਹੋ ਆਪਸ ਬੀਚ ਸਗਾਈ ਤਿਨ ਕੀ ਕਰੈਂ ਤੌ ॥੯॥

ho aapas beech sagaiee tin kee karai(n) tau ||9||

ਦੋਹਰਾ ॥

dhoharaa ||

ਯੌ ਕਹਿ ਕੈ ਤ੍ਰਿਯ ਗ੍ਰਿਹ ਗਈ ਦ੍ਵੈਕਨ ਬੀਤੇ ਜਾਮ ॥

yau keh kai tiray gireh giee dhavaikan beete jaam ||

ਸੁਤਾ ਏਕ ਕੇ ਗ੍ਰਿਹ ਭਈ ਪੂਤ ਏਕ ਕੇ ਧਾਮ ॥੧੦॥

sutaa ek ke gireh bhiee poot ek ke dhaam ||10||

ਚੌਪਈ ॥

chauapiee ||

ਸੰਮਸ ਨਾਮ ਸੁਤਾ ਕੋ ਧਰਿਯੋ ॥

sa(n)mas naam sutaa ko dhariyo ||

ਢੋਲਾ ਨਾਮ ਪੂਤ ਉਚਰਿਯੋ ॥

ddolaa naam poot uchariyo ||

ਖਾਰਿਨ ਬੀਚ ਡਾਰਿ ਦੋਊ ਬ੍ਯਾਹੇ ॥

khaarin beech ddaar dhouoo brayaahe ||

ਭਾਤਿ ਭਾਤਿ ਸੌ ਭਏ ਉਮਾਹੇ ॥੧੧॥

bhaat bhaat sau bhe umaahe ||11||

ਦੋਹਰਾ ॥

dhoharaa ||

ਕੁਰੂਛੇਤ੍ਰ ਕੋ ਨ੍ਹਾਨ ਕਰਿ ਤਹ ਤੇ ਕਿਯੋ ਪਯਾਨ ॥

kuroochhetr ko nrahaan kar teh te kiyo payaan ||

ਅਪਨੇ ਅਪਨੇ ਦੇਸ ਕੇ ਰਾਜ ਕਰਤ ਭੇ ਆਨਿ ॥੧੨॥

apane apane dhes ke raaj karat bhe aan ||12||

ਚੌਪਈ ॥

chauapiee ||

ਐਸੀ ਭਾਤਿਨ ਬਰਖ ਬਿਤਏ ॥

aaisee bhaatin barakh bite ||

ਬਾਲਕ ਹੁਤੇ ਤਰੁਨ ਦੋਊ ਭਏ ॥

baalak hute tarun dhouoo bhe ||

ਜਬ ਅਪਨੋ ਤਿਨ ਰਾਜ ਸੰਭਾਰਿਯੋ ॥

jab apano tin raaj sa(n)bhaariyo ||

ਪੂਰਬ ਕਰਿਯੋ ਬਿਵਾਹ ਚਿਤਾਰਿਯੋ ॥੧੩॥

poorab kariyo bivaeh chitaariyo ||13||

ਲਰਿਕਾਪਨੋ ਦੂਰਿ ਜਬ ਭਯੋ ॥

larikaapano dhoor jab bhayo ||

ਠੌਰਹਿ ਠੌਰ ਔਰ ਹ੍ਵੈ ਗਯੋ ॥

Thauareh Thauar aauar havai gayo ||

ਬਾਲਾਈ ਕਿ ਤਗੀਰੀ ਆਈ ॥

baalaiee k tageeree aaiee ||

ਅੰਗ ਅੰਗ ਫਿਰੀ ਅਨੰਗ ਦੁਹਾਈ ॥੧੪॥

a(n)g a(n)g firee ana(n)g dhuhaiee ||14||

ਸਵੈਯਾ ॥

savaiyaa ||

ਏਕ ਦਿਨਾ ਮ੍ਰਿਗ ਮਾਰਿ ਕੈ ਢੌਲਨ ਯੌ ਅਪਨੇ ਮਨ ਬੀਚ ਬੀਚਾਰਿਯੋ ॥

ek dhinaa mirag maar kai ddaualan yau apane man beech beechaariyo ||

ਬੈਸ ਬਿਤੀ ਬਸਿ ਬਾਮਨ ਕੇ ਅਬਿਬੇਕ ਬਿਬੇਕ ਕਛੂ ਨ ਬਿਚਾਰਿਯੋ ॥

bais bitee bas baaman ke abibek bibek kachhoo na bichaariyo ||

ਬਜਾਹ ਕਿਯੋ ਲਰਿਕਾਪਨ ਮੈ ਹਮ ਜੋ ਤਿਹ ਕੋ ਕਬਹੂ ਨ ਸੰਭਾਰਿਯੋ ॥

bayaeh kiyo larikaapan mai ham jo teh ko kabahoo na sa(n)bhaariyo ||

ਆਵਤ ਭਯੋ ਨਿਜੁ ਧਾਮ ਨਹੀ ਤਿਹ ਮਾਰਗ ਹੀ ਸਸੁਰਾਰਿ ਸਿਧਾਰਿਯੋ ॥੧੫॥

aavat bhayo nij dhaam nahee teh maarag hee sasuraar sidhaariyo ||15||

ਕੰਬਰ ਬਾਧਿ ਅਡੰਬਰ ਕੈ ਕਰਿ ਬੋਲਿ ਸੁ ਬੀਰ ਬਰਾਤ ਬਨਾਈ ॥

ka(n)bar baadh adda(n)bar kai kar bol su beer baraat banaiee ||

ਭੂਖਨ ਚਾਰੁ ਦਿਪੈ ਸਭ ਅੰਗਨ ਆਨੰਦ ਆਜੁ ਹਿਯੇ ਨ ਸਮਾਈ ॥

bhookhan chaar dhipai sabh a(n)gan aana(n)dh aaj hiye na samaiee ||

ਰੂਪ ਅਨੂਪ ਬਿਰਾਜਤ ਸੁੰਦਰ ਨੈਨਨ ਕੀ ਕਹਿ ਕ੍ਰਾਤਿ ਨ ਜਾਈ ॥

roop anoop biraajat su(n)dhar nainan kee keh kraat na jaiee ||

ਚਾਰੁ ਛਕੇ ਛਬਿ ਹੇਰਿ ਚਰਾਚਰ ਦੇਵ ਅਦੇਵ ਰਹੈ ਉਰਝਾਈ ॥੧੬॥

chaar chhake chhab her charaachar dhev adhev rahai urajhaiee ||16||

ਚੌਪਈ ॥

chauapiee ||

ਸੂਰ ਸੈਨ ਰਾਜੈ ਸੁਨਿ ਪਾਯੋ ॥

soor sain raajai sun paayo ||

ਬੇਟਾ ਬੀਰ ਸੈਨ ਕੋ ਆਯੋ ॥

beTaa beer sain ko aayo ||

ਲੋਕ ਅਗਮਨੈ ਅਧਿਕ ਪਠਾਏ ॥

lok agamanai adhik paThaae ||

ਆਦਰ ਸੌ ਗ੍ਰਿਹ ਮੈ ਤਿਹ ਲ੍ਯਾਏ ॥੧੭॥

aadhar sau gireh mai teh layaae ||17||

ਤਬ ਰਾਨੀ ਸੰਮਸ ਸੁਨਿ ਪਾਯੋ ॥

tab raanee sa(n)mas sun paayo ||

ਢੋਲਾ ਦੇਸ ਹਮਾਰੇ ਆਯੋ ॥

ddolaa dhes hamaare aayo ||

ਫੂਲਤ ਅਧਿਕ ਹ੍ਰਿਦੈ ਮਹਿ ਭਈ ॥

foolat adhik hiradhai meh bhiee ||

ਦੁਰਬਲ ਹੁਤੀ ਪੁਸਟ ਹ੍ਵੈ ਗਈ ॥੧੮॥

dhurabal hutee pusaT havai giee ||18||

ਭੇਟਤ ਪੀਯ ਪਿਯਵਹਿ ਭਈ ॥

bheTat peey piyaveh bhiee ||

ਚਿਤ ਮੈ ਅਤਿ ਪ੍ਰਫੁਲਤ ਹ੍ਵੈ ਗਈ ॥

chit mai at prafulat havai giee ||

ਐਚਿ ਐਚਿ ਪਿਯ ਗਰੇ ਲਗਾਵੈ ॥

aaich aaich piy gare lagaavai ||

ਛੈਲਹਿ ਛੈਲ ਨ ਛੋਰਿਯੋ ਜਾਵੈ ॥੧੯॥

chhaileh chhail na chhoriyo jaavai ||19||

ਦੋਹਰਾ ॥

dhoharaa ||

ਪਿਯ ਪਾਤਰ ਪਤਰੀ ਤ੍ਰਿਯਾ ਪਰਮ ਪ੍ਰੀਤਿ ਉਪਜਾਇ ॥

piy paatar pataree tirayaa param preet upajai ||

ਗਹਿ ਗਹਿ ਪਰੈ ਪ੍ਰਜੰਕ ਪਰ ਪਲ ਪਲ ਬਲਿ ਬਲਿ ਜਾਇ ॥੨੦॥

geh geh parai praja(n)k par pal pal bal bal jai ||20||

ਚੌਪਈ ॥

chauapiee ||

ਸੰਮਸ ਸੰਗ ਨ ਕਸਿ ਰਤਿ ਕਰੈ ॥

sa(n)mas sa(n)g na kas rat karai ||

ਚਿਤ ਮੈ ਇਹੈ ਬਿਚਾਰ ਬਿਚਰੈ ॥

chit mai ihai bichaar bicharai ||

ਐਚਿ ਹਾਥ ਤਾ ਕੋ ਨ ਚਲਾਵੈ ॥

aaich haath taa ko na chalaavai ||

ਜਿਨਿ ਕਟਿ ਟੂਟਿ ਪ੍ਰਿਯਾ ਕੀ ਜਾਵੈ ॥੨੧॥

jin kaT TooT pirayaa kee jaavai ||21||

ਦੋਹਰਾ ॥

dhoharaa ||

ਤਬ ਸੰਮਸ ਐਸੇ ਕਹਿਯੋ ਸੁਨਿਹੋ ਢੋਲਨ ਮੀਤ ॥

tab sa(n)mas aaise kahiyo suniho ddolan meet ||

ਰਤਿ ਕਸਿ ਕਸਿ ਮੋ ਸੌ ਕਰੌ ਹ੍ਵੈ ਕੈ ਹ੍ਰਿਦੈ ਨਿਚੀਤ ॥੨੨॥

rat kas kas mo sau karau havai kai hiradhai nicheet ||22||

ਢੋਲਾ ਨਰਵਰ ਕੋਟ ਕੋ ਬਸੌ ਨੇਹ ਕੇ ਗਾਵ ॥

ddolaa naravar koT ko basau neh ke gaav ||

ਤਾ ਤੇ ਸਭ ਤ੍ਰਿਯ ਪਿਯਨ ਕੋ ਢੋਲਾ ਉਚਰਤ ਨਾਵ ॥੨੩॥

taa te sabh tiray piyan ko ddolaa ucharat naav ||23||

ਨਿਡਰ ਹੋਇ ਤੁਮ ਮੁਹਿ ਭਜੋ ਸੰਕਾ ਕਰੌ ਨ ਏਕ ॥

niddar hoi tum muh bhajo sa(n)kaa karau na ek ||

ਜਯੋਂ ਰੇਸਮ ਟੂਟੇ ਨਹੀ ਕਸਿਸੈ ਕਰੋ ਅਨੇਕ ॥੨੪॥

jayo(n) resam TooTe nahee kasisai karo anek ||24||

ਅੜਿਲ ॥

aRil ||

ਸੁਨਤ ਪਿਯਰਵਾ ਬੈਨ ਤਾਹਿ ਭੋਗਤ ਭਯੋ ॥

sunat piyaravaa bain taeh bhogat bhayo ||

ਚੌਰਾਸੀ ਆਸਨ ਸੰਮਸ ਕੇ ਕਸਿ ਲਯੋ ॥

chauaraasee aasan sa(n)mas ke kas layo ||

ਚੁੰਬਨ ਲਏ ਅਨੇਕ ਅੰਗ ਲਪਟਾਇ ਕੈ ॥

chu(n)ban le anek a(n)g lapaTai kai ||

ਹੋ ਚਿਮਟਿ ਚਿਮਟਿ ਤਿਹ ਭਜਿਯੋ ਹਰਖ ਉਪਜਾਇ ਕੈ ॥੨੫॥

ho chimaT chimaT teh bhajiyo harakh upajai kai ||25||

ਚਤੁਰੁ ਚਤੁਰਿਯਾ ਚਿਮਟਿ ਚਿਮਟਿ ਰਤਿ ਮਾਨਹੀ ॥

chatur chaturiyaa chimaT chimaT rat maanahee ||

ਬਿਹਸਿ ਬਿਹਸਿ ਬਹੁ ਭਾਤਿਨ ਬਚਨ ਬਖਾਨਹੀ ॥

bihas bihas bahu bhaatin bachan bakhaanahee ||

ਤ੍ਰਿਯਾ ਤਿਹਾਰੋ ਆਸਨ ਤਜਿਯੋ ਨ ਜਾਵਈ ॥

tirayaa tihaaro aasan tajiyo na jaaviee ||

ਹੋ ਕਹਿ ਕਹਿ ਐਸੀ ਭਾਤਿ ਗਲੇ ਲਪਟਾਵਈ ॥੨੬॥

ho keh keh aaisee bhaat gale lapaTaaviee ||26||

ਭਾਤਿ ਭਾਤਿ ਅਬਲਾ ਕੇ ਆਸਨ ਲੇਤ ਭਯੋ ॥

bhaat bhaat abalaa ke aasan let bhayo ||

ਲਪਟਿ ਲਪਟਿ ਕਰਿ ਗਰੇ ਤਾਹਿ ਸੁਖ ਦੇਤ ਭਯੋ ॥

lapaT lapaT kar gare taeh sukh dhet bhayo ||

ਚਿਮਟਿ ਚਿਮਟਿ ਰਤਿ ਕਰੈ ਦੋਊ ਮੁਸਕਾਇ ਕੈ ॥

chimaT chimaT rat karai dhouoo musakai kai ||

ਹੌਂ ਸਕਲ ਕੋਕ ਕੋ ਮਤ ਕੌ ਕਹੈ ਬਨਾਇ ਕੈ ॥੨੭॥

hau sakal kok ko mat kau kahai banai kai ||27||

ਚੌਪਈ ॥

chauapiee ||

ਲੈ ਮੁਕਲਾਵੋ ਅਤਿ ਸੁਖ ਪਾਯੋ ॥

lai mukalaavo at sukh paayo ||

ਨਰਵਰ ਗੜ ਕੀ ਓਰ ਸਿਧਾਯੋ ॥

naravar gaR kee or sidhaayo ||

ਬਜਾਹਿਤ ਦੂਤ ਤ੍ਰਿਯਾ ਕੋ ਧਾਯੋ ॥

bayaahit dhoot tirayaa ko dhaayo ||

ਸਕਲ ਜਾਇ ਤਿਹ ਭੇਦ ਜਤਾਯੋ ॥੨੮॥

sakal jai teh bhedh jataayo ||28||

ਦੋਹਰਾ ॥

dhoharaa ||

ਤਬ ਬਜਾਹਿਤ ਅਗਲੀ ਤ੍ਰਿਯਹਿ ਭੇਦ ਸਕਲ ਸੁਨਿ ਪਾਇ ॥

tab bayaahit agalee tirayeh bhedh sakal sun pai ||

ਕੋਪਿ ਅਧਿਕ ਚਿਤ ਮੈ ਕੀਯੋ ਸੁਨਿ ਸੰਮਸ ਕੋ ਨਾਇ ॥੨੯॥

kop adhik chit mai keeyo sun sa(n)mas ko nai ||29||

ਸ੍ਵਰਨਮਤੀ ਬਜਾਹਿਤ ਅਗਲਿ ਚਿਤ ਅਤਿ ਕੋਪ ਬਢਾਇ ॥

savairanamatee bayaahit agal chit at kop baddai ||

ਬੀਰ ਸੈਨ ਪਤਿ ਪਿਤੁ ਭਏ ਐਸ ਕਹਤ ਭੀ ਜਾਇ ॥੩੦॥

beer sain pat pit bhe aais kahat bhee jai ||30||

ਕਹੌਂ ਬਚਨ ਚਿਤ ਦੈ ਸੁਨੋ ਬੈਨ ਏਸ ਕੇ ਏਸ ॥

kaho(n) bachan chit dhai suno bain es ke es ||

ਭਜਿ ਢੋਲਾ ਤੁਮ ਤੇ ਗਯੋ ਲੇਨ ਤਿਹਾਰੋ ਦੇਸ ॥੩੧॥

bhaj ddolaa tum te gayo len tihaaro dhes ||31||

ਚੌਪਈ ॥

chauapiee ||

ਜੋ ਤੂ ਜਿਯ ਤੇ ਤਾਹਿ ਨ ਮਰਿ ਹੈ ॥

jo too jiy te taeh na mar hai ||

ਤੌ ਤੇਰੋ ਸੋਊ ਬਧ ਕਰਿ ਹੈ ॥

tau tero souoo badh kar hai ||

ਕੈ ਰਾਜਾ ਜਿਯ ਤੇ ਤਿਹ ਮਾਰੋ ॥

kai raajaa jiy te teh maaro ||

ਨਾਤਰ ਅਬ ਹੀ ਦੇਸ ਨਿਕਾਰੋ ॥੩੨॥

naatar ab hee dhes nikaaro ||32||

ਜਬ ਇਹ ਭਾਤਿ ਰਾਵ ਸੁਨਿ ਪਾਈ ॥

jab ieh bhaat raav sun paiee ||

ਚਿਤ ਕੇ ਬਿਖੈ ਸਤਿ ਠਹਰਾਈ ॥

chit ke bikhai sat Thaharaiee ||

ਜੌ ਤ੍ਰਿਯ ਲਜਾਵਨ ਕਾਜ ਸਿਧਾਵਤ ॥

jau tiray layaavan kaaj sidhaavat ||

ਮੇਰੇ ਕਹੇ ਬਿਨਾ ਨਹਿ ਜਾਵਤ ॥੩੩॥

mere kahe binaa neh jaavat ||33||

ਪੁਤ੍ਰ ਬਧੂ ਮੁਹਿ ਸਾਚੁ ਉਚਾਰੋ ॥

putr badhoo muh saach uchaaro ||

ਲਿਯੋ ਚਹਤ ਸੁਤ ਰਾਜ ਹਮਾਰੋ ॥

liyo chahat sut raaj hamaaro ||

ਯਾ ਕੌ ਕਹੌਂ ਨ ਮੁਖ ਦਿਖਰਾਵੈ ॥

yaa kau kahaua(n) na mukh dhikharaavai ||

ਦ੍ਵਾਦਸ ਬਰਖ ਬਨਹਿ ਬਸਿ ਆਵੈ ॥੩੪॥

dhavaiaadhas barakh baneh bas aavai ||34||

ਦੋਹਰਾ ॥

dhoharaa ||

ਪਲਟਿ ਖਰਾਵਨ ਕੌ ਧਰਿਯੋ ਪਠੈ ਮਨੁਛ ਇਕ ਦੀਨ ॥

palaT kharaavan kau dhariyo paThai manuchh ik dheen ||

ਮੋਹਿ ਮਿਲੇ ਬਿਨੁ ਬਨ ਬਸੈ ਰਾਵ ਬਚਨ ਇਹ ਕੀਨ ॥੩੫॥

moh mile bin ban basai raav bachan ieh keen ||35||

ਸੁਨਤ ਭ੍ਰਿਤ ਨ੍ਰਿਪ ਕੇ ਬਚਨ ਤਾਹਿ ਕਹਿਯੋ ਸਮਝਾਇ ॥

sunat bhirat nirap ke bachan taeh kahiyo samajhai ||

ਦੇਸ ਨਿਕਾਰੋ ਤੁਹਿ ਦਿਯੋ ਮਿਲਹੁ ਨ ਮੋ ਕੋ ਆਇ ॥੩੬॥

dhes nikaaro tuh dhiyo milahu na mo ko aai ||36||

ਤਬ ਢੋਲਨ ਅਤਿ ਦੁਖਿਤ ਹ੍ਵੈ ਐਸੇ ਕਹਿਯੋ ਪੁਕਾਰਿ ॥

tab ddolan at dhukhit havai aaise kahiyo pukaar ||

ਜੀਵਹਿਗੇ ਤੌ ਮਿਲਹਿਗੇ ਨਰਵਰ ਕੋਟ ਜੁਹਾਰ ॥੩੭॥

jeevahige tau milahige naravar koT juhaar ||37||

ਤਬ ਸੁੰਦਰਿ ਸੰਗਿ ਉਠਿ ਚਲੀ ਸੁਨਿ ਕਰਿ ਐਸੋ ਬੈਨ ॥

tab su(n)dhar sa(n)g uTh chalee sun kar aaiso bain ||

ਹਿਯੋ ਫਟਤ ਅੰਤਰ ਘਟਤ ਬਾਰਿ ਚੁਆਵਤ ਨੈਨ ॥੩੮॥

hiyo faTat a(n)tar ghaTat baar chuaavat nain ||38||

ਅੜਿਲ ॥

aRil ||

ਸੁਨਿ ਢੋਲਨ ਏ ਬੈਨ ਨਰਵਰਹਿ ਤਜਿ ਗਯੋ ॥

sun ddolan e bain naravareh taj gayo ||

ਦ੍ਵਾਦਸ ਬਰਖ ਪ੍ਰਮਾਨ ਬਸਤ ਬਨ ਮੈ ਭਯੋ ॥

dhavaiaadhas barakh pramaan basat ban mai bhayo ||

ਬਨ ਉਪਬਨ ਮੈ ਭ੍ਰਮਤ ਫਲਨ ਕੋ ਖਾਇ ਕੈ ॥

ban upaban mai bhramat falan ko khai kai ||

ਹੋ ਤ੍ਰਿਯਾ ਸਹਿਤ ਤਹ ਬਸ੍ਯੋ ਮ੍ਰਿਗਨ ਕਹ ਘਾਇ ਕੈ ॥੩੯॥

ho tirayaa sahit teh basayo miragan keh ghai kai ||39||

ਬਰਖ ਤ੍ਰਿਦਸਏ ਬੀਰ ਸੈਨ ਤਨ ਤਜਿ ਦਯੋ ॥

barakh tiradhase beer sain tan taj dhayo ||

ਮ੍ਰਿਤੁ ਲੋਕ ਕਹ ਛੋਰਿ ਸ੍ਵਰਗਬਾਸੀ ਭਯੋ ॥

mrit lok keh chhor savairagabaasee bhayo ||

ਤਬ ਢੋਲਨ ਫਿਰਿ ਆਨਿ ਰਾਜ ਅਪਨੋ ਲਿਯੌ ॥

tab ddolan fir aan raaj apano liyau ||

ਹੋ ਰਾਨੀ ਸੰਮਸ ਸਾਥ ਬਰਖ ਬਹੁ ਸੁਖ ਕਿਯੌ ॥੪੦॥

ho raanee sa(n)mas saath barakh bahu sukh kiyau ||40||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਇਕਸਠਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੬੧॥੩੨੧੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

ik sau ikasaThavo charitr samaapatam sat subham sat

||161||3211||afajoo(n)||

ਦੋਹਰਾ ॥

dhoharaa ||

ਦੇਸ ਤਪੀਸਾ ਕੇ ਰਹੈ ਆਠ ਚੋਰਟੀ ਨਾਰਿ ॥

dhes tapeesaa ke rahai aaTh choraTee naar ||

ਰੈਨਿ ਦਿਵਸ ਚੋਰੀ ਕਰੈ ਸਕੈ ਨ ਕਊ ਬਿਚਾਰਿ ॥੧॥

rain dhivas choree karai sakai na kuoo bichaar ||1||

ਚਿਤ੍ਰਮਤੀ ਤਸਕਰ ਕੁਅਰਿ ਦ੍ਵੈ ਤਿਨ ਕੀ ਸਿਰਦਾਰ ॥

chitramatee tasakar kuar dhavai tin kee siradhaar ||

ਮਾਰਗ ਮੈ ਇਸਥਿਤ ਰਹੈ ਘਾਵਹਿ ਲੋਗ ਹਜਾਰ ॥੨॥

maarag mai isathit rahai ghaaveh log hajaar ||2||

ਨਾਰਾਇਨ ਦਾਮੋਦ੍ਰ ਭਨਿ ਬਿੰਦ੍ਰਾਬਨਹਿ ਉਚਾਰਿ ॥

naarain dhaamodhr bhan bi(n)dhraabaneh uchaar ||

ਸੁਨਿ ਸਾਰਤ ਐਸੇ ਤ੍ਰਿਯਾ ਸਭ ਹੀ ਜਾਹਿ ਬਿਚਾਰਿ ॥੩॥

sun saarat aaise tirayaa sabh hee jaeh bichaar ||3||

ਨਾਰਾਇਨ ਨਰ ਆਇਯੌ ਦਾਮੋਦਰ ਦਾਮੰਗ ॥

naarain nar aaiyau dhaamodhar dhaama(n)g ||

ਬਿੰਦ੍ਰਾਬਨ ਲੈ ਜਾਇ ਬਨ ਮਾਰਹੁ ਯਾਹਿ ਨਿਸੰਗ ॥੪॥

bi(n)dhraaban lai jai ban maarahu yaeh nisa(n)g ||4||

ਚੌਪਈ ॥

chauapiee ||

ਜਬ ਅਬਲਾ ਐਸੇ ਸੁਨਿ ਪਾਵੈ ॥

jab abalaa aaise sun paavai ||

ਤਾ ਨਰ ਕੌ ਬਨ ਮੈ ਲੈ ਜਾਵੈ ॥

taa nar kau ban mai lai jaavai ||

ਫਾਸੀ ਡਾਰਿ ਪ੍ਰਥਮ ਤਿਹ ਘਾਵੈ ॥

faasee ddaar pratham teh ghaavai ||

ਤਾ ਪਾਛੈ ਤਿਹ ਦਰਬੁ ਚੁਰਾਵੈ ॥੫॥

taa paachhai teh dharab churaavai ||5||

ਆਵਤ ਏਕ ਨਾਰ ਤਹ ਭਈ ॥

aavat ek naar teh bhiee ||

ਫਾਸੀ ਡਾਰਿ ਤਿਸੂ ਕੌ ਲਈ ॥

faasee ddaar tisoo kau liee ||

ਤਬ ਅਬਲਾ ਤਿਨ ਬਚਨ ਉਚਾਰੇ ॥

tab abalaa tin bachan uchaare ||

ਸੁ ਮੈ ਕਹਤ ਹੌ ਤੀਰ ਤਿਹਾਰੇ ॥੬॥

s mai kahat hau teer tihaare ||6||

ਅੜਿਲ ॥

aRil ||

ਕਹਿ ਨਿਮਿਤਿ ਮੁਹਿ ਮਾਰੋ ਅਤਿ ਧਨ ਦੇਤ ਹੌ ॥

keh nimit muh maaro at dhan dhet hau ||

ਤੁਮਰੋ ਕਛੂ ਨ ਦਰਬੁ ਚੁਰਾਏ ਲੇਤ ਹੌ ॥

tumaro kachhoo na dharab churaae let hau ||

ਸਰਖਤ ਅਬ ਹੀ ਹਮ ਤੇ ਲੇਹੁ ਲਿਖਾਇ ਕੈ ॥

sarakhat ab hee ham te leh likhai kai ||

ਹੋ ਸਦਨ ਸਹਿਤ ਸਭ ਲੇਹੁ ਖਜਾਨੋ ਜਾਇ ਕੈ ॥੭॥

ho sadhan sahit sabh leh khajaano jai kai ||7||

ਜੌ ਤੁਮ ਫਾਸੀ ਡਾਰਿ ਅਬੈ ਮੁਹਿ ਘਾਇ ਹੋ ॥

jau tum faasee ddaar abai muh ghai ho ||

ਜੋ ਧਨ ਹਮਰੇ ਪਾਸ ਵਹੈ ਤੁਮ ਪਾਇ ਹੋ ॥

jo dhan hamare paas vahai tum pai ho ||

ਸਰਖਤ ਕਜੋ ਨ ਲਿਖਾਇ ਮੰਗਾਇਨ ਲੀਜਿਯੈ ॥

sarakhat kayo na likhai ma(n)gain leejiyai ||

ਹੋ ਧਾਮ ਸਹਿਤ ਸਭ ਜਾਇ ਖਜਾਨੋ ਲੀਜਿਯੈ ॥੮॥

ho dhaam sahit sabh jai khajaano leejiyai ||8||

ਦੋਹਰਾ ॥

dhoharaa ||

ਚਿੰਤ ਕਰੀ ਇਸਤ੍ਰਿਨ ਜੁ ਹਮ ਲੈਹੈ ਇਹ ਧਨ ਘਾਇ ॥

chi(n)t karee isatiran ju ham laihai ieh dhan ghai ||

ਹਯਾਂ ਕੋ ਦਰਬੁ ਕਰ ਆਇ ਹੈ ਹੁਆਂ ਕੋ ਲਯੋ ਨ ਜਾਇ ॥੯॥

hayaa(n) ko dharab kar aai hai huaa(n) ko layo na jai ||9||

ਤਾ ਤੇ ਅਬੈ ਮੰਗਾਇ ਕੈ ਸਰਖਤ ਲੇਹੁ ਲਿਖਾਇ ॥

taa te abai ma(n)gai kai sarakhat leh likhai ||

ਧਾਮ ਸਹਿਤ ਯਾ ਕੌ ਦਰਬ ਲੇਹਿ ਸਹਿਰ ਮੈ ਜਾਇ ॥੧੦॥

dhaam sahit yaa kau dharab leh sahir mai jai ||10||

ਅੜਿਲ ॥

aRil ||

ਸਰਖਤ ਲਿਯੋ ਲਿਖਾਇ ਸੁ ਤੁਰਤੁ ਮੰਗਾਇ ਕੈ ॥

sarakhat liyo likhai su turat ma(n)gai kai ||

ਇਹੈ ਤ੍ਰਿਯਾ ਤਿਨ ਤਾ ਮੈ ਲਿਖਿਯੋਂ ਰਿਸਾਇ ਕੈ ॥

eihai tirayaa tin taa mai likhiyau risai kai ||

ਮੋਹਿ ਏਕਲੋ ਜਾਨਿ ਫਾਸ ਗਰ ਡਾਰਿ ਕਰਿ ॥

moh ekalo jaan faas gar ddaar kar ||

ਹੋ ਸਰਖਤ ਲਿਯੋ ਲਿਖਾਇ ਬਸਤ੍ਰ ਧਨ ਮੋਹਿ ਹਰਿ ॥੧੧॥

ho sarakhat liyo likhai basatr dhan moh har ||11||

ਚੌਪਈ ॥

chauapiee ||

ਤਾ ਕੌ ਛੋਰਿ ਫਾਸ ਤੇ ਦਿਯੋ ॥

taa kau chhor faas te dhiyo ||

ਆਪੁ ਨਗਰ ਕੋ ਮਾਰਗ ਲਿਯੋ ॥

aap nagar ko maarag liyo ||

ਜਬ ਸਰਖਤ ਕਾਜਿਯਹਿ ਨਿਹਾਰਿਯੋ ॥

jab sarakhat kaajiyeh nihaariyo ||

ਤਿਨ ਕੌ ਚੌਕ ਚਾਦਨੀ ਮਾਰਿਯੋ ॥੧੨॥

tin kau chauak chaadhanee maariyo ||12||

ਦੋਹਰਾ ॥

dhoharaa ||

ਤੁੰਦ ਕਲਾ ਤਬ ਬਨ ਬਿਖੈ ਐਸੋ ਚਤਿਰ ਬਨਾਇ ॥

tu(n)dh kalaa tab ban bikhai aaiso chatir banai ||

ਪ੍ਰਾਨ ਰਾਖਿ ਧਨ ਰਾਖਿਯੋ ਉਨ ਇਸਤ੍ਰਿਨਿ ਕੋ ਘਾਇ ॥੧੩॥

praan raakh dhan raakhiyo un isatiran ko ghai ||13||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਬਾਸਠਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੬੨॥੩੨੨੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau baasaThavo charitr samaapatam sat subham sat

||162||3224||afajoo(n)||

ਦੋਹਰਾ ॥

dhoharaa ||

ਗ੍ਵਾਰਿਏਰ ਗੜ ਮੋ ਰਹੈ ਭਦ੍ਰ ਸੈਨ ਨ੍ਰਿਪ ਨਾਮ ॥

gavaiaarier gaR mo rahai bhadhr sain nirap naam ||

ਜਾ ਕੋ ਜੀਵ ਜਗਤ੍ਰ ਕੇ ਜਪਤ ਆਠਹੂ ਜਾਮ ॥੧॥

jaa ko jeev jagatr ke japat aaThahoo jaam ||1||

ਚੌਪਈ ॥

chauapiee ||

ਬਿਜੈ ਕੁਅਰਿ ਤਾ ਕੀ ਬਰ ਨਾਰੀ ॥

bijai kuar taa kee bar naaree ||

ਨਿਜੁ ਹਾਥਨ ਬਿਧਿ ਜਨੁਕ ਸਵਾਰੀ ॥

nij haathan bidh januk savaaree ||

ਅਪ੍ਰਮਾਨ ਤਿਹ ਪ੍ਰਭਾ ਬਿਰਾਜੈ ॥

apramaan teh prabhaa biraajai ||

ਜਾ ਕੌ ਨਿਰਖਿ ਚੰਦ੍ਰਮਾ ਲਾਜੈ ॥੨॥

jaa kau nirakh cha(n)dhramaa laajai ||2||

ਦੋਹਰਾ ॥

dhoharaa ||

ਭਦ੍ਰ ਸੈਨ ਨ੍ਰਿਪ ਏਕ ਦਿਨ ਖੇਲਨ ਚੜਿਯੋ ਸਿਕਾਰ ॥

bhadhr sain nirap ek dhin khelan chaRiyo sikaar ||

ਜਾਨ ਬੈਰਿਯਨ ਘਾਤ ਤਿਹ ਤਾ ਕੌ ਦਿਯੋ ਸੰਘਾਰ ॥੩॥

jaan bairiyan ghaat teh taa kau dhiyo sa(n)ghaar ||3||

ਚੌਪਈ ॥

chauapiee ||

ਚਲੀ ਖਬਰਿ ਰਾਨੀ ਪਹਿ ਆਈ ॥

chalee khabar raanee peh aaiee ||

ਰਾਜਾ ਹਨੇ ਬੈਰਿਯਨ ਜਾਈ ॥

raajaa hane bairiyan jaiee ||

ਤਬ ਰਾਨੀ ਮਨ ਮੰਤ੍ਰ ਬਿਚਾਰਿਯੋ ॥

tab raanee man ma(n)tr bichaariyo ||

ਸੁ ਮੈ ਚੌਪਈ ਮੋ ਕਹਿ ਡਾਰਿਯੋ ॥੪॥

s mai chauapiee mo keh ddaariyo ||4||

ਸੁਤ ਬਾਲਕ ਹਮਰੋ ਬਿਧਿ ਕੀਨੋ ॥

sut baalak hamaro bidh keeno ||

ਨਾਥ ਮਾਰਗ ਸੁਰ ਪੁਰ ਕੋ ਲੀਨੋ ॥

naath maarag sur pur ko leeno ||

ਤਾ ਤੇ ਇਹੈ ਚਰਿਤ੍ਰ ਬਿਚਾਰੋ ॥

taa te ihai charitr bichaaro ||

ਛਲ ਕਰਿ ਤਿਨ ਬੈਰਿਨ ਕੋ ਮਾਰੋ ॥੫॥

chhal kar tin bairin ko maaro ||5||

ਲਿਖ ਪਤ੍ਰੀ ਤਿਨ ਤੀਰ ਪਠਾਈ ॥

likh patree tin teer paThaiee ||

ਨ੍ਰਿਪ ਜੋ ਕਰੀ ਤੈਸਿਯੈ ਪਾਈ ॥

nirap jo karee taisiyai paiee ||

ਸੂਰਜ ਕਲਾ ਦੁਹਿਤਾ ਕੌ ਲੀਜੈ ॥

sooraj kalaa dhuhitaa kau leejai ||

ਹਮ ਸਭ ਕੀ ਪ੍ਰਤਿਪਾਰਾ ਕੀਜੈ ॥੬॥

ham sabh kee pratipaaraa keejai ||6||

ਪਤ੍ਰੀ ਬਾਚਿ ਫੂਲਿ ਜੜ ਗਏ ॥

patree baach fool jaR ge ||

ਜੋਰਿ ਬਰਾਤਹਿ ਆਵਤ ਭਏ ॥

jor baraateh aavat bhe ||

ਜਬ ਹੀ ਭਦ੍ਰ ਸੈਨ ਪੁਰ ਆਏ ॥

jab hee bhadhr sain pur aae ||

ਤਬ ਰਾਨੀ ਯੌਂ ਬਚਨ ਸੁਨਾਏ ॥੭॥

tab raanee yau bachan sunaae ||7||

ਏਕ ਏਕ ਸਾਊ ਹਜਾਂ ਆਵਹਿ ॥

ek ek saauoo hayaa(n) aaveh ||

ਹਮ ਤੇ ਪਾਵ ਪੁਜਾਵਤ ਜਾਵਹਿ ॥

ham te paav pujaavat jaaveh ||

ਤਾ ਪਾਛੇ ਆਪੁਨ ਨ੍ਰਿਪ ਆਵੈ ॥

taa paachhe aapun nirap aavai ||

ਸੂਰਜ ਕਲਾ ਕੋ ਲੈ ਘਰ ਜਾਵੈ ॥੮॥

sooraj kalaa ko lai ghar jaavai ||8||

ਹਮਰੇ ਧਾਮ ਰੀਤਿ ਇਹ ਪਰੀ ॥

hamare dhaam reet ieh paree ||

auddee jaan maakheer kee maakh maano ||12||

ਦੋਹਰਾ ॥

dhoharaa ||

ਬਜ੍ਰ ਬਾਨ ਬਿਛੂਅਨ ਭਏ ਬੀਰ ਲਰੇ ਰਨ ਮੰਡ ॥

bajr baan bichhooan bhe beer lare ran ma(n)dd ||

ਲਗੀ ਤੁਪਕ ਕੀ ਉਰ ਬਿਖੈ ਜੂਝੇ ਖਾ ਬਲਵੰਡ ॥੧੩॥

lagee tupak kee ur bikhai joojhe khaa balava(n)dd ||13||

ਚੌਪਈ ॥

chauapiee ||

ਬਲਵੰਡ ਖਾ ਜਬ ਹੀ ਰਨ ਜੂਝੇ ॥

balava(n)dd khaa jab hee ran joojhe ||

ਔ ਭਟ ਮੁਏ ਜਾਤ ਨਹਿ ਬੂਝੇ ॥

aau bhaT mue jaat neh boojhe ||

ਭਜੇ ਸੁਭਟ ਆਵਤ ਭਏ ਤਹਾ ॥

bhaje subhaT aavat bhe tahaa ||

ਜੋਬਨ ਖਾਨ ਖੇਤ ਮੈ ਜਹਾ ॥੧੪॥

joban khaan khet mai jahaa ||14||

ਦੋਹਰਾ ॥

dhoharaa ||

ਬਲਵੰਡ ਖਾ ਕੋ ਸੁਨਿ ਮੁਏ ਸੰਕਿ ਰਹੇ ਸਭ ਸੂਰ ॥

balava(n)dd khaa ko sun mue sa(n)k rahe sabh soor ||

ਬਿਨ ਸ੍ਰਯਾਰੇ ਸੀਤਲ ਭਏ ਖਾਏ ਜਨਕ ਕਪੂਰ ॥੧੫॥

bin srayaare seetal bhe khaae janak kapoor ||15||

ਅੜਿਲ ॥

aRil ||

ਚਪਲ ਕਲਾ ਜੋਬਨ ਖਾ ਜਬੈ ਨਿਹਾਰਿਯੋ ॥

chapal kalaa joban khaa jabai nihaariyo ||

ਗਿਰੀ ਧਰਨਿ ਮੁਰਛਾਇ ਕਾਮ ਸਰ ਮਾਰਿਯੋ ॥

giree dharan murachhai kaam sar maariyo ||

ਪਤ੍ਰੀ ਲਿਖੀ ਬਨਾਇ ਬਿਸਿਖ ਸੌ ਬਾਧਿ ਕਰਿ ॥

patree likhee banai bisikh sau baadh kar ||

ਹੋ ਦੀਨੋ ਧਨੁਜ ਚਲਾਇ ਧਨੁਖ ਦ੍ਰਿੜ ਸਾਧਿ ਕਰਿ ॥੧੬॥

ho dheeno dhanuj chalai dhanukh dhiraR saadh kar ||16||

ਸੁਨੁ ਕੁਅਰ ਜੂ ਅਬ ਜੌ ਤੁਮ ਮੋ ਕੌ ਬਰੌ ॥

sun kuar joo ab jau tum mo kau barau ||

ਤੌ ਮੈ ਦੇਊ ਬਤਾਇ ਰਾਜ ਗੜ ਕੋ ਕਰੌ ॥

tau mai dheuoo batai raaj gaR ko karau ||

ਪ੍ਰਥਮ ਬਜਾਹਿ ਮੋ ਸੌ ਕਰਿਬੋ ਠਹਰਾਇਯੈ ॥

pratham bayaeh mo sau karibo Thaharaiyai ||

ਹੋ ਤੈਸਹਿ ਪਤਿਯਾ ਸਰ ਸੋ ਬਾਧਿ ਚਲਾਇਯੈ ॥੧੭॥

ho taiseh patiyaa sar so baadh chalaiyai ||17||

ਬਜਾਹ ਕੁਅਰ ਤਾ ਸੌ ਕਰਿਬੋ ਠਹਰਾਇਯੋ ॥

bayaeh kuar taa sau karibo Thaharaiyo ||

ਵੈਸਹਿ ਪਤਿਯਾ ਸਰ ਸੌ ਬਾਧਿ ਬਗਾਇਯੋ ॥

vaiseh patiyaa sar sau baadh bagaiyo ||

ਗੜ ਗਾੜੇ ਕੇ ਮਾਝ ਪਰਿਯੋ ਸਰ ਜਾਇ ਕਰਿ ॥

gaR gaaRe ke maajh pariyo sar jai kar ||

ਹੋ ਨਿਰਖਿ ਅੰਕ ਤਿਹ ਨਾਰਿ ਲਿਯੋ ਉਰ ਲਾਇ ਕਰਿ ॥੧੮॥

ho nirakh a(n)k teh naar liyo ur lai kar ||18||

ਦੋਹਰਾ ॥

dhoharaa ||

ਬਿਸਿਖ ਪਹੂਚਯੋ ਮੀਤ ਕੋ ਪਤਿਯਾ ਲੀਨੇ ਸੰਗ ॥

bisikh pahoochayo meet ko patiyaa leene sa(n)g ||

ਆਂਖੇ ਅਤਿ ਨਿਰਮਲ ਭਈ ਨਿਰਖਤ ਵਾ ਕੋ ਅੰਗ ॥੧੯॥

aa(n)khe at niramal bhiee nirakhat vaa ko a(n)g ||19||

ਚਪਲ ਕਲਾ ਸੋ ਜਬ ਕੁਅਰ ਬਜਾਹ ਬਦਜੋ ਸੁਖ ਪਾਇ ॥

chapal kalaa so jab kuar bayaeh badhayo sukh pai ||

ਵੈਸਹਿ ਸਰ ਸੌ ਬਹੁਰਿ ਲਿਖਿ ਪਤਿਯਾ ਦਈ ਚਲਾਇ ॥੨੦॥

vaiseh sar sau bahur likh patiyaa dhiee chalai ||20||

ਚੌਪਈ ॥

chauapiee ||

ਪਤਿਯਾ ਬਿਖੈ ਇਹੈ ਲਿਖਿ ਡਾਰੋ ॥

patiyaa bikhai ihai likh ddaaro ||

ਸੁਨੋ ਕੁਅਰ ਜੂ ਬਚਨ ਹਮਾਰੋ ॥

suno kuar joo bachan hamaaro ||

ਪ੍ਰਥਮੈ ਬਾਰਿ ਬੰਦ ਇਹ ਕੀਜੈ ॥

prathamai baar ba(n)dh ieh keejai ||

ਤਾ ਪਾਛੇ ਯਾ ਗੜ ਕੌ ਲੀਜੈ ॥੨੧॥

taa paachhe yaa gaR kau leejai ||21||

ਅੜਿਲ ॥

aRil ||

ਦਸੋ ਦਿਸਨ ਘੇਰੋ ਯਾ ਗੜ ਕੌ ਡਾਰਿਯੈ ॥

dhaso dhisan ghero yaa gaR kau ddaariyai ||

ਹਯਾਂ ਤੇ ਜੋ ਨਰ ਨਿਕਸੈ ਤਾਹਿ ਸੰਘਾਰਿਯੈ ॥

hayaa(n) te jo nar nikasai taeh sa(n)ghaariyai ||

ਆਵੈ ਜੋ ਜਨ ਪਾਸ ਬੰਦ ਤਿਹ ਕੀਜਿਯੈ ॥

aavai jo jan paas ba(n)dh teh keejiyai ||

ਹੋ ਬਹੁਰੋ ਦੁਰਗ ਛੁਰਾਇ ਛਿਨਕ ਮੌ ਲੀਜਿਯੈ ॥੨੨॥

ho bahuro dhurag chhurai chhinak mau leejiyai ||22||

ਦਸੋ ਦਿਸਨ ਤਿਹ ਗੜ ਕੌ ਘੇਰਾ ਡਾਰਿਯੋ ॥

dhaso dhisan teh gaR kau gheraa ddaariyo ||

ਜੋ ਜਨ ਤਹ ਤੇ ਨਿਕਸੈ ਤਾਹਿ ਸੰਘਾਰਿਯੋ ॥

jo jan teh te nikasai taeh sa(n)ghaariyo ||

ਖਾਨ ਪਾਨ ਸਭ ਬੰਦ ਪ੍ਰਥਮ ਤਾ ਕੋ ਕਿਯੋ ॥

khaan paan sabh ba(n)dh pratham taa ko kiyo ||

ਹੋ ਬਹੁਰੌ ਦੁਰਗ ਛਿਨਾਇ ਛਿਨਕ ਭੀਤਰ ਲਿਯੋ ॥੨੩॥

ho bahurau dhurag chhinai chhinak bheetar liyo ||23||

ਲੀਨੋ ਦੁਰਗ ਛਿਨਾਇ ਗਜਨਿ ਸਹ ਘਾਇ ਕੈ ॥

leeno dhurag chhinai gajan seh ghai kai ||

ਲਯੋ ਕੁਅਰਿ ਕਹ ਜੀਤਿ ਪਰਮ ਸੁਖ ਪਾਇ ਕੈ ॥

layo kuar keh jeet param sukh pai kai ||

ਭਾਤਿ ਭਾਤਿ ਰਤਿ ਕਰੀ ਪ੍ਰੇਮ ਉਪਜਾਇ ਕਰਿ ॥

bhaat bhaat rat karee prem upajai kar ||

ਹੋ ਲਪਟਿ ਲਪਟਿ ਤ੍ਰਿਯ ਗਈ ਸੁ ਕੀਨੇ ਭੋਗ ਭਰਿ ॥੨੪॥

ho lapaT lapaT tiray giee su keene bhog bhar ||24||

ਚੌਪਈ ॥

chauapiee ||

ਐਸੀ ਪ੍ਰੀਤ ਦੁਹਨ ਕੇ ਭਈ ॥

aaisee preet dhuhan ke bhiee ||

ਅਬਲਾ ਔਰ ਬਿਸਰਿ ਸਭ ਗਈ ॥

abalaa aauar bisar sabh giee ||

ਏਕ ਨਾਰਿ ਹਸਿ ਬਚਨਿ ਉਚਾਰੋ ॥

ek naar has bachan uchaaro ||

ਬਡੋ ਮੂਰਖ ਇਹ ਰਾਵ ਹਮਾਰੋ ॥੨੫॥

baddo moorakh ieh raav hamaaro ||25||

ਜਿਨ ਤ੍ਰਿਯ ਪ੍ਰਿਥਮ ਪਿਤਾ ਕਹ ਘਾਯੋ ॥

jin tiray piratham pitaa keh ghaayo ||

ਬਹੁਰਿ ਆਪਨੋ ਰਾਜ ਗਵਾਯੋ ॥

bahur aapano raaj gavaayo ||

ਤਾ ਸੌ ਮੂੜ ਪ੍ਰੀਤਿ ਉਪਜਾਈ ॥

taa sau mooR preet upajaiee ||

ਨ੍ਰਿਪ ਕੀ ਨਿਕਟ ਮ੍ਰਿਤੁ ਜਨ ਆਈ ॥੨੬॥

nirap kee nikaT mrit jan aaiee ||26||

ਪਿਤਾ ਹਨਤ ਜਿਹ ਲਗੀ ਨ ਬਾਰਾ ॥

pitaa hanat jeh lagee na baaraa ||

ਤਿਹ ਆਗੇ ਕਯਾ ਨਾਥ ਬਿਚਾਰਾ ॥

teh aage kayaa naath bichaaraa ||

ਜਿਨ ਤ੍ਰਿਯ ਅਪਨੋ ਰਾਜੁ ਗਵਾਯੋ ॥

jin tiray apano raaj gavaayo ||

ਤਾ ਸੌਂ ਮੂਰਖ ਨੇਹ ਲਗਾਯੋ ॥੨੭॥

taa sau moorakh neh lagaayo ||27||

ਦੋਹਰਾ ॥

dhoharaa ||

ਜੋਬਨ ਖਾ ਸੁਨਿ ਏ ਬਚਨ ਮਨ ਮੈ ਰੋਸ ਬਢਾਇ ॥

joban khaa sun e bachan man mai ros baddai ||

ਬਡੋ ਮੁਨਾਰ ਉਸਾਰਿ ਤ੍ਰਿਯ ਤਾ ਮੈ ਦਈ ਚਿਨਾਇ ॥੨੮॥

baddo munaar usaar tiray taa mai dhiee chinai ||28||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਪਚਹਤਰਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੭੫॥੩੪੩੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau pachahataravo charitr samaapatam sat subham sat

||175||3435||afajoo(n)||

ਅੜਿਲ ॥

aRil ||

ਜਗਬੰਦਨ ਇਕ ਸਾਹੁ ਬਡੋ ਸੁ ਬਖਾਨਿਯੈ ॥

jagaba(n)dhan ik saahu baddo su bakhaaniyai ||

ਅਪ੍ਰਮਾਨ ਧਨੁ ਜਾ ਕੇ ਧਾਮ ਪ੍ਰਮਾਨਿਯੈ ॥

apramaan dhan jaa ke dhaam pramaaniyai ||

ਮਤੀ ਸੁ ਬੀਰ ਤ੍ਰਿਯਾ ਸੁਭ ਤਾਹਿ ਭਨਿਜਿਯੈ ॥

matee su beer tirayaa subh taeh bhanijiyai ||

ਹੋ ਸਸਿ ਕੌ ਜਾ ਕੀ ਪ੍ਰਭਾ ਬਦਨ ਕੀ ਦਿਜਿਯੈ ॥੧॥

ho sas kau jaa kee prabhaa badhan kee dhijiyai ||1||

ਚੌਂਪਈ ॥

chauapiee ||

ਤਾ ਕੋ ਨਾਥ ਵਿਲਾਇਤ ਗਯੋ ॥

taa ko naath vilait gayo ||

ਆਵਤ ਮਦ੍ਰ ਦੇਸ ਨਹਿ ਭਯੋ ॥

aavat madhr dhes neh bhayo ||

ਲਿਖਿ ਪਤਿਯਾ ਅਬਲਾ ਬਹੁ ਹਾਰੀ ॥

likh patiyaa abalaa bahu haaree ||

ਨਿਜੁ ਪਤਿ ਕੀ ਨਹਿ ਪ੍ਰਭਾ ਨਿਹਾਰੀ ॥੨॥

nij pat kee neh prabhaa nihaaree ||2||

ਤਿਨ ਤ੍ਰਿਯ ਅਧਿਕ ਉਪਾਇ ਬਨਾਏ ॥

tin tiray adhik upai banaae ||

ਤਹ ਹੀ ਰਹੇ ਨਾਥ ਨਹਿ ਆਏ ॥

teh hee rahe naath neh aae ||

ਲਾਲ ਮਿਲੇ ਬਿਨੁ ਬਾਲ ਕੁਲਾਈ ॥

laal mile bin baal kulaiee ||

ਸਭ ਧਨ ਲੈ ਸੰਗ ਤਹੀ ਸਿਧਾਈ ॥੩॥

sabh dhan lai sa(n)g tahee sidhaiee ||3||

ਚੰਦ੍ਰਭਾਨ ਜਾਟੂ ਬਟਿਹਾਯੋ ॥

cha(n)dhrabhaan jaaToo baTihaayo ||

ਲੂਟਨ ਮਾਲ ਬਾਲ ਕੋ ਆਯੋ ॥

looTan maal baal ko aayo ||

ਜੋ ਕਰ ਚੜਿਯੋ ਛੀਨਿ ਸਭ ਲੀਨੋ ॥

jo kar chaRiyo chheen sabh leeno ||

ਰੰਚ ਕੰਚ ਤਿਹ ਰਹਨ ਨ ਦੀਨੋ ॥੪॥

ra(n)ch ka(n)ch teh rahan na dheeno ||4||

ਭੁਜੰਗ ਛੰਦ ॥

bhuja(n)g chha(n)dh ||

ਜਬੈ ਮਾਲ ਕੋ ਲੂਟਿ ਕੈ ਕੈ ਸਿਧਾਏ ॥

jabai maal ko looT kai kai sidhaae ||

ਤਬੈ ਕੂਕਿ ਕੈ ਨਾਰਿ ਬੈਨ੍ਯੋ ਸੁਨਾਏ ॥

tabai kook kai naar bainrayo sunaae ||

ਸੁਨੋ ਬੈਨ ਭਾਈ ਇਹੈ ਕਾਜ ਕੀਜੋ ॥

suno bain bhaiee ihai kaaj keejo ||

ਰਹੋ ਹਜਾਂ ਨਹੀ ਦੂਰਿ ਕੋ ਪੈਂਡ ਲੀਜੋ ॥੫॥

raho hayaa(n) nahee dhoor ko pai(n)dd leejo ||5||

ਚੌਪਈ ॥

chauapiee ||

ਜੌ ਇਹ ਬਾਤ ਨਾਥ ਸੁਨਿ ਲੈਹੈ ॥

jau ieh baat naath sun laihai ||

ਤੁਮ ਤੇ ਜਾਨ ਏਕ ਨਹਿ ਦੈਹੈ ॥

tum te jaan ek neh dhaihai ||

ਲੈਹੈ ਛੀਨਿ ਤਰੇ ਕੇ ਘੋਰਾ ॥

laihai chheen tare ke ghoraa ||

ਤੁਮਰੋ ਰਹਿਯੋ ਜਿਯਬ ਜਗ ਥੋਰਾ ॥੬॥

tumaro rahiyo jiyab jag thoraa ||6||

ਇਨ ਇਹ ਬਾਤ ਚਿਤ ਨਹਿ ਆਨੀ ॥

ein ieh baat chit neh aanee ||

ਮੂੜ ਤ੍ਰਿਯਾ ਬਰਰਾਤ ਪਛਾਨੀ ॥

mooR tirayaa bararaat pachhaanee ||

ਯਾ ਕੋ ਨਾਥ ਹਮਰ ਕਾ ਕਰਿ ਹੈ ॥

yaa ko naath hamar kaa kar hai ||

ਸਹਸ ਸ੍ਵਾਰ ਕੋ ਏਕ ਸੰਘਾਰਿ ਹੈ ॥੭॥

sahas savaiaar ko ek sa(n)ghaar hai ||7||

ਲੂਟਿ ਸਕਲ ਧਨੁ ਜਬੈ ਸਿਧਾਏ ॥

looT sakal dhan jabai sidhaae ||

ਤਬ ਅਬਲਾ ਨਰ ਬਸਤ੍ਰ ਬਨਾਏ ॥

tab abalaa nar basatr banaae ||

ਕਟਿ ਸੋ ਕਸਿ ਕ੍ਰਿਪਾਨ ਤਿਯ ਲੀਨੀ ॥

kaT so kas kirapaan tiy leenee ||

ਕਸਿਸ ਕਮਾਨ ਕਰੈਰੀ ਕੀਨੀ ॥੮॥

kasis kamaan karairee keenee ||8||

ਅਰੁਨ ਤੁਰੰਗ ਅਰੂੜਿਤ ਭਈ ॥

arun tura(n)g arooRit bhiee ||

ਪਵਨ ਗਵਨ ਤੇ ਸੀਘ੍ਰ ਸਿਧਈ ॥

pavan gavan te seeghr sidhiee ||

ਜਾਇ ਸ੍ਵਾਰ ਤ੍ਰਿਯ ਸਹੰਸ੍ਰ ਹੰਕਾਰੋ ॥

jai savaiaar tiray saha(n)sr ha(n)kaaro ||

ਕੈ ਧਨੁ ਦੇਹੁ ਕਿ ਸਸਤ੍ਰ ਸੰਭਾਰੋ ॥੯॥

kai dhan dheh k sasatr sa(n)bhaaro ||9||

ਸਭਹਿਨ ਕੋਪ ਬੈਨ ਸੁਨਿ ਕੀਨੋ ॥

sabhahin kop bain sun keeno ||

ਤਾ ਕੌ ਅਧਿਕ ਗਾਰਿਯਨ ਦੀਨੋ ॥

taa kau adhik gaariyan dheeno ||

ਤੋ ਤੇ ਮੂੜ ਕਹਾ ਹਮ ਡਰਿ ਹੈ ॥

to te mooR kahaa ham ddar hai ||

ਸਹਸ ਸ੍ਵਾਰ ਏਕਲ ਤੇ ਟਰਿ ਹੈ ॥੧੦॥

sahas savaiaar ekal te Tar hai ||10||

ਗਹਿ ਧਨੁ ਹਾਥ ਕੋਪ ਤ੍ਰਿਯ ਭਰੀ ॥

geh dhan haath kop tiray bharee ||

ਤੁਰੈ ਧਵਾਇ ਉਠਵਨੀ ਕਰੀ ॥

turai dhavai uThavanee karee ||

ਏਕ ਬਿਸਿਖ ਕਰਿ ਕੋਪ ਚਲਯੋ ॥

ek bisikh kar kop chalayo ||

ਬੀਸ ਜ੍ਵਾਨ ਬਿਚਿ ਹ੍ਵੈ ਕਰਿ ਗਯੋ ॥੧੧॥

bees javaiaan bich havai kar gayo ||11||

ਬਹੁਰਿ ਤਾਨ ਧਨੁ ਬਾਨ ਚਲਾਯੋ ॥

bahur taan dhan baan chalaayo ||

ਤਬ ਹੀ ਬੀਸ ਘੋਰਯਨ ਘਾਯੋ ॥

tab hee bees ghorayan ghaayo ||

ਏਕਹਿ ਬਾਰ ਪ੍ਰਾਨ ਬਿਨੁ ਭਏ ॥

ekeh baar praan bin bhe ||

ਗਿਰਿ ਗਿਰਿ ਮਨੋ ਮੁਨਾਰਾ ਗਏ ॥੧੨॥

gir gir mano munaaraa ge ||12||

ਤੀਜੀ ਬਹੁਰਿ ਉਠਵਨੀ ਕਰੀ ॥

teejee bahur uThavanee karee ||

ਛੋਡਿਯੋ ਬਾਨ ਨੈਕੁ ਨਹਿ ਡਰੀ ॥

chhoddiyo baan naik neh ddaree ||

ਤੀਸ ਬੀਰ ਇਕ ਬਾਰ ਬਿਦਾਰੇ ॥

tees beer ik baar bidhaare ||

ਮਾਨੋ ਪਵਨ ਪਤ੍ਰ ਸੇ ਝਰੇ ॥੧੩॥

maano pavan patr se jhare ||13||

ਏਕ ਬਾਨ ਜਬ ਬਾਲ ਪ੍ਰਹਾਰੈ ॥

ek baan jab baal prahaarai ||

ਬੀਸ ਤੀਸ ਛਿਤ ਪੈ ਭਟ ਡਾਰੈ ॥

bees tees chhit pai bhaT ddaarai ||

ਚਪਲ ਤੁਰੈ ਤ੍ਰਿਯ ਚਤੁਰਿ ਧਵਾਵੈ ॥

chapal turai tiray chatur dhavaavai ||

ਏਕ ਘਾਇ ਤਨ ਲਗਨ ਨ ਪਾਵੈ ॥੧੪॥

ek ghai tan lagan na paavai ||14||

ਜਲ ਮੌ ਜਨੁਕ ਗੰਗੇਰੀ ਝਮਕੈ ॥

jal mau januk ga(n)geree jhamakai ||

ਘਨ ਮੈ ਮਨੋ ਦਾਮਿਨੀ ਦਮਕੈ ॥

ghan mai mano dhaaminee dhamakai ||

ਏਕੈ ਬਾਨ ਬੀਸ ਭਟ ਗਿਰੈ ॥

ekai baan bees bhaT girai ||

ਬਖਤਰ ਰਹੇ ਨ ਜੇਬਾ ਜਿਰੇ ॥੧੫॥

bakhatar rahe na jebaa jire ||15||

ਅੜਿਲ ॥

aRil ||

ਬਹੁਰਿ ਕ੍ਰੋਧ ਕਰਿ ਬਾਲ ਇਕ ਬਾਨ ਪ੍ਰਹਾਰਿਯੋ ॥

bahur krodh kar baal ik baan prahaariyo ||

ਬੀਸ ਬਾਜ ਬਿਚ ਕਰਿ ਹ੍ਵੈ ਬਾਨ ਪਧਾਰਿਯੋ ॥

bees baaj bich kar havai baan padhaariyo ||

ਤਰਫਰਾਇ ਛਿਤ ਮਾਝ ਸੁਭਟ ਬਿਨੁ ਸੁਧ ਭਏ ॥

tarafarai chhit maajh subhaT bin sudh bhe ||

ਹੋ ਆਏ ਜਗਤ ਨ ਮਾਝ ਨ ਨਿਜੁ ਜਨਨੀ ਜਏ ॥੧੬॥

ho aae jagat na maajh na nij jananee je ||16||

ਸਹਸ ਸੂਰਮਾ ਜਬ ਤ੍ਰਿਯ ਦੀਏ ਸੰਘਾਰਿ ਕੈ ॥

sahas sooramaa jab tiray dhe'ee sa(n)ghaar kai ||

ਚੰਦ੍ਰ ਭਾਨ ਰਿਸਿ ਭਰਿਯੋ ਸੁ ਤਿਨੈ ਨਿਹਾਰਿ ਕੈ ॥

cha(n)dhr bhaan ris bhariyo su tinai nihaar kai ||

ਚਾਬੁਕ ਮਾਰਿ ਤੁਰੰਗ ਤੁਰੰਤ ਧਵਾਇਯੋ ॥

chaabuk maar tura(n)g tura(n)t dhavaiyo ||

ਹੋ ਤ੍ਰਿਯ ਤਿਹ ਹਨਜੋ ਨ ਬਾਨ ਤੁਰੰਗਹਿ ਘਾਇਯੋ ॥੧੭॥

ho tiray teh hanayo na baan tura(n)geh ghaiyo ||17||

ਜੀਤਿ ਜੀਤਿ ਕਰਿ ਬਾਲ ਸੂਰਮਾ ਬਸਿ ਕਏ ॥

jeet jeet kar baal sooramaa bas ke ||

ਸਭ ਸੂਰਨ ਕੇ ਸੀਸ ਸਕਲ ਬੁਕਚਾ ਦਏ ॥

sabh sooran ke sees sakal bukachaa dhe ||

ਜਹ ਤੇ ਧਨੁ ਲੈ ਗਏ ਤਜੇ ਤਹ ਆਇ ਕੈ ॥

jeh te dhan lai ge taje teh aai kai ||

ਹੋ ਤੁਮਲ ਜੁਧ ਕਰਿ ਨਾਰਿ ਚਰਿਤ੍ਰ ਦਿਖਾਇ ਕੈ ॥੧੮॥

ho tumal judh kar naar charitr dhikhai kai ||18||

ਏਕ ਸਦਨ ਤੇ ਛੋਰਿ ਤੁਰੈ ਤਾ ਕੌ ਦਿਯੋ ॥

ek sadhan te chhor turai taa kau dhiyo ||

ਚੰਦ੍ਰ ਭਾਨ ਜਾਟੂ ਕੌ ਕਰਿ ਅਪਨੋ ਲਿਯੋ ॥

cha(n)dhr bhaan jaaToo kau kar apano liyo ||

ਚੋਰ ਬ੍ਰਿਤਿ ਕੋ ਤੁਰਤ ਤਬੈ ਤਿਨ ਤਯਾਗਿਯੋ ॥

chor birat ko turat tabai tin tayaagiyo ||

ਸ੍ਰੀ ਜਦੁਪਤਿ ਕੇ ਜਾਪ ਬਿਖੈ ਅਨੁਰਾਗਿਯੋ ॥੧੯॥

sree jadhupat ke jaap bikhai anuraagiyo ||19||

ਦੋਹਰਾ ॥

dhoharaa ||

ਚੰਦ੍ਰ ਭਾਨ ਕੌ ਜੀਤਿ ਕਰਿ ਤਹ ਤੇ ਕਿਯੋ ਪਯਾਨ ॥

cha(n)dhr bhaan kau jeet kar teh te kiyo payaan ||

ਜਹਾ ਆਪਨੋ ਪਤਿ ਹੁਤੋ ਤਹਾ ਗਈ ਰੁਚਿ ਮਾਨ ॥੨੦॥

jahaa aapano pat huto tahaa giee ruch maan ||20||

ਚੌਪਈ ॥

chauapiee ||

ਦੁਹਕਰਿ ਕਰਮ ਨਾਰਿ ਤਿਨ ਕੀਨੋ ॥

dhuhakar karam naar tin keeno ||

ਸਭ ਹੀ ਜੀਤਿ ਬੈਰਿਯਨੁ ਲੀਨੋ ॥

sabh hee jeet bairiyan leeno ||

ਬਹੁਰੋ ਮਿਲੀ ਨਾਥ ਸੌ ਜਾਈ ॥

bahuro milee naath sau jaiee ||

ਪਿਯ ਕੌ ਮਦ੍ਰ ਦੇਸ ਲੈ ਆਈ ॥੨੧॥

piy kau madhr dhes lai aaiee ||21||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਛਿਹਤਰਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੭੬॥੩੪੫੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau chhihataravo charitr samaapatam sat subham sat

||176||3456||afajoo(n)||

ਚੌਪਈ ॥

chauapiee ||

ਮੈਨ ਲਤਾ ਅਬਲਾ ਇਕ ਸੁਨੀ ॥

main lataa abalaa ik sunee ||

ਬੇਦ ਪੁਰਾਨ ਸਾਸਤ੍ਰ ਬਹੁ ਗੁਨੀ ॥

bedh puraan saasatr bahu gunee ||

ਬਡੇ ਸਾਹੁ ਕੀ ਸੁਤਾ ਭਨਿਜੈ ॥

badde saahu kee sutaa bhanijai ||

ਤਾ ਕੇ ਕੋ ਪਟਤਰ ਕਹਿ ਦਿਜੈ ॥੧॥

taa ke ko paTatar keh dhijai ||1||

ਅੜਿਲ ॥

aRil ||

ਮੈਨ ਲਤਾ ਇਕ ਬਡੋ ਜਹਾਜ ਮੰਗਾਇਯੋ ॥

main lataa ik baddo jahaaj ma(n)gaiyo ||

ਖਾਨ ਪਾਨ ਬਹੁ ਦਿਨ ਕੋ ਬੀਚ ਡਰਾਇਯੋ ॥

khaan paan bahu dhin ko beech ddaraiyo ||

ਛੋਰਿ ਨਾਥ ਕੋ ਧਾਮ ਆਪੁ ਤਿਤ ਕੌ ਚਲੀ ॥

chhor naath ko dhaam aap tit kau chalee ||

ਹੋ ਲੀਨੇ ਅਪੁਨੇ ਸੰਗ ਪਚਾਸਿਕ ਸੁਭ ਅਲੀ ॥੨॥

ho leene apune sa(n)g pachaasik subh alee ||2||

ਜਬ ਸਮੁੰਦ੍ਰ ਮੈ ਗਈ ਤਬੈ ਤਿਨ ਯੌ ਕਿਯੋ ॥

jab samu(n)dhr mai giee tabai tin yau kiyo ||

ਸਾਠਿ ਹਾਥਿ ਕੋ ਬਾਸਿ ਮੰਗਾਇ ਤਬੈ ਲਿਯੋ ॥

saaTh haath ko baas ma(n)gai tabai liyo ||

ਤਾ ਸੌ ਬੈਰਕ ਬਾਧੀ ਬਡੀ ਬਨਾਇ ਕੈ ॥

taa sau bairak baadhee baddee banai kai ||

ਹੋ ਵਾ ਅੰਚਰ ਕੇ ਸੰਗ ਦਈ ਆਗਿ ਜਰਾਇ ਕੈ ॥੩॥

ho vaa a(n)char ke sa(n)g dhiee aag jarai kai ||3||

ਹੇਰਿ ਆਗਿ ਕਹ ਜਿਯਨ ਅਚੰਭਵ ਅਤਿ ਭਯੋ ॥

her aag keh jiyan acha(n)bhav at bhayo ||

ਜਨੁਕ ਸਮੁੰਦ੍ਰ ਕੇ ਬੀਚ ਦੂਸਰੋ ਸਸਿ ਵਯੋ ॥

januk samu(n)dhr ke beech dhoosaro sas vayo ||

ਜਯੋਂ ਜਯੋਂ ਤਾਕਹ ਬੈਠਿ ਮਲਾਹ ਚਲਾਵਹੀ ॥

jayo(n) jayo(n) taakeh baiTh malaeh chalaavahee ||

ਹੋ ਮਛ ਕਛ ਸੰਗਿ ਹੇਰਿ ਚਲੇ ਤਹ ਆਵਹੀ ॥੪॥

ho machh kachh sa(n)g her chale teh aavahee ||4||

ਚਾਲਿਸ ਕੋਸ ਪ੍ਰਮਾਨ ਜਹਾਜ ਜਬਾਇਯੋ ॥

chaalis kos pramaan jahaaj jabaiyo ||

ਮਛ ਕਛ ਸਭ ਅਧਿਕ ਹ੍ਰਿਦੈ ਸੁਖ ਪਾਇਯੋ ॥

machh kachh sabh adhik hiradhai sukh paiyo ||

ਯਾ ਫਲ ਕੌ ਹਮ ਅਬ ਹੀ ਪਕਰਿ ਚਬਾਇ ਹੈ ॥

yaa fal kau ham ab hee pakar chabai hai ||

ਹੋ ਬਹੁਰਿ ਆਪੁਨੇ ਧਾਮ ਸਕਲ ਚਲਿ ਜਾਇ ਹੈ ॥੫॥

ho bahur aapune dhaam sakal chal jai hai ||5||

ਮਛ ਕਛ ਅਰੁ ਜੀਵ ਬਹੁਤ ਮਿਲਿ ਜੋ ਧਏ ॥

machh kachh ar jeev bahut mil jo dhe ||

ਤਿਨ ਕੇ ਬਲੁ ਸੌ ਅਧਿਕ ਰਤਨ ਆਵਤ ਭਏ ॥

tin ke bal sau adhik ratan aavat bhe ||

ਮੈਨ ਲਤਾ ਤਬ ਦੀਨੀ ਆਗਿ ਬੁਝਾਇ ਕੈ ॥

main lataa tab dheenee aag bujhai kai ||

ਹੋ ਮਛ ਕਛ ਚਕਿ ਰਹੇ ਅਨਿਕ ਦੁਖ ਪਾਇ ਕੈ ॥੬॥

ho machh kachh chak rahe anik dhukh pai kai ||6||

ਤਿਨ ਕੇ ਠਟਕਤ ਬਾਰਿ ਤਹਾ ਤੇ ਚਲਿ ਗਯੋ ॥

tin ke ThaTakat baar tahaa te chal gayo ||

ਜੀਵਤ ਹੀ ਸਭ ਰਹੇ ਅਧਿਕ ਦੁਖਿਤ ਭਯੋ ॥

jeevat hee sabh rahe adhik dhukhit bhayo ||

ਮਨਿ ਮਾਨਿਕ ਤਬ ਲੀਨੇ ਬਾਲ ਉਠਾਇ ਕੈ ॥

man maanik tab leene baal uThai kai ||

ਹੋ ਜਲ ਜੀਵਨ ਕਹ ਐਸੇ ਚਰਿਤ੍ਰ ਦਿਖਾਇ ਕੈ ॥੭॥

ho jal jeevan keh aaise charitr dhikhai kai ||7||

ਦੋਹਰਾ ॥

dhoharaa ||

ਕੋਟ ਦ੍ਵਾਰਿ ਕਰਿ ਮਤਸ ਦ੍ਰਿਗ ਬੰਧ੍ਯੋ ਅਪਨੋ ਗਾਉ ॥

koT dhavaiaar kar matas dhirag ba(n)dhrayo apano gaau ||

ਤਾ ਦਿਨ ਤੋ ਤਾ ਕੌ ਪਰਿਯੋ ਮਛਲੀ ਬੰਦਰ ਨਾਉ ॥੮॥

taa dhin to taa kau pariyo machhalee ba(n)dhar naau ||8||

ਖੋਜਿ ਖੋਜਿ ਤਿਹ ਭੂੰਮਿ ਤੇ ਕਾਢੇ ਰਤਨ ਅਨੇਕ ॥

khoj khoj teh bhoo(n)m te kaadde ratan anek ||

ਰੰਕ ਸਭੈ ਰਾਜਾ ਭਏ ਰਹਿਯੋ ਨ ਦੁਰਬਲ ਏਕ ॥੯॥

ra(n)k sabhai raajaa bhe rahiyo na dhurabal ek ||9||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਸਤਹਤਰਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੭੭॥੩੪੬੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau satahataravo charitr samaapatam sat subham sat

||177||3465||afajoo(n)||

ਚੌਪਈ ॥

chauapiee ||

ਏਕ ਸੁਮੇਰ ਦੇਵਿ ਬਰ ਨਾਰੀ ॥

ek sumer dhev bar naaree ||

ਅਤਿ ਸੁੰਦਰ ਪ੍ਰਭੁ ਆਪੁ ਸਵਾਰੀ ॥

at su(n)dhar prabh aap savaaree ||

ਜੋਤਿ ਮਤੀ ਦੁਹਿਤਾ ਤਿਹ ਸੋਹੈ ॥

jot matee dhuhitaa teh sohai ||

ਦੇਵ ਅਦੇਵਨ ਕੋ ਮਨੁ ਮੋਹੈ ॥੧॥

dhev adhevan ko man mohai ||1||

ਕੋਰਿ ਕੁਅਰਿ ਤਿਹ ਸਵਤਿ ਸੁਨਿਜੈ ॥

kor kuar teh savat sunijai ||

ਬੈਰ ਭਾਵ ਤਿਨ ਮਾਝ ਭਨਿਜੈ ॥

bair bhaav tin maajh bhanijai ||

ਸੋ ਰਾਨੀ ਕੋਊ ਘਾਤ ਨ ਪਾਵੈ ॥

so raanee kouoo ghaat na paavai ||

ਜਿਹ ਛਲ ਸੋ ਤਿਹ ਸ੍ਵਰਗ ਪਠਾਵੈ ॥੨॥

jeh chhal so teh savairag paThaavai ||2||

ਦੁਹਿਤਾ ਬੋਲਿ ਨਿਕਟ ਤਿਹ ਲਈ ॥

dhuhitaa bol nikaT teh liee ||

ਸਿਛਾ ਇਹੈ ਸਿਖਾਵਤ ਭਈ ॥

sichhaa ihai sikhaavat bhiee ||

ਜਰਿਯਾ ਖੇਲਿ ਕੂਕ ਜਬ ਦੀਜੌ ॥

jariyaa khel kook jab dheejau ||

ਨਾਮ ਸਵਤਿ ਹਮਰੀ ਕੌ ਲੀਜੌ ॥੩॥

naam savat hamaree kau leejau ||3||

ਬੋਲਿ ਸਵਾਰੀ ਸੁਤਾ ਖਿਲਾਈ ॥

bol savaaree sutaa khilaiee ||

ਕੋਰਿ ਕੁਅਰਿ ਪਰ ਕੂਕ ਦਿਰਾਈ ॥

kor kuar par kook dhiraiee ||

ਰਾਨੀ ਅਧਿਕ ਕੋਪ ਤਬ ਭਈ ॥

raanee adhik kop tab bhiee ||

ਚੜਿ ਝੰਪਾਨ ਮਾਰਨ ਤਿਨ ਗਈ ॥੪॥

chaR jha(n)paan maaran tin giee ||4||

ਸਵਤਿਨ ਖਬਰਿ ਐਸ ਸੁਨਿ ਪਾਈ ॥

savatin khabar aais sun paiee ||

ਚੜਿ ਰਾਨੀ ਹਮਰੇ ਪਰ ਆਈ ॥

chaR raanee hamare par aaiee ||

ਨਿਜੁ ਕਰ ਗ੍ਰਿਹਨ ਆਗਿ ਲੈ ਦੀਨੀ ॥

nij kar girahan aag lai dheenee ||

ਜਰਿ ਬਰਿ ਬਾਟ ਸ੍ਵਰਗ ਕੀ ਲੀਨੀ ॥੫॥

jar bar baaT savairag kee leenee ||5||

ਦੋਹਰਾ ॥

dhoharaa ||

ਇਹ ਚਰਿਤ੍ਰ ਇਨ ਰਾਨਿਯਹਿ ਸਵਤਨਿ ਦਈ ਸੰਘਾਰਿ ॥

eeh charitr in raaniyeh savatan dhiee sa(n)ghaar ||

ਰਾਜ ਪਾਟ ਅਪਨੋ ਕਿਯੋ ਦੁਸਟ ਅਰਿਸਟ ਨਿਵਾਰਿ ॥੬॥

raaj paaT apano kiyo dhusaT arisaT nivaar ||6||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਅਠਤਰਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੭੮॥੩੪੭੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau aThataravo charitr samaapatam sat subham sat

||178||3471||afajoo(n)||

ਚੌਪਈ ॥

chauapiee ||

ਸਾਹ ਬਧੂ ਪਛਿਮ ਇਕ ਰਹੈ ॥

saeh badhoo pachhim ik rahai ||

ਕਾਮਵਤੀ ਤਾ ਕੌ ਜਗ ਕਹੈ ॥

kaamavatee taa kau jag kahai ||

ਤਾ ਕੌ ਪਤਿ ਪਰਦੇਸ ਸਿਧਾਰੋ ॥

taa kau pat paradhes sidhaaro ||

ਬਰਖ ਬੀਤ ਗੇ ਗ੍ਰਿਹ ਨ ਸੰਭਾਰੋ ॥੧॥

barakh beet ge gireh na sa(n)bhaaro ||1||

ਸੁਧਿ ਪਤਿ ਕੀ ਅਬਲਾ ਤਜਿ ਦੀਨੀ ॥

sudh pat kee abalaa taj dheenee ||

ਸਾਮਾਨਨਿ ਕੀ ਤਿਨ ਗਤਿ ਲੀਨੀ ॥

saamaanan kee tin gat leenee ||

ਊਚ ਨੀਚ ਨਹਿ ਠੌਰ ਬਿਚਾਰੈ ॥

uooch neech neh Thauar bichaarai ||

ਜੋ ਚਾਹੈ ਤਿਹ ਸਾਥ ਬਿਹਾਰੈ ॥੨॥

jo chaahai teh saath bihaarai ||2||

ਤਬ ਲੌ ਨਾਥ ਤਵਨ ਕੋ ਆਯੋ ॥

tab lau naath tavan ko aayo ||

ਏਕ ਦੂਤਿਯਹਿ ਬੋਲਿ ਪਠਾਯੋ ॥

ek dhootiyeh bol paThaayo ||

ਕੋਊ ਮਿਲਾਇ ਮੋਹਿ ਤ੍ਰਿਯ ਦੀਜੈ ॥

kouoo milai moh tiray dheejai ||

ਜੋ ਚਾਹੈ ਚਿਤ ਮੈ ਸੋਊ ਲੀਜੈ ॥੩॥

jo chaahai chit mai souoo leejai ||3||

ਵਾ ਕੀ ਨਾਰਿ ਦੂਤਿਯਹਿ ਭਾਈ ॥

vaa kee naar dhootiyeh bhaiee ||

ਆਨਿ ਸਾਹੁ ਕੋ ਤੁਰਤ ਮਿਲਾਈ ॥

aan saahu ko turat milaiee ||

ਸਾਹੁ ਜਬੈ ਤਿਨ ਬਾਲ ਪਛਾਨਿਯੋ ॥

saahu jabai tin baal pachhaaniyo ||

ਇਹ ਬਚਨ ਤਤਕਾਲ ਬਖਾਨਿਯੋ ॥੪॥

eeh bachan tatakaal bakhaaniyo ||4||

ਕਯੋ ਨਹਿ ਚਲਿਤ ਧਾਮ ਪਤਿ ਮੋਰੇ ॥

kayo neh chalit dhaam pat more ||

ਬਿਛੁਰੇ ਬਿਤੇ ਬਰਖ ਬਹੁ ਤੋਰੇ ॥

bichhure bite barakh bahu tore ||

ਅਬ ਹੀ ਹਮਰੇ ਧਾਮ ਸਿਧਾਰੋ ॥

ab hee hamare dhaam sidhaaro ||

ਸਭ ਹੀ ਸੋਕ ਹਮਾਰੋ ਟਾਰੋ ॥੫॥

sabh hee sok hamaaro Taaro ||5||

ਜਬ ਅਬਲਾ ਯੌ ਬਚਨ ਉਚਾਰਿਯੋ ॥

jab abalaa yau bachan uchaariyo ||

ਮੂਰਖ ਸਾਹੁ ਕਛੂ ਨ ਬਿਚਾਰਿਯੋ ॥

moorakh saahu kachhoo na bichaariyo ||

ਭੇਦ ਅਭੇਦ ਕੀ ਬਾਤ ਨ ਪਾਈ ॥

bhedh abhedh kee baat na paiee ||

ਨਿਜੁ ਪਤਿ ਕੋ ਲੈ ਧਾਮ ਸਿਧਾਈ ॥੬॥

nij pat ko lai dhaam sidhaiee ||6||

ਦੋਹਰਾ ॥

dhoharaa ||

ਕਾਜ ਕਵਨ ਆਈ ਹੁਤੀ ਕਹ ਚਰਿਤ੍ਰ ਇਨ ਕੀਨ ॥

kaaj kavan aaiee hutee keh charitr in keen ||

ਭੇਦ ਅਭੇਦ ਕਛੂ ਨ ਲਖਿਯੋ ਚਲਿ ਘਰ ਗਯੋ ਮਤਿਹੀਨ ॥੭॥

bhedh abhedh kachh na lakhiyo chal ghar gayo matiheen ||7||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਉਨਾਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੭੯॥੩੪੭੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau unaaseevo charitr samaapatam sat subham sat

||179||3478||afajoo(n)||

ਚੌਪਈ ॥

chauapiee ||

ਨੈਨੋਤਮਾ ਨਾਰਿ ਇਕ ਸੁਨੀ ॥

nainotamaa naar ik sunee ||

ਬੇਦ ਪੁਰਾਨ ਸਾਸਤ੍ਰ ਬਹੁ ਗੁਨੀ ॥

bedh puraan saasatr bahu gunee ||

ਜਾਨ੍ਯੋ ਜਬ ਪ੍ਰੀਤਮ ਢਿਗ ਆਯੋ ॥

jaanayo jab preetam ddig aayo ||

ਭੇਦ ਸਹਿਤ ਤ੍ਰਿਯ ਬਚਨ ਸੁਨਾਯੋ ॥੧॥

bhedh sahit tiray bachan sunaayo ||1||

ਸਵੈਯਾ ॥

savaiyaa ||

ਪਿਯ ਕਿਯੋ ਪਰਦੇਸ ਪਯਾਨ ਗਏ ਕਤਹੂੰ ਉਠਿ ਬੰਧਵ ਦੋਊ ॥

piy kiyo paradhes payaan ge katahoo(n) uTh ba(n)dhav dhouoo ||

ਹੌ ਬਿਲਲਾਤ ਅਨਾਥ ਭਈ ਇਤ ਅੰਤਰ ਕੀ ਗਤਿ ਜਾਨਤ ਸੋਊ ॥

hau bilalaat anaath bhiee it a(n)tar kee gat jaanat souoo ||

ਪੂਤ ਰਹੇ ਸਿਸ ਮਾਤ ਪਿਤ ਕਬਹੂੰ ਨਹਿ ਆਵਤ ਹਜਾਂ ਘਰ ਖੋਊ ॥

poot rahe sis maat pit kabahoo(n) neh aavat hayaa(n) ghar khouoo ||

ਬੈਦ ਉਪਾਇ ਕਰੋ ਹਮਰੋ ਕਛੁ ਆਂਧਰੀ ਸਾਸੁ ਨਿਵਾਸ ਨ ਕੋਊ ॥੨॥

baidh upai karo hamaro kachh aa(n)dharee saas nivaas na kouoo ||2||

ਭੇਸ ਮਲੀਨ ਰਹੌਂ ਤਬ ਤੈ ਸਿਰ ਕੇਸ ਜਟਾਨ ਕੇ ਜੂਟ ਭਏ ਹੈ ॥

bhes maleen rahau tab tai sir kes jaTaan ke jooT bhe hai ||

ਬ੍ਰਯੋਗਨਿ ਸੀ ਬਿਰਹੋ ਘਰ ਹੀ ਘਰ ਹਾਰ ਸਿੰਗਾਰ ਬਿਸਾਰ ਦਏ ਹੈ ॥

brayogan see biraho ghar hee ghar haar si(n)gaar bisaar dhe hai ||

ਪ੍ਰਾਚੀ ਦਿਸਾ ਪ੍ਰਗਟਿਯੋ ਸਸਿ ਦਾਰੁਨ ਸੂਰਜ ਪਸਚਮ ਅਸਤ ਭਏ ਹੈ ॥

praachee dhisaa pragaTiyo sas dhaarun sooraj pasacham asat bhe hai ||

ਬੈਦ ਉਪਾਇ ਕਰੋ ਕਛੁ ਆਇ ਮਮੇਸ ਕਹੂੰ ਪਰਦੇਸ ਗਏ ਹੈ ॥੩॥

baidh upai karo kachh aai mames kahoo(n) paradhes ge hai ||3||

ਪ੍ਰਾਸ ਸੋ ਪ੍ਰਾਤ ਪਟਾ ਸੇ ਪਟੰਬਰ ਪਿਯਰੀ ਪਰੀ ਪਰਸੇ ਪ੍ਰਤਿਪਾਰੇ ॥

praas so praat paTaa se paTa(n)bar piyaree paree parase pratipaare ||

ਪਾਸ ਸੀ ਪ੍ਰੀਤ ਕੁਪ੍ਰਯੋਗ ਸੀ ਪ੍ਰਾਕ੍ਰਿਤ ਪ੍ਰੇਤ ਸੇ ਪਾਨਿ ਪਰੋਸਨਿਹਾਰੇ ॥

paas see preet kuprayog see praakirat pret se paan parosanihaare ||

ਪਾਸ ਪਰੋਸਨ ਪਾਰਧ ਸੀ ਪਕਵਾਨ ਪਿਸਾਚ ਸੋ ਪੀਰ ਸੇ ਪਜਾਰੇ ॥

paas parosan paaradh see pakavaan pisaach so peer se payaare ||

ਪਾਪ ਸੌ ਪੌਨ ਪ੍ਰਵੇਸ ਕਰੈ ਜਬ ਤੇ ਗਏ ਪੀਯ ਪ੍ਰਦੇਸ ਪਿਯਾਰੇ ॥੪॥

paap sau pauan praves karai jab te ge peey pradhes piyaare ||4||

ਪ੍ਰੀਤਮ ਪੀਯ ਚਲੇ ਪਰਦੇਸ ਪ੍ਰਿਯਾ ਪ੍ਰਤਿ ਮੰਤ੍ਰ ਰਹੀ ਜਕਿ ਕੈ ॥

preetam peey chale paradhes pirayaa prat ma(n)tr rahee jak kai ||

ਪਲਕੈ ਨ ਲਗੈ ਪਲਕਾ ਪੈ ਪਰੈ ਪਛੁਤਾਤ ਉਤੈ ਪਤਿ ਕੌ ਤਕਿ ਕੈ ॥

palakai na lagai palakaa pai parai pachhutaat utai pat kau tak kai ||

ਪ੍ਰਤਿ ਪ੍ਰਾਤ ਪਖਾਰਿ ਸਭੈ ਤਨੁ ਪਾਕ ਪਕਾਵਨ ਕਾਜ ਚਲੀ ਥਕਿ ਕੈ ॥

prat praat pakhaar sabhai tan paak pakaavan kaaj chalee thak kai ||

ਪਤਿ ਪ੍ਰੇਮ ਪ੍ਰਵੇਸ ਕਿਯੋ ਤਨ ਮੈ ਬਿਨੁ ਪਾਵਕ ਪਾਕ ਗਯੋ ਪਕਿ ਕੈ ॥੫॥

pat prem praves kiyo tan mai bin paavak paak gayo pak kai ||5||

ਚੌਪਈ ॥

chauapiee ||

ਜਬ ਇਹ ਭਾਤਿ ਜਾਰਿ ਸੁਨ ਪਾਯੋ ॥

jab ieh bhaat jaar sun paayo ||

ਇਹੈ ਹ੍ਰਿਦੈ ਭੀਤਰ ਠਹਰਾਯੋ ॥

eihai hiradhai bheetar Thaharaayo ||

ਮੋਹਿ ਬੁਲਾਵਤ ਹੈ ਬਡਭਾਗੀ ॥

moh bulaavat hai baddabhaagee ||

ਯਾ ਕੀ ਲਗਨਿ ਮੋਹਿ ਪਰ ਲਾਗੀ ॥੬॥

yaa kee lagan moh par laagee ||6||

ਤਾ ਕੇ ਪਾਸ ਤੁਰਤ ਚਲਿ ਗਯੋ ॥

taa ke paas turat chal gayo ||

ਬਹੁ ਬਿਧਿ ਭੋਗ ਕਮਾਵਤ ਭਯੋ ॥

bahu bidh bhog kamaavat bhayo ||

ਕੇਲ ਕਮਾਇ ਪਲਟਿ ਗ੍ਰਿਹ ਆਯੋ ॥

kel kamai palaT gireh aayo ||

ਤਾ ਕੋ ਭੇਦ ਨ ਕਾਹੂ ਪਾਯੋ ॥੭॥

taa ko bhedh na kaahoo paayo ||7||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਅਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ

॥੧੮੦॥੩੪੮੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

ik sau aseevo charitr samaapatam sat subham sat ||180||3485||afajoo(n)||

ਦੋਹਰਾ ॥

dhoharaa ||

ਨਿਸਿਸ ਪ੍ਰਭਾ ਰਾਨੀ ਰਹੈ ਤਾ ਕੌ ਰੂਪ ਅਪਾਰ ॥

nisis prabhaa raanee rahai taa kau roop apaar ||

ਸ੍ਵੈਰਗ ਸਿੰਘ ਸੁੰਦਰ ਭਏ ਤਾ ਕੀ ਰਹੈ ਜੁਹਾਰ ॥੧॥

savairag si(n)gh su(n)dhar bhe taa kee rahai juhaar ||1||

ਅੜਿਲ ॥

aRil ||

ਰਾਨੀ ਤਾ ਕੇ ਸਦਨ ਮਦਨ ਜੁਤ ਆਵਈ ॥

raanee taa ke sadhan madhan jut aaviee ||

ਕਾਮ ਕਲੋਲ ਅਮੋਲ ਸੁ ਬੋਲ ਕਮਾਵਈ ॥

kaam kalol amol su bol kamaaviee ||

ਤਾ ਸੋ ਭੇਵ ਨ ਕੋਊ ਸਕੇ ਪਛਾਨਿ ਕੈ ॥

taa so bhev na kouoo sake pachhaan kai ||

ਹੋ ਨਿਜੁ ਰਾਜਾ ਕੇ ਤੀਰ ਬਖਾਨੈ ਆਨਿ ਕੈ ॥੨॥

ho nij raajaa ke teer bakhaanai aan kai ||2||

ਸਵਤਿ ਤਵਨ ਕੀ ਹੁਤੀ ਭੇਦ ਤਿਨ ਪਾਇਯੋ ॥

savat tavan kee hutee bhedh tin paiyo ||

ਨਿਜੁ ਰਾਜਾ ਪਹਿ ਤਬ ਹੀ ਜਾਇ ਜਤਾਇਯੋ ॥

nij raajaa peh tab hee jai jataiyo ||

ਸੁਨਤ ਰਾਵ ਏ ਬਚਨ ਅਧਿਕ ਕ੍ਰੁਧਿਤ ਭਯੋ ॥

sunat raav e bachan adhik krudhit bhayo ||

ਹੋ ਅਸ ਤੀਖਨ ਗਹਿ ਪਾਨ ਜਾਤ ਤਿਤ ਕੋ ਭਯੋ ॥੩॥

ho as teekhan geh paan jaat tit ko bhayo ||3||

ਸੁਨ ਰਾਨੀ ਬਚ ਨ੍ਰਿਪ ਕਹ ਟਰਿ ਆਗੈ ਲਿਯੋ ॥

sun raanee bach nirap keh Tar aagai liyo ||

ਬਿਹਸਿ ਬਿਹਸ ਪਤਿ ਕੈ ਐਸੇ ਉਤਰ ਦਿਯੋ ॥

bihas bihas pat kai aaise utar dhiyo ||

ਮੁਖ ਬੋਲੈ ਭਈਆ ਕੇ ਜੌ ਮੈ ਘਰ ਗਈ ॥

mukh bolai bhieeaa ke jau mai ghar giee ||

ਹੋ ਕਹੌ ਕਹਾ ਘਟ ਤੀਯਾ ਮੈ ਤੁਮਰੀ ਭਈ ॥੪॥

ho kahau kahaa ghaT teeyaa mai tumaree bhiee ||4||

ਧਰਮ ਭ੍ਰਾਤ ਜਾ ਕੌ ਕਹਿ ਜੁ ਤ੍ਰਿਯ ਬਖਾਨਿ ਹੈ ॥

dharam bhraat jaa kau keh ju tiray bakhaan hai ||

ਤਾ ਸੌ ਕਾਮ ਕਲੋਲ ਨ ਕਬਹੂੰ ਠਾਨਿ ਹੈ ॥

taa sau kaam kalol na kabahoo(n) Thaan hai ||

ਕਹੀ ਸਵਤਿ ਕੀ ਸਵਤਿ ਨ ਊਪਰ ਮਾਨਿਯੈ ॥

kahee savat kee savat na uoopar maaniyai ||

ਹੋ ਇਨ ਮਹਿ ਰਹਤ ਸਿਪਰਧਾ ਹਿਯੇ ਪਛਾਨਿਯੈ ॥੫॥

ho in meh rahat siparadhaa hiye pachhaaniyai ||5||

ਕੇਲ ਕਰਤ ਜਿਹ ਗਹੋ ਸੁ ਜਾਰ ਉਚਾਰਿਯੈ ॥

kel karat jeh gaho su jaar uchaariyai ||

ਸਾਧਿ ਖਨਤ ਗਹਿ ਚੋਰ ਚੋਰ ਕਰਿ ਮਾਰਿਯੈ ॥

saadh khanat geh chor chor kar maariyai ||

ਬਿਨੁ ਨੈਨਨ ਕੇ ਲਹੇ ਕੋਪ ਨਹਿ ਠਾਨਿਯੈ ॥

bin nainan ke lahe kop neh Thaaniyai ||

ਹੋ ਅਰਿ ਕੀ ਅਰਿ ਪਰ ਕਹੀ ਨ ਉਰ ਮੋ ਆਨਿਯੈ ॥੬॥

ho ar kee ar par kahee na ur mo aaniyai ||6||

ਚੌਪਈ ॥

chauapiee ||

ਯਾ ਮੈ ਕਹੋ ਕਹਾ ਹ੍ਵੈ ਗਈ ॥

yaa mai kaho kahaa havai giee ||

ਮੁਖ ਬੋਲੈ ਭਈਆ ਕੇ ਗਈ ॥

mukh bolai bhieeaa ke giee ||

ਤੋਰ ਸਵਿਤ ਮੈ ਕਛੂ ਨ ਬਿਗਾਰਿਯੋ ॥

tor savit mai kachh na bigaariyo ||

ਕਯੋ ਨ੍ਰਿਪ ਸੋ ਤੈ ਝੂਠ ਉਚਾਰਿਯੋ ॥੭॥

kayo nirap so tai jhooTh uchaariyo ||7||

ਅੜਿਲ ॥

aRil ||

ਕਹਾ ਭਯੋ ਜੌ ਰਾਵ ਕ੍ਰਿਪਾ ਕਰਿ ਆਇਯੋ ॥

kahaa bhayo jau raav kirapaa kar aaiyo ||

ਮੈ ਨ ਸੇਜ ਤੁਮਰੀ ਤੇ ਪਕਰਿ ਮੰਗਾਇਯੋ ॥

mai na sej tumaree te pakar ma(n)gaiyo ||

ਇਤੋ ਕੋਪ ਸੁਨਿ ਸਵਤਿ ਨ ਚਿਤ ਮੌ ਧਾਰਿਯੈ ॥

eito kop sun savat na chit mau dhaariyai ||

ਹੋ ਬੈਰ ਕੈਸੋਈ ਹੋਇ ਨ ਬ੍ਰਿਥਾ ਉਚਾਰਿਯੈ ॥੮॥

ho bair kaisoiee hoi na birathaa uchaariyai ||8||

ਚੌਪਈ ॥

chauapiee ||

ਮੂਰਖ ਰਾਵ ਭੇਦ ਕਾ ਜਾਨੈ ॥

moorakh raav bhedh kaa jaanai ||

ਰਿਪੁ ਕੀ ਕਹੀ ਰਿਪੁ ਕਰਿ ਮਾਨੈ ॥

rip kee kahee rip kar maanai ||

ਸਾਚ ਰਾਵ ਕੇ ਮੁਖ ਪਰ ਕਹਿਯੋ ॥

saach raav ke mukh par kahiyo ||

ਮੂਰਖ ਨਾਹ ਨਾਹਿ ਕਛੁ ਲਹਿਯੋ ॥੯॥

moorakh naeh naeh kachh lahiyo ||9||

ਕਹ ਭਯੋ ਮੈ ਇਹ ਸਾਥ ਬਿਹਾਰਿਯੋ ॥

keh bhayo mai ieh saath bihaariyo ||

ਤੇਰੋ ਕਛੂ ਨ ਕਾਜ ਬਿਗਾਰਿਯੋ ॥

tero kachhoo na kaaj bigaariyo ||

ਕੈ ਤਹਕੀਕ ਤ੍ਰਿਯਾ ਸਿਰ ਕੀਜੈ ॥

kai tahakeek tirayaa sir keejai ||

ਨਾਤਰ ਮੀਚ ਮੂੰਡ ਪਰ ਲੀਜੈ ॥੧੦॥

naatar meech moo(n)dd par leejai ||10||

ਸੁਨੁ ਰਾਜਾ ਇਹ ਕਛੂ ਨ ਕਹਿਯੈ ॥

sun raajaa ieh kachhoo na kahiyai ||

ਸਾਚ ਝੂਠ ਮੇਰੋ ਹੀ ਲਹਿਯੈ ॥

saach jhooTh mero hee lahiyai ||

ਲਹਿ ਸਾਚੀ ਮੁਹਿ ਸਾਥ ਬਿਹਾਰਿਯੋ ॥

leh saachee muh saath bihaariyo ||

ਝੂਠੀ ਜਾਨਿ ਚੋਰ ਕਰਿ ਮਾਰਿਯੋ ॥੧੧॥

jhooThee jaan chor kar maariyo ||11||

ਤਬ ਰਾਜੈ ਇਹ ਭਾਤਿ ਬਖਾਨੀ ॥

tab raajai ieh bhaat bakhaanee ||

ਰਾਨੀ ਤੂ ਸਾਚੀ ਮੈ ਜਾਨੀ ॥

raanee too saachee mai jaanee ||

ਤੋ ਪਰ ਝੂਠ ਸਵਤਿ ਇਨ ਕਹਿਯੋ ॥

to par jhooTh savat in kahiyo ||

ਸੋ ਮੈ ਆਜੁ ਸਾਚੁ ਕਰਿ ਲਹਿਯੋ ॥੧੨॥

so mai aaj saach kar lahiyo ||12||

ਦੋਹਰਾ ॥

dhoharaa ||

ਸੁਨਿ ਰਾਨੀ ਸਜਾਨੀ ਬਚਨ ਸੀਸ ਰਹੀ ਨਿਹੁਰਾਇ ॥

sun raanee sayaanee bachan sees rahee nihurai ||

ਸੁਘਰ ਹੋਇ ਸੋ ਜਾਨਈ ਜੜ ਕੋ ਕਹਾ ਉਪਾਇ ॥੧੩॥

sughar hoi so jaaniee jaR ko kahaa upai ||13||

ਅੜਿਲ ॥

aRil ||

ਜੋ ਚਤਰੋ ਨਰ ਹੋਇ ਸੁ ਭੇਵ ਪਛਾਨਈ ॥

jo chataro nar hoi su bhev pachhaaniee ||

ਮੂਰਖ ਭੇਦ ਅਭੇਦ ਕਹਾ ਜਿਯ ਜਾਨਈ ॥

moorakh bhedh abhedh kahaa jiy jaaniee ||

ਤਾ ਤੈ ਹੌਹੂੰ ਕਛੂ ਚਰਿਤ੍ਰ ਬਨਾਇ ਹੋ ॥

taa tai hauahoo(n) kachhoo charitr banai ho ||

ਹੋ ਯਾ ਰਾਨੀ ਕੇ ਸਹਿਤ ਨ੍ਰਿਪਹਿ ਕੋ ਘਾਇ ਹੋ ॥੧੪॥

ho yaa raanee ke sahit nirapeh ko ghai ho ||14||

ਚੌਪਈ ॥

chauapiee ||

ਮੂਰਖ ਕਛੂ ਭੇਦ ਨਹਿ ਪਾਯੋ ॥

moorakh kachhoo bhedh neh paayo ||

ਸਾਚੀ ਕੋ ਝੂਠੀ ਠਹਰਾਯੋ ॥

saachee ko jhooThee Thaharaayo ||

ਝੂਠੀ ਕੋ ਸਾਚੀ ਕਰਿ ਮਾਨ੍ਯੋ ॥

jhooThee ko saachee kar maanayo ||

ਭੇਦ ਅਭੇਦ ਕਛੂ ਨਹਿ ਜਾਨ੍ਯੋ ॥੧੫॥

bhedh abhedh kachhoo neh jaanayo ||15||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਇਕਾਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੮੧॥੩੫੦੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau ikaaseevo charitr samaapatam sat subham sat

||181||3500||afajoo(n)||

ਦੋਹਰਾ ॥

dhoharaa ||

ਵਹੈ ਸਵਤਿ ਤਾ ਕੀ ਹੁਤੀ ਜਾ ਕੋ ਰੂਪ ਅਪਾਰ ॥

vahai savat taa kee hutee jaa ko roop apaar ||

ਸੁਰਪਤਿ ਸੇ ਨਿਰਖਤ ਸਦਾ ਮੁਖ ਛਬਿ ਭਾਨ ਕੁਮਾਰਿ ॥੧॥

surapat se nirakhat sadhaa mukh chhab bhaan kumaar ||1||

ਅੜਿਲ ॥

aRil ||

ਭਾਨ ਕਲਾ ਐਸੇ ਬਹੁ ਬਰਖ ਬਿਤਾਇ ਕੈ ॥

bhaan kalaa aaise bahu barakh bitai kai ||

ਨਿਸਿਸ ਪ੍ਰਭਾ ਕੀ ਬਾਤ ਗਈ ਜਿਯ ਆਇ ਕੈ ॥

nisis prabhaa kee baat giee jiy aai kai ||

ਸੋਤ ਰਾਵ ਤਿਹ ਸੰਗ ਬਿਲੋਕ੍ਯੋ ਜਾਇ ਕੈ ॥

sot raav teh sa(n)g bilokayo jai kai ||

ਹੋ ਫਿਰਿ ਆਈ ਘਰ ਮਾਝ ਦੁਹੁਨ ਕੋ ਘਾਇ ਕੈ ॥੨॥

ho fir aaiee ghar maajh dhuhun ko ghai kai ||2||

ਚੌਪਈ ॥

chauapiee ||

ਅਧਿਕ ਕੋਪ ਕਰਿ ਖੜਗ ਪ੍ਰਹਾਰਿਯੋ ॥

adhik kop kar khaRag prahaariyo ||

ਦੁਹੂਅਨ ਚਾਰਿ ਟੂਕ ਕਰਿ ਡਾਰਿਯੋ ॥

dhuhooan chaar Took kar ddaariyo ||

ਮੈ ਇਹ ਜੜ ਸੋ ਭੇਦ ਬਤਾਯੋ ॥

mai ieh jaR so bhedh bataayo ||

ਇਹ ਮੋਹੁ ਝੂਠੀ ਠਹਰਾਯੋ ॥੩॥

eeh moh jhooThee Thaharaayo ||3||

ਸਵਤਿ ਸਹਿਤ ਰਾਜਾ ਕੌ ਘਾਈ ॥

savat sahit raajaa kau ghaiee ||

ਪੌਛਿ ਖੜਗ ਬਹੁਰੋ ਘਰ ਆਈ ॥

pauachh khaRag bahuro ghar aaiee ||

ਸੋਇ ਰਹੀ ਮਨ ਮੈ ਸੁਖ ਪਾਯੋ ॥

soi rahee man mai sukh paayo ||

ਭਏ ਪ੍ਰਾਤ ਯੌਂ ਕੂਕਿ ਸੁਨਾਯੋ ॥੪॥

bhe praat yau kook sunaayo ||4||

ਰੋਇ ਪ੍ਰਾਤ ਭੇ ਬਚਨ ਉਚਾਰੇ ॥

roi praat bhe bachan uchaare ||

ਬੈਠੇ ਕਹਾ ਰਾਵ ਜੂ ਮਾਰੇ ॥

baiThe kahaa raav joo maare ||

ਹਮਰੇ ਸੁਖ ਸਭ ਹੀ ਬਿਧਿ ਖੋਏ ॥

hamare sukh sabh hee bidh khoe ||

ਯੌਂ ਸੁਨਿ ਬੈਨ ਸਕਲ ਭ੍ਰਿਤ ਰੋਏ ॥੫॥

yau sun bain sakal bhirat roe ||5||

ਮ੍ਰਿਤਕ ਰਾਵ ਤ੍ਰਿਯ ਸਹਿਤ ਨਿਹਾਰਿਯੋ ॥

mritak raav tiray sahit nihaariyo ||

ਤਬ ਰਾਨੀ ਇਹ ਭਾਤਿ ਉਚਾਰਿਯੋ ॥

tab raanee ieh bhaat uchaariyo ||

ਮੋ ਕਹ ਸਾਥ ਰਾਵ ਕੇ ਜਾਰਹੁ ॥

mo keh saath raav ke jaarahu ||

ਮੋਰੇ ਛਤ੍ਰ ਪੁਤ੍ਰ ਸਿਰ ਢਾਰਹੁ ॥੬॥

more chhatr putr sir ddaarahu ||6||

ਤਬ ਤਾ ਪੈ ਮੰਤ੍ਰੀ ਸਭ ਆਏ ॥

tab taa pai ma(n)tree sabh aae ||

ਰੋਇ ਰੋਇ ਯੌ ਬਚਨ ਸੁਨਾਏ ॥

roi roi yau bachan sunaae ||

ਛਤ੍ਰ ਪੁਤ੍ਰ ਕੇ ਸਿਰ ਪਰ ਢਾਰੋ ॥

chhatr putr ke sir par ddaaro ||

ਆਜ ਉਚਿਤ ਨਹਿ ਜਰਨ ਤਿਹਾਰੋ ॥੭॥

aaj uchit neh jaran tihaaro ||7||

ਦੋਹਰਾ ॥

dhoharaa ||

ਨ੍ਰਿਪਤਿ ਮਰਿਯੋ ਸਿਸੁ ਸੁਤ ਰਹਿਯੋ ਤੈ ਜਰਿ ਹੈ ਦੁਖ ਪਾਇ ॥

nirapat mariyo sis sut rahiyo tai jar hai dhukh pai ||

ਜਿਨਿ ਐਸੋ ਹਠ ਕੀਜਿਯੈ ਰਾਜ ਬੰਸ ਤੇ ਜਾਇ ॥੮॥

jin aaiso haTh keejiyai raaj ba(n)s te jai ||8||

ਚੌਪਈ ॥

chauapiee ||

ਸਭਨ ਸੁਨਤ ਇਹ ਭਾਤਿ ਉਚਾਰੀ ॥

sabhan sunat ieh bhaat uchaaree ||

ਜਰਨ ਨਿਮਿਤਿ ਉਠਿ ਤਬੈ ਸਿਧਾਰੀ ॥

jaran nimit uTh tabai sidhaaree ||

ਤਬ ਮੰਤ੍ਰਿਨ ਰਾਨੀ ਗਹਿ ਲਈ ॥

tab ma(n)tiran raanee geh liee ||

ਰਾਜ ਸਮਗ੍ਰੀ ਤਿਹ ਸੁਤ ਦਈ ॥੯॥

raaj samagree teh sut dhiee ||9||

ਦੋਹਰਾ ॥

dhoharaa ||

ਚਰਿਤ ਚੰਚਲਾ ਐਸ ਕਰਿ ਤ੍ਰਿਯ ਜੁਤ ਨ੍ਰਿਪਤਿ ਸੰਘਾਰਿ ॥

charit cha(n)chalaa aais kar tiray jut nirapat sa(n)ghaar ||

ਮੰਤ੍ਰਿਨ ਕੀ ਰਾਖੀ ਰਹੀ ਛਤ੍ਰ ਪੁਤ੍ਰ ਸਿਰ ਢਾਰ ॥੧੦॥

ma(n)tiran kee raakhee rahee chhatr putr sir ddaar ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਬਿਆਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੮੨॥੩੫੧੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau biaaseevo charitr samaapatam sat subham sat

||182||3510||afajoo(n)||

ਦੋਹਰਾ ॥

dhoharaa ||

ਸਹਿਰ ਬਟਾਲਾ ਮੌ ਬਸੈ ਮੈਗਲ ਖਾਨ ਪਠਾਨ ॥

sahir baTaalaa mau basai maigal khaan paThaan ||

ਮਦ ਪੀਵਤ ਨਿਸੁ ਦਿਨ ਰਹੈ ਸਦਾ ਰਹਤ ਅਗਜਾਨ ॥੧॥

madh peevat nis dhin rahai sadhaa rahat agayaan ||1||

ਚੌਪਈ ॥

chauapiee ||

ਤਬ ਹੀ ਦਿਵਸ ਤੀਜ ਕੋ ਆਯੋ ॥

tab hee dhivas teej ko aayo ||

ਸਭ ਅਬਲਨਿ ਆਨੰਦੁ ਬਢਾਯੋ ॥

sabh abalan aana(n)dh baddaayo ||

ਝੂਲਤਿ ਗੀਤਿ ਮਧੁਰ ਧੁਨਿ ਗਾਵਹਿ ॥

jhoolat geet madhur dhun gaaveh ||

ਸੁਨਤ ਨਾਦ ਕੋਕਿਲਾ ਲਜਾਵਹਿ ॥੨॥

sunat naadh kokilaa lajaaveh ||2||

ਉਤ ਘਨਘੋਰ ਘਟਾ ਘੁਹਰਾਵੈ ॥

aut ghanaghor ghaTaa ghuharaavai ||

ਇਤਿ ਮਿਲਿ ਗੀਤ ਚੰਚਲਾ ਗਾਵੈ ॥

eit mil geet cha(n)chalaa gaavai ||

ਉਤ ਤੇ ਦਿਪਤ ਦਾਮਿਨੀ ਦਮਕੈ ॥

aut te dhipat dhaaminee dhamakai ||

ਇਤ ਇਨ ਦਸਨ ਕਾਮਨਿਨ ਝਮਕੈ ॥੩॥

eit in dhasan kaamanin jhamakai ||3||

ਰਿਤੁ ਰਾਜ ਪ੍ਰਭਾ ਇਕ ਰਾਜ ਦੁਲਾਰਨਿ ॥

rit raaj prabhaa ik raaj dhulaaran ||

ਜਾਹਿ ਪ੍ਰਭਾ ਸਮ ਰਾਜ ਕੁਮਾਰਿ ਨ ॥

jaeh prabhaa sam raaj kumaar na ||

ਅਪ੍ਰਮਾਨ ਤਾ ਕੀ ਛਬਿ ਸੋਹੈ ॥

apramaan taa kee chhab sohai ||

ਖਗ ਮ੍ਰਿਗ ਰਾਜ ਭੁਜੰਗਨ ਮੋਹੈ ॥੪॥

khag mirag raaj bhuja(n)gan mohai ||4||

ਸੋ ਝੂਲਤ ਤਿਨ ਖਾਨ ਨਿਹਾਰੀ ॥

so jhoolat tin khaan nihaaree ||

ਗਿਰਿਯੋ ਭੂਮਿ ਜਨੁ ਲਗੀ ਕਟਾਰੀ ॥

giriyo bhoom jan lagee kaTaaree ||

ਕੁਟਨੀ ਏਕ ਬੁਲਾਇ ਮੰਗਾਈ ॥

kuTanee ek bulai ma(n)gaiee ||

ਸਕਲ ਬ੍ਰਿਥਾ ਤਿਹ ਭਾਖ ਸੁਨਾਈ ॥੫॥

sakal birathaa teh bhaakh sunaiee ||5||

ਕਬਿਤੁ ॥

kabit ||

ਆਈ ਹੁਤੀ ਬਨਿ ਏਕ ਬਾਲਾ ਰਾਗ ਮਾਲਾ ਸਮ ਮੇਰੇ ਗ੍ਰਿਹ ਮਾਝ ਦੀਪਮਾਲਾ ਜਨੁ ਵੈ ਗਈ ॥

aaiee hutee ban ek baalaa raag maalaa sam mere gireh maajh dheepamaalaa jan vai giee ||

ਬਿਛੂਆ ਕੀ ਬਿਝਕ ਸੋ ਬਿਛੂ ਸੋ ਡਸਾਇ ਮਾਨੋ ਚੇਟਕ ਚਲਾਇ ਨਿਜੁ ਚੇਰੋ ਮੋਹਿ ਕੈ ਗਈ ॥

bichhooaa kee bijhak so bichhoo so ddasai maano cheTak chalai nij chero moh kai giee ||

ਦਸਨ ਕੀ ਦਿਪਤ ਦਿਵਾਨੇ ਦੇਵ ਦਾਨੌ ਕੀਨੇ ਨੈਨਨ ਕੀ ਕੋਰ ਸੌ ਮਰੋਰਿ ਮਨੁ ਲੈ ਗਈ ॥

dhasan kee dhipat dhivaane dhev dhaanau keene nainan kee kor sau maror man lai giee ||

ਕੰਚਨ ਸੇ ਗਾਤ ਰਵਿ ਥੋਰਿਕ ਚਿਲਚਿਲਾਤ ਦਾਮਨੀ ਸੀ ਕਾਮਨੀ ਦਿਖਾਈ ਆਨਿ ਦੈ ਗਈ ॥੬॥

ka(n)chan se gaat rav thorik chilachilaat dhaamanee see kaamanee

dhikhaiee aan dhai giee ||6||

ਚੌਪਈ ॥

chauapiee ||

ਜੌ ਮੁਹਿ ਤਿਹ ਤੂ ਆਨਿ ਮਿਲਾਵੈ ॥

jau muh teh too aan milaavai ||

ਅਪੁਨੇ ਮੁਖ ਮਾਗੇ ਸੌ ਪਾਵੈ ॥

apune mukh maage sau paavai ||

ਰੁਤਿਸ ਪ੍ਰਭਾ ਤਨਿ ਕੈ ਰਤਿ ਕਰੌਂ ॥

rutis prabhaa tan kai rat karaua(n) ||

ਨਾਤਰ ਮਾਰਿ ਕਟਾਰੀ ਮਰੌਂ ॥੭॥

naatar maar kaTaaree maraua(n) ||7||

ਦੋਹਰਾ ॥

dhoharaa ||

ਰੁਤਿਸ ਪ੍ਰਭਾ ਕੀ ਅਤਿ ਪ੍ਰਭਾ ਜਬ ਤੇ ਲਖੀ ਬਨਾਇ ॥

rutis prabhaa kee at prabhaa jab te lakhee banai ||

ਚੁਭਿ ਚਿਤ ਕੇ ਭੀਤਰ ਰਹੀ ਮੁਖ ਤੇ ਕਹੀ ਨ ਜਾਇ ॥੮॥

chubh chit ke bheetar rahee mukh te kahee na jai ||8||

ਮੋ ਤੋ ਛਬਿ ਨ ਕਹੀ ਪਰੈ ਸ੍ਰੀ ਰਿਤੁ ਰਾਜ ਕੁਮਾਰਿ ॥

mo to chhab na kahee parai sree rit raaj kumaar ||

ਜੀਭਿ ਮਧੁਰ ਹ੍ਵੈ ਜਾਤ ਹੈ ਬਰਨਤ ਪ੍ਰਭਾ ਅਪਾਰ ॥੯॥

jeebh madhur havai jaat hai baranat prabhaa apaar ||9||

ਕਬਿਤੁ ॥

kabit ||

ਆਂਖਿ ਰਸ ਗਿਰਿਯੋ ਤਾ ਤੇ ਆਂਬ ਪ੍ਰਗਟਤ ਭਏ ਜਿਹਵਾ ਰਸ ਹੂ ਤੇ ਜਰਦਾਲੂ ਲਹਿਯਤੁ ਹੈ ॥

aa(n)kh ras giriyo taa te aa(n)b pragaTat bhe jihavaa ras hoo te jaradhaaloo lahiyat hai ||

ਮੁਖ ਰਸ ਹੂ ਕੌ ਮਧੁ ਪਾਨ ਕੈ ਬਖਾਨਿਯਤ ਜਾ ਕੇ ਨੈਕ ਚਾਖੈ ਸਦਾ ਜੀਯਤ ਰਹਿਯਤੁ ਹੈ ॥

mukh ras hoo kau madh paan kai bakhaaniyat jaa ke naik chaakhai sadhaa jeeyat rahiyat hai ||

ਨਾਕ ਕੌ ਨਿਰਖਿ ਨਿਸਿਰਾਟ ਨਿਸਿ ਰਾਜਾ ਭਯੋ ਜਾ ਕੀ ਸਭ ਜਗਤ ਕੌ ਜੌਨ ਚਹਿਯਤੁ ਹੈ ॥

naak kau nirakh nisiraaT nis raajaa bhayo jaa kee sabh jagat kau jauan chahiyat hai ||

ਦਾਤਨ ਤੇ ਭਯੋ ਦਾਖ ਦਾਰਿਮ ਬਖਾਨਿਯਤ ਅਧਰ ਤੇ ਭਯੋ ਤਾਹਿ ਊਖ ਕਹਿਯਤੁ ਹੈ ॥੧੦॥

dhaatan te bhayo dhaakh dhaarim bakhaaniyat adhar te bhayo taeh uookh

kahiyat hai ||10||

ਚੌਪਈ ॥

chauapiee ||

ਕੁਟਨੀ ਬਚਨ ਸੁਨਤ ਏ ਧਾਈ ॥

kuTanee bachan sunat e dhaiee ||

ਤਾਹਿ ਝੁਲਾਵਨ ਕੇ ਮਿਸੁ ਲਜਾਈ ॥

taeh jhulaavan ke mis layaiee ||

ਤਬ ਤਿਹ ਆਨ ਖਾਨ ਗਹਿ ਲੀਨੋ ॥

tab teh aan khaan geh leeno ||

ਚਕਿਚਿਤ ਚਰਿਤ ਚੰਚਲਾ ਕੀਨੋ ॥੧੧॥

chakichit charit cha(n)chalaa keeno ||11||

ਤੁਮਰੇ ਇਹੀ ਨਿਮਿਤ ਮੈ ਆਈ ॥

tumare ihee nimit mai aaiee ||

ਅਬ ਫੂਲਨ ਮੁਹਿ ਦਈ ਦਿਖਾਈ ॥

ab foolan muh dhiee dhikhaiee ||

ਅਬ ਮੁਹਿ ਜਾਨ ਧਾਮ ਕੌ ਦੀਜੈ ॥

ab muh jaan dhaam kau dheejai ||

ਪਰਸੌਂ ਬੋਲਿ ਕਲੋਲ ਕਰੀਜੈ ॥੧੨॥

parasaua(n) bol kalol kareejai ||12||

ਅਤਿ ਮਦ ਪਾਨ ਖਾਨ ਤੁਮ ਕੀਜਹੁ ॥

at madh paan khaan tum keejahu ||

ਲਪਟਿ ਲਪਟਿ ਮੋ ਕਹੁ ਸੁਖ ਦੀਜਹੁ ॥

lapaT lapaT mo kahu sukh dheejahu ||

ਪਰਸੌਂ ਅਰਧ ਰਾਤ੍ਰਿ ਮੈ ਐਹੌਂ ॥

parasaua(n) aradh raatr mai aaihau ||

ਤੁਮਰੀ ਦੁਹਿਤਾ ਕੇ ਢਿਗ ਸ੍ਵੈਹੌਂ ॥੧੩॥

tumaree dhuhitaa ke ddig savaihau ||13||

ਯੌਂ ਕਰਿ ਬੋਲ ਖਾਨ ਤਜਿ ਦੀਨੀ ॥

yau kar bol khaan taj dheenee ||

ਪਰਸੌਂ ਕੀ ਚਿੰਤਾ ਚਿਤ ਕੀਨੀ ॥

parasau kee chi(n)taa chit keenee ||

ਤਬ ਰਿਤੁ ਰਾਜ ਪ੍ਰਭਾ ਚਲਿ ਆਈ ॥

tab rit raaj prabhaa chal aaiee ||

ਵਾ ਦੁਹਿਤਾ ਢਿਗ ਸੇਜ ਬਿਛਾਈ ॥੧੪॥

vaa dhuhitaa ddig sej bichhaiee ||14||

ਸੋਏ ਲੋਗ ਧਾਮ ਉਠਿ ਗਈ ॥

soe log dhaam uTh giee ||

ਸਿਮਰਤ ਖਾਨ ਘਰੀ ਸੋ ਭਈ ॥

simarat khaan gharee so bhiee ||

ਨਿਸੁ ਸਿਗਰੀ ਤਿਹ ਕਹ ਜਗਵਾਯੋ ॥

nis sigaree teh keh jagavaayo ||

ਖੋਜਤ ਤਾਹਿ ਸੁਤਾ ਢਿਗ ਆਯੋ ॥੧੫॥

khojat taeh sutaa ddig aayo ||15||

ਰੁਤਿਸ ਪ੍ਰਭਾ ਦੁਹਿਤਾ ਲਖਿ ਧਰੀ ॥

rutis prabhaa dhuhitaa lakh dharee ||

ਦ੍ਰਿੜ ਗਹਿ ਜਾਘ ਦੋਊ ਰਤਿ ਕਰੀ ॥

dhiraR geh jaagh dhouoo rat karee ||

ਹਾਇ ਹਾਇ ਕਰਿ ਰਹੀ ਪਠਾਨੀ ॥

hai hai kar rahee paThaanee ||

ਮਦ ਪੀਏ ਜੜ ਕਛੂ ਨ ਜਾਨੀ ॥੧੬॥

madh pe'ee jaR kachhoo na jaanee ||16||

ਦੋਹਰਾ ॥

dhoharaa ||

ਲਪਟਿ ਲਪਟਿ ਤਾ ਸੌ ਰਮਿਯੋ ਰੁਤਿਸ ਪ੍ਰਭਾ ਤਿਹ ਜਾਨਿ ॥

lapaT lapaT taa sau ramiyo rutis prabhaa teh jaan ||

ਮਦ ਉਤਰੇ ਤਿਹ ਤਜਿ ਦਿਯੋ ਅਪਨੀ ਸੁਤਾ ਪਛਾਨਿ ॥੧੭॥

madh utare teh taj dhiyo apanee sutaa pachhaan ||17||

ਧੰਨਜ ਛਤ੍ਰਿ ਜਾ ਕੋ ਧਰਮ ਸ੍ਰੀ ਰਿਤੁ ਰਾਜਿ ਕੁਮਾਰਿ ॥

dha(n)nay chhatr jaa ko dharam sree rit raaj kumaar ||

ਸੰਗ ਸੁਤਾ ਕੇ ਕੈ ਮੁਝੈ ਗੀ ਪਤਿਬ੍ਰਤਾ ਉਬਾਰਿ ॥੧੮॥

sa(n)g sutaa ke kai mujhai gee patibrataa ubaar ||18||

ਏਕ ਮਦੀ ਦੂਜੈ ਤਰੁਨਿ ਤੀਜੇ ਅਤਿ ਧਨ ਧਾਮ ॥

ek madhee dhoojai tarun teeje at dhan dhaam ||

ਪਾਪ ਕਰੇ ਬਿਨ ਕਜੌਨ ਬਚੈ ਬਚੈ ਬਚਾਵੈ ਰਾਮ ॥੧੯॥

paap kare bin kayon bachai bachai bachaavai raam ||19||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਤਿਰਾਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੮੩॥੩੫੨੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau tiraaseevo charitr samaapatam sat subham sat

||183||3529||afajoo(n)||

ਚੌਪਈ ॥

chauapiee ||

ਪਾਡਵ ਕੇ ਪਾਚੌ ਸੁਤ ਸੂਰੇ ॥

paaddav ke paachau sut soore ||

ਅਰਜੁਨ ਭੀਮ ਜੁਧਿਸਟਰ ਰੂਰੇ ॥

arajun bheem judhisaTar roore ||

ਨਕੁਲ ਅਵਰ ਸਹਦੇਵ ਭਨਿਜੈ ॥

nakul avar sahadhev bhanijai ||

ਜਾ ਸਮ ਉਪਜਿਯੋ ਕੌਨ ਕਹਿਜੈ ॥੧॥

jaa sam upajiyo kauan kahijai ||1||

ਬਾਰਹ ਬਰਖ ਬਨਬਾਸ ਬਿਤਾਯੋ ॥

baareh barakh banabaas bitaayo ||

ਸੋਈ ਬਰਖ ਤ੍ਰੈਦਸੋ ਆਯੋ ॥

soiee barakh traidhaso aayo ||

ਦੇਸ ਬਿਰਾਟ ਰਾਜ ਕੇ ਗਏ ॥

dhes biraaT raaj ke ge ||

ਸੋਊ ਬਰਖ ਬਿਤਾਵਤ ਭਏ ॥੨॥

souoo barakh bitaavat bhe ||2||

ਦੋਹਰਾ ॥

dhoharaa ||

ਜਬੈ ਕ੍ਰੀਚਕਹਿ ਦ੍ਰੁਪਦਜਾ ਦੇਖੀ ਨੈਨ ਪਸਾਰਿ ॥

jabai kreechakeh dhrupadhajaa dhekhee nain pasaar ||

ਗਿਰਿਯੋ ਮੂਰਛਨਾ ਹ੍ਵੈ ਧਰਨਿ ਮਾਰਿ ਕਰਿਯੋ ਬਿਸੰਭਾਰ ॥੩॥

giriyo moorachhanaa havai dharan maar kariyo bisa(n)bhaar ||3||

ਚੌਪਈ ॥

chauapiee ||

ਪ੍ਰਗਟ ਭਗਨਿ ਤਨੁ ਭੇਦ ਜਤਾਯੋ ॥

pragaT bhagan tan bhedh jataayo ||

ਮਿਲਨ ਦ੍ਰੁਪਦਜਾ ਕੋ ਠਹਰਾਯੋ ॥

milan dhrupadhajaa ko Thaharaayo ||

ਰਾਨੀ ਪਠੈ ਸਦੇਸਨ ਦਈ ॥

raanee paThai sadhesan dhiee ||

ਕਰ ਤੇ ਪਕਰਿ ਕਰੀਚਕ ਲਈ ॥੪॥

kar te pakar kareechak liee ||4||

ਦੋਹਰਾ ॥

dhoharaa ||

ਕਰਿ ਕੈ ਕਰਿ ਕੋ ਅਧਿਕ ਬਲੁ ਅੰਚਰ ਗਈ ਛੁਰਾਇ ॥

kar kai kar ko adhik bal a(n)char giee chhurai ||

ਜਨੁ ਕਰਿ ਹੇਰੇ ਸ੍ਵਾਨ ਕੌ ਭਜਤ ਮ੍ਰਿਗੀ ਅਕੁਲਾਇ ॥੫॥

jan kar here savaiaan kau bhajat miragee akulai ||5||

ਚੌਪਈ ॥

chauapiee ||

ਤਬ ਅਤਿ ਕੋਪ ਕਰੀਚਕ ਕਯੋ ॥

tab at kop kareechak kayo ||

ਰਾਜਾ ਹੁਤੋ ਜਹਾ ਤਹ ਅਯੋ ॥

raajaa huto jahaa teh ayo ||

ਪਾਦ ਪ੍ਰਹਾਰ ਦ੍ਰੁਪਦ ਯਹਿ ਕਿਯੋ ॥

paadh prahaar dhrupadh yeh kiyo ||

ਪਾਚੋ ਨਿਰਖਿ ਪੰਡ ਜਨ ਲਿਯੋ ॥੬॥

paacho nirakh pa(n)dd jan liyo ||6||

ਅਤਿ ਹੀ ਕੋਪ ਭੀਮ ਤਬ ਭਰਿਯੋ ॥

at hee kop bheem tab bhariyo ||

ਰਾਜੈ ਮਨੇ ਨੈਨ ਸੌ ਕਰਿਯੋ ॥

raajai mane nain sau kariyo ||

ਬੋਲ ਦ੍ਰੁਪਦਜਾ ਨਿਕਟ ਸਿਖਾਈ ॥

bol dhrupadhajaa nikaT sikhaiee ||

ਸੌ ਕ੍ਰੀਚਕ ਸੌ ਕਹੋ ਬਨਾਈ ॥੭॥

sau kreechak sau kaho banaiee ||7||

ਦੋਹਰਾ ॥

dhoharaa ||

ਚਤੁਰਿ ਦ੍ਰੁਪਦਜਾ ਅਤਿ ਹੁਤੀ ਅਰੁ ਪਤਿ ਕਹਿਯੋ ਬਨਾਇ ॥

chatur dhrupadhajaa at hutee ar pat kahiyo banai ||

ਏਕ ਬਚਨ ਭਾਖਿਯੋ ਹੁਤੋ ਬੀਸਕ ਕਹੀ ਸੁਨਾਇ ॥੮॥

ek bachan bhaakhiyo huto beesak kahee sunai ||8||

ਚੌਪਈ ॥

chauapiee ||

ਦ੍ਰੁਪਦੀ ਯੌ ਕ੍ਰੀਚਕ ਸੌ ਕਹੀ ॥

dhrupadhee yau kreechak sau kahee ||

ਤੁਮ ਪੈ ਅਨਿਕ ਰੀਝਿ ਮੈ ਰਹੀ ॥

tum pai anik reejh mai rahee ||

ਸੂੰਨਿਸਾਲ ਨਿਸਿ ਕੌ ਤੁਮ ਐਯਹੁ ॥

soo(n)nisaal nis kau tum aaiyahu ||

ਕਾਮ ਭੋਗ ਮੁਹਿ ਸਾਥ ਕਮੈਯਹੁ ॥੯॥

kaam bhog muh saath kamaiyahu ||9||

ਸੂੰਨਿਸਾਲ ਭੀਮਹਿ ਬੈਠਾਯੋ ॥

soo(n)nisaal bheemeh baiThaayo ||

ਕ੍ਰੀਚਕ ਅਰਧ ਰਾਤ੍ਰਿ ਗੈ ਆਯੋ ॥

kreechak aradh raatr gai aayo ||

ਤਬ ਹੀ ਪਕਰਿ ਟਾਗ ਤੇ ਲਿਯੋ ॥

tab hee pakar Taag te liyo ||

ਟੂਕ ਅਨੇਕ ਤਾਹਿ ਕਰਿ ਦਿਯੋ ॥੧੦॥

Took anek taeh kar dhiyo ||10||

ਪ੍ਰਾਤ ਸਮੈ ਕ੍ਰੀਚਕ ਰਿਸਿ ਭਰੇ ॥

praat samai kreechak ris bhare ||

ਕੇਸ ਦ੍ਰੋਪਤੀ ਕੇ ਦ੍ਰਿੜ ਧਰੇ ॥

kes dhropatee ke dhiraR dhare ||

ਯਾਹਿ ਅਗਨਿ ਕੇ ਬੀਚ ਜਰੈ ਹੈ ॥

yaeh agan ke beech jarai hai ||

ਭ੍ਰਾਤ ਗਯੋ ਤਹ ਤੋਹਿ ਪਠੈ ਹੈ ॥੧੧॥

bhraat gayo teh toh paThai hai ||11||

ਗਹਿ ਕੇ ਕੇਸ ਤਾਹਿ ਲੈ ਚਲੇ ॥

geh ke kes taeh lai chale ||

ਕ੍ਰੀਚਕ ਬੀਰ ਸੂਰਮਾ ਭਲੇ ॥

kreechak beer sooramaa bhale ||

ਤਬ ਹੀ ਕੋਪ ਭੀਮ ਅਤਿ ਭਰਿਯੋ ॥

tab hee kop bheem at bhariyo ||

ਗਹਿ ਕੈ ਤਾਰ ਬ੍ਰਿਛ ਕਰਿ ਧਰਿਯੋ ॥੧੨॥

geh kai taar birachh kar dhariyo ||12||

ਜਾ ਕੌ ਕੋਪਿ ਬ੍ਰਿਛ ਕੀ ਮਾਰੈ ॥

jaa kau kop birachh kee maarai ||

ਤਾ ਕੋ ਮੂੰਡ ਚੌਥਿ ਹੀ ਡਾਰੈ ॥

taa ko moo(n)dd chauath hee ddaarai ||

ਕਾਹੂੰ ਪਕਰਿ ਟਾਗ ਤੇ ਆਵੈ ॥

kaahoo(n) pakar Taag te aavai ||

ਕਿਸੂ ਕੇਸ ਤੇ ਐਂਚਿ ਬਿਗਾਵੈ ॥੧੩॥

kisoo kes te aai(n)ch bigaavai ||13||

ਕਨਿਯਾ ਬਿਖੈ ਕ੍ਰੀਚਕਨ ਧਾਰੈ ॥

kaniyaa bikhai kreechakan dhaarai ||

ਬਰਤ ਚਿਤਾ ਭੀਤਰ ਲੈ ਡਾਰੈ ॥

barat chitaa bheetar lai ddaarai ||

ਸਹਸ ਪਾਚ ਕ੍ਰੀਚਕ ਸੰਗ ਮਾਰਿਯੋ ॥

sahas paach kreechak sa(n)g maariyo ||

ਨਿਜੁ ਨਾਰੀ ਕੋ ਪ੍ਰਾਨ ਉਬਾਰਿਯੋ ॥੧੪॥

nij naaree ko praan ubaariyo ||14||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਚੌਰਾਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੮੪॥੩੫੪੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau chauaraaseevo charitr samaapatam sat subham sat

||184||3543||afajoo(n)||

ਦੋਹਰਾ ॥

dhoharaa ||

ਏਕ ਬਨਿਕ ਕੀ ਭਾਰਜਾ ਅਕਬਰਬਾਦ ਮੰਝਾਰ ॥

ek banik kee bhaarajaa akabarabaadh ma(n)jhaar ||

ਦੇਵ ਦੈਤ ਰੀਝੈ ਨਿਰਖਿ ਸ੍ਰੀ ਰਨ ਰੰਗ ਕੁਮਾਰਿ ॥੧॥

dhev dhait reejhai nirakh sree ran ra(n)g kumaar ||1||

ਚੌਪਈ ॥

chauapiee ||

ਸ੍ਰੀ ਅਕਬਰ ਆਖੇਟ ਸਿਧਾਯੋ ॥

sree akabar aakheT sidhaayo ||

ਤਾ ਕੋ ਰੂਪ ਨਿਰਖਿ ਬਿਰਮਾਯੋ ॥

taa ko roop nirakh biramaayo ||

ਸਖੀ ਏਕ ਤਿਹ ਤੀਰ ਪਠਾਈ ॥

sakhee ek teh teer paThaiee ||

ਤਾਹਿ ਆਨਿ ਮੁਹਿ ਦੇਹਿ ਮਿਲਾਈ ॥੨॥

taeh aan muh dheh milaiee ||2||

ਤਬ ਚਲ ਸਖੀ ਭਵਨ ਤਿਹ ਗਈ ॥

tab chal sakhee bhavan teh giee ||

ਵਾ ਕੌਂ ਭੇਦ ਜਤਾਵਤ ਭਈ ॥

vaa kau bhedh jataavat bhiee ||

ਸੋ ਹਜਰਤਿ ਕੇ ਧਾਮ ਨ ਆਈ ॥

so hajarat ke dhaam na aaiee ||

ਹਜਰਤਿ ਜੂ ਗ੍ਰਿਹ ਲਏ ਬੁਲਾਈ ॥੩॥

hajarat joo gireh le bulaiee ||3||

ਹਜਰਤਿ ਜਬੈ ਭਵਨ ਤਿਹ ਆਯੋ ॥

hajarat jabai bhavan teh aayo ||

ਤਾ ਅਬਲਾ ਕੀ ਸੇਜ ਸੁਹਾਯੋ ॥

taa abalaa kee sej suhaayo ||

ਤਬ ਰਾਨੀ ਤਿਨ ਬਚਨ ਉਚਾਰੇ ॥

tab raanee tin bachan uchaare ||

ਸੁਨਹੁ ਸਾਹ ਪ੍ਰਾਨਨ ਤੇ ਪ੍ਯਾਰੇ ॥੪॥

sunahu saeh praanan te payaare ||4||

ਕਹੌ ਤੋ ਅਬੈ ਡਾਰਿ ਲਘੁ ਆਊ ॥

kahau to abai ddaar lagh aauoo ||

ਬਹੁਰਿ ਤਿਹਾਰੀ ਸੇਜ ਸੁਹਾਊ ॥

bahur tihaaree sej suhaauoo ||

ਯੌ ਕਹਿ ਜਾਤ ਤਹਾ ਤੇ ਭਈ ॥

yau keh jaat tahaa te bhiee ||

ਗ੍ਰਿਹ ਕੀ ਐਂਚਿ ਕਿਵਰਿਯਾ ਦਈ ॥੫॥

gireh kee aai(n)ch kivariyaa dhiee ||5||

ਪਤਿ ਕਹ ਜਾਇ ਸਕਲ ਸੁਧਿ ਦਈ ॥

pat keh jai sakal sudh dhiee ||

ਸੰਗ ਕਰਿ ਨਾਥੇ ਲਜਾਵਤ ਭਈ ॥

sa(n)g kar naathe layaavat bhiee ||

ਅਤਿ ਤਬ ਕੋਪ ਬਨਿਕ ਕੋ ਭਯੋ ॥

at tab kop banik ko bhayo ||

ਛਿਤ੍ਰ ਉਤਾਰਿ ਹਾਥ ਮੈ ਲਯੋ ॥੬॥

chhitr utaar haath mai layo ||6||

ਹਜਰਤਿ ਕੋ ਪਨਹੀ ਸਿਰ ਝਾਰੈ ॥

hajarat ko panahee sir jhaarai ||

ਲਜਤ ਸਾਹ ਨਹਿ ਬਚਨ ਉਚਾਰੈ ॥

lajat saeh neh bachan uchaarai ||

ਜੂਤਨਿ ਮਾਰਿ ਭੋਹਰੇ ਦਿਯੋ ॥

jootan maar bhohare dhiyo ||

ਵੈਸਹਿ ਦੈ ਦਰਵਾਜੋ ਲਿਯੋ ॥੭॥

vaiseh dhai dharavaajo liyo ||7||

ਦੋਹਰਾ ॥

dhoharaa ||

ਪ੍ਰਾਤ ਭਏ ਕੁਟਵਾਰ ਕੇ ਭਈ ਪੁਕਾਰੂ ਜਾਇ ॥

praat bhe kuTavaar ke bhiee pukaaroo jai ||

ਕਾਜੀ ਮੁਫਤੀ ਸੰਗ ਲੈ ਤਹਾ ਪਹੂਚੀ ਆਇ ॥੮॥

kaajee mufatee sa(n)g lai tahaa pahoochee aai ||8||

ਚੋਰ ਜਾਰ ਕੈ ਸਾਧ ਕਉ ਸਾਹੁ ਕਿਧੋ ਪਾਤਿਸਾਹ ॥

chor jaar kai saadh kau saahu kidho paatisaeh ||

ਆਪਨ ਹੀ ਚਲਿ ਦੇਖਿਯੈ ਏ ਕਾਜਿਨ ਕੋ ਨਾਹ ॥੯॥

aapan hee chal dhekhiyai e kaajin ko naeh ||9||

ਚੌਪਈ ॥

chauapiee ||

ਪਤਿ ਤ੍ਰਿਯ ਬਚਨ ਭਾਖਿ ਭਜਿ ਗਏ ॥

pat tiray bachan bhaakh bhaj ge ||

ਹੇਰਤ ਤੇ ਅਕਬਰ ਕਹ ਭਏ ॥

herat te akabar keh bhe ||

ਹਜਰਤਿ ਲਜਤ ਬਚਨ ਨਹਿ ਬੋਲੈ ॥

hajarat lajat bachan neh bolai ||

ਨਜਾਇ ਰਹਿਯੋ ਸਿਰ ਆਂਖਿ ਨ ਖੋਲੈ ॥੧੦॥

nayai rahiyo sir aa(n)kh na kholai ||10||

ਜੇ ਕੋਈ ਧਾਮ ਕਿਸੀ ਕੇ ਜਾਵੈ ॥

je koiee dhaam kisee ke jaavai ||

ਕਹੋ ਨਹਿ ਐਸ ਤੁਰਤ ਫਲੁ ਪਾਵੈ ॥

kayo neh aais turat fal paavai ||

ਜੇ ਕੋਊ ਪਰ ਨਾਰੀ ਸੋ ਪਾਗੈ ॥

je kouoo par naaree so paagai ||

ਪਨਹੀ ਇਹਾ ਨਰਕ ਤਿਹ ਆਗੈ ॥੧੧॥

panahee ihaa narak teh aagai ||11||

ਜਬ ਇਹ ਭਾਤਿ ਹਜਰਤਿਹਿ ਭਯੋ ॥

jab ieh bhaat hajarateh bhayo ||

ਬਹੁਰਿ ਕਿਸੂ ਕੇ ਧਾਮ ਨ ਗਯੋ ॥

bahur kisoo ke dhaam na gayo ||

ਜੈਸਾ ਕਿਯ ਤੈਸਾ ਫਲ ਪਾਯੋ ॥

jaisaa kiy taisaa fal paayo ||

ਦੁਰਾਚਾਰ ਚਿਤ ਤੇ ਬਿਸਰਾਯੋ ॥੧੨॥

dhuraachaar chit te bisaraayo ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਪਚਾਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੮੫॥੩੫੫੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau pachaaseevo charitr samaapatam sat subham sat

||185||3555||afajoo(n)||

ਦੋਹਰਾ ॥

dhoharaa ||

ਮਦ੍ਰ ਦੇਸ ਇਕ ਛਤ੍ਰਜਾ ਅਚਲ ਕਲਾ ਤਿਹ ਨਾਉ ॥

madhr dhes ik chhatrajaa achal kalaa teh naau ||

ਅਧਿਕ ਦਰਬ ਤਾ ਕੇ ਰਹੈ ਬਸਤ ਦਯਾਲ ਪੁਰ ਗਾਉ ॥੧॥

adhik dharab taa ke rahai basat dhayaal pur gaau ||1||

ਚੌਪਈ ॥

chauapiee ||

ਰਵਿ ਜਬ ਹੀ ਅਸਤਾਚਲ ਗਏ ॥

rav jab hee asataachal ge ||

ਪ੍ਰਾਚੀ ਦਿਸਾ ਚੰਦ੍ਰ ਪ੍ਰਗਟਏ ॥

praachee dhisaa cha(n)dhr pragaTe ||

ਜਾਰਿ ਦੀਵਟੈ ਤਸਕਰ ਧਾਏ ॥

jaar dheevaTai tasakar dhaae ||

ਤਾ ਕੇ ਤਾਕਿ ਭਵਨ ਕਹ ਆਏ ॥੨॥

taa ke taak bhavan keh aae ||2||

ਦੋਹਰਾ ॥

dhoharaa ||

ਠਾਢਿ ਭਏ ਤਿਹ ਬਾਲ ਕੇ ਸਿਰ ਪਰ ਖੜਗ ਨਿਕਾਰਿ ॥

Thaadd bhe teh baal ke sir par khaRag nikaar ||

ਕੈ ਧਨ ਦੇਹਿ ਬਤਾਇ ਕੈ ਨਹ ਤੁਹਿ ਦੇਹਿ ਸੰਘਾਰਿ ॥੩॥

kai dhan dheh batai kai neh tuh dheh sa(n)ghaar ||3||

ਚੌਪਈ ॥

chauapiee ||

ਜਬ ਅਬਲਾ ਐਸੇ ਸੁਨਿ ਪਾਯੋ ॥

jab abalaa aaise sun paayo ||

ਕਛੂਕ ਧਾਮ ਕੋ ਦਰਬੁ ਦਿਖਾਯੋ ॥

kachhook dhaam ko dharab dhikhaayo ||

ਬਹੁਰਿ ਕਹਿਯੋ ਮੈ ਦਰਬੁ ਦਿਖਾਊਂ ॥

bahur kahiyo mai dharab dhikhaauooaa(n) ||

ਜੌ ਮੈ ਦਾਨ ਜੀਵ ਕੋ ਪਾਊਂ ॥੪॥

jau mai dhaan jeev ko paauooaa(n) ||4||

ਸਵੈਯਾ ॥

savaiyaa ||

ਕਾਹੇ ਕੌ ਆਜੁ ਸੰਘਾਰਤ ਮੋ ਕਹ ਸੰਗ ਚਲੋ ਬਹੁ ਮਾਲ ਬਤਾਊ ॥

kaahe kau aaj sa(n)ghaarat mo keh sa(n)g chalo bahu maal bataauoo ||

ਰਾਖਿ ਮਹਾਬਤਿ ਖਾਨ ਗਏ ਸਭ ਹੀ ਇਕ ਬਾਰ ਸੁ ਤੇ ਹਰਿ ਲਯਾਊ ॥

raakh mahaabat khaan ge sabh hee ik baar su te har layaauoo ||

ਪੂਤਨ ਪ੍ਰੋਤਨ ਲੌ ਸਭ ਕੋ ਛਿਨ ਭੀਤਰਿ ਆਜੁ ਦਰਦ੍ਰਿ ਬਹਾਊ ॥

pootan protan lau sabh ko chhin bheetar aaj dharadhr bahaauoo ||

ਲੀਜਹੁ ਲੂਟਿ ਸਭੈ ਤੁਮ ਤਾ ਕਹ ਮੈ ਅਪਨੋ ਨਹਿ ਪਾਨ ਛੁਆਊ ॥੫॥

leejahu looT sabhai tum taa keh mai apano neh paan chhuaauoo ||5||

ਚੌਪਈ ॥

chauapiee ||

ਸੁਨਤ ਬਚਨ ਤਸਕਰ ਤੇ ਭਏ ॥

sunat bachan tasakar te bhe ||

ਤ੍ਰਿਯ ਕੌ ਸੰਗ ਤਹਾ ਲੈ ਗਏ ॥

tiray kau sa(n)g tahaa lai ge ||

ਜਹ ਕੋਠਾ ਦਾਰੂ ਕੋ ਭਰਿਯੋ ॥

jeh koThaa dhaaroo ko bhariyo ||

ਤਹੀ ਜਾਇ ਤਸਕਰਨ ਉਚਰਿਯੋ ॥੬॥

tahee jai tasakaran uchariyo ||6||

ਦੋਹਰਾ ॥

dhoharaa ||

ਅਗਨਿ ਬਾਨ ਸੋ ਬਾਧਿ ਤ੍ਰਿਯ ਤਹ ਕੌ ਦਈ ਚਲਾਇ ॥

agan baan so baadh tiray teh kau dhiee chalai ||

ਕਾਲ ਸਭਨ ਤਿਨ ਕੋ ਹੁਤੋ ਪਰਿਯੋ ਤਹੀ ਸਰ ਜਾਇ ॥੭॥

kaal sabhan tin ko huto pariyo tahee sar jai ||7||

ਚੌਪਈ ॥

chauapiee ||

ਤਸਕਰ ਜਾਰਿ ਮਸਾਲੈ ਪਰੇ ॥

tasakar jaar masaalai pare ||

ਦਾਰੂ ਬਿਖੈ ਅੰਗਾਰੇ ਝਰੇ ॥

dhaaroo bikhai a(n)gaare jhare ||

ਸਭ ਤਸਕਰ ਤਬ ਹੀ ਉਡ ਗਏ ॥

sabh tasakar tab hee udd ge ||

ਭੂਚਰ ਤੇ ਖੇਚਰ ਸੋ ਭਏ ॥੮॥

bhoochar te khechar so bhe ||8||

ਦਾਰੂ ਉਡਤ ਚੋਰਿ ਉਡਿ ਗਏ ॥

dhaaroo uddat chor udd ge ||

ਸਭ ਹੀ ਫਿਰਤ ਗਗਨ ਮੌ ਭਏ ॥

sabh hee firat gagan mau bhe ||

ਦਸ ਦਸ ਕੋਸ ਜਾਇ ਕਰ ਪਰੇ ॥

dhas dhas kos jai kar pare ||

ਹਾਡ ਗੋਡ ਨਹਿ ਮੂੰਡ ਉਬਰੇ ॥੯॥

haadd godd neh moo(n)dd ubare ||9||

ਏਕੈ ਬਾਰ ਚੋਰ ਉਡ ਗਏ ॥

ekai baar chor udd ge ||

ਜੀਵਤ ਏਕ ਨ ਬਾਚਤ ਭਏ ॥

jeevat ek na baachat bhe ||

ਇਹ ਚਰਿਤ੍ਰ ਅਬਲਾ ਤਿਹ ਮਾਰਿਯੋ ॥

eeh charitr abalaa teh maariyo ||

ਛਲ ਕੇ ਅਪਨੋ ਧਾਮ ਉਬਾਰਿਯੋ ॥੧੦॥

chhal ke apano dhaam ubaariyo ||10||

ਇਹ ਛਲ ਸਭ ਚੋਰਨ ਕਹ ਘਾਈ ॥

eeh chhal sabh choran keh ghaiee ||

ਬਹੁਰੈ ਧਾਮ ਆਪਨੋ ਆਈ ॥

bahurai dhaam aapano aaiee ||

ਇੰਦ੍ਰ ਬਿਸਨ ਬ੍ਰਹਮਾ ਸਿਵ ਹੋਈ ॥

ei(n)dhr bisan brahamaa siv hoiee ||

ਤ੍ਰਿਯ ਚਰਿਤ੍ਰ ਤੇ ਬਚਤ ਨ ਕੋਈ ॥੧੧॥

tiray charitr te bachat na koiee ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਛਿਆਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੮੬॥੩੫੬੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau chhiaaseevo charitr samaapatam sat subham sat

||186||3566||afajoo(n)||

ਚੌਪਈ ॥

chauapiee ||

ਕਾਮ ਕਲਾ ਕਾਮਨਿ ਇਕ ਸੁਨੀ ॥

kaam kalaa kaaman ik sunee ||

ਬੇਦ ਸਾਸਤ੍ਰ ਭੀਤਰਿ ਅਤਿ ਗੁਨੀ ॥

bedh saasatr bheetar at gunee ||

ਤਾ ਕੋ ਪੁਤ੍ਰ ਨ ਆਗਜਾ ਮਾਨੈ ॥

taa ko putr na aagayaa maanai ||

ਯਾ ਤੇ ਮਾਤ ਕੋਪ ਚਿਤ ਠਾਨੈ ॥੧॥

yaa te maat kop chit Thaanai ||1||

ਕੁਬੁਧਿ ਬਿਖੈ ਦਿਨੁ ਰੈਨਿ ਗਵਾਵੈ ॥

kubudh bikhai dhin rain gavaavai ||

ਮਾਤ ਪਿਤਾ ਕੋ ਦਰਬੁ ਲੁਟਾਵੈ ॥

maat pitaa ko dharab luTaavai ||

ਗੁੰਡਨ ਸਾਥ ਕਰੈ ਗੁਜਰਾਨਾ ॥

gu(n)ddan saath karai gujaraanaa ||

ਕਰਤ ਕੁਬਿਰਤਿ ਪਿਯਤ ਮਦ ਪਾਨਾ ॥੨॥

karat kubirat piyat madh paanaa ||2||

ਤਾ ਕੋ ਭ੍ਰਾਤ ਦੁਤਿਯ ਸੁਭ ਕਾਰੀ ॥

taa ko bhraat dhutiy subh kaaree ||

ਜੂਪ ਰਹਿਤ ਨ ਕਛੂ ਦੁਰਚਾਰੀ ॥

joop rahit na kachhoo dhurachaaree ||

ਤਾ ਸੌਂ ਨੇਹ ਮਾਤ ਕੋ ਰਹੈ ॥

taa sau neh maat ko rahai ||

ਯਾ ਕੌਂ ਬੇਗਿ ਸੰਘਾਰੋ ਚਹੈ ॥੩॥

yaa kau beg sa(n)ghaaro chahai ||3||

ਏਕ ਦਿਵਸ ਜਬ ਸੋ ਘਰ ਆਯੋ ॥

ek dhivas jab so ghar aayo ||

ਸੋਤ ਛਾਪਰੀ ਮਾਝ ਤਕਾਯੋ ॥

sot chhaaparee maajh takaayo ||

ਟਟਿਆ ਦ੍ਵਾਰ ਆਗਿ ਦੈ ਦਈ ॥

TaTiaa dhavaiaar aag dhai dhiee ||

ਸੁਤ ਕੋ ਮਾਤ ਜਰਾਵਤ ਭਈ ॥੪॥

sut ko maat jaraavat bhiee ||4||

ਮਾਤ ਪੂਤ ਕੌ ਪ੍ਰਥਮ ਜਰਾਯੋ ॥

maat poot kau pratham jaraayo ||

ਰੋਇ ਰੋਇ ਸਭ ਜਗਤ ਸੁਨਾਯੋ ॥

roi roi sabh jagat sunaayo ||

ਆਗਿ ਲਗਾਇ ਪਾਨਿ ਕੌ ਧਾਈ ॥

aag lagai paan kau dhaiee ||

ਮੂਰਖ ਬਾਤ ਨ ਕਿਨਹੂੰ ਪਾਈ ॥੫॥

moorakh baat na kinahoo(n) paiee ||5||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਸਤਾਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੮੭॥੩੫੭੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau sataaseevo charitr samaapatam sat subham sat

||187||3571||afajoo(n)||

ਚੌਪਈ ॥

chauapiee ||

ਕੰਚਨ ਪ੍ਰਭਾ ਜਾਟਜਾ ਰਹੈ ॥

ka(n)chan prabhaa jaaTajaa rahai ||

ਅਤਿ ਦੁਤਿਵਾਨ ਤਾਹਿ ਜਗ ਕਹੈ ॥

at dhutivaan taeh jag kahai ||

ਭਰਤਾ ਏਕ ਪ੍ਰਥਮ ਤਿਨ ਕਿਯੋ ॥

bharataa ek pratham tin kiyo ||

ਰੁਚਿਯੋ ਨ ਡਾਰਿ ਫਾਸ ਹਨਿ ਦਿਯੋ ॥੧॥

ruchiyo na ddaar faas han dhiyo ||1||

ਕੇਤਿਕ ਦਿਨਨ ਔਰ ਪਤਿ ਕਰਿਯੋ ॥

ketik dhinan aauar pat kariyo ||

ਸੋਊ ਨ ਰੁਚਿਯੋ ਕਟਾਰੀ ਮਰਿਯੋ ॥

souoo na ruchiyo kaTaaree mariyo ||

ਮਾਸ ਬਿਖੈ ਔਰੈ ਪਤਿ ਪਾਯੋ ॥

maas bikhai aauarai pat paayo ||

ਸੋਊ ਦੈ ਕੈ ਬਿਖੁ ਤ੍ਰਿਯ ਘਾਯੋ ॥੨॥

souoo dhai kai bikh tiray ghaayo ||2||

ਚੌਥੇ ਨਾਥ ਨਾਇਕਾ ਕੀਨੋ ॥

chauathe naath naikaa keeno ||

ਤਾ ਕਹ ਹਨਿ ਪੰਚਮ ਕਹ ਲੀਨੋ ॥

taa keh han pa(n)cham keh leeno ||

ਛਠਵੇ ਮਾਰਿ ਸਪਤਮੋ ਘਾਯੋ ॥

chhaThave maar sapatamo ghaayo ||

ਅਸਟਮ ਕੈ ਸੰਗ ਨੇਹ ਲਗਾਯੋ ॥੩॥

asaTam kai sa(n)g neh lagaayo ||3||

ਕਰਮ ਕਾਲ ਸੋਊ ਨਹਿ ਭਾਯੋ ॥

karam kaal souoo neh bhaayo ||

ਜਮਧਰ ਭਏ ਤਾਹਿ ਤਿਨ ਘਾਯੋ ॥

jamadhar bhe taeh tin ghaayo ||

ਧ੍ਰਿਗ ਧ੍ਰਿਗ ਜਾਨਿ ਜਗਤ ਤਿਹ ਕਰਿਯੋ ॥

dhirag dhirag jaan jagat teh kariyo ||

ਹਾਹਾਕਾਰ ਸਭਨ ਉਚਰਿਯੋ ॥੪॥

haahaakaar sabhan uchariyo ||4||

ਜਬ ਇਹ ਭਾਤਿ ਸੁਨਤਿ ਤ੍ਰਿਯ ਭਈ ॥

jab ieh bhaat sunat tiray bhiee ||

ਜਾਨੁਕ ਬਿਨ ਮਾਰੇ ਮਰ ਗਈ ॥

jaanuk bin maare mar giee ||

ਅਬ ਹੌ ਜਰੋ ਨਾਥ ਤਨ ਜਾਈ ॥

ab hau jaro naath tan jaiee ||

ਇਨ ਸਭਹੂੰਨ ਚਰਿਤ੍ਰ ਦਿਖਾਈ ॥੫॥

ein sabhahoo(n)n charitr dhikhaiee ||5||

ਅਰੁਨ ਬਸਤ੍ਰ ਧਰ ਪਾਨ ਚਬਾਏ ॥

arun basatr dhar paan chabaae ||

ਲੋਗ ਸਭਨ ਕੋ ਕੂਕ ਸੁਨਾਏ ॥

log sabhan ko kook sunaae ||

ਯੌ ਕਹਿ ਹਾਥਿ ਸਿਧੌਰੇ ਗਹਿਯੋ ॥

yau keh haath sidhauare gahiyo ||

ਜਰਿਬੋ ਸਾਥ ਨਾਥ ਕੈ ਚਹਿਯੋ ॥੬॥

jaribo saath naath kai chahiyo ||6||

ਦੋਹਰਾ ॥

dhoharaa ||

ਸਪਤ ਨਾਥ ਨਿਜ ਕਰਨ ਹਨਿ ਕਿਯੋ ਸਤੀ ਕੋ ਭੇਸ ॥

sapat naath nij karan han kiyo satee ko bhes ||

ਊਚ ਨੀਚ ਦੇਖਤ ਤਰਨਿ ਪਾਵਕ ਕਿਯੋ ਪ੍ਰਵੇਸ ॥੭॥

uooch neech dhekhat taran paavak kiyo praves ||7||

ਸਪਤ ਨਾਥ ਨਿਜੁ ਹਾਥ ਹਨਿ ਅਸਟਮ ਕੌ ਗਰ ਲਾਇ ॥

sapat naath nij haath han asaTam kau gar lai ||

ਸਭ ਲੋਗਨ ਦੇਖਤ ਜਰੀ ਢੋਲ ਮ੍ਰਿਦੰਗ ਬਜਾਇ ॥੮॥

sabh logan dhekhat jaree ddol miradha(n)g bajai ||8||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਅਠਾਸੀਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੮੮॥੩੫੭੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau aThaaseevo charitr samaapatam sat subham sat

||188||3579||afajoo(n)||

ਦੋਹਰਾ ॥

dhoharaa ||

ਭੂਪ ਕਲਾ ਨਾਮਾ ਰਹੈ ਸੁਤਾ ਸਾਹ ਕੀ ਏਕ ॥

bhoop kalaa naamaa rahai sutaa saeh kee ek ||

ਅਧਿਕ ਦਰਬ ਤਾ ਕੇ ਰਹੈ ਦਾਸੀ ਰਹੈ ਅਨੇਕ ॥੧॥

adhik dharab taa ke rahai dhaasee rahai anek ||1||

ਚੌਪਈ ॥

chauapiee ||

ਮਿਸਰੀ ਕੋ ਹੀਰਾ ਤਿਨ ਲਿਯੋ ॥

misaree ko heeraa tin liyo ||

ਡਬਿਯਾ ਬਿਖੈ ਡਾਰਿ ਕਰਿ ਦਿਯੋ ॥

ddabiyaa bikhai ddaar kar dhiyo ||

ਸਾਹਜਹਾ ਜਹ ਸਭਾ ਬਨਾਈ ॥

saahajahaa jeh sabhaa banaiee ||

ਬਹਲ ਬੈਠਿ ਤਿਹ ਓਰ ਸਿਧਾਈ ॥੨॥

bahal baiTh teh or sidhaiee ||2||

ਅਰਧ ਬਜਾਰ ਬਿਖੈ ਜਬ ਗਈ ॥

aradh bajaar bikhai jab giee ||

ਸੁੰਦਰ ਨਰਿਕ ਬਿਲੋਕਤ ਭਈ ॥

su(n)dhar narik bilokat bhiee ||

ਅਧਿਕ ਦਰਬੁ ਦੈ ਨਿਕਟਿ ਬੁਲਾਯੋ ॥

adhik dharab dhai nikaT bulaayo ||

ਨਿਜ ਗਾਡੀ ਕੇ ਸਾਥ ਲਗਾਯੋ ॥੩॥

nij gaaddee ke saath lagaayo ||3||

ਚਲਿਤ ਚਲਿਤ ਰਜਨੀ ਪਰਿ ਗਈ ॥

chalit chalit rajanee par giee ||

ਸੂਰਜ ਛਪ੍ਯੋ ਚੰਦ੍ਰ ਦੁਤਿ ਭਈ ॥

sooraj chhapayo cha(n)dhr dhut bhiee ||

ਬਹਲ ਬਿਖੈ ਗਹਿ ਬਾਹ ਚੜਾਯੋ ॥

bahal bikhai geh baeh chaRaayo ||

ਕਾਮ ਕੇਲ ਤਿਹ ਸੰਗ ਉਪਜਾਯੋ ॥੪॥

kaam kel teh sa(n)g upajaayo ||4||

ਜਜੋ ਜਜੋ ਬਹਲ ਹਿਲੋਰੇ ਖਾਵੈ ॥

jayo jayo bahal hilore khaavai ||

ਉਛਰੇ ਬਿਨਾ ਕਾਜ ਹ੍ਵੈ ਜਾਵੈ ॥

auchhare binaa kaaj havai jaavai ||

ਲਖੈ ਲੋਗ ਗਾਡੀ ਕਰ ਮਾਰੈ ॥

lakhai log gaaddee kar maarai ||

ਭੇਦ ਅਭੇਦ ਨ ਕੋਊ ਬਿਚਾਰੈ ॥੫॥

bhedh abhedh na kouoo bichaarai ||5||

ਭਾਖਿ ਬੈਨ ਤੇ ਬਹਲ ਧਵਾਈ ॥

bhaakh bain te bahal dhavaiee ||

ਕਾਮ ਰੀਤਿ ਕਰਿ ਪ੍ਰੀਤਿ ਉਪਜਾਈ ॥

kaam reet kar preet upajaiee ||

ਭਰਿ ਕਰਿ ਭੋਗ ਬਾਮ ਸੌ ਕੀਨੋ ॥

bhar kar bhog baam sau keeno ||

ਬੀਚ ਬਜਾਰਨ ਕਿਨਹੂੰ ਚੀਨੋ ॥੬॥

beech bajaaran kinahoo(n) cheeno ||6||

ਦੋਹਰਾ ॥

dhoharaa ||

ਕੇਲ ਕਰਤ ਇਹ ਚੰਚਲਾ ਤਹਾ ਪਹੂਚੀ ਆਇ ॥

kel karat ieh cha(n)chalaa tahaa pahoochee aai ||

ਸਾਹਜਹਾ ਬੈਠੇ ਜਹਾ ਨੀਕੀ ਸਭਾ ਬਨਾਇ ॥੭॥

saahajahaa baiThe jahaa neekee sabhaa banai ||7||

ਚੌਪਈ ॥

chauapiee ||

ਮਿਸਰੀ ਕੇ ਹੀਰਾ ਕਰ ਲਿਯੋ ॥

misaree ke heeraa kar liyo ||

ਲੈ ਹਜਰਤਿ ਕੇ ਹਾਜਰ ਕਿਯੋ ॥

lai hajarat ke haajar kiyo ||

ਸਾਹਜਹਾ ਤਿਹ ਕਛੂ ਨ ਚੀਨੋ ॥

saahajahaa teh kachhoo na cheeno ||

ਤੀਸ ਹਜਾਰ ਰੁਪੈਯਾ ਦੀਨੋ ॥੮॥

tees hajaar rupaiyaa dheeno ||8||

ਇਹ ਛਲ ਸੌ ਸਾਹਹਿ ਛਲਿ ਗਈ ॥

eeh chhal sau saaheh chhal giee ||

ਉਠੀ ਸਭਾ ਆਵਤ ਸੋਊ ਭਈ ॥

auThee sabhaa aavat souoo bhiee ||

ਪੰਦ੍ਰਹ ਸਹਸ੍ਰ ਆਪੁ ਤ੍ਰਿਯ ਲੀਨੋ ॥

pa(n)dhreh sahasr aap tiray leeno ||

ਪੰਦ੍ਰਹ ਸਹਸ੍ਰ ਮੀਤ ਕੋ ਦੀਨੋ ॥੯॥

pa(n)dhreh sahasr meet ko dheeno ||9||

ਦੋਹਰਾ ॥

dhoharaa ||

ਸਾਹਜਹਾ ਛਲਿ ਮੀਤ ਸੌ ਕਾਮ ਕਲੋਲ ਕਮਾਇ ॥

saahajahaa chhal meet sau kaam kalol kamai ||

ਧਾਮ ਆਨਿ ਪਹੁਚਤ ਭਈ ਸਕਿਯੋ ਨ ਕੋਊ ਪਾਇ ॥੧੦॥

dhaam aan pahuchat bhiee sakiyo na kouoo pai ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਉਨਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੮੯॥੩੫੮੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

ik sau unaanavo charitr samaapatam sat subham sat ||189||3589||afajoo(n)||

ਚੌਪਈ ॥

chauapiee ||

ਇਕ ਦਿਨ ਬਾਗ ਚੰਚਲਾ ਗਈ ॥

eik dhin baag cha(n)chalaa giee ||

ਹਸਿ ਹਸਿ ਬਚਨ ਬਖਾਨਤ ਭਈ ॥

has has bachan bakhaanat bhiee ||

ਸ੍ਰੀ ਨਿਸਿ ਰਾਜ ਪ੍ਰਭਾ ਤ੍ਰਿਯ ਤਹਾ ॥

sree nis raaj prabhaa tiray tahaa ||

ਐਸੀ ਭਾਤਿ ਉਚਾਰਿਯੋ ਉਹਾ ॥੧॥

aaisee bhaat uchaariyo uhaa ||1||

ਜੌ ਰਾਜੇ ਤੇ ਬਾਰਿ ਭਿਰਾਊ ॥

jau raaje te baar bhiraauoo ||

ਅਪਨੀ ਝਾਟੈ ਸਭੈ ਮੁੰਡਾਊ ॥

apanee jhaaTai sabhai mu(n)ddaauoo ||

ਤਬ ਤ੍ਰਿਯ ਹੋਡ ਸਕਲ ਤੁਮ ਹਾਰਹੁ ॥

tab tiray hodd sakal tum haarahu ||

ਨਿਜੁ ਨੈਨਨ ਇਹ ਚਰਿਤ ਨਿਹਾਰਹੁ ॥੨॥

nij nainan ieh charit nihaarahu ||2||

ਯੌ ਕਹਿ ਕੈ ਸੁਭ ਭੇਸ ਬਨਾਯੋ ॥

yau keh kai subh bhes banaayo ||

ਦੇਵ ਅਦੇਵਨ ਕੋ ਬਿਰਮਾਯੋ ॥

dhev adhevan ko biramaayo ||

ਚਰਿਤ੍ਰ ਸਿੰਘ ਰਾਜਾ ਜਬ ਆਯੋ ॥

charitr si(n)gh raajaa jab aayo ||

ਸੁਨਿ ਇਹ ਬਚਨ ਚੰਚਲਾ ਪਾਯੋ ॥੩॥

sun ieh bachan cha(n)chalaa paayo ||3||

ਬੈਠ ਝਰੋਖਾ ਦਈ ਦਿਖਾਈ ॥

baiTh jharokhaa dhiee dhikhaiee ||

ਰਾਜਾ ਰਹੇ ਰੂਪ ਉਰਝਾਈ ॥

raajaa rahe roop urajhaiee ||

ਏਕ ਬਾਰ ਇਹ ਕੌ ਜੌ ਪਾਊ ॥

ek baar ieh kau jau paauoo ||

ਜਨਮ ਸਹਸ੍ਰ ਲਗੇ ਬਲਿ ਜਾਉ ॥੪॥

janam sahasr lage bal jaauoo ||4||

ਪਠੈ ਸਹਚਰੀ ਲਈ ਬੁਲਾਈ ॥

paThai sahacharee liee bulaiee ||

ਪ੍ਰੀਤਿ ਸਹਿਤ ਰਸ ਰੀਤੁਪਜਾਈ ॥

preet sahit ras reetupajaiee ||

ਅਬਲਾ ਤਬ ਮੁਰਛਿਤ ਹ੍ਵੈ ਗਈ ॥

abalaa tab murachhit havai giee ||

ਪਾਨਿ ਪਾਨਿ ਉਚਰਤ ਮੁਖ ਭਈ ॥੫॥

paan paan ucharat mukh bhiee ||5||

ਉਠ ਕਰਿ ਆਪੁ ਰਾਵ ਤਬ ਗਯੋ ॥

auTh kar aap raav tab gayo ||

ਤਾ ਕਹ ਪਾਨਿ ਪਯਾਵਤ ਭਯੋ ॥

taa keh paan payaavat bhayo ||

ਪਾਨਿ ਪਿਏ ਬਹੁਰੇ ਸੁਧਿ ਭਈ ॥

paan pie bahure sudh bhiee ||

ਰਾਜੈ ਫਿਰਿ ਚੁੰਬਨ ਤਿਹ ਲਈ ॥੬॥

raajai fir chu(n)ban teh liee ||6||

ਜਬ ਸੁਧਿ ਮੈ ਅਬਲਾ ਕਛੁ ਆਈ ॥

jab sudh mai abalaa kachh aaiee ||

ਬਹੁਰਿ ਕਾਮ ਕੀ ਕੇਲ ਮਚਾਈ ॥

bahur kaam kee kel machaiee ||

ਦੋਊ ਤਰਨ ਨ ਕੋਊ ਹਾਰੈ ॥

dhouoo taran na kouoo haarai ||

ਯੌ ਰਾਜਾ ਤਿਹ ਸਾਥ ਬਿਹਾਰੈ ॥੭॥

yau raajaa teh saath bihaarai ||7||

ਬਹੁਰਿ ਬਾਲ ਇਹ ਭਾਤਿ ਉਚਾਰੀ ॥

bahur baal ieh bhaat uchaaree ||

ਸੁਨੋ ਰਾਵ ਤੁਮ ਬਾਤ ਹਮਾਰੀ ॥

suno raav tum baat hamaaree ||

ਤ੍ਰਿਯ ਕੀ ਝਾਟਿ ਨ ਮੂੰਡੀ ਜਾਈ ॥

tiray kee jhaaT na moo(n)ddee jaiee ||

ਬੇਦ ਪੁਰਾਨਨ ਮੈ ਸੁਨਿ ਪਾਈ ॥੮॥

bedh puraanan mai sun paiee ||8||

ਹਸਿ ਕਰਿ ਰਾਵ ਬਚਨ ਯੌ ਠਾਨ੍ਯੋ ॥

has kar raav bachan yau Thaanrayo ||

ਮੈ ਅਪੁਨੇ ਜਿਯ ਸਾਚ ਨ ਜਾਨ੍ਯੋ ॥

mai apune jiy saach na jaanayo ||

ਤੈ ਤ੍ਰਿਯ ਹਮ ਸੋ ਝੂਠ ਉਚਾਰੀ ॥

tai tiray ham so jhooTh uchaaree ||

ਹਮ ਮੂੰਡੈਗੇ ਝਾਟਿ ਤਿਹਾਰੀ ॥੯॥

ham moo(n)ddaige jhaaT tihaaree ||9||

ਤੇਜ ਅਸਤੁਰਾ ਏਕ ਮੰਗਾਯੋ ॥

tej asaturaa ek ma(n)gaayo ||

ਨਿਜ ਕਰ ਗਹਿ ਕੈ ਰਾਵ ਚਲਾਯੋ ॥

nij kar geh kai raav chalaayo ||

ਤਾ ਕੀ ਮੂੰਡਿ ਝਾਟਿ ਸਭ ਡਾਰੀ ॥

taa kee moo(n)dd jhaaT sabh ddaaree ||

ਦੈ ਕੈ ਹਸੀ ਚੰਚਲਾ ਤਾਰੀ ॥੧੦॥

dhai kai hasee cha(n)chalaa taaree ||10||

ਦੋਹਰਾ ॥

dhoharaa ||

ਪਾਨਿ ਭਰਾਯੋ ਰਾਵ ਤੇ ਨਿਜੁ ਕਰ ਝਾਟਿ ਮੁੰਡਾਇ ॥

paan bharaayo raav te nij kar jhaaT mu(n)ddai ||

ਹੋਡ ਜੀਤ ਲੇਤੀ ਭਈ ਤਿਨ ਅਬਲਾਨ ਦਿਖਾਇ ॥੧੧॥

hodd jeet letee bhiee tin abalaan dhikhai ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਨਬਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੯੦॥੩੬੦੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

ik sau nabavo charitr samaapatam sat subham sat ||190||3600||afajoo(n)||

ਚੌਪਈ ॥

chauapiee ||

ਏਕ ਲਹੌਰ ਛਤ੍ਰਿਜਾ ਰਹੈ ॥

ek lahauar chhatirajaa rahai ||

ਰਾਇ ਪ੍ਰਬੀਨ ਤਾਹਿ ਜਗ ਕਹੈ ॥

rai prabeen taeh jag kahai ||

ਅਪ੍ਰਮਾਨ ਤਿਹ ਪ੍ਰਭਾ ਬਿਰਾਜੈ ॥

apramaan teh prabhaa biraajai ||

ਦੇਵ ਜਨਨਿ ਕੋ ਲਖਿ ਮਨੁ ਲਾਜੈ ॥੧॥

dhev janan ko lakh man laajai ||1||

ਦੋਹਰਾ ॥

dhoharaa ||

ਏਕ ਮੁਗਲ ਤਿਹ ਨ੍ਹਾਤ ਕੈ ਰੀਝ੍ਯੋ ਅੰਗ ਨਿਹਾਰਿ ॥

ek mugal teh nrahaat kai reejhayo a(n)g nihaar ||

ਗਿਰਿਯੋ ਮੂਰਛਨਾ ਹ੍ਵੈ ਧਰਨਿ ਬਿਰਹਾ ਤਨ ਗਯੋ ਮਾਰਿ ॥੨॥

giriyo moorachhanaa havai dharan birahaa tan gayo maar ||2||

ਚੌਪਈ ॥

chauapiee ||

ਧਾਮ ਆਨ ਇਕ ਸਖੀ ਬੁਲਾਈ ॥

dhaam aan ik sakhee bulaiee ||

ਬਾਤ ਸਭੈ ਤਿਹ ਤੀਰ ਜਤਾਈ ॥

baat sabhai teh teer jataiee ||

ਜੌ ਮੋ ਕੌ ਤੂ ਤਾਹਿ ਮਿਲਾਵੈ ॥

jau mo kau too taeh milaavai ||

ਅਪੁਨੇ ਮੁਖ ਮਾਗੈ ਸੋ ਪਾਵੈ ॥੩॥

apune mukh maagai so paavai ||3||

ਤਬ ਸੋ ਸਖੀ ਧਾਮ ਤਿਹ ਗਈ ॥

tab so sakhee dhaam teh giee ||

ਐਸੋ ਬਚਨ ਬਖਾਨਤ ਭਈ ॥

aaiso bachan bakhaanat bhiee ||

ਮਾਤਾ ਤੋਰਿ ਬੁਲਾਵਤ ਤੋ ਕੌ ॥

maataa tor bulaavat to kau ||

ਤਾ ਤੇ ਪਠੈ ਦਯੋ ਹਯਾਂ ਮੋ ਕੌ ॥੪॥

taa te paThai dhayo hayaa(n) mo kau ||4||

ਯੌ ਜਬ ਬਚਨ ਤਾਹਿ ਤਿਹ ਕਹਿਯੋ ॥

yau jab bachan taeh teh kahiyo ||

ਮਿਲਬ ਸੁਤਾ ਮਾਤਾ ਸੌ ਚਹਿਯੋ ॥

milab sutaa maataa sau chahiyo ||

ਡੋਰੀ ਬਿਖੈ ਤਾਹਿ ਬੈਠਾਰਿਯੋ ॥

ddoree bikhai taeh baiThaariyo ||

ਦਰ ਪਰਦਨ ਦ੍ਰਿੜ ਐਚਿ ਸਵਾਰਿਯੋ ॥੫॥

dhar paradhan dhiraR aaich savaariyo ||5||

ਤਾ ਕੌ ਦ੍ਰਿਸਟਿ ਕਛੂ ਨਹਿ ਆਵੈ ॥

taa kau dhirasaT kachhoo neh aavai ||

ਕੁਟਨੀ ਚਹੈ ਜਹਾ ਲੈ ਜਾਵੈ ॥

kuTanee chahai jahaa lai jaavai ||

ਮਾਤ ਨਾਮ ਲੈ ਤਾਹਿ ਸਿਧਾਈ ॥

maat naam lai taeh sidhaiee ||

ਲੈ ਕੈ ਧਾਮ ਮੁਗਲ ਕੇ ਆਈ ॥੬॥

lai kai dhaam mugal ke aaiee ||6||

ਪਰਦਾ ਤਹੀ ਉਘਾਰਾ ਜਾਈ ॥

paradhaa tahee ughaaraa jaiee ||

ਤਾਸ ਬੇਗ ਜਹ ਸੇਜ ਸੁਹਾਈ ॥

taas beg jeh sej suhaiee ||

ਬਹਿਯਾ ਆਨਿ ਮੁਗਲ ਤਬ ਗਹੀ ॥

bahiyaa aan mugal tab gahee ||

ਚਿਤ ਮੈ ਚਕ੍ਰਿਤ ਚੰਚਲਾ ਰਹੀ ॥੭॥

chit mai chakirat cha(n)chalaa rahee ||7||

ਮੇਰੇ ਧਰਮ ਲੋਪ ਅਬ ਭਯੋ ॥

mere dharam lop ab bhayo ||

ਤੁਰਕ ਅੰਗ ਸੌ ਅੰਗ ਭਿਟਯੋ ॥

turak a(n)g sau a(n)g bhiTayo ||

ਤਾ ਤੇ ਕਛੂ ਚਰਿਤ੍ਰ ਬਨਾਊ ॥

taa te kachhoo charitr banaauoo ||

ਜਾ ਤੇ ਛੂਟਿ ਮੁਗਲ ਤੇ ਜਾਊ ॥੮॥

jaa te chhooT mugal te jaauoo ||8||

ਅਬ ਆਇਸੁ ਤੁਮਰੋ ਜੌ ਪਾਊ ॥

ab aais tumaro jau paauoo ||

ਸਭ ਸੁੰਦਰ ਸਿੰਗਾਰ ਬਨਾਊ ॥

sabh su(n)dhar si(n)gaar banaauoo ||

ਬਹੁਰਿ ਆਇ ਤੁਮ ਸਾਥ ਬਿਹਾਰੋ ॥

bahur aai tum saath bihaaro ||

ਤੁਮਰੋ ਚਿਤ ਕੋ ਸੋਕ ਨਿਵਾਰੋ ॥੯॥

tumaro chit ko sok nivaaro ||9||

ਦੋਹਰਾ ॥

dhoharaa ||

ਹਾਰ ਸਿੰਗਾਰ ਬਨਾਇ ਕੈ ਕੇਲ ਕਰੌ ਤਵ ਸੰਗ ॥

haar si(n)gaar banai kai kel karau tav sa(n)g ||

ਬਹੁਰਿ ਤਿਹਾਰੇ ਗ੍ਰਿਹ ਬਸੌ ਹ੍ਵੈ ਤੁਮ ਤ੍ਰਿਯ ਅਰਧੰਗ ॥੧੦॥

bahur tihaare gireh basau havai tum tiray aradha(n)g ||10||

ਚੌਪਈ ॥

chauapiee ||

ਯੌ ਕਹਿ ਬਚਨ ਤਹਾ ਤੇ ਗਈ ॥

yau keh bachan tahaa te giee ||

ਗ੍ਰਿਹ ਕੌ ਆਗਿ ਲਗਾਵਤ ਭਈ ॥

gireh kau aag lagaavat bhiee ||

ਕੁਟਨੀ ਸਹਿਤ ਮੁਗਲ ਕੌ ਜਾਰਿਯੋ ॥

kuTanee sahit mugal kau jaariyo ||

ਬਾਲ ਆਪਨੋ ਧਰਮ ਉਬਾਰਿਯੋ ॥੧੧॥

baal aapano dharam ubaariyo ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਇਕਯਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੯੧॥੩੬੧੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau ikayaanavo charitr samaapatam sat subham sat

||191||3611||afajoo(n)||

ਦੋਹਰਾ ॥

dhoharaa ||

ਤੇਜ ਸਿੰਘ ਰਾਜਾ ਬਡੋ ਅਪ੍ਰਮਾਨ ਜਿਹ ਰੂਪ ॥

tej si(n)gh raajaa baddo apramaan jeh roop ||

ਗਾਨ ਕਲਾ ਤਾ ਕੀ ਸਖੀ ਰਤਿ ਕੇ ਰਹੈ ਸਰੂਪ ॥੧॥

gaan kalaa taa kee sakhee rat ke rahai saroop ||1||

ਚੌਪਈ ॥

chauapiee ||

ਰਾਜਾ ਕੋ ਤਾ ਸੌ ਹਿਤ ਭਾਰੋ ॥

raajaa ko taa sau hit bhaaro ||

ਦਾਸੀ ਤੇ ਰਾਨੀ ਕਰਿ ਡਾਰੋ ॥

dhaasee te raanee kar ddaaro ||

ਜੈਸੇ ਕਰੈ ਰਸਾਇਨ ਕੋਈ ॥

jaise karai rasain koiee ||

ਤਾਬੈ ਸੌ ਸੋਨਾ ਸੋ ਹੋਈ ॥੨॥

taabai sau sonaa so hoiee ||2||

ਅੜਿਲ ॥

aRil ||

ਰੈਨਿ ਦਿਨਾ ਤਿਹ ਧਾਮ ਰਾਵ ਜੁ ਆਵਈ ॥

rain dhinaa teh dhaam raav joo aaviee ||

ਕਾਮ ਕੇਲ ਨਿਸ ਦਿਨ ਤਿਸ ਸੰਗ ਕਮਾਵਈ ॥

kaam kel nis dhin tis sa(n)g kamaaviee ||

ਦਾਸ ਏਕ ਪਰ ਸੋ ਦਾਸੀ ਅਟਕਤਿ ਭਈ ॥

dhaas ek par so dhaasee aTakat bhiee ||

ਹੋ ਪਤਿ ਕੀ ਪ੍ਰੀਤਿ ਬਿਸਾਰਿ ਤਬੈ ਚਿਤ ਤੇ ਦਈ ॥੩॥

ho pat kee preet bisaar tabai chit te dhiee ||3||

ਤਿਲ ਚੁਗਨਾ ਪਰ ਗਾਨ ਕਲਾ ਅਟਕਤ ਭਈ ॥

til chuganaa par gaan kalaa aTakat bhiee ||

ਨ੍ਰਿਪ ਕੀ ਪ੍ਰੀਤਿ ਬਿਸਾਰਿ ਤੁਰਤ ਚਿਤ ਤੇ ਦਈ ॥

nirap kee preet bisaar turat chit te dhiee ||

ਜੋ ਦਾਸੀ ਸੌ ਪ੍ਰੇਮ ਪੁਰਖੁ ਕੋਊ ਠਾਨਈ ॥

jo dhaasee sau prem purakh kouoo Thaaniee ||

ਹੋ ਧ੍ਰਿਗ ਧ੍ਰਿਗ ਤਾ ਕੌ ਸਭ ਹੀ ਲੋਕ ਬਖਾਨਈ ॥੪॥

ho dhirag dhirag taa kau sabh hee lok bakhaaniee ||4||

ਸੰਗ ਦਾਸੀ ਕੈ ਦਾਸ ਕਹਿਯੋ ਮੁਸਕਾਇ ਕੈ ॥

sa(n)g dhaasee kai dhaas kahiyo musakai kai ||

ਸੰਗ ਹਮਾਰੇ ਚਲੋ ਪ੍ਰੀਤਿ ਉਪਜਾਇ ਕੈ ॥

sa(n)g hamaare chalo preet upajai kai ||

ਕਾਮ ਕੇਲ ਕਰਿ ਜੀਹੈਂ ਕਛੂ ਨ ਲੀਜਿਯੈ ॥

kaam kel kar jeehai(n) kachhoo na leejiyai ||

ਹੋ ਗਾਨ ਕਲਾ ਜੂ ਬਚਨ ਹਮਾਰੋ ਕੀਜਿਯੈ ॥੫॥

ho gaan kalaa joo bachan hamaaro keejiyai ||5||

ਉਠ ਦਾਸੀ ਸੰਗ ਚਲੀ ਪ੍ਰੀਤਿ ਉਪਜਾਇ ਕੈ ॥

auTh dhaasee sa(n)g chalee preet upajai kai ||

ਨ੍ਰਿਪ ਕੀ ਓਰ ਨਿਹਾਰਿ ਨ ਰਹੀ ਲਜਾਇ ਕੈ ॥

nirap kee or nihaar na rahee lajai kai ||

ਜੋ ਦਾਸੀ ਸੌ ਪ੍ਰੇਮ ਪੁਰਖ ਉਪਜਾਵਈ ॥

jo dhaasee sau prem purakh upajaaviee ||

ਹੋ ਅੰਤ ਸ੍ਵਾਨ ਕੀ ਮ੍ਰਿਤੁ ਮਰੈ ਪਛੁਤਾਵਈ ॥੬॥

ho a(n)t savaiaan kee mrit marai pachhutaaviee ||6||

ਚਾਰਿ ਪਹਰ ਮੈ ਚਾਰਿ ਕੋਸ ਮਾਰਗ ਚਲਿਯੋ ॥

chaar pahar mai chaar kos maarag chaliyo ||

ਜੋ ਕੰਦ੍ਰਪ ਕੋ ਦ੍ਰਪ ਹੁਤੋ ਸਭੁ ਹੀ ਦਲਿਯੋ ॥

jo ka(n)dhrap ko dhrap huto sabh hee dhaliyo ||

ਚਹੂੰ ਓਰ ਭ੍ਰਮਿ ਭ੍ਰਮਿ ਤੇ ਹੀ ਪੁਰ ਆਵਹੀ ॥

chahoo(n) or bhram bhram te hee pur aavahee ||

ਹੋ ਗਾਨ ਕਲਾ ਤਿਲ ਚੁਗਨ ਨ ਪੈਡੋ ਪਾਵਹੀ ॥੭॥

ho gaan kalaa til chugan na paiddo paavahee ||7||

ਅਧਿਕ ਸ੍ਰਮਿਤ ਤੇ ਭਏ ਹਾਰਿ ਗਿਰਿ ਕੈ ਪਰੈ ॥

adhik sramit te bhe haar gir kai parai ||

ਜਨੁਕ ਘਾਵ ਬਿਨੁ ਕੀਏ ਆਪ ਹੀ ਤੇ ਮਰੈ ॥

januk ghaav bin ke'ee aap hee te marai ||

ਅਧਿਕ ਛੁਧਾ ਜਬ ਲਗੀ ਦੁਹੁਨਿ ਕੌ ਆਇ ਕੈ ॥

adhik chhudhaa jab lagee dhuhun kau aai kai ||

ਹੋ ਤਬ ਦਾਸੀ ਸੌ ਦਾਸ ਕਹਿਯੋ ਦੁਖ ਪਾਇ ਕੈ ॥੮॥

ho tab dhaasee sau dhaas kahiyo dhukh pai kai ||8||

ਗਾਨ ਕਲਾ ਤੁਮ ਪਰੋ ਸੁ ਬੁਰਿ ਅਪੁਨੀ ਕਰੋ ॥

gaan kalaa tum paro su bur apunee karo ||

ਖਰਿ ਕੋ ਟੁਕਰਾ ਹਾਥ ਹਮਾਰੇ ਪੈ ਧਰੋ ॥

khar ko Tukaraa haath hamaare pai dharo ||

ਦਾਸ ਜਬੇ ਖੈਬੈ ਕੌ ਕਛੂ ਨ ਪਾਇਯੋ ॥

dhaas jabe khaibai kau kachhoo na paiyo ||

ਹੋ ਅਧਿਕ ਕੋਪ ਤਬ ਚਿਤ ਕੇ ਬਿਖੈ ਬਢਾਇਯੋ ॥੯॥

ho adhik kop tab chit ke bikhai baddaiyo ||9||

ਮਾਰ ਕੂਟਿ ਦਾਸੀ ਕੋ ਦਯੋ ਬਹਾਇ ਕੈ ॥

maar kooT dhaasee ko dhayo bahai kai ||

ਆਪਨ ਗਯੋ ਫਲ ਚੁਗਨ ਮਹਾ ਬਨ ਜਾਇ ਕੈ ॥

aapan gayo fal chugan mahaa ban jai kai ||

ਬੇਰ ਭਖਤ ਤਾ ਕੌ ਹਰਿ ਜਛ ਨਿਹਾਰਿਯੋ ॥

ber bhakhat taa kau har jachh nihaariyo ||

ਹੋ ਤਿਲ ਚੁਗਨਾ ਕੋ ਪਕਰ ਭਛ ਕਰਿ ਡਾਰਿਯੋ ॥੧੦॥

ho til chuganaa ko pakar bhachh kar ddaariyo ||10||

ਬਹਤ ਬਹਤ ਦਾਸੀ ਸਰਿਤਾ ਮਹਿ ਤਹਿ ਗਈ ॥

bahat bahat dhaasee saritaa meh teh giee ||

ਜਹਾ ਆਇ ਸ੍ਵਾਰੀ ਨ੍ਰਿਪ ਕੀ ਨਿਕਸਤ ਭਈ ॥

jahaa aai savaiaaree nirap kee nikasat bhiee ||

ਨਿਰਖਿ ਪ੍ਰਿਯਾ ਰਾਜਾ ਤਿਹ ਲਿਯੋ ਨਿਕਾਰਿ ਕੈ ॥

nirakh pirayaa raajaa teh liyo nikaar kai ||

ਹੋ ਭੇਦ ਅਭੇਦ ਨ ਮੂਰਖ ਸਕਿਯੋ ਬਿਚਾਰਿ ਕੈ ॥੧੧॥

ho bhedh abhedh na moorakh sakiyo bichaar kai ||11||

ਚੌਪਈ ॥

chauapiee ||

ਦਾਸੀ ਕਾਢ ਨਦੀ ਤੇ ਲਿਯੋ ॥

dhaasee kaadd nadhee te liyo ||

ਬੈਠ ਤੀਰ ਐਸੇ ਬਚ ਕਿਯੋ ॥

baiTh teer aaise bach kiyo ||

ਕਿਹ ਨਿਮਿਤ ਕੈ ਹਜਾਂ ਤੈ ਆਈ ॥

keh nimit kai hayaa(n) tai aaiee ||

ਸੋ ਕਹਿਯੈ ਮੁਹਿ ਪ੍ਰਗਟ ਜਤਾਈ ॥੧੨॥

so kahiyai muh pragaT jataiee ||12||

ਜਬ ਤੁਮ ਅਖੇਟਕਹਿ ਸਿਧਾਏ ॥

jab tum akheTakeh sidhaae ||

ਬਹੁ ਚਿਰ ਭਯੋ ਗ੍ਰਿਹ ਕੌ ਨਹਿ ਆਏ ॥

bahu chir bhayo gireh kau neh aae ||

ਤੁਮ ਬਿਨੁ ਮੈ ਅਤਿਹਿ ਅਕੁਲਾਈ ॥

tum bin mai ateh akulaiee ||

ਤਾ ਤੇ ਬਨ ਗਹਿਰੇ ਮੋ ਆਈ ॥੧੩॥

taa te ban gahire mo aaiee ||13||

ਜਬ ਮੈ ਅਧਿਕ ਤ੍ਰਿਖਾਤੁਰ ਭਈ ॥

jab mai adhik tirakhaatur bhiee ||

ਪਾਨਿ ਪਿਵਨ ਸਰਿਤਾ ਢਿਗ ਗਈ ॥

paan pivan saritaa ddig giee ||

ਫਿਸਲਿਯੋ ਪਾਵ ਨਦੀ ਮੌ ਪਰੀ ॥

fisaliyo paav nadhee mau paree ||

ਅਧਿਕ ਕ੍ਰਿਪਾ ਕਰ ਤੁਮਹਿ ਨਿਕਰੀ ॥੧੪॥

adhik kirapaa kar tumeh nikaree ||14||

ਦੋਹਰਾ ॥

dhoharaa ||

ਨੀਚ ਸੰਗ ਕੀਜੈ ਨਹੀ ਸੁਨਹੋ ਮੀਤ ਕੁਮਾਰ ॥

neech sa(n)g keejai nahee sunaho meet kumaar ||

ਭੇਡ ਪੂਛਿ ਭਾਦੌ ਨਦੀ ਕੋ ਗਹਿ ਉਤਰਿਯੋ ਪਾਰ ॥੧੫॥

bhedd poochh bhaadhau nadhee ko geh utariyo paar ||15||

ਪਾਨੀ ਉਦਰ ਤਾ ਕੌ ਭਰਿਯੋ ਦਾਸ ਨਦੀ ਗਯੋ ਡਾਰਿ ॥

paanee udhar taa kau bhariyo dhaas nadhee gayo ddaar ||

ਬਿਨੁ ਪ੍ਰਾਨਨ ਅਬਲਾ ਭਈ ਸਕਿਯੋ ਨ ਨ੍ਰਿਪ ਬੀਚਾਰਿ ॥੧੬॥

bin praanan abalaa bhiee sakiyo na nirap beechaar ||16||

ਫਲ ਭਛਤ ਜਛਨ ਗਹਿਯੋ ਦਾਸ ਨਾਸ ਕੋ ਕੀਨ ॥

fal bhachhat jachhan gahiyo dhaas naas ko keen ||

ਦਾਸਨਿ ਕੈ ਸੰਗ ਦੋਸਤੀ ਮਤਿ ਕਰਿਯਹੁ ਮਤਿਹੀਨ ॥੧੭॥

dhaasan kai sa(n)g dhosatee mat kariyahu matiheen ||17||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਬਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੯੨॥੩੬੨੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

ik sau baanavo charitr samaapatam sat subham sat ||192||3628||afajoo(n)||

ਚੌਪਈ ॥

chauapiee ||

ਤਿਰਦਸਿ ਕਲਾ ਏਕ ਬਰ ਨਾਰੀ ॥

tiradhas kalaa ek bar naaree ||

ਚੋਰਨ ਕੀ ਅਤਿ ਹੀ ਹਿਤਕਾਰੀ ॥

choran kee at hee hitakaaree ||

ਜਹਾ ਕਿਸੂ ਕਾ ਦਰਬੁ ਤਕਾਵੈ ॥

jahaa kisoo kaa dharab takaavai ||

ਹੀਂਗ ਲਗਾਇ ਤਹਾ ਉਠਿ ਆਵੈ ॥੧॥

hee(n)g lagai tahaa uTh aavai ||1||

ਹੀਂਗ ਬਾਸ ਤਸਕਰ ਜਹ ਪਾਵੈ ॥

hee(n)g baas tasakar jeh paavai ||

ਤਿਸੀ ਠੌਰ ਕਹ ਸਾਧਿ ਲਗਾਵੈ ॥

tisee Thauar keh saadh lagaavai ||

ਤਿਹ ਠਾ ਰਹੈ ਸਾਹੁ ਇਕ ਭਾਰੀ ॥

teh Thaa rahai saahu ik bhaaree ||

ਤ੍ਰਿਦਸਿ ਕਲਾ ਤਾਹੂ ਸੋ ਬਿਹਾਰੀ ॥੨॥

tiradhas kalaa taahoo so bihaaree ||2||

ਹੀਂਗ ਲਗਾਇ ਤ੍ਰਿਯ ਚੋਰ ਲਗਾਏ ॥

hee(n)g lagai tiray chor lagaae ||

ਕਰਤੇ ਕੇਲ ਸਾਹੁ ਚਿਤ ਆਏ ॥

karate kel saahu chit aae ||

ਤਾ ਸੌ ਤੁਰਤ ਖਬਰਿ ਤ੍ਰਿਯ ਕਰੀ ॥

taa sau turat khabar tiray karee ||

ਮੀਤ ਤਿਹਾਰੀ ਮਾਤ੍ਰਾ ਹਰੀ ॥੩॥

meet tihaaree maatraa haree ||3||

ਚੋਰ ਚੋਰ ਤਬ ਸਾਹੁ ਪੁਕਾਰਿਯੋ ॥

chor chor tab saahu pukaariyo ||

ਅਰਧ ਆਪਨੋ ਦਰਬੁ ਉਚਾਰਿਯੋ ॥

aradh aapano dharab uchaariyo ||

ਦੁਹੂੰਅਨ ਤਾਹਿ ਹਿਤੂ ਕਰਿ ਮਾਨ੍ਯੋ ॥

dhuhoo(n)an taeh hitoo kar maanayo ||

ਮੂਰਖ ਭੇਦ ਨ ਕਾਹੂ ਜਾਨ੍ਯੋ ॥੪॥

moorakh bhedh na kaahoo jaanayo ||4||

ਅਰਧ ਬਾਟਿ ਚੋਰਨ ਤਿਹ ਦੀਨੋ ॥

aradh baaT choran teh dheeno ||

ਆਧੋ ਦਰਬੁ ਸਾਹੁ ਤੇ ਲੀਨੋ ॥

aadho dharab saahu te leeno ||

ਦੁਹੂੰਅਨ ਤਾਹਿ ਲਖ੍ਯੋ ਹਿਤਕਾਰੀ ॥

dhuhoo(n)an taeh lakhiyo hitakaaree ||

ਮੂਰਖ ਕਿਨੂੰ ਨ ਬਾਤ ਬਿਚਾਰੀ ॥੫॥

moorakh kinoo(n) na baat bichaaree ||5||

ਚੋਰ ਲਾਇ ਪਾਹਰੂ ਜਗਾਏ ॥

chor lai paaharoo jagaae ||

ਇਹ ਚਰਿਤ੍ਰ ਤੇ ਦੋਊ ਭੁਲਾਏ ॥

eeh charitr te dhouoo bhulaae ||

ਤਸਕਰ ਕਹੈ ਹਮਾਰੀ ਨਾਰੀ ॥

tasakar kahai hamaaree naaree ||

ਸਾਹੁ ਲਖ੍ਯੋ ਮੋਰੀ ਹਿਤਕਾਰੀ ॥੬॥

saahu lakhayo moree hitakaaree ||6||

ਦੋਹਰਾ ॥

dhoharaa ||

ਚੰਚਲਾਨ ਕੇ ਚਰਿਤ ਕੌ ਸਕਤ ਨ ਕੋਊ ਪਾਇ ॥

cha(n)chalaan ke charit kau sakat na kouoo pai ||

ਵਹ ਚਰਿਤ੍ਰ ਤਾ ਕੌ ਲਖੈ ਜਾ ਕੇ ਸ੍ਯਾਮ ਸਹਾਇ ॥੭॥

veh charitr taa kau lakhai jaa ke sayaam sahai ||7||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਤਿਰਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੯੩॥੩੬੩੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

ik sau tiraanavo charitr samaapatam sat subham sat ||193||3635||afajoo(n)||

ਦੋਹਰਾ ॥

dhoharaa ||

ਦੇਵਰਾਨ ਹੰਡੂਰ ਕੋ ਰਾਜਾ ਏਕ ਰਹੈ ॥

dhevaraan ha(n)ddoor ko raajaa ek rahai ||

ਨਾਰਾ ਕੋ ਹੋਛਾ ਘਨੋ ਸਭ ਜਗ ਤਾਹਿ ਕਹੈ ॥੧॥

naaraa ko hochhaa ghano sabh jag taeh kahai ||1||

ਏਕ ਦਿਸਾਰਿਨ ਸੌ ਰਹੈ ਤਾ ਕੀ ਪ੍ਰੀਤਿ ਅਪਾਰ ॥

ek dhisaarin sau rahai taa kee preet apaar ||

ਤਿਨ ਨ ਬੁਲਾਯੋ ਧਾਮ ਕੋ ਆਪੁ ਗਯੋ ਬਿਸੰਭਾਰ ॥੨॥

tin na bulaayo dhaam ko aap gayo bisa(n)bhaar ||2||

ਅੜਿਲ ॥

aRil ||

ਜਬ ਆਯੋ ਨ੍ਰਿਪ ਧਾਮ ਦਿਸਾਰਿਨਿ ਜਾਨਿਯੋ ॥

jab aayo nirap dhaam dhisaarin jaaniyo ||

ਨਿਜੁ ਪਤਿ ਸੌ ਸਭ ਹੀ ਤਿਨ ਭੇਦ ਬਖਾਨਿਯੋ ॥

nij pat sau sabh hee tin bhedh bakhaaniyo ||

ਖਾਤ ਬਿਖੈ ਰਾਜਾ ਕੋ ਗਹਿ ਤਿਨ ਡਾਰਿਯੋ ॥

khaat bikhai raajaa ko geh tin ddaariyo ||

ਹੋ ਪਕਰਿ ਪਾਨਹੀ ਹਾਥ ਬਹੁਤ ਬਿਧਿ ਮਾਰਿਯੋ ॥੩॥

ho pakar paanahee haath bahut bidh maariyo ||3||

ਪ੍ਰਥਮ ਕੇਲ ਕਰਿ ਨ੍ਰਿਪ ਕੌ ਧਾਮ ਬੁਲਾਇਯੋ ॥

pratham kel kar nirap kau dhaam bulaiyo ||

ਬਨੀ ਨ ਤਾ ਸੌ ਪਤਿ ਸੋ ਭੇਦ ਜਤਾਇਯੋ ॥

banee na taa sau pat so bhedh jataiyo ||

ਪਨਿਨ ਮਾਰਿ ਖਤ ਡਾਰ ਉਪਰ ਕਾਟਾ ਦਏ ॥

panin maar khat ddaar upar kaaTaa dhe ||

ਹੋ ਚਿਤ ਮੌ ਤ੍ਰਾਸ ਬਿਚਾਰਿ ਪੁਰਖੁ ਤ੍ਰਿਯ ਭਜਿ ਗਏ ॥੪॥

ho chit mau traas bichaar purakh tiray bhaj ge ||4||

ਚੌਪਈ ॥

chauapiee ||

ਪ੍ਰਾਤ ਸਭੈ ਖੋਜਨ ਨ੍ਰਿਪ ਲਾਗੇ ॥

praat sabhai khojan nirap laage ||

ਰਾਨਿਨ ਸਹਿਤ ਸੋਕ ਅਨੁਰਾਗੇ ॥

raanin sahit sok anuraage ||

ਖਤਿਯਾ ਪਰੇ ਰਾਵ ਜੂ ਪਾਏ ॥

khatiyaa pare raav joo paae ||

ਤਹ ਤੇ ਕਾਢਿ ਧਾਮ ਲੈ ਆਏ ॥੫॥

teh te kaadd dhaam lai aae ||5||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਚੁਰਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੯੪॥੩੬੪੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau churaanavo charitr samaapatam sat subham sat

||194||3640||afajoo(n)||

ਦੋਹਰਾ ॥

dhoharaa ||

ਨੌਕੋਟੀ ਮਰਵਾਰ ਕੇ ਜਸਵੰਤ ਸਿੰਘ ਨਰੇਸ ॥

nauakoTee maravaar ke jasava(n)t si(n)gh nares ||

ਜਾ ਕੀ ਮਾਨਤ ਆਨਿ ਸਭ ਰਘੁਬੰਸੀਸ੍ਵਰ ਦੇਸ ॥੧॥

jaa kee maanat aan sabh raghuba(n)seesavair dhes ||1||

ਚੌਪਈ ॥

chauapiee ||

ਮਾਨਮਤੀ ਤਿਹ ਕੀ ਬਰ ਨਾਰੀ ॥

maanamatee teh kee bar naaree ||

ਜਨੁਕ ਚੀਰ ਚੰਦ੍ਰਮਾ ਨਿਕਾਰੀ ॥

januk cheer cha(n)dhramaa nikaaree ||

ਬਿਤਨ ਪ੍ਰਭਾ ਦੂਜੀ ਤਿਹ ਰਾਨੀ ॥

bitan prabhaa dhoojee teh raanee ||

ਜਾ ਸਮ ਲਖੀ ਨ ਕਿਨੂੰ ਬਖਾਨੀ ॥੨॥

jaa sam lakhee na kinoo(n) bakhaanee ||2||

ਕਾਬਲ ਦਰੋ ਬੰਦ ਜਬ ਭਯੋ ॥

kaabal dharo ba(n)dh jab bhayo ||

ਲਿਖਿ ਐਸੇ ਖਾ ਮੀਰ ਪਠਯੋ ॥

likh aaise khaa meer paThayo ||

ਅਵਰੰਗ ਬੋਲਿ ਜਸਵੰਤਹਿ ਲੀਨੋ ॥

avara(n)g bol jasava(n)teh leeno ||

ਤਵਨੈ ਠੌਰ ਭੇਜਿ ਕੈ ਦੀਨੋ ॥੩॥

tavanai Thauar bhej kai dheeno ||3||

ਅੜਿਲ ॥

aRil ||

ਛੋਰਿ ਜਹਾਨਾਬਾਦ ਤਹਾ ਜਸਵੰਤ ਗਯੋ ॥

chhor jahaanaabaadh tahaa jasava(n)t gayo ||

ਜੋ ਕੋਊ ਯਾਕੀ ਭਯੋ ਸੰਘਾਰਤ ਤਿਹ ਭਯੋ ॥

jo kouoo yaakee bhayo sa(n)ghaarat teh bhayo ||

ਆਇ ਮਿਲਿਯੋ ਤਾ ਕੌ ਸੋ ਲਿਯੋ ਉਬਾਰਿ ਕੈ ॥

aai miliyo taa kau so liyo ubaar kai ||

ਹੋ ਡੰਡਿਯਾ ਬੰਗਸਤਾਨ ਪਠਾਨ ਸੰਘਾਰਿ ਕੈ ॥੪॥

ho dda(n)ddiyaa ba(n)gasataan paThaan sa(n)ghaar kai ||4||

ਜੀਵ ਅਨਮਨੋ ਕਿਤਕ ਦਿਨਨ ਤਾ ਕੋ ਭਯੋ ॥

jeev anamano kitak dhinan taa ko bhayo ||

ਤਾ ਤੇ ਜਸਵੰਤ ਸਿੰਘ ਨ੍ਰਿਪਤਿ ਸੁਰ ਪੁਰ ਗਯੋ ॥

taa te jasava(n)t si(n)gh nirapat sur pur gayo ||

ਦ੍ਰੁਮਤਿ ਦਹਨ ਅਧਤਮ ਪ੍ਰਭਾ ਤਹ ਆਇ ਕੈ ॥

dhrumat dhahan adhatam prabhaa teh aai kai ||

ਹੋ ਤਰੁਨਿ ਇਤ੍ਰਯਾਦਿਕ ਤ੍ਰਿਯ ਸਭ ਜਰੀ ਬਨਾਇ ਕੈ ॥੫॥

ho tarun itrayaadhik tiray sabh jaree banai kai ||5||

ਡੀਕ ਅਗਨਿ ਕੀ ਉਠੀ ਰਾਨਿਯਨ ਯੌ ਕਿਯੋ ॥

ddeek agan kee uThee raaniyan yau kiyo ||

ਨਮਸਕਾਰ ਕਰਿ ਸਪਤ ਪ੍ਰਦਛਿਨ ਕੌ ਦਿਯੋ ॥

namasakaar kar sapat pradhachhin kau dhiyo ||

ਕੂਦਿ ਕੂਦਿ ਕਰਿ ਪਰੀ ਨਰੇਰ ਨਚਾਇ ਕੈ ॥

koodh koodh kar paree narer nachai kai ||

ਹੋ ਜਨੁਕ ਗੰਗ ਕੇ ਮਾਝ ਅਪਛਰਾ ਆਇ ਕੈ ॥੬॥

ho januk ga(n)g ke maajh apachharaa aai kai ||6||

ਦੋਹਰਾ ॥

dhoharaa ||

ਬਿਤਨ ਕਲਾ ਦੁਤਿਮਾਨ ਮਤਿ ਚਲੀ ਜਰਨ ਕੇ ਕਾਜ ॥

bitan kalaa dhutimaan mat chalee jaran ke kaaj ||

ਦੁਰਗ ਦਾਸ ਸੁਨਿ ਗਤਿ ਤਿਸੈ ਰਾਖਿਯੋ ਕੋਟਿ ਇਲਾਜ ॥੭॥

dhurag dhaas sun gat tisai raakhiyo koT ilaaj ||7||

ਮੇੜਤੇਸ ਥਾਰੇ ਉਦਰ ਸੁਨਿ ਰਾਨੀ ਮਮ ਬੈਨ ॥

meRates thaare udhar sun raanee mam bain ||

ਮੈ ਨ ਮਿਲੌਂ ਹਜਰਤਿ ਤਨੈ ਜਾਸਾ ਅਪਨੇ ਐਨ ॥੮॥

mai na milau hajarat tanai jaasaa apane aain ||8||

ਚੌਪਈ ॥

chauapiee ||

ਤਬ ਹਾਡੀ ਪਤਿ ਸੌ ਨਹਿ ਜਰੀ ॥

tab haaddee pat sau neh jaree ||

ਲਰਿਕਨ ਕੀ ਆਸਾ ਜਿਯ ਧਰੀ ॥

larikan kee aasaa jiy dharee ||

ਛੋਰਿ ਪਿਸੌਰ ਦਿਲੀ ਕੌ ਆਏ ॥

chhor pisauar dhilee kau aae ||

ਸਹਿਰ ਲਹੌਰ ਪੂਤ ਦੋ ਜਾਏ ॥੯॥

sahir lahauar poot dho jaae ||9||

ਜਬ ਰਾਨੀ ਦਿਲੀ ਮੌ ਗਈ ॥

jab raanee dhilee mau giee ||

ਹਜਰਤਿ ਕੌ ਐਸੀ ਸੁਧਿ ਭਈ ॥

hajarat kau aaisee sudh bhiee ||

ਸੋਊਅਨ ਕਹਿਯੋ ਇਨੈ ਮੁਹਿ ਦੀਜੈ ॥

souooan kahiyo inai muh dheejai ||

ਤੁਮ ਮਨਸਬ ਜਸਵੰਤ ਕੋ ਲੀਜੈ ॥੧੦॥

tum manasab jasava(n)t ko leejai ||10||

ਰਨਿਯਨ ਕੋ ਸਊਅਨ ਨਹਿ ਦਯੋ ॥

raniyan ko suooan neh dhayo ||

ਹਜਰਤਿ ਸੈਨ ਪਠਾਵਤ ਭਯੋ ॥

hajarat sain paThaavat bhayo ||

ਰਨਛੋਰੈ ਇਹ ਭਾਤਿ ਉਚਾਰੋ ॥

ranachhorai ieh bhaat uchaaro ||

ਨਰ ਕੋ ਭੇਸ ਸਭੈ ਤੁਮ ਧਾਰੋ ॥੧੧॥

nar ko bhes sabhai tum dhaaro ||11||

ਖਾਨ ਪੁਲਾਦ ਜਬੈ ਚੜਿ ਆਏ ॥

khaan pulaadh jabai chaR aae ||

ਤਬ ਰਨਿਯਨ ਯੌ ਬਚਨ ਸੁਨਾਏ ॥

tab raniyan yau bachan sunaae ||

ਹਮੈ ਨਗਜ ਸੈਨਾ ਮੌ ਦੀਜੈ ॥

hamai nagaj sainaa mau dheejai ||

ਹਿੰਦੂ ਧਰਮ ਰਾਖਿ ਕਰਿ ਲੀਜੈ ॥੧੨॥

hi(n)dhoo dharam raakh kar leejai ||12||

ਨਾਵਨ ਕੌ ਸੁਭ ਵਾਰੋ ਦਿਯੋ ॥

naavan kau subh vaaro dhiyo ||

ਬਾਲਨ ਸਹਿਤ ਦੇਸ ਮਗੁ ਲਿਯੋ ॥

baalan sahit dhes mag liyo ||

ਰਜਪੂਤਨ ਰੂਮਾਲ ਫਿਰਾਏ ॥

rajapootan roomaal firaae ||

ਹਮ ਮਿਲਨੇ ਹਜਰਤਿ ਕੌ ਆਏ ॥੧੩॥

ham milane hajarat kau aae ||13||

ਤਿਨ ਕੌ ਕਿਨੀ ਨ ਚੋਟਿ ਚਲਾਈ ॥

tin kau kinee na choT chalaiee ||

ਇਹ ਰਾਨੀ ਹਜਰਤਿ ਪਹ ਆਈ ॥

eeh raanee hajarat peh aaiee ||

ਤੁਪਕ ਤਲੋ ਤੈ ਜਬੈ ਉਬਰੇ ॥

tupak talo tai jabai ubare ||

ਤਬ ਹੀ ਕਾਢਿ ਕ੍ਰਿਪਾਨੈ ਪਰੇ ॥੧੪॥

tab hee kaadd kirapaanai pare ||14||

ਜੌਨੈ ਸੂਰ ਸਰੋਹੀ ਬਹੈ ॥

jauanai soor sarohee bahai ||

ਜੈਬੋ ਟਿਕੈ ਨ ਬਖਤਰ ਰਹੈ ॥

jaibo Tikai na bakhatar rahai ||

ਏਕੈ ਤੀਰ ਏਕ ਅਸਵਾਰਾ ॥

ekai teer ek asavaaraa ||

ਏਕੈ ਘਾਇ ਏਕ ਗਜ ਭਾਰਾ ॥੧੫॥

ekai ghai ek gaj bhaaraa ||15||

ਜਾ ਪਰ ਪਰੈ ਖੜਗ ਕੀ ਧਾਰਾ ॥

jaa par parai khaRag kee dhaaraa ||

ਜਨੁਕ ਬਹੇ ਬਿਰਛ ਪਰ ਆਰਾ ॥

januk bahe birachh par aaraa ||

ਕਟਿ ਕਟਿ ਸੁਭਟ ਧਰਨਿ ਪਰ ਪਰਹੀ ॥

kaT kaT subhaT dharan par parahee ||

ਚਟਪਟ ਆਨਿ ਅਪਛਰਾ ਬਰਹੀ ॥੧੬॥

chaTapaT aan apachharaa barahee ||16||

ਦੋਹਰਾ ॥

dhoharaa ||

ਰਨਛੋਰੈ ਰਘੁਨਾਥ ਸਿੰਘ ਕੀਨੋ ਕੋਪ ਅਪਾਰ ॥

ranachhorai raghunaath si(n)gh keeno kop apaar ||

ਸਾਹ ਝਰੋਖਾ ਕੇ ਤਰੇ ਬਾਹਤ ਭੇ ਹਥਿਯਾਰ ॥੧੭॥

saeh jharokhaa ke tare baahat bhe hathiyaar ||17||

ਭੁਜੰਗ ਛੰਦ ॥

bhuja(n)g chha(n)dh ||

ਕਹੂੰ ਧੋਪ ਬਾਕੈ ਕਹੂੰ ਬਾਨ ਛੂਟੈ ॥

kahoo(n) dhop baakai kahoo(n) baan chhooTai ||

ਕਹੂੰ ਬੀਰ ਬਾਨੀਨ ਕੇ ਬਕਤ੍ਰ ਟੂਟੈ ॥

kahoo(n) beer baaneen ke bakatr TooTai ||

ਕਹੂੰ ਬਾਜ ਮਾਰੇ ਗਜਾਰਾਜ ਜੂਝੈ ॥

kahoo(n) baaj maare gajaaraaj joojhai ||

ਕਟੇ ਕੋਟਿ ਜੋਧਾ ਨਹੀ ਜਾਤ ਬੂਝੇ ॥੧੮॥

kaTe koT jodhaa nahee jaat boojhe ||18||

ਅੜਿਲ ॥

aRil ||

ਖਾਇ ਟਾਕਿ ਆਫੂਐ ਰਾਜ ਸਭ ਰਿਸਿ ਭਰੇ ॥

khai Taak aafooaai raaj sabh ris bhare ||

ਪੋਸਤ ਭਾਗ ਸਰਾਬ ਪਾਨ ਕਰਿ ਅਤਿ ਲਰੇ ॥

posat bhaag saraab paan kar at lare ||

ਸਾਹ ਝਰੋਖਾ ਤਰੈ ਚਰਿਤ੍ਰ ਦਿਖਾਇ ਕੈ ॥

saeh jharokhaa tarai charitr dhikhai kai ||

ਹੋ ਰਨਛੋਰਾ ਸੁਰ ਲੋਕ ਗਏ ਸੁਖ ਪਾਇ ਕੈ ॥੧੯॥

ho ranachhoraa sur lok ge sukh pai kai ||19||

ਰਨਛੋਰਹਿ ਰਘੁਨਾਥ ਨਿਰਖਿ ਕਰਿ ਰਿਸਿ ਭਰਿਯੋ ॥

ranachhoreh raghunaath nirakh kar ris bhariyo ||

ਤਾ ਤੇ ਤੁਰੈ ਧਵਾਇ ਜਾਇ ਦਲ ਮੈ ਪਰਿਯੋ ॥

taa te turai dhavai jai dhal mai pariyo ||

ਜਾ ਕੌ ਬਹੈ ਸਰੋਹੀ ਰਹੈ ਨ ਬਾਜ ਪਰ ॥

jaa kau bahai sarohee rahai na baaj par ||

ਹੋ ਗਿਰੈ ਮੂਰਛਨਾ ਖਾਇ ਤੁਰਤ ਸੋ ਭੂਮਿ ਪਰ ॥੨੦॥

ho girai moorachhanaa khai turat so bhoom par ||20||

ਧਨਿ ਧਨਿ ਔਰੰਗਸਾਹ ਤਿਨੈ ਭਾਖਤ ਭਯੋ ॥

dhan dhan aauara(n)gasaeh tinai bhaakhat bhayo ||

ਘੇਰਹੁ ਇਨ ਕੌ ਜਾਇ ਦਲਹਿ ਆਇਸ ਦਯੋ ॥

gherahu in kau jai dhaleh aais dhayo ||

ਜੋ ਐਸੇ ਦੋ ਚਾਰ ਔਰ ਭਟ ਧਾਵਹੀ ॥

jo aaise dho chaar aauar bhaT dhaavahee ||

ਹੋ ਬੰਕ ਲੰਕ ਗੜ ਜੀਤਿ ਛਿਨਿਕ ਮੋ ਲਜਾਵਹੀ ॥੨੧॥

ho ba(n)k la(n)k gaR jeet chhinik mo layaavahee ||21||

ਹਾਕਿ ਹਾਕਿ ਕਰਿ ਮਹਾ ਬੀਰ ਸੂਰਾ ਧਏ ॥

haak haak kar mahaa beer sooraa dhe ||

ਠਿਲਾ ਠਿਲੀ ਬਰਛਿਨ ਸੌ ਕਰਤ ਤਹਾ ਭਏ ॥

Thilaa Thilee barachhin sau karat tahaa bhe ||

ਕੜਾਕੜੀ ਮੈਦਾਨ ਮਚਾਯੋ ਆਇ ਕਰ ॥

kaRaakaRee maidhaan machaayo aai kar ||

ਹੋ ਭਾਤਿ ਭਾਤਿ ਬਾਦਿਤ੍ਰ ਅਨੇਕ ਬਜਾਇ ਕਰ ॥੨੨॥

ho bhaat bhaat baadhitr anek bajai kar ||22||

ਚੌਪਈ ॥

chauapiee ||

ਤੁਮਲ ਜੁਧ ਮਚਤ ਤਹ ਭਯੋ ॥

tumal judh machat teh bhayo ||

ਲੈ ਰਘੁਨਾਥ ਸੈਨ ਸਮੁਹਯੋ ॥

lai raghunaath sain samuhayo ||

ਭਾਤਿ ਭਾਤਿ ਸੋ ਬਜੇ ਨਗਾਰੇ ॥

bhaat bhaat so baje nagaare ||

ਖੇਤਿ ਮੰਡਿ ਸੂਰਮਾ ਹਕਾਰੇ ॥੨੩॥

khet ma(n)dd sooramaa hakaare ||23||

ਗਹਿ ਗਹਿ ਸਸਤ੍ਰ ਸੂਰਮਾ ਧਾਏ ॥

geh geh sasatr sooramaa dhaae ||

ਦੇਵ ਅਦੇਵ ਬਿਲੋਕਨ ਆਏ ॥

dhev adhev bilokan aae ||

ਜਾ ਪਰ ਦੋਇ ਕਰੰਧਰ ਧਰੈ ॥

jaa par dhoi kara(n)dhar dharai ||

ਏਕ ਸੁਭਟ ਤੇ ਦੋ ਦੋ ਕਰੈ ॥੨੪॥

ek subhaT te dho dho karai ||24||

ਜਾ ਕੈ ਅੰਗ ਸਰੋਹੀ ਬਹੀ ॥

jaa kai a(n)g sarohee bahee ||

ਤਾ ਕੀ ਗ੍ਰੀਵ ਸੰਗ ਨਹਿ ਰਹੀ ॥

taa kee greev sa(n)g neh rahee ||

ਜਾ ਕੈ ਲਗਿਯੋ ਕੁਹਕਤੋ ਬਾਨਾ ॥

jaa kai lagiyo kuhakato baanaa ||

ਪਲਕ ਏਕ ਮੈ ਤਜੈ ਪਰਾਨਾ ॥੨੫॥

palak ek mai tajai paraanaa ||25||

ਜਾ ਕੈ ਘਾਇ ਗੁਰਜ ਕੋ ਲਾਗਿਯੋ ॥

jaa kai ghai guraj ko laagiyo ||

ਤਾ ਕੋ ਪ੍ਰਾਨ ਦੇਹ ਤਜਿ ਭਾਗਿਯੋ ॥

taa ko praan dheh taj bhaagiyo ||

ਹਾਹਾਕਾਰ ਪਖਰਿਯਾ ਕਰਹੀ ॥

haahaakaar pakhariyaa karahee ||

ਰਾਠੌਰਨ ਕੇ ਪਾਲੇ ਪਰਹੀ ॥੨੬॥

raaThauaran ke paale parahee ||26||

ਸਵੈਯਾ ॥

savaiyaa ||

ਆਨਿ ਪਰੇ ਰਿਸਿ ਠਾਨਿ ਰਠੌਰ ਚਹੂੰ ਦਿਸ ਤੇ ਕਰ ਆਯੁਧ ਲੀਨੇ ॥

aan pare ris Thaan raThauar chahoo(n) dhis te kar aayudh leene ||

ਬੀਰ ਕਰੋਰਿਨ ਕੇ ਸਿਰ ਤੋਰਿ ਸੁ ਹਾਥਨ ਕੋ ਹਲਕਾਹਿਨ ਦੀਨੇ ॥

beer karorin ke sir tor su haathan ko halakaahin dheene ||

ਰੁੰਡ ਪਰੇ ਕਹੂੰ ਤੁੰਡ ਨ੍ਰਿਪਾਨ ਕੇ ਝੁੰਡ ਹਯਾਨ ਕੇ ਜਾਤ ਨ ਚੀਨੇ ॥

ru(n)dd pare kahoo(n) tu(n)dd nirapaan ke jhu(n)dd hayaan ke jaat na

cheene ||

ਕੰਬਰ ਕੇ ਬਹੁ ਟੰਬਰ ਅੰਬਰ ਅੰਬਰ ਛੀਨਿ ਦਿਗੰਬਰ ਕੀਨੈ ॥੨੭॥

ka(n)bar ke bahu Ta(n)bar a(n)bar a(n)bar chheen dhiga(n)bar keenai ||27||

ਚੌਪਈ ॥

chauapiee ||

ਐਸੀ ਭਾਤਿ ਸੁ ਭਟ ਬਹੁ ਮਾਰੇ ॥

aaisee bhaat su bhaT bahu maare ||

ਰਘੁਨਾਥੋ ਸੁਰ ਲੋਕ ਸਿਧਾਰੇ ॥

raghunaatho sur lok sidhaare ||

ਸ੍ਵਾਮਿ ਕਾਜ ਕੇ ਪ੍ਰਨਹਿ ਨਿਬਾਹਿਯੋ ॥

savaiaam kaaj ke praneh nibaahiyo ||

ਹਡਿਯਹਿ ਪੁਰੇ ਜੋਧ ਪਹੁਚਾਯੋ ॥੨੮॥

haddiyeh pure jodh pahuchaayo ||28||

ਦੋਹਰਾ ॥

dhoharaa ||

ਅਤਿ ਬਰਿ ਕੈ ਭਾਰੀ ਜੁਝ੍ਯੋ ਤਨਕ ਨ ਮੋਰਿਯੋ ਅੰਗ ॥

at bar kai bhaaree jujhrayo tanak na moriyo a(n)g ||

ਸੁ ਕਬਿ ਕਾਲ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥੨੯॥

s kab kaal pooran bhayo tab hee kathaa prasa(n)g ||29||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਪਚਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤ ॥੧੯੫॥੩੬੬੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau pachaanavo charitr samaapatam sat subham sat

||195||3669||afajoo(n)||

ਚੌਪਈ ॥

chauapiee ||

ਚੰਦ੍ਰਪੁਰੀ ਨਗਰੀ ਇਕ ਸੁਨੀ ॥

cha(n)dhrapuree nagaree ik sunee ||

ਅਪ੍ਰਤਿਮ ਕਲਾ ਰਾਨੀ ਬਹੁ ਗੁਨੀ ॥

apratim kalaa raanee bahu gunee ||

ਅੰਜਨ ਰਾਇ ਬਿਲੋਕ੍ਯੋ ਜਬ ਹੀ ॥

a(n)jan rai bilokayo jab hee ||

ਹਰਅਰਿ ਸਰ ਮਾਰਿਯੋ ਤਿਹ ਤਬ ਹੀ ॥੧॥

harar sar maariyo teh tab hee ||1||

ਤਾ ਕੌ ਧਾਮ ਬੋਲਿ ਕਰਿ ਲਿਯੋ ॥

taa kau dhaam bol kar liyo ||

ਕਾਮ ਕੇਲ ਤਾ ਸੌ ਦ੍ਰਿੜ ਕਿਯੋ ॥

kaam kel taa sau dhiraR kiyo ||

ਬਹੁਰਿ ਜਾਰ ਇਹ ਭਾਤਿ ਉਚਾਰੋ ॥

bahur jaar ieh bhaat uchaaro ||

ਜਿਨਿ ਮਤਿ ਲਖਿ ਪਤਿ ਹਨੈ ਤੁਮਾਰੇ ॥੨॥

jin mat lakh pat hanai tumaare ||2||

ਤ੍ਰਿਯੋ ਵਾਚ ॥

tirayo vaach ||

ਤੁਮ ਚਿਤ ਮੈ ਨਹਿ ਤ੍ਰਾਸ ਬਢਾਵੋ ॥

tum chit mai neh traas baddaavo ||

ਹਮ ਸੌ ਦ੍ਰਿੜ ਕਰਿ ਕੇਲ ਕਮਾਵੋ ॥

ham sau dhiraR kar kel kamaavo ||

ਮੈ ਤੁਹਿ ਏਕ ਚਰਿਤ੍ਰ ਦਿਖੈਹੌ ॥

mai tuh ek charitr dhikhaihau ||

ਤਾ ਤੇ ਤੁਮਰੋ ਸੋਕ ਮਿਟੈਹੌ ॥੩॥

taa te tumaro sok miTaihau ||3||

ਦੋਹਰਾ ॥

dhoharaa ||

ਪਤਿ ਦੇਖਤ ਤੋ ਸੌ ਰਮੌ ਗ੍ਰਿਹ ਕੋ ਦਰਬੁ ਲੁਟਾਇ ॥

pat dhekhat to sau ramau gireh ko dharab luTai ||

ਨ੍ਰਿਪ ਕੋ ਸੀਸ ਝੁਕਾਇ ਹੌ ਪਗਨ ਤਿਹਾਰੇ ਲਾਇ ॥੪॥

nirap ko sees jhukai hau pagan tihaare lai ||4||

ਚੌਪਈ ॥

chauapiee ||

ਤੁਮ ਸਭ ਜੋਗ ਭੇਸ ਕੌ ਕਰੋ ॥

tum sabh jog bhes kau karo ||

ਮੋਰੀ ਕਹੀ ਕਾਨ ਮੈ ਧਰੋ ॥

moree kahee kaan mai dharo ||

ਮੂਕ ਮੰਤ੍ਰ ਕਛੁ ਯਾਹਿ ਸਿਖਾਵਹੁ ॥

mook ma(n)tr kachh yaeh sikhaavahu ||

ਜਾ ਤੇ ਯਾ ਕੋ ਗੁਰੂ ਕਹਾਵਹੁ ॥੫॥

jaa te yaa ko guroo kahaavahu ||5||

ਤਬ ਤਿਨ ਕਾਮ ਜਾਰ ਸੋਊ ਕਿਯੋ ॥

tab tin kaam jaar souoo kiyo ||

ਮੂਕ ਮੰਤ੍ਰ ਰਾਜਾ ਕੋ ਦਿਯੋ ॥

mook ma(n)tr raajaa ko dhiyo ||

ਆਪਨ ਤਾ ਕੌ ਗੁਰੂ ਕਹਾਯੋ ॥

aapan taa kau guroo kahaayo ||

ਭੇਦ ਅਭੇਦ ਰਾਵ ਨਹਿ ਪਾਯੋ ॥੬॥

bhedh abhedh raav neh paayo ||6||

ਜਬ ਰਾਜਾ ਅੰਤਹਪੁਰ ਆਏ ॥

jab raajaa a(n)tahapur aae ||

ਤਬ ਰਾਨੀ ਯੌਂ ਬਚਨ ਸੁਨਾਏ ॥

tab raanee yau bachan sunaae ||

ਗੁਰ ਜੁ ਭ੍ਰਮਾਵੈ ਰਾਇ ਨ ਭ੍ਰਮਿਯੈ ॥

gur ju bhramaavai rai na bhramiyai ||

ਭਲੀ ਬੁਰੀ ਗੁਰ ਕਰੇ ਸੁ ਛਮਿਯੈ ॥੭॥

bhalee buree gur kare su chhamiyai ||7||

ਜੋ ਗੁਰ ਗ੍ਰਿਹ ਕੋ ਦਰਬੁ ਚੁਰਾਵੈ ॥

jo gur gireh ko dharab churaavai ||

ਸੌਕ ਤ੍ਰਿਯਾ ਤਨ ਕੇਲ ਕਮਾਵੈ ॥

sauak tirayaa tan kel kamaavai ||

ਜੋ ਕੁਪਿ ਕਰੈ ਖੜਗ ਕੋ ਵਾਰਾ ॥

jo kup karai khaRag ko vaaraa ||

ਜੋ ਸਿਖ ਭ੍ਰਮਤ ਲਹੈ ਸੋ ਮਾਰਾ ॥੮॥

jo sikh bhramat lahai so maaraa ||8||

ਜਿਨ ਨੈ ਮੰਤ੍ਰ ਕਛੂ ਜਿਹ ਦਯੋ ॥

jin nai ma(n)tr kachhoo jeh dhayo ||

ਤਿਨ ਗੁਰ ਮੋਲ ਸਿਖ ਕੋ ਲਯੋ ॥

tin gur mol sikh ko layo ||

ਭਗਨਿ ਮਾਤ ਜੌ ਰਮਤ ਨਿਹਰੀਯੈ ॥

bhagan maat jau ramat nihareeyai ||

ਸੀਸ ਝੁਕਾਇ ਰੋਸ ਨਹਿ ਕਰੀਯੈ ॥੯॥

sees jhukai ros neh kareeyai ||9||

ਦੋਹਰਾ ॥

dhoharaa ||

ਸਭਾ ਪਰਬ ਭੀਤਰ ਸੁਨੀ ਜਮ ਕੀ ਕਥਾ ਰਸਾਲ ॥

sabhaa parab bheetar sunee jam kee kathaa rasaal ||

ਬ੍ਯਾਸਾਸਿਨ ਸੁਕ ਬਕਤ੍ਰ ਤੇ ਸੋ ਤੁਹਿ ਕਹੌ ਉਤਾਲ ॥੧੦॥

brayaasaasin suk bakatr te so tuh kahau utaal ||10||

ਜਮ ਰਾਜਾ ਰਿਖਿ ਏਕ ਕੋ ਘਰ ਮੈ ਕਿਯੋ ਪਯਾਨ ॥

jam raajaa rikh ek ko ghar mai kiyo payaan ||

ਮਾਤ ਭਗਨਿ ਰਿਖਿ ਬਾਲ ਸੌ ਰਤਿ ਮਾਨੀ ਰੁਚਿ ਮਾਨ ॥੧੧॥

maat bhagan rikh baal sau rat maanee ruch maan ||11||

ਚੌਪਈ ॥

chauapiee ||

ਜਬ ਰਿਖਿ ਚਲਿ ਅਪੁਨੇ ਗ੍ਰਿਹ ਆਯੋ ॥

jab rikh chal apune gireh aayo ||

ਤ੍ਰਿਯ ਸੌ ਰਮਤ ਪੁਰਖ ਲਖਿ ਪਾਯੋ ॥

tiray sau ramat purakh lakh paayo ||

ਧਰਮ ਬਿਚਾਰ ਨ ਤਿਹ ਕਛੁ ਕਹਿਯੋ ॥

dharam bichaar na teh kachh kahiyo ||

ਤਿਹ ਪਗ ਮਾਥ ਛੁਆਵਨ ਚਹਿਯੋ ॥੧੨॥

teh pag maath chhooaavan chahiyo ||12||

ਸਿਰ ਮੌ ਚਰਨ ਛੁਅਤ ਧਰ ਰਹਿਯੋ ॥

sir mau charan chhuat dhar rahiyo ||

ਧੰਨਜ ਧੰਨਜ ਤਾ ਕੌ ਜਮ ਕਹਿਯੋ ॥

dha(n)nay dha(n)nay taa kau jam kahiyo ||

ਮੈ ਹੌ ਕਾਲ ਜਗਤ ਜਿਹ ਘਾਯੋ ॥

mai hau kaal jagat jeh ghaayo ||

ਤੇਰੋ ਧਰਮ ਬਿਲੋਕਨ ਆਯੋ ॥੧੩॥

tero dharam bilokan aayo ||13||

ਸੁਨਤ ਹੁਤੌ ਤੈਸੋ ਤੁਹਿ ਦੇਖਿਯੋ ॥

sunat hutau taiso tuh dhekhiyo ||

ਧਰਮ ਸਕਲ ਤੁਮਰੌ ਅਵਰੇਖਿਯੋ ॥

dharam sakal tumarau avarekhiyo ||

ਤੋਰੇ ਬਿਖੈ ਕਪਟ ਕਛੁ ਨਾਹੀ ॥

tore bikhai kapaT kachh naahee ||

ਯੌ ਮੈ ਲਹਿਯੋ ਸਾਚੁ ਮਨ ਮਾਹੀ ॥੧੪॥

yau mai lahiyo saach man maahee ||14||

ਦੋਹਰਾ ॥

dhoharaa ||

ਨਿਰਖ ਸਤਤਾ ਬਿਪ੍ਰ ਕੀ ਮਨ ਮੈ ਮੋਦ ਬਢਾਇ ॥

nirakh satataa bipr kee man mai modh baddai ||

ਜਿਯਨ ਮੁਕਤਿ ਤਾ ਕੌ ਦਿਯੋ ਕਾਲ ਦਾਨ ਬਰ ਦਾਇ ॥੧੫॥

jiyan mukat taa kau dhiyo kaal dhaan bar dhai ||15||

ਨ੍ਰਿਪ ਕੌ ਪ੍ਰਥਮ ਪ੍ਰਬੋਧ ਕਰਿ ਜਾਰਹਿ ਲਯੋ ਬੁਲਾਇ ॥

nirap kau pratham prabodh kar jaareh layo bulai ||

ਪ੍ਰਗਟਿ ਖਾਟ ਡਸਵਾਇ ਕੈ ਭੋਗ ਕਿਯੋ ਸੁਖ ਪਾਇ ॥੧੬॥

pragaT khaaT ddasavai kai bhog kiyo sukh pai ||16||

ਚੌਪਈ ॥

chauapiee ||

ਤਬ ਲੌ ਆਪ ਰਾਵ ਜੁ ਆਯੋ ॥

tab lau aap raav joo aayo ||

ਤ੍ਰਿਯ ਸੌ ਰਮਤ ਜਾਰ ਲਖਿ ਪਾਯੋ ॥

tiray sau ramat jaar lakh paayo ||

ਕਥਾ ਸੰਭਾਰਿ ਵਹੈ ਚੁਪ ਰਹਿਯੋ ॥

kathaa sa(n)bhaar vahai chup rahiyo ||

ਤਿਨ ਕੌ ਕੋਪ ਬਚਨ ਨਹਿ ਕਹਿਯੋ ॥੧੭॥

tin kau kop bachan neh kahiyo ||17||

ਚਰਨ ਛੁਅਨ ਤਾ ਕੇ ਚਿਤ ਚਹਿਯੋ ॥

charan chhuan taa ke chit chahiyo ||

ਵੈਸਹਿ ਜਾਰ ਭਜਤ ਤ੍ਰਿਯ ਰਹਿਯੋ ॥

vaiseh jaar bhajat tiray rahiyo ||

ਤਬ ਯੌ ਜਾਰਿ ਕਾਢਿ ਕਰਿ ਦਿਯੋ ॥

tab yau jaar kaadd kar dhiyo ||

ਮੂਰਖ ਸੀਸ ਨਯਾਇ ਕਰਿ ਗਯੋ ॥੧੮॥

moorakh sees nayai kar gayo ||18||

ਜੜ ਜਾਨ੍ਯੋ ਮੁਹਿ ਗੁਰੂ ਭ੍ਰਮਾਯੋ ॥

jaR jaanayo muh guroo bhramaayo ||

ਭੇਦ ਅਭੇਦ ਕਛੂ ਨਹਿ ਪਾਯੋ ॥

bhedh abhedh kachhoo neh paayo ||

ਇਹ ਚਰਿਤ੍ਰ ਅਬਲਾ ਛਲਿ ਗਈ ॥

eeh charitr abalaa chhal giee ||

ਰਤਿ ਕਰਿ ਮਾਥ ਟਿਕਾਵਤ ਭਈ ॥੧੯॥

rat kar maath Tikaavat bhiee ||19||

ਦੋਹਰਾ ॥

dhoharaa ||

ਪਤਿ ਦੇਖਤ ਰਤਿ ਮਾਨਿ ਕੈ ਨ੍ਰਿਪ ਕੋ ਮਾਥ ਟਿਕਾਇ ॥

pat dhekhat rat maan kai nirap ko maath Tikai ||

ਧਨ ਦੀਨੋ ਸਭ ਪ੍ਰੀਤਮਹਿ ਐਸੇ ਚਰਿਤ ਦਿਖਾਇ ॥੨੦॥

dhan dheeno sabh preetameh aaise charit dhikhai ||20||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਛਿਆਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੯੬॥੩੬੮੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau chhiaanavo charitr samaapatam sat subham sat

||196||3689||afajoo(n)||

ਚੌਪਈ ॥

chauapiee ||

ਤ੍ਰਿਯ ਰਨਰੰਗ ਮਤੀ ਇਕ ਕਹਿਯੈ ॥

tiray ranara(n)g matee ik kahiyai ||

ਤਾ ਸਮ ਅਵਰ ਨ ਰਾਨੀ ਲਹਿਯੈ ॥

taa sam avar na raanee lahiyai ||

ਅਪ੍ਰਮਾਨ ਤਿਹ ਪ੍ਰਭਾ ਬਿਰਾਜੈ ॥

apramaan teh prabhaa biraajai ||

ਜਾ ਕੋ ਨਿਰਖ ਚੰਦ੍ਰਮਾ ਲਾਜੈ ॥੧॥

jaa ko nirakh cha(n)dhramaa laajai ||1||

ਏਕ ਦੁਰਗ ਤਿਨ ਬਡੌ ਤਕਾਯੋ ॥

ek dhurag tin baddau takaayo ||

ਯਹੈ ਰਾਨਿਯਹਿ ਮੰਤ੍ਰ ਉਪਜਾਯੋ ॥

yahai raaniyeh ma(n)tr upajaayo ||

ਡੋਰਾ ਪਾਚ ਸਹੰਸ੍ਰ ਸਵਾਰੇ ॥

ddoraa paach saha(n)sr savaare ||

ਤਾ ਮੈ ਪੁਰਖ ਪਾਚ ਸੈ ਡਾਰੈ ॥੨॥

taa mai purakh paach sai ddaarai ||2||

ਕਛੂ ਆਪ ਕੌ ਤ੍ਰਾਸ ਜਤਾਯੋ ॥

kachhoo aap kau traas jataayo ||

ਏਕ ਦੂਤ ਦ੍ਰੁਗ ਸਾਹਿ ਪਠਾਯੋ ॥

ek dhoot dhrug saeh paThaayo ||

ਠਉਰ ਕਬੀਲਨ ਕੌ ਹਯਾਂ ਪਾਊ ॥

Thaur kabeelan kau hayaa(n) paauoo ||

ਮੈ ਤੁਰਕਨ ਸੌ ਖੜਗ ਬਜਾਊ ॥੩॥

mai turakan sau khaRag bajaauoo ||3||

ਤੇ ਸੁਨਿ ਬੈਨ ਭੂਲਿ ਏ ਗਏ ॥

te sun bain bhool e ge ||

ਗੜ ਮੈ ਪੈਠਨ ਡੋਰਾ ਦਏ ॥

gaR mai paiThan ddoraa dhe ||

ਕੋਟ ਦ੍ਵਾਰ ਕੇ ਜਬੈ ਉਤਰੇ ॥

koT dhavaiaar ke jabai utare ||

ਤਬ ਹੀ ਕਾਢਿ ਕ੍ਰਿਪਾਨੈ ਪਰੇ ॥੪॥

tab hee kaadd kirapaanai pare ||4||

ਸਮੁਹ ਭਯੋ ਤਿਨ ਸੈ ਸੋ ਮਾਰਿਯੋ ॥

samuh bhayo tin sai so maariyo ||

ਭਾਜਿ ਚਲਿਯੋ ਸੋ ਖੇਦਿ ਨਿਕਾਰਿਯੋ ॥

bhaaj chaliyo so khedh nikaariyo ||

ਇਹ ਚਰਿਤ੍ਰ ਦੁਰਗਤਿ ਦ੍ਰੁਗ ਲਿਯੋ ॥

eeh charitr dhuragat dhrug liyo ||

ਤਹ ਠਾ ਹੁਕਮ ਸੁ ਆਪਨੋ ਕਿਯੋ ॥੫॥

teh Thaa hukam su aapano kiyo ||5||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਸਤਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੯੭॥੩੬੯੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau sataanavo charitr samaapatam sat subham sat

||197||3694||afajoo(n)||

ਚੌਪਈ ॥

chauapiee ||

ਸੰਖ ਕੁਅਰ ਸੁੰਦਰਿਕ ਭਨਿਜੈ ॥

sa(n)kh kuar su(n)dharik bhanijai ||

ਏਕ ਰਾਵ ਕੇ ਸਾਥ ਰਹਿਜੈ ॥

ek raav ke saath rahijai ||

ਏਕ ਬੋਲਿ ਤਬ ਸਖੀ ਪਠਾਈ ॥

ek bol tab sakhee paThaiee ||

ਸੋਤ ਨਾਥ ਸੋ ਜਾਤ ਜਗਾਈ ॥੧॥

sot naath so jaat jagaiee ||1||

ਤਾਹਿ ਜਗਾਤ ਨਾਥ ਤਿਹ ਜਾਗਿਯੋ ॥

taeh jagaat naath teh jaagiyo ||

ਪੂਛਨ ਤਵਨ ਦੂਤਿਯਹਿ ਲਾਗਿਯੋ ॥

poochhan tavan dhootiyeh laagiyo ||

ਯਾਹਿ ਜਾਤ ਲੈ ਕਹਾ ਜਗਾਈ ॥

yaeh jaat lai kahaa jagaiee ||

ਤਬ ਤਿਨ ਯੌ ਤਿਹ ਸਾਥ ਜਤਾਈ ॥੨॥

tab tin yau teh saath jataiee ||2||

ਮੋਰੇ ਨਾਥ ਜਨਾਨੇ ਗਏ ॥

more naath janaane ge ||

ਚੌਂਕੀ ਹਿਤਹਿ ਬੁਲਾਵਤ ਭਏ ॥

chauakee hiteh bulaavat bhe ||

ਤਾ ਤੇ ਮੈ ਲੈਨੇ ਇਹ ਆਈ ॥

taa te mai laine ieh aaiee ||

ਸੋ ਤੁਮ ਸੌ ਮੈ ਭਾਖਿ ਸੁਨਾਈ ॥੩॥

so tum sau mai bhaakh sunaiee ||3||

ਦੋਹਰਾ ॥

dhoharaa ||

ਸੋਤ ਜਗਾਯੋ ਨਾਥ ਤਿਹ ਭੁਜ ਤਾ ਕੀ ਗਹਿ ਲੀਨ ॥

sot jagaayo naath teh bhuj taa kee geh leen ||

ਆਨਿ ਮਿਲਾਯੋ ਨ੍ਰਿਪਤ ਸੌ ਸਕਿਯੋ ਨ ਜੜ ਕਛੁ ਚੀਨ ॥੪॥

aan milaayo nirapat sau sakiyo na jaR kachh cheen ||4||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਅਠਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੯੮॥੩੬੯੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau aThaanavo charitr samaapatam sat subham sat

||198||3698||afajoo(n)||

ਦੋਹਰਾ ॥

dhoharaa ||

ਰਤਨ ਸੈਨ ਰਾਨਾ ਰਹੈ ਗੜਿ ਚਿਤੌਰ ਕੇ ਮਾਹਿ ॥

ratan sain raanaa rahai gaR chitauar ke maeh ||

ਰੂਪ ਸੀਲ ਸੁਚਿ ਬ੍ਰਤਨ ਮੈ ਜਾ ਸਮ ਕਹ ਜਗ ਨਾਹਿ ॥੧॥

roop seel such bratan mai jaa sam keh jag naeh ||1||

ਚੌਪਈ ॥

chauapiee ||

ਅਧਿਕ ਸੂਆ ਤਿਨ ਏਕ ਪੜਾਯੋ ॥

adhik sooaa tin ek paRaayo ||

ਤਾਹਿ ਸਿੰਗਲਾਦੀਪ ਪਠਾਯੋ ॥

taeh si(n)galaadheep paThaayo ||

ਤਹ ਤੇ ਏਕ ਪਦਮਿਨੀ ਆਨੀ ॥

teh te ek padhaminee aanee ||

ਜਾ ਕੀ ਪ੍ਰਭਾ ਨ ਜਾਤ ਬਖਾਨੀ ॥੨॥

jaa kee prabhaa na jaat bakhaanee ||2||

ਜਬ ਵਹ ਸੁੰਦਰਿ ਪਾਨ ਚਬਾਵੈ ॥

jab veh su(n)dhar paan chabaavai ||

ਦੇਖੀ ਪੀਕ ਕੰਠ ਮੈ ਜਾਵੈ ॥

dhekhee peek ka(n)Th mai jaavai ||

ਊਪਰ ਭਵਰ ਭ੍ਰਮਹਿ ਮਤਵਾਰੇ ॥

uoopar bhavar bhrameh matavaare ||

ਨੈਨ ਜਾਨ ਦੋਊ ਬਨੇ ਕਟਾਰੇ ॥੩॥

nain jaan dhouoo bane kaTaare ||3||

ਤਾ ਪਰ ਰਾਵ ਅਸਕਤਿ ਅਤਿ ਭਯੋ ॥

taa par raav asakat at bhayo ||

ਰਾਜ ਕਾਜ ਸਭ ਹੀ ਤਜਿ ਦਯੋ ॥

raaj kaaj sabh hee taj dhayo ||

ਤਾ ਕੀ ਨਿਰਖਿ ਪ੍ਰਭਾ ਕੌ ਜੀਵੈ ॥

taa kee nirakh prabhaa kau jeevai ||

ਬਿਨੁ ਹੇਰੇ ਤਿਹ ਪਾਨ ਨ ਪੀਵੈ ॥੪॥

bin here teh paan na peevai ||4||

ਦੋਹਰਾ ॥

dhoharaa ||

ਰਾਘੌ ਚੇਤਨਿ ਦੋ ਹੁਤੇ ਮੰਤ੍ਰੀ ਤਾਹਿ ਅਪਾਰ ॥

raaghau chetan dho hute ma(n)tree taeh apaar ||

ਨਿਰਖਿ ਰਾਵ ਤਿਹ ਬਸਿ ਭਯੋ ਐਸੋ ਕਿਯੋ ਬਿਚਾਰ ॥੫॥

nirakh raav teh bas bhayo aaiso kiyo bichaar ||5||

ਚੌਪਈ ॥

chauapiee ||

ਤਾ ਕੀ ਪ੍ਰਤਿਮਾ ਪ੍ਰਥਮ ਬਨਾਈ ॥

taa kee pratimaa pratham banaiee ||

ਜਾ ਸਮ ਦੇਵ ਅਦੇਵ ਨ ਜਾਈ ॥

jaa sam dhev adhev na jaiee ||

ਜੰਘਹੁ ਤੇ ਤਿਲ ਤਿਹ ਲਿਖਿ ਡਰਿਯੋ ॥

ja(n)ghahu te til teh likh ddariyo ||

ਅਤਿਭੁਤ ਕਰਮ ਮੰਤ੍ਰਿਯਨ ਕਰਿਯੋ ॥੬॥

atibhut karam ma(n)tirayan kariyo ||6||

ਜਬ ਬਚਿਤ੍ਰ ਨ੍ਰਿਪ ਚਿਤ੍ਰ ਨਿਹਾਰੈ ॥

jab bachitr nirap chitr nihaarai ||

ਬੈਠਿ ਸਭਾ ਕਛੁ ਕਾਜ ਸਵਾਰੈ ॥

baiTh sabhaa kachh kaaj savaarai ||

ਤਾ ਕੇ ਤਿਲਹਿ ਬਿਲੋਕਿਯੋ ਜਬ ਹੀ ॥

taa ke tileh bilokiyo jab hee ||

ਭਰਮ ਬਢਿਯੋ ਰਾਜਾ ਕੈ ਤਬ ਹੀ ॥੭॥

bharam baddiyo raajaa kai tab hee ||7||

ਤਬ ਨ੍ਰਿਪ ਤਿਨ ਮੰਤ੍ਰਿਨ ਗਹਿ ਮਾਰਿਯੋ ॥

tab nirap tin ma(n)tiran geh maariyo ||

ਇਨ ਰਾਨੀ ਸੌ ਕਾਜ ਬਿਗਾਰਿਯੋ ॥

ein raanee sau kaaj bigaariyo ||

ਦਿਬ੍ਯ ਦ੍ਰਿਸਟਿ ਇਨ ਕੇ ਕਤ ਹੋਈ ॥

dhibray dhirasaT in ke kat hoiee ||

ਕੇਲ ਕਰੇ ਬਿਨੁ ਲਖੈ ਨ ਕੋਈ ॥੮॥

kel kare bin lakhai na koiee ||8||

ਜਬ ਮੰਤ੍ਰੀ ਦੋਊ ਨ੍ਰਿਪ ਮਾਰਿਯੋ ॥

jab ma(n)tree dhouoo nirap maariyo ||

ਸਾਹ ਤਨੈ ਤਿਨ ਪੂਤ ਪੁਕਾਰਿਯੋ ॥

saeh tanai tin poot pukaariyo ||

ਏਕ ਚਿਤਉਰ ਪਦੁਮਿਨਿ ਨਾਰੀ ॥

ek chitaur padhumin naaree ||

ਜਾ ਸਮ ਕਾਨ ਸੁਨੀ ਨ ਨਿਹਾਰੀ ॥੯॥

jaa sam kaan sunee na nihaaree ||9||

ਅੜਿਲ ॥

aRil ||

ਤਨਿਕ ਭਨਕ ਪਦੁਮਿਨਿ ਜਬ ਸਹ ਕਾਨਨ ਪਰੀ ॥

tanik bhanak padhumin jab seh kaanan paree ||

ਅਮਿਤ ਸੈਨ ਲੈ ਸੰਗ ਚੜਤ ਤਿਤ ਕੌ ਕਰੀ ॥

amit sain lai sa(n)g chaRat tit kau karee ||

ਗੜਹਿ ਗਿਰਦ ਕਰਿ ਜੁਧ ਬਹੁਤ ਭਾਤਿਨ ਕਰਿਯੋ ॥

gaReh giradh kar judh bahut bhaatin kariyo ||

ਹੋ ਜੈਨ ਲਾਵਦੀ ਤਬੈ ਚਿਤ ਮੈ ਰਿਸਿ ਭਰਿਯੋ ॥੧੦॥

ho jain laavadhee tabai chit mai ris bhariyo ||10||

ਚੌਪਈ ॥

chauapiee ||

ਨਿਜੁ ਕਰਿ ਲਾਇ ਆਂਬ ਤਿਨ ਖਾਏ ॥

nij kar lai aa(n)b tin khaae ||

ਗੜ ਚਿਤੌਰ ਹਾਥ ਨਹਿ ਆਏ ॥

gaR chitauar haath neh aae ||

ਤਬ ਤਿਨ ਸਾਹ ਦਗਾ ਯੌ ਕਿਯੋ ॥

tab tin saeh dhagaa yau kiyo ||

ਲਿਖਿ ਕੈ ਲਿਖੋ ਪਠੈ ਇਕ ਦਿਯੋ ॥੧੧॥

likh kai likho paThai ik dhiyo ||11||

ਸੁਨੁ ਰਾਨਾ ਜੀ ਮੈ ਅਤਿ ਹਾਰੋ ॥

sun raanaa jee mai at haaro ||

ਅਬ ਛੋਡਤ ਹੌ ਦੁਰਗ ਤਿਹਾਰੋ ॥

ab chhoddat hau dhurag tihaaro ||

ਏਕ ਸ੍ਵਾਰ ਸੌਂ ਮੈ ਹਜਾਂ ਆਊ ॥

ek savaiaar sau mai hayaa(n) aauoo ||

ਗੜਿਹਿ ਨਿਹਾਰਿ ਘਰਹਿ ਉਠਿ ਜਾਊ ॥੧੨॥

gaReh nihaar ghareh uTh jaauoo ||12||

ਰਾਨਾ ਬਾਤ ਤਬੈ ਯਹ ਮਾਨੀ ॥

raanaa baat tabai yeh maanee ||

ਭੇਦ ਅਭੇਦ ਕੀ ਰੀਤਿ ਨ ਜਾਨੀ ॥

bhedh abhedh kee reet na jaanee ||

ਏਕ ਸ੍ਵਾਰ ਸੰਗ ਲੈ ਤਹ ਗਯੋ ॥

ek savaiaar sa(n)g lai teh gayo ||

ਤਾ ਕੌ ਸੰਗ ਅਪਨੇ ਕਰਿ ਲਯੋ ॥੧੩॥

taa kau sa(n)g apane kar layo ||13||

ਜੋ ਜੋ ਦ੍ਵਾਰ ਉਤਰਤ ਗੜ ਆਵੈ ॥

jo jo dhavaiaar utarat gaR aavai ||

ਤਹੀ ਤਹੀ ਸਿਰਪਾਉ ਬਧਾਵੈ ॥

tahee tahee sirapaau badhaavai ||

ਸਪਤ ਦ੍ਵਾਰ ਉਤਰਤ ਜਬ ਭਯੋ ॥

sapat dhavaiaar utarat jab bhayo ||

ਤਬ ਹੀ ਪਕਰਿ ਨਰਾਧਿਪ ਲਯੋ ॥੧੪॥

tab hee pakar naraadhip layo ||14||

ਐਸੀ ਭਾਤਿ ਸਾਹਿ ਛਲ ਕੀਨੋ ॥

aaisee bhaat saeh chhal keeno ||

ਮੂਰਖ ਭੇਦ ਅਭੇਦ ਨ ਚੀਨੋ ॥

moorakh bhedh abhedh na cheeno ||

ਜਬ ਲੰਘਿ ਸਭ ਦ੍ਰੁਗ ਦ੍ਵਾਰਨ ਆਯੋ ॥

jab la(n)gh sabh dhrug dhavaiaaran aayo ||

ਤਬ ਹੀ ਬਾਧਿ ਤਵਨ ਕੌ ਲ੍ਯਾਯੋ ॥੧੫॥

tab hee baadh tavan kau layaayo ||15||

ਦੋਹਰਾ ॥

dhoharaa ||

ਜਬ ਰਾਨਾ ਛਲ ਸੌ ਗਹਿਯੋ ਕਹਿਯੋ ਹਨਤ ਹੈ ਤੋਹਿ ॥

jab raanaa chhal sau gahiyo kahiyo hanat hai toh ||

ਨਾਤਰ ਅਪਨੀ ਪਦੁਮਿਨੀ ਆਨਿ ਦੀਜਿਯੈ ਮੋਹਿ ॥੧੬॥

naatar apanee padhuminee aan dheejiyai moh ||16||

ਚੌਪਈ ॥

chauapiee ||

ਤਬ ਪਦੁਮਿਨਿ ਇਹ ਚਰਿਤ ਬਨਾਯੋ ॥

tab padhumin ieh charit banaayo ||

ਗੌਰਾ ਬਾਦਿਲ ਨਿਕਟ ਬੁਲਾਯੋ ॥

gauaraa baadhil nikaT bulaayo ||

ਤਿਨ ਪ੍ਰਤਿ ਕਹਿਯੋ ਕਹਿਯੋ ਮੁਰਿ ਕੀਜੈ ॥

tin prat kahiyo kahiyo mur keejai ||

ਹਜਰਤਿ ਸਾਥ ਜੁਾਬ ਯੌ ਦੀਜੈ ॥੧੭॥

hajarat saath javaiaab yau dheejai ||17||

ਅਸਟ ਸਹਸ ਪਾਲਕੀ ਸਵਾਰੋ ॥

asaT sahas paalakee savaaro ||

ਅਸਟ ਅਸਟ ਤਾ ਮੈ ਭਟ ਡਾਰੋ ॥

asaT asaT taa mai bhaT ddaaro ||

ਗੜ ਲਗਿ ਲਿਆਇ ਸਭਨ ਤਿਨ ਧਰੋ ॥

gaR lag liaai sabhan tin dharo ||

ਤੁਮ ਹਜਰਤਿ ਸੌ ਐਸ ਉਚਰੋ ॥੧੮॥

tum hajarat sau aais ucharo ||18||

ਏਕ ਬਸਤ੍ਰ ਹਮਰੋ ਤੁਮ ਲੀਜੈ ॥

ek basatr hamaro tum leejai ||

ਪ੍ਰਥਮ ਪਾਲਕੀ ਮੈ ਧਰਿ ਦੀਜੈ ॥

pratham paalakee mai dhar dheejai ||

ਤਾ ਪਰ ਭਵਰ ਗੁੰਜਾਰਤ ਜੈ ਹੈ ॥

taa par bhavar gu(n)jaarat jai hai ||

ਭੇਦ ਅਭੇਦ ਲੋਕ ਨਹਿ ਪੈ ਹੈ ॥੧੯॥

bhedh abhedh lok neh pai hai ||19||

ਤਬ ਗੋਰੈ ਬਾਦਿਲ ਸੋਈ ਕਿਯੋ ॥

tab gorai baadhil soiee kiyo ||

ਜਿਹ ਬਿਧਿ ਮੰਤ੍ਰ ਪਦੁਮਿਨੀ ਦਿਯੋ ॥

jeh bidh ma(n)tr padhuminee dhiyo ||

ਗੜ ਕੇ ਲਹਤ ਡੋਰਿਕਾ ਧਰੀ ॥

gaR ke lahat ddorikaa dharee ||

ਪਦੁਮਿਨਿ ਅਗ੍ਰ ਪਾਲਕੀ ਕਰੀ ॥੨੦॥

padhumin agr paalakee karee ||20||

ਦੋਹਰਾ ॥

dhoharaa ||

ਪਦਮਿਨਿ ਕੇ ਪਟ ਪਰ ਘਨੇ ਭਵਰ ਕਰੈ ਗੁੰਜਾਰ ॥

padhamin ke paT par ghane bhavar karai gu(n)jaar ||

ਲੋਕ ਸਭੈ ਪਦੁਮਿਨਿ ਲਖੈ ਬਸਤ੍ਰ ਨ ਸਕੈ ਬਿਚਾਰਿ ॥੨੧॥

lok sabhai padhumin lakhai basatr na sakai bichaar ||21||

ਚੌਪਈ ॥

chauapiee ||

ਤਾ ਮੈ ਡਾਰਿ ਲੁਹਾਰਿਕ ਲਯੌ ॥

taa mai ddaar luhaarik layau ||

ਤਾ ਕੌ ਬਸਤ੍ਰ ਤਵਨ ਪਰ ਦਯੌ ॥

taa kau basatr tavan par dhayau ||

ਛੈਨੀ ਔਰ ਹਥੌਰਾ ਲਏ ॥

chhainee aauar hathauaraa le ||

ਵਾ ਬਢਈ ਕੇ ਕਰ ਮੋ ਦਏ ॥੨੨॥

vaa baddiee ke kar mo dhe ||22||

ਦੂਤ ਦਿਲੀਸਹਿ ਬਚਨ ਉਚਾਰੇ ॥

dhoot dhileeseh bachan uchaare ||

ਗ੍ਰਿਹ ਆਵਤ ਪਦੁਮਿਨਿ ਤਿਹਾਰੇ ॥

gireh aavat padhumin tihaare ||

ਰਾਨਾ ਸਾਥ ਪ੍ਰਥਮ ਮਿਲਿ ਆਊ ॥

raanaa saath pratham mil aauoo ||

ਬਹੁਰਿ ਤਿਹਾਰੀ ਸੇਜ ਸੁਹਾਊ ॥੨੩॥

bahur tihaaree sej suhaauoo ||23||

ਯੌ ਕਹਿ ਬਢੀ ਤਹਾ ਚਲਿ ਗਯੋ ॥

yau keh baddee tahaa chal gayo ||

ਤਾ ਕੀ ਕਟਤ ਬੇਰਿਯੈ ਭਯੋ ॥

taa kee kaTat beriyai bhayo ||

ਤਿਹ ਪਾਲਕੀ ਪ੍ਰਥਮ ਬੈਠਾਯੋ ॥

teh paalakee pratham baiThaayo ||

ਇਹ ਤੇ ਓਹਿ ਡੋਰੀ ਪਹੁਚਾਯੋ ॥੨੪॥

eeh te oh ddoree pahuchaayo ||24||

ਇਕ ਤੇ ਨਿਕਰਿ ਅਵਰ ਮੋ ਗਯੋ ॥

eik te nikar avar mo gayo ||

ਅਨਤ ਤਹਾ ਤੇ ਨਿਕਸਤ ਭਯੋ ॥

anat tahaa te nikasat bhayo ||

ਇਹ ਛਲ ਤਹਾ ਪਹੂੰਚਯੋ ਜਾਈ ॥

eeh chhal tahaa pahoo(n)chayo jaiee ||

ਤਬੈ ਦੁਰਗ ਮੈ ਬਜੀ ਬਧਾਈ ॥੨੫॥

tabai dhurag mai bajee badhaiee ||25||

ਗੜ ਪਰ ਜਬੈ ਬਧਾਈ ਭਈ ॥

gaR par jabai badhaiee bhiee ||

ਸਊਅਨ ਕਾਢਿ ਕ੍ਰਿਪਾਨੈ ਲਈ ॥

suooan kaadd kirapaanai liee ||

ਜਾ ਪਰ ਪਹੁਚਿ ਖੜਗ ਕਹ ਝਾਰਿਯੋ ॥

jaa par pahuch khaRag keh jhaariyo ||

ਏਕੈ ਘਾਇ ਮਾਰ ਹੀ ਡਾਰਿਯੋ ॥੨੬॥

ekai ghai maar hee ddaariyo ||26||

ਧੁਕਿ ਧੁਕਿ ਪਰੇ ਧਰਨਿ ਭਟ ਭਾਰੇ ॥

dhuk dhuk pare dharan bhaT bhaare ||

ਜਨੁਕ ਕਰਵਤਨ ਬਿਰਛ ਬਿਦਾਰੇ ॥

januk karavatan birachh bidhaare ||

ਜੁਝਿ ਜੁਝਿ ਮਰੈ ਅਧਿਕ ਰਿਸਿ ਭਰੇ ॥

jujh jujh marai adhik ris bhare ||

ਬਹੁਰਿ ਨ ਦਿਖਯਤ ਤਾਜਿਯਨ ਚਰੇ ॥੨੭॥

bahur na dhikhayat taajiyan chare ||27||

ਦੋਹਰਾ ॥

dhoharaa ||

ਜੈਨ ਲਾਵਦੀ ਸਾਹ ਕੌ ਤਬ ਹੀ ਦਯੋ ਭਜਾਇ ॥

jain laavadhee saeh kau tab hee dhayo bhajai ||

ਰਤਨ ਸੈਨ ਰਾਨਾ ਗਏ ਗੜ ਇਹ ਚਰਿਤ ਦਿਖਾਇ ॥੨੮॥

ratan sain raanaa ge gaR ieh charit dhikhai ||28||

ਗੋਰਾ ਬਾਦਿਲ ਕੌ ਦਿਯੋ ਅਤਿ ਧਨ ਛੋਰਿ ਭੰਡਾਰ ॥

goraa baadhil kau dhiyo at dhan chhor bha(n)ddaar ||

ਤਾ ਦਿਨ ਤੈ ਪਦੁਮਿਨਿ ਭਏ ਬਾਢੀ ਪ੍ਰੀਤਿ ਅਪਾਰ ॥੨੯॥

taa dhin tai padhumin bhe baaddee preet apaar ||29||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਇਕ ਸੌ ਨਿੰਨਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੧੯੯॥੩੭੨੭॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe ik sau ni(n)naanavo charitr samaapatam sat subham sat

||199||3727||afajoo(n)||

ਦੋਹਰਾ ॥

dhoharaa ||

ਤ੍ਰਿਗਤਿ ਦੇਸ ਏਸ੍ਵਰ ਬਡੋ ਦ੍ਰੁਗਤਿ ਸਿੰਘ ਇਕ ਭੂਪ ॥

tiragat dhes esavair baddo dhrugat si(n)gh ik bhoop ||

ਦੇਗ ਤੇਗ ਪੂਰੋ ਪੁਰਖ ਸੁੰਦਰ ਕਾਮ ਸਰੂਪ ॥੧॥

dheg teg pooro purakh su(n)dhar kaam saroop ||1||

ਤੋਟਕ ਛੰਦ ॥

toTak chha(n)dh ||

ਉਡਗਿੰਦ੍ਰ ਪ੍ਰਭਾ ਇਕ ਤਾ ਕੀ ਤ੍ਰਿਯਾ ॥

auddagi(n)dhr prabhaa ik taa kee tirayaa ||

ਦਿਨ ਰੈਨਿ ਭਜੈ ਮੁਖ ਜਾਸੁ ਪਿਯਾ ॥

dhin rain bhajai mukh jaas piyaa ||

ਬਿਸੁਨਾਥ ਪ੍ਰਭਾ ਤ੍ਰਿਯ ਔਰ ਰਹੈ ॥

bisunaath prabhaa tiray aauar rahai ||

ਅਤਿ ਸੁੰਦਰ ਤਾ ਕਹ ਜਗਤ ਕਹੈ ॥੨॥

at su(n)dhar taa keh jagat kahai ||2||

ਬਿਸੁਨਾਥ ਪ੍ਰਭਾ ਤਨ ਪ੍ਰੀਤਿ ਰਹੈ ॥

bisunaath prabhaa tan preet rahai ||

ਉਡਗਿੰਦ੍ਰ ਪ੍ਰਭਾ ਇਕ ਬੈਨ ਚਹੈ ॥

auddagi(n)dhr prabhaa ik bain chahai ||

ਦਿਨ ਰੈਨਿ ਬਿਤੀਤ ਕਰੈ ਇਹ ਕੇ ॥

dhin rain biteet karai ieh ke ||

ਕਬਹੂੰ ਗ੍ਰਿਹ ਜਾਤ ਨਹੀ ਤਿਹ ਕੇ ॥੩॥

kabahoo(n) gireh jaat nahee teh ke ||3||

ਚੌਪਈ ॥

chauapiee ||

ਤਾ ਪਰ ਸਤ੍ਰੁ ਤਵਨ ਕੋ ਧਾਯੋ ॥

taa par satr tavan ko dhaayo ||

ਦ੍ਰੁਗਤਿ ਸਿੰਘ ਦਲੁ ਲੈ ਸਮੁਹਾਯੋ ॥

dhrugat si(n)gh dhal lai samuhaayo ||

ਮਚਿਯੋ ਜੁਧ ਅਤਿ ਬਜੇ ਨਗਾਰੇ ॥

machiyo judh at baje nagaare ||

ਦੇਵ ਅਦੇਵ ਬਿਲੋਕਤ ਸਾਰੇ ॥੪॥

dhev adhev bilokat saare ||4||

ਉਮਡੇ ਸੂਰ ਸਿੰਘ ਜਿਮਿ ਗਾਜਹਿ ॥

aumadde soor si(n)gh jim gaajeh ||

ਦੋਊ ਦਿਸਨ ਜੁਝਊਆ ਬਾਜਹਿ ॥

dhouoo dhisan jujhuooaa baajeh ||

ਗੋਮੁਖ ਸੰਖ ਨਿਸਾਨ ਅਪਾਰਾ ॥

gomukh sa(n)kh nisaan apaaraa ||

ਢੋਲ ਮ੍ਰਿਦੰਗ ਮੁਚੰਗ ਨਗਾਰਾ ॥੫॥

ddol miradha(n)g mucha(n)g nagaaraa ||5||

ਤੁਰਹੀ ਨਾਦ ਨਫੀਰੀ ਬਾਜਹਿ ॥

turahee naadh nafeeree baajeh ||

ਮੰਦਲ ਤੂਰ ਉਤੰਗ ਬਿਰਾਜਹਿ ॥

ma(n)dhal toor uta(n)g biraajeh ||

ਮੁਰਲੀ ਝਾਞ ਭੇਰ ਰਨ ਭਾਰੀ ॥

muralee jhaajh bher ran bhaaree ||

ਸੁਨਤ ਨਾਦ ਧੁਨਿ ਹਠੇ ਹਕਾਰੀ ॥੬॥

sunat naadh dhun haThe hakaaree ||6||

ਜੁਗਨਿ ਦੈਤ ਅਧਿਕ ਹਰਖਾਨੇ ॥

jugan dhait adhik harakhaane ||

ਗੀਧ ਸਿਵਾ ਫਿਕਰਹਿ ਅਭਿਮਾਨੈ ॥

geedh sivaa fikareh abhimaanai ||

ਭੂਤ ਪ੍ਰੇਤ ਨਾਚਹਿ ਅਰੁ ਗਾਵਹਿ ॥

bhoot pret naacheh ar gaaveh ||

ਕਹੂੰ ਰੁਦ੍ਰ ਡਮਰੂ ਡਮਕਾਵਹਿ ॥੭॥

kahoo(n) rudhr ddamaroo ddamakaaveh ||7||

ਅਚਿ ਅਚਿ ਰੁਧਰ ਡਾਕਨੀ ਡਹਕਹਿ ॥

ach ach rudhar ddaakanee ddahakeh ||

ਭਖਿ ਭਖਿ ਅਮਿਖ ਕਾਕ ਕਹੂੰ ਕਹਕਹਿ ॥

bhakh bhakh amikh kaak kahoo(n) kahakeh ||

ਜੰਬੁਕ ਗੀਧ ਮਾਸੁ ਲੈ ਜਾਹੀ ॥

ja(n)buk geedh maas lai jaahee ||

ਕਛੁ ਕਛੁ ਸਬਦ ਬਿਤਾਲ ਸੁਨਾਹੀ ॥੮॥

kachh kachh sabadh bitaal sunaahee ||8||

ਝਮਕੈ ਕਹੂੰ ਅਸਿਨ ਕੀ ਧਾਰਾ ॥

jhamakai kahoo(n) asin kee dhaaraa ||

ਭਭਕਹਿ ਰੁੰਡ ਮੁੰਡ ਬਿਕਰਾਰਾ ॥

bhabhakeh ru(n)dd mu(n)dd bikaraaraa ||

ਧੁਕਿ ਧੁਕਿ ਪਰੇ ਧਰਨਿ ਭਟ ਭਾਰੇ ॥

dhuk dhuk pare dharan bhaT bhaare ||

ਝੁਕਿ ਝੁਕਿ ਬਡੇ ਪਖਰਿਯਾ ਮਾਰੇ ॥੯॥

jhuk jhuk badde pakhariyaa maare ||9||

ਠਿਲਾ ਠਿਲੀ ਬਰਛਨਿ ਸੌ ਮਾਚੀ ॥

Thilaa Thilee barachhan sau maachee ||

ਕਢਾ ਕਢੀ ਕਰਵਾਰਿਨ ਰਾਚੀ ॥

kaddaa kaddee karavaarin raachee ||

ਕਟਾ ਕਟੀ ਕਹੂੰ ਭਈ ਕਟਾਰੀ ॥

kaTaa kaTee kahoo(n) bhiee kaTaaree ||

ਧਰਨੀ ਅਰੁਨ ਭੇਸ ਭਈ ਸਾਰੀ ॥੧੦॥

dharanee arun bhes bhiee saaree ||10||

ਕਾਢੇ ਦੈਤ ਦਾਤ ਕਹੂੰ ਫਿਰੈਂ ॥

kaadde dhait dhaat kahoo(n) firai(n) ||

ਬਰਿ ਬਰਿ ਕਹੂੰ ਬਰੰਗਨ ਬਰੈਂ ॥

bar bar kahoo(n) bara(n)gan barai(n) ||

ਭੀਖਨ ਭਏ ਨਾਦ ਕਹੂੰ ਭਾਰੇ ॥

bheekhan bhe naadh kahoo(n) bhaare ||

ਭੈਰਵਾਦਿ ਛਬਿ ਲਖਨ ਸਿਧਾਰੇ ॥੧੧॥

bhairavaadh chhab lakhan sidhaare ||11||

ਦੋਹਰਾ ॥

dhoharaa ||

ਭਕਭਕਾਹਿ ਘਾਯਲ ਕਹੂੰ ਕਹਕੈ ਅਮਿਤ ਮਸਾਨ ॥

bhakabhakaeh ghaayal kahoo(n) kahakai amit masaan ||

ਬਿਕਟਿ ਸੁਭਟ ਚਟਪਟ ਕਟੇ ਤਨ ਬ੍ਰਿਨ ਬਹੈ ਕ੍ਰਿਪਾਨ ॥੧੨॥

bikaT subhaT chaTapaT kaTe tan biran bahai kirapaan ||12||

ਚੌਪਈ ॥

chauapiee ||

ਭੈਰਵ ਕਹੂੰ ਅਧਿਕ ਭਵਕਾਰੈ ॥

bhairav kahoo(n) adhik bhavakaarai ||

ਕਹੂੰ ਮਸਾਨ ਕਿਲਕਟੀ ਮਾਰੈ ॥

kahoo(n) masaan kilakaTee maarai ||

ਭਾ ਭਾ ਬਜੇ ਭੇਰ ਕਹੂੰ ਭੀਖਨ ॥

bhaa bhaa baje bher kahoo(n) bheekhan ||

ਤਨਿ ਧਨੁ ਤਜਹਿ ਸੁਭਟ ਸਰ ਤੀਖਨ ॥੧੩॥

tan dhan tajeh subhaT sar teekhan ||13||

ਅੜਿਲ ॥

aRil ||

ਚਾਬਿ ਚਾਬਿ ਕਰਿ ਓਸਠ ਦੁਬਹਿਯਾ ਧਾਵਹੀ ॥

chaab chaab kar osaTh dhubahiyaa dhaavahee ||

ਬਜ੍ਰ ਬਾਨ ਬਿਛੂਅਨ ਕੇ ਬ੍ਰਿਨਨ ਲਗਾਵਹੀ ॥

bajr baan bichhooan ke biranan lagaavahee ||

ਟੂਕ ਟੂਕ ਹ੍ਵੈ ਗਿਰੈ ਨ ਮੋਰੈ ਨੇਕ ਮਨ ॥

Took Took havai girai na morai nek man ||

ਹੋ ਤਨਿਕ ਤਨਿਕ ਲਗਿ ਗਏ ਅਸਿਨ ਕੀ ਧਾਰ ਤਨ ॥੧੪॥

ho tanik tanik lag ge asin kee dhaar tan ||14||

ਮੋਰਿ ਬਾਗ ਬਾਜਨ ਕੀ ਨੈਕ ਨ ਭਾਜਹੀ ॥

mor baag baajan kee naik na bhaajahee ||

ਖਰੇ ਖੇਤ ਕੇ ਮਾਝ ਸਿੰਘ ਜਯੋਂ ਗਾਜਹੀ ॥

khare khet ke maajh si(n)gh jayo(n) gaajahee ||

ਖੰਡ ਖੰਡ ਹ੍ਵੈ ਗਿਰੇ ਖੰਡਿਸਨ ਖੰਡ ਕਰਿ ॥

kha(n)dd kha(n)dd havai gire kha(n)ddisan kha(n)dd kar ||

ਹੋ ਖੰਡੇ ਖੜਗ ਕੀ ਧਾਰ ਗਏ ਭਵਿਸਿੰਧ ਤਰਿ ॥੧੫॥

ho kha(n)dde khaRag kee dhaar ge bhavisi(n)dh tar ||15||

ਦੋਹਰਾ ॥

dhoharaa ||

ਭਕਭਕਾਹਿ ਘਾਯਲ ਕਹੂੰ ਰੁੰਡ ਮੁੰਡ ਬਿਕਰਾਰ ॥

bhakabhakaeh ghaayal kahoo(n) ru(n)dd mu(n)dd bikaraar ||

ਤਰਫਰਾਹਿ ਲਾਗੇ ਕਹੂੰ ਛਤ੍ਰੀ ਛਤ੍ਰਨ ਧਾਰਿ ॥੧੬॥

tarafaraeh laage kahoo(n) chhatree chhatran dhaar ||16||

ਚੌਪਈ ॥

chauapiee ||

ਹਾਕਿ ਹਾਕਿ ਭਟ ਤਰੈ ਧਵਾਵਹਿ ॥

haak haak bhaT tarai dhavaaveh ||

ਗਹਿ ਗਹਿ ਅਸਿਨ ਅਰਿਨ ਬ੍ਰਿਣ ਲਾਵਹਿ ॥

geh geh asin arin biran laaveh ||

ਚਟਪਟ ਸੁਭਟ ਬਿਕਟ ਕਟਿ ਮਰੈ ॥

chaTapaT subhaT bikaT kaT marai ||

ਚੁਨਿ ਚੁਨਿ ਐਨ ਅਪਛਰਾ ਬਰੇ ॥੧੭॥

chun chun aain apachharaa bare ||17||

ਅੜਿਲ ॥

aRil ||

ਦ੍ਰੁਗਤਿ ਸਿੰਘ ਕੇ ਸੂਰ ਸਕਲ ਭਾਜਤ ਭਏ ॥

dhrugat si(n)gh ke soor sakal bhaajat bhe ||

ਨ੍ਰਿਪ ਜੂਝੇ ਰਨ ਮਾਹਿ ਸੰਦੇਸਾ ਅਸ ਦਏ ॥

nirap joojhe ran maeh sa(n)dhesaa as dhe ||

ਸੁਨਿ ਬਿਸੁਨਾਥ ਪ੍ਰਭਾ ਚਿਤ ਭੀਤਰਿ ਚਕਿ ਗਈ ॥

sun bisunaath prabhaa chit bheetar chak giee ||

ਹੋ ਸ੍ਰੀ ਉਡਗਿੰਦ੍ਰ ਪ੍ਰਭਾ ਜਰਬੇ ਕਹ ਉਦਿਤ ਭਈ ॥੧੮॥

ho sree uddagi(n)dhr prabhaa jarabe keh udhit bhiee ||18||

ਜੋ ਧਨੁ ਤਾ ਕੋ ਹੁਤੋ ਸੁ ਦਿਯੋ ਲੁਟਾਇ ਕੈ ॥

jo dhan taa ko huto su dhiyo luTai kai ||

ਚਲੀ ਜਰਨ ਕੇ ਹੇਤ ਮ੍ਰਿਦੰਗ ਬਜਾਇ ਕੈ ॥

chalee jaran ke het miradha(n)g bajai kai ||

ਪ੍ਰਾਨ ਨਾਥ ਜਿਤ ਗਏ ਤਹੀ ਮੈ ਜਾਇ ਹੌ ॥

praan naath jit ge tahee mai jai hau ||

ਹੋ ਜਿਯਤ ਨ ਆਵਤ ਧਾਮ ਮਰੇ ਤੇ ਪਾਇ ਹੌ ॥੧੯॥

ho jiyat na aavat dhaam mare te pai hau ||19||

ਸ੍ਰੀ ਬਿਸੁਨਾਥ ਪ੍ਰਭਾ ਜਰਬੇ ਤੇ ਡਰਿ ਗਈ ॥

sree bisunaath prabhaa jarabe te ddar giee ||

ਮਰਿਯੋ ਨ੍ਰਿਪਤਿ ਸੁਨਿ ਕਾਨ ਅਧਿਕ ਪੀਟਤ ਭਈ ॥

mariyo nirapat sun kaan adhik peeTat bhiee ||

ਤਬ ਲੌ ਅਰਿਨ ਬਿਦਾਰਿ ਗਯੋ ਨ੍ਰਿਪ ਆਇ ਕੈ ॥

tab lau arin bidhaar gayo nirap aai kai ||

ਹੋ ਹੇਰਿ ਸਤੀ ਕੀ ਮੀਚਿ ਰਹਿਯੋ ਬਿਸਮਾਇ ਕੈ ॥੨੦॥

ho her satee kee meech rahiyo bisamai kai ||20||

ਜਬ ਉਡਗਿੰਦ੍ਰ ਪ੍ਰਭਾ ਕੀ ਸੁਧਿ ਕਾਨਨ ਪਰੀ ॥

jab uddagi(n)dhr prabhaa kee sudh kaanan paree ||

ਬਿਰਹ ਤਿਹਾਰੇ ਬਾਲ ਅਗਨਿ ਮੋ ਜਰਿ ਮਰੀ ॥

bireh tihaare baal agan mo jar maree ||

ਤਬ ਪਿਯ ਤਬ ਹੀ ਤਹਾ ਪਹੂਚਯੋ ਆਇ ਕੈ ॥

tab piy tab hee tahaa pahoochayo aai kai ||

ਹੋ ਤਰਲ ਤੁਰੰਗਨ ਮਾਝ ਤੁਰੰਗ ਧਵਾਇ ਕੈ ॥੨੧॥

ho taral tura(n)gan maajh tura(n)g dhavai kai ||21||

ਦੋਹਰਾ ॥

dhoharaa ||

ਨ੍ਰਿਪ ਆਵਤ ਲੌ ਮੂਰਖਨ ਦੀਨੀ ਚਿਤਾ ਜਰਾਇ ॥

nirap aavat lau moorakhan dheenee chitaa jarai ||

ਜਿਯਤ ਮਰੇ ਪਤਿ ਕੀ ਕਛੂ ਸੁਧਿ ਨਹਿ ਲਈ ਬਨਾਇ ॥੨੨॥

jiyat mare pat kee kachhoo sudh neh liee banai ||22||

ਅੜਿਲ ॥

aRil ||

ਤ੍ਰਿਯ ਕੋ ਲੈ ਲੈ ਨਾਮੁ ਨ੍ਰਿਪਤਿ ਪੀਟਤ ਭਯੋ ॥

tiray ko lai lai naam nirapat peeTat bhayo ||

ਮੁਹਿ ਕਾਰਨ ਇਹ ਬਾਲ ਅਗਨਿ ਮਹਿ ਜਿਯ ਦਯੋ ॥

muh kaaran ieh baal agan meh jiy dhayo ||

ਬਰਤ ਬਾਲ ਕੌ ਅਬ ਹੀ ਐਂਚਿ ਨਿਕਾਰਿ ਹੌ ॥

barat baal kau ab hee aai(n)ch nikaar hau ||

ਹੋ ਨਾਤਰ ਜਰਿ ਯਾਹੀ ਸੰਗ ਸ੍ਵਰਗ ਸਿਧਾਰਿ ਹੌ ॥੨੩॥

ho naatar jar yaahee sa(n)g savairag sidhaar hau ||23||

ਚੌਪਈ ॥

chauapiee ||

ਅਬ ਹੀ ਤੁਰੰਗ ਅਗਨਿ ਮੈ ਡਾਰੌਂ ॥

ab hee tura(n)g agan mai ddaarau ||

ਜਰਤ ਪ੍ਰਿਯਾ ਕਹੁ ਐਚਿ ਨਿਕਾਰੋ ॥

jarat pirayaa kahu aaich nikaaro ||

ਕੈ ਹਮਹੂੰ ਯਾਹੀ ਚਿਤ ਜਰਿ ਹੈ ॥

kai hamahoo(n) yaahee chit jar hai ||

ਸੁਰ ਪੁਰ ਦੋਊ ਪਯਾਨੋ ਕਰਿ ਹੈ ॥੨੪॥

sur pur dhouoo payaano kar hai ||24||

ਦੋਹਰਾ ॥

dhoharaa ||

ਖੜਗ ਕਾਢ ਕਰ ਮੈ ਲਯੋ ਮੋਹਿ ਨ ਪਕਰਿਯੋ ਕੋਇ ॥

khaRag kaadd kar mai layo moh na pakariyo koi ||

ਕੈ ਕਾਢੌਂ ਇਹ ਕੈ ਜਰੌਂ ਕਰਤਾ ਕਰੈ ਸੋ ਹੋਇ ॥੨੫॥

kai kaaddaua(n) ieh kai jaraua(n) karataa karai so hoi ||25||

ਅੜਿਲ ॥

aRil ||

ਖੜਗ ਕਾਢਿ ਕਰ ਮਾਝ ਧਵਾਵਤ ਹੈ ਭਯੋ ॥

khaRag kaadd kar maajh dhavaavat hai bhayo ||

ਜਰਤ ਜਹਾ ਤ੍ਰਿਯ ਹੁਤੀ ਚਿਤਾ ਮੈ ਪਤਿ ਗਯੋ ॥

jarat jahaa tiray hutee chitaa mai pat gayo ||

ਪਕਰ ਭੁਜਾ ਤੇ ਐਂਚਿ ਤਰੁਨ ਤਰੁਨੀ ਲਿਯੋ ॥

pakar bhujaa te aai(n)ch tarun tarunee liyo ||

ਹੋ ਰਾਜ ਸਿੰਘਾਸਨ ਪਾਵ ਬਹੁਰਿ ਅਪਨੋ ਦਿਯੋ ॥੨੬॥

ho raaj si(n)ghaasan paav bahur apano dhiyo ||26||

ਦੋਹਰਾ ॥

dhoharaa ||

ਨਿਰਖ ਰਾਵ ਤਨ ਕਹਿ ਉਠੇ ਧੰਨਜ ਧੰਨਜ ਸਭ ਸੂਰ ॥

nirakh raav tan keh uThe dha(n)nay dha(n)nay sabh soor ||

ਮਰੈ ਸ੍ਵਰਗ ਬਾਸਾ ਤਿਨੈ ਜੀਵਤ ਬਾਚਾ ਪੂਰ ॥੨੭॥

marai savairag baasaa tinai jeevat baachaa poor ||27||

ਚੌਪਈ ॥

chauapiee ||

ਸਭ ਰਾਨਿਨ ਐਸੇ ਸੁਨਿ ਪਾਯੋ ॥

sabh raanin aaise sun paayo ||

ਤਾਹਿ ਜਰਤ ਨ੍ਰਿਪ ਆਪੁ ਬਚਾਯੋ ॥

taeh jarat nirap aap bachaayo ||

ਮਰਤ ਹੁਤੀ ਜੀਵਤ ਸੋ ਭਈ ॥

marat hutee jeevat so bhiee ||

ਜੀਵਤ ਹੁਤੀ ਮ੍ਰਿਤਕ ਹ੍ਵੈ ਗਈ ॥੨੮॥

jeevat hutee mritak havai giee ||28||

ਅਬ ਹਮ ਕੌ ਨ੍ਰਿਪ ਚਿਤ ਨ ਲਯੈ ਹੈ ॥

ab ham kau nirap chit na layai hai ||

ਵਾਹੀ ਕੇ ਹ੍ਵੈ ਕੈ ਬਸਿ ਜੈ ਹੈ ॥

vaahee ke havai kai bas jai hai ||

ਅਬ ਕਛੁ ਐਸ ਉਪਾਇ ਬਨਾਊ ॥

ab kachh aais upai banaauoo ||

ਯਾ ਸੌ ਪਤਿ ਕੀ ਪ੍ਰੀਤ ਮਿਟਾਊ ॥੨੯॥

yaa sau pat kee preet miTaauoo ||29||

ਦੇਖਹੁ ਇਹ ਰਾਵਹਿ ਕਜਾ ਕਹਿਯੈ ॥

dhekhahu ieh raaveh kayaa kahiyai ||

ਮਨ ਮੈ ਸਮੁਝਿ ਮੌਨਿ ਹ੍ਵੈ ਰਹਿਯੈ ॥

man mai samujh mauan havai rahiyai ||

ਜੋ ਲੈ ਮੂਰਤਿ ਜਾਰ ਕੀ ਜਰੀ ॥

jo lai moorat jaar kee jaree ||

ਤਾ ਕੇ ਹੇਤ ਇਤੀ ਇਨ ਕਰੀ ॥੩੦॥

taa ke het itee in karee ||30||

ਯਹ ਲੈ ਮੂਰਤਿ ਜਾਰ ਕੀ ਜਰੀ ॥

yeh lai moorat jaar kee jaree ||

ਹ੍ਵੈ ਹੈ ਅਰਧ ਜਰੀ ਹੂੰ ਪਰੀ ॥

havai hai aradh jaree hoo(n) paree ||

ਜੌ ਤਾ ਕੌ ਇਹ ਰਾਵ ਨਿਹਾਰੈ ॥

jau taa kau ieh raav nihaarai ||

ਅਬ ਹੀ ਯਾ ਕੌ ਜਿਯਤੇ ਮਾਰੈ ॥੩੧॥

ab hee yaa kau jiyate maarai ||31||

ਯੌਂ ਜਬ ਬੈਨ ਰਾਵ ਸੁਨਿ ਪਾਯੋ ॥

yau jab bain raav sun paayo ||

ਹੇਰਨ ਤਵਨ ਚਿਤਾ ਕਹ ਆਯੋ ॥

heran tavan chitaa keh aayo ||

ਅਰਧ ਜਰੀ ਪ੍ਰਤਿਮਾ ਲਹਿ ਲੀਨੀ ॥

aradh jaree pratimaa leh leenee ||

ਪ੍ਰੀਤਿ ਜੁ ਬਢੀ ਹੁਤੀ ਤਜਿ ਦੀਨੀ ॥੩੨॥

preet ju baddee hutee taj dheenee ||32||

ਤਬ ਬਾਨੀ ਨਭ ਤੇ ਇਹ ਹੋਈ ॥

tab baanee nabh te ieh hoiee ||

ਉਡਗ ਪ੍ਰਭਾ ਮਹਿ ਦੋਸੁ ਨ ਕੋਈ ॥

auddag prabhaa meh dhos na koiee ||

ਬਿਸੁਸਿ ਪ੍ਰਭਾ ਯਹਿ ਚਰਿਤ ਬਨਾਯੋ ॥

bisus prabhaa yeh charit banaayo ||

ਤਾ ਤੇ ਚਿਤ ਤੁਮਰੋ ਡਹਿਕਾਯੋ ॥੩੩॥

taa te chit tumaro ddahikaayo ||33||

ਜਿਹ ਤ੍ਰਿਯ ਤੁਮ ਤਨ ਜਰਿਯੋ ਨ ਗਯੋ ॥

jeh tiray tum tan jariyo na gayo ||

ਤਵਨਿ ਬਾਲ ਅਸਿ ਚਰਿਤ ਬਨਯੋ ॥

tavan baal as charit banayo ||

ਜਿਨਿ ਨ੍ਰਿਪ ਕੀ ਯਾ ਸੌ ਰੁਚਿ ਬਾਢੈ ॥

jin nirap kee yaa sau ruch baaddai ||

ਜੀਯਤ ਹਮੈ ਛੋਰਿ ਕਰਿ ਛਾਡੈ ॥੩੪॥

jeeyat hamai chhor kar chhaaddai ||34||

ਤਬ ਰਾਜੇ ਐਸੇ ਸੁਨਿ ਪਾਈ ॥

tab raaje aaise sun paiee ||

ਸਾਚੀ ਹੀ ਸਾਚੀ ਠਹਰਾਈ ॥

saachee hee saachee Thaharaiee ||

ਉਡਗਿ ਪ੍ਰਭਾ ਤਨ ਅਤਿ ਹਿਤ ਕੀਨੋ ॥

auddag prabhaa tan at hit keeno ||

ਵਾ ਸੌ ਤਜਾਗਿ ਨੇਹ ਸਭ ਦੀਨੋ ॥੩੫॥

vaa sau tayaag neh sabh dheeno ||35||

ਦੋਹਰਾ ॥

dhoharaa ||

ਸ੍ਰੀ ਉਡਗਿੰਦ੍ਰ ਪ੍ਰਭਾ ਭਏ ਰਾਜ ਕਰਿਯੋ ਸੁਖ ਮਾਨ ॥

sree uddagi(n)dhr prabhaa bhe raaj kariyo sukh maan ||

ਬਿਸੁਸਿ ਪ੍ਰਭਾ ਸੰਗ ਦੋਸਤੀ ਦੀਨੀ ਤਜਾਗ ਨਿਦਾਨ ॥੩੬॥

bisus prabhaa sa(n)g dhosatee dheenee tayaag nidhaan ||36||

ਇਤਿ ਸ੍ਰੀ ਚਰਿਤ੍ਰ ਪਖਜਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੦੦॥੩੭੬੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

dhoi sau charitr samaapatam sat subham sat ||200||3763||afajoo(n)||

ਦੋਹਰਾ ॥

dhoharaa ||

ਰੂਮ ਸਹਿਰ ਕੇ ਸਾਹ ਕੀ ਸੁਤਾ ਜਲੀਖਾ ਨਾਮ ॥

room sahir ke saeh kee sutaa jaleekhaa naam ||

ਕਿਧੌ ਕਾਮ ਕੀ ਕਾਮਨੀ ਕਿਧੌ ਆਪ ਹੀ ਕਾਮ ॥੧॥

kidhau kaam kee kaamanee kidhau aap hee kaam ||1||

ਅਤਿ ਜੋਬਨ ਤਾ ਕੈ ਦਿਪੈ ਸਭ ਅੰਗਨ ਕੇ ਸਾਥ ॥

at joban taa kai dhipai sabh a(n)gan ke saath ||

ਦਿਨ ਆਸਿਕ ਦਿਨਪਤਿ ਰਹੈ ਨਿਸੁ ਆਸਿਕ ਨਿਸਨਾਥ ॥੨॥

dhin aasik dhinapat rahai nis aasik nisanaath ||2||

ਸਹਸਾਨਨ ਸੋਭਾ ਭਨੈ ਲਿਖਤ ਸਹਸ ਭੁਜ ਜਾਹਿ ॥

sahasaanan sobhaa bhanai likhat sahas bhuj jaeh ||

ਤਦਿਪ ਜਲੀਖਾ ਕੀ ਪ੍ਰਭਾ ਬਰਨਿ ਨ ਆਵਤ ਤਾਹਿ ॥੩॥

tadhip jaleekhaa kee prabhaa baran na aavat taeh ||3||

ਚੌਪਈ ॥

chauapiee ||

ਮਿਸਰ ਸਾਹ ਕੋ ਪੂਤ ਭਨਿਜੈ ॥

misar saeh ko poot bhanijai ||

ਯੂਸਫ ਖਾ ਤਿਹ ਨਾਮ ਕਹਿਜੈ ॥

yoosaf khaa teh naam kahijai ||

ਜੋ ਅਬਲਾ ਤਿਹ ਨੈਕੁ ਨਿਹਾਰੈ ॥

jo abalaa teh naik nihaarai ||

ਚਟ ਦੈ ਲਾਜ ਬਸਤ੍ਰ ਕੌ ਫਾਰੈ ॥੪॥

chaT dhai laaj basatr kau faarai ||4||

ਦੋਹਰਾ ॥

dhoharaa ||

ਤਾ ਕੇ ਤਨ ਮੈ ਅਤਿ ਪ੍ਰਭਾ ਆਪਿ ਕਰੀ ਕਰਤਾਰ ॥

taa ke tan mai at prabhaa aap karee karataar ||

ਪੈਗੰਬਰ ਅੰਬਰ ਤਿਸੈ ਕਹਤ ਸੁ ਬੁਧਿ ਬਿਚਾਰਿ ॥੫॥

paiga(n)bar a(n)bar tisai kahat su budh bichaar ||5||

ਚੌਪਈ ॥

chauapiee ||

ਤਾ ਕੇ ਭ੍ਰਾਤ ਸਕਲ ਰਿਸਿ ਧਾਰੈ ॥

taa ke bhraat sakal ris dhaarai ||

ਹਮ ਕ੍ਯੋਨ ਹੂੰ ਯੂਸਫ ਕੌ ਮਾਰੈ ॥

ham kayon hoo(n) yoosaf kau maarai ||

ਹਮਰੋ ਰੂਪ ਕਰਿਯੋ ਘਟ ਕਰਤਾ ॥

hamaro roop kariyo ghaT karataa ||

ਯਾ ਕੋ ਰੂਪ ਦੁਖਨ ਕੋ ਹਰਤਾ ॥੬॥

yaa ko roop dhukhan ko harataa ||6||

ਤਾ ਕੋ ਲੈ ਅਖੇਟ ਕਹਿ ਗਏ ॥

taa ko lai akheT keh ge ||

ਬਹੁ ਬਿਧਿ ਮ੍ਰਿਗਨ ਸੰਘਾਰਤ ਭਏ ॥

bahu bidh miragan sa(n)ghaarat bhe ||

ਅਧਿਕ ਪਯਾਸ ਜਬ ਤਾਹਿ ਸਤਾਯੋ ॥

adhik payaas jab taeh sataayo ||

ਏਕ ਕੂਪ ਭ੍ਰਾਤਾਨ ਤਕਾਯੋ ॥੭॥

ek koop bhraataan takaayo ||7||

ਤਹ ਹਮ ਜਾਇ ਪਾਨਿ ਸਭ ਪੀਯੈ ॥

teh ham jai paan sabh peeyai ||

ਸੋਕ ਨਿਵਾਰਿ ਸੁਖੀ ਹ੍ਵੈ ਜੀਯੈ ॥

sok nivaar sukhee havai jeeyai ||

ਯੂਸਫ ਬਾਤ ਨ ਪਾਵਤ ਭਯੋ ॥

yoosaf baat na paavat bhayo ||

ਜਹ ਵਹ ਕੂਪ ਹੁਤੋ ਤਹ ਗਯੋ ॥੮॥

jeh veh koop huto teh gayo ||8||

ਚਲਿ ਬਨ ਮੈ ਜਬ ਕੂਪ ਨਿਹਾਰਿਯੋ ॥

chal ban mai jab koop nihaariyo ||

ਗਹਿ ਭਇਯਨ ਤਾ ਮੈ ਤਿਹ ਡਾਰਿਯੋ ॥

geh bhiyan taa mai teh ddaariyo ||

ਘਰ ਯੌ ਆਨਿ ਸੰਦੇਸੋ ਦਯੋ ॥

ghar yau aan sa(n)dheso dhayo ||

ਯੂਸਫ ਆਜੁ ਸਿੰਘ ਭਖਿ ਲਯੋ ॥੯॥

yoosaf aaj si(n)gh bhakh layo ||9||

ਖੋਜਿ ਸਕਲ ਯੂਸਫ ਕੋ ਹਾਰੇ ॥

khoj sakal yoosaf ko haare ||

ਅਸੁਖ ਭਏ ਸੁਖ ਸਭੈ ਬਿਸਾਰੇ ॥

asukh bhe sukh sabhai bisaare ||

ਤਹਾ ਏਕ ਸੌਦਾਗਰ ਆਯੋ ॥

ਹਜਰਤਿ ਲੋਗਨ ਸਹਿਤ ਨ ਕਛੁ ਧਨ ਪਾਇ ਹੈ ॥

hajarat logan sahit na kachh dhan pai hai ||

ਕਾਜਿ ਕ੍ਰੋਰਿ ਕੁਟੁਵਾਰ ਖਜਾਨੋ ਤਬ ਲਹਿਯੋ ॥

kaaj kror kuTuvaar khajaano tab lahiyo ||

ਹੋ ਸਤਿ ਸ੍ਰਾਪ ਭਯੋ ਕਹਿਯੋ ਅਤਿਥ ਜੈਸੋ ਦਯੋ ॥੧੧॥

ho sat sraap bhayo kahiyo atith jaiso dhayo ||11||

ਸਭ ਸੋਫਿਨ ਕੋ ਮੂੰਡਿ ਮੂੰਡਿ ਅਮਲੀ ਗਯੋ ॥

sabh sofin ko moo(n)dd moo(n)dd amalee gayo ||

ਮੁਹਰੇ ਲਈ ਨਿਕਾਰਿ ਠੀਕਰੀ ਦੈ ਭਯੋ ॥

muhare liee nikaar Theekaree dhai bhayo ||

ਆਜੁ ਲਗੇ ਓਹਿ ਦੇਸ ਅਤਿਥ ਕੋ ਮਾਨਿਯੈ ॥

aaj lage oh dhes atith ko maaniyai ||

ਹੋ ਮਸਲਾ ਇਹ ਮਸਹੂਰ ਜਗਤ ਮੈ ਜਾਨਿਯੈ ॥੧੨॥

ho masalaa ieh masahoor jagat mai jaaniyai ||12||

ਦੋਹਰਾ ॥

dhoharaa ||

ਵਾ ਕੇ ਖਾਨਾ ਨੈ ਲਿਖ੍ਯੋ ਹਜਰਤਿ ਜੂ ਕੋ ਬਨਾਇ ॥

vaa ke khaanaa nai likhayo hajarat joo ko banai ||

ਸ੍ਰਾਪ ਦਯੋ ਇਕ ਅਤਿਥ ਨੈ ਸਭ ਧਨ ਗਯੋ ਗਵਾਇ ॥੧੩॥

sraap dhayo ik atith nai sabh dhan gayo gavai ||13||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਛਬੀਸਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੨੬॥੪੩੦੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau chhabeesavo charitr samaapatam sat subham sat

||226||4302||afajoo(n)||

ਦੋਹਰਾ ॥

dhoharaa ||

ਦੇਸ ਮਾਲਵਾ ਕੇ ਬਿਖੈ ਮਦਨ ਸੈਨ ਇਕ ਰਾਇ ॥

dhes maalavaa ke bikhai madhan sain ik rai ||

ਗੜ ਤਾ ਸੌ ਰਾਜਾ ਬਿਧਿਹਿ ਔਰ ਨ ਸਕਿਯੋ ਬਨਾਇ ॥੧॥

gaR taa sau raajaa bidheh aauar na sakiyo banai ||1||

ਨਾਮ ਰਹੈ ਤਿਹ ਤਰੁਨਿ ਕੋ ਸ੍ਰੀ ਮਨਿਮਾਲ ਮਤੀਯ ॥

naam rahai teh tarun ko sree manimaal mateey ||

ਮਨਸਾ ਬਾਚਾ ਕਰਮਨਾ ਬਸਿ ਕਰਿ ਰਾਖਿਯੋ ਪੀਯ ॥੨॥

manasaa baachaa karamanaa bas kar raakhiyo peey ||2||

ਪੂਤ ਤਹਾ ਇਕ ਸਾਹੁ ਕੋ ਨਾਮੁ ਰਾਇ ਮਹਬੂਬ ॥

poot tahaa ik saahu ko naam rai mahaboob ||

ਰੂਪ ਸੀਲ ਸੁਚਿ ਬ੍ਰਤਨ ਮੈ ਗੜਿਯੋ ਬਿਧਾਤੈ ਖੂਬ ॥੩॥

roop seel such bratan mai gaRiyo bidhaatai khoob ||3||

ਚੌਪਈ ॥

chauapiee ||

ਅਮਿਤ ਤਰੁਨਿ ਕੋ ਰੂਪ ਬਿਰਾਜੈ ॥

amit tarun ko roop biraajai ||

ਜਿਹ ਮੁਖ ਨਿਰਖ ਚੰਦ੍ਰਮਾ ਲਾਜੈ ॥

jeh mukh nirakh cha(n)dhramaa laajai ||

ਸੁੰਦਰ ਸਮ ਤਾ ਕੀ ਕੋਊ ਨਾਹੀ ॥

su(n)dhar sam taa kee kouoo naahee ||

ਰੂਪਵੰਤ ਪ੍ਰਗਟਿਯੋ ਜਗ ਮਾਹੀ ॥੪॥

roopava(n)t pragaTiyo jag maahee ||4||

ਜਬ ਰਾਨੀ ਵਹ ਕੁਅਰ ਨਿਹਾਰਿਯੋ ॥

jab raanee veh kuar nihaariyo ||

ਇਹੈ ਆਪਨੇ ਹ੍ਰਿਦੈ ਬਿਚਾਰਿਯੋ ॥

eihai aapane hiradhai bichaariyo ||

ਕੈ ਇਹ ਆਜੁ ਬੋਲਿ ਰਤਿ ਕਰਿਯੈ ॥

kai ieh aaj bol rat kariyai ||

ਕੈ ਉਰ ਮਾਰਿ ਕਟਾਰੀ ਮਰਿਯੈ ॥੫॥

kai ur maar kaTaaree mariyai ||5||

ਲਹਿ ਸਹਚਰਿ ਇਕ ਹਿਤੂ ਬੁਲਾਈ ॥

leh sahachar ik hitoo bulaiee ||

ਚਿਤ ਕੀ ਬ੍ਰਿਥਾ ਤਾਹਿ ਸਮਝਾਈ ॥

chit kee birathaa taeh samajhaiee ||

ਮੇਰੀ ਕਹੀ ਮੀਤ ਸੌ ਕਹਿਯਹੁ ॥

meree kahee meet sau kahiyahu ||

ਜੋ ਮੁਰਿ ਆਸ ਜਿਯਨ ਕੀ ਚਹਿਯਹੁ ॥੬॥

jo mur aas jiyan kee chahiyahu ||6||

ਦੋਹਰਾ ॥

dhoharaa ||

ਸੁਨਿ ਆਤੁਰ ਬਚ ਕੁਅਰਿ ਕੇ ਸਖੀ ਗਈ ਤਹ ਧਾਇ ॥

sun aatur bach kuar ke sakhee giee teh dhai ||

ਤਾਹਿ ਭਲੇ ਸਮੁਝਾਇ ਕੈ ਇਹ ਉਹਿ ਦਯੋ ਮਿਲਾਇ ॥੭॥

taeh bhale samujhai kai ieh uh dhayo milai ||7||

ਅੜਿਲ ॥

aRil ||

ਮਨ ਭਾਵੰਤਾ ਮੀਤੁ ਕੁਅਰਿ ਜਬ ਪਾਇਯੋ ॥

man bhaava(n)taa meet kuar jab paiyo ||

ਲਖਿ ਛਬਿ ਲੋਲ ਅਮੋਲ ਗਰੇ ਸੋ ਲਾਇਯੋ ॥

lakh chhab lol amol gare so laiyo ||

ਲਪਟਿ ਲਪਟਿ ਦੋਊ ਜਾਹਿ ਤਰੁਨ ਮੁਸਕਾਇ ਕੈ ॥

lapaT lapaT dhouoo jaeh tarun musakai kai ||

ਹੋ ਕਾਮ ਕੇਲ ਕੀ ਰੀਤਿ ਪ੍ਰੀਤਿ ਉਪਜਾਇ ਕੈ ॥੮॥

ho kaam kel kee reet preet upajai kai ||8||

ਤਬ ਲੌ ਰਾਜਾ ਗ੍ਰਿਹ ਰਾਨੀ ਕੇ ਆਇਯੋ ॥

tab lau raajaa gireh raanee ke aaiyo ||

ਆਦਰ ਅਧਿਕ ਕੁਅਰਿ ਕਰਿ ਮਦਰਾ ਪ੍ਯਾਇਯੋ ॥

aadhar adhik kuar kar madharaa prayaiyo ||

ਗਿਰਿਯੋ ਮਤ ਹ੍ਵੈ ਨ੍ਰਿਪਤਿ ਖਾਟ ਪਰ ਜਾਇ ਕੈ ॥

giriyo mat havai nirapat khaaT par jai kai ||

ਹੋ ਤਬ ਹੀ ਤੁਰਤਹਿ ਲਿਯ ਤ੍ਰਿਯ ਜਾਰ ਬੁਲਾਇ ਕੈ ॥੯॥

ho tab hee turateh liy tiray jaar bulai kai ||9||

ਨ੍ਰਿਪ ਕੀ ਛਤਿਯਾ ਊਪਰ ਅਪਨੀ ਪੀਠਿ ਧਰਿ ॥

nirap kee chhatiyaa uoopar apanee peeTh dhar ||

ਕਾਮ ਕੇਲ ਦ੍ਰਿੜ ਕਿਯ ਨਿਜੁ ਮੀਤੁ ਬੁਲਾਇ ਕਰਿ ॥

kaam kel dhiraR kiy nij meet bulai kar ||

ਮਦਰਾ ਕੇ ਮਦ ਛਕੇ ਨ ਕਛੁ ਰਾਜੇ ਲਹਿਯੋ ॥

madharaa ke madh chhake na kachh raaje lahiyo ||

ਹੋ ਲੇਤ ਪਸ੍ਵਾਰੇ ਭਯੋ ਨ ਕਛੁ ਮੁਖ ਤੇ ਕਹਿਯੋ ॥੧੦॥

ho let pasavaiaare bhayo na kachh mukh te kahiyo ||10||

ਕਾਮ ਭੋਗ ਕਰਿ ਤ੍ਰਿਯ ਪਿਯ ਦਯੋ ਉਠਾਇ ਕੈ ॥

kaam bhog kar tiray piy dhayo uThai kai ||

ਮੂੜ ਰਾਵ ਕਛੂ ਭੇਦ ਨ ਸਕਿਯੋ ਪਾਇ ਕੈ ॥

mooR raav kachh bhedh na sakiyo pai kai ||

ਇਹ ਛਲ ਛੈਲੀ ਛੈਲ ਸੁ ਛਲਿ ਪਤਿ ਕੌ ਗਈ ॥

eeh chhal chhailee chhail su chhal pat kau giee ||

ਹੋ ਸੁ ਕਬਿ ਸਜਾਮ ਇਹ ਕਥਾ ਤਬੈ ਪੂਰਨ ਭਈ ॥੧੧॥

ho su kab sayaam ieh kathaa tabai pooran bhiee ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਸਤਾਈਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੨੭॥੪੩੧੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau sataieevo charitr samaapatam sat subham sat

||227||4313||afajoo(n)||

ਚੌਪਈ ॥

chauapiee ||

ਉਤਰ ਦੇਸ ਨ੍ਰਿਪਤਿ ਇਕ ਰਹਈ ॥

autar dhes nirapat ik rahiee ||

ਬੀਰਜ ਸੈਨ ਜਾ ਕੋ ਜਗ ਕਹਈ ॥

beeraj sain jaa ko jag kahiee ||

ਬੀਰਜ ਮਤੀ ਤਵਨ ਬਰ ਨਾਰੀ ॥

beeraj matee tavan bar naaree ||

ਜਾਨਕ ਰਾਮਚੰਦ੍ਰ ਕੀ ਪਜਾਰੀ ॥੧॥

jaanak raamacha(n)dhr kee payaaree ||1||

ਅਧਿਕ ਕੁਅਰ ਕੋ ਰੂਪ ਬਿਰਾਜੈ ॥

adhik kuar ko roop biraajai ||

ਰਤਿ ਪਤਿ ਕੀ ਰਤਿ ਕੀ ਛਬਿ ਲਾਜੈ ॥

rat pat kee rat kee chhab laajai ||

ਜੋ ਅਬਲਾ ਤਾ ਕੋ ਲਖਿ ਜਾਈ ॥

jo abalaa taa ko lakh jaiee ||

ਲਾਜ ਸਾਜ ਤਜਿ ਰਹਤ ਬਿਕਾਈ ॥੨॥

laaj saaj taj rahat bikaiee ||2||

ਦੋਹਰਾ ॥

dhoharaa ||

ਏਕ ਸਾਹ ਕੀ ਪੁਤ੍ਰਿਕਾ ਜਾ ਕੋ ਰੂਪ ਅਪਾਰ ॥

ek saeh kee putirakaa jaa ko roop apaar ||

ਨਿਰਖਿ ਮਦਨ ਜਾ ਕੋ ਰਹੈ ਨਜਾਇ ਚਲਤ ਸਿਰ ਝਾਰਿ ॥੩॥

nirakh madhan jaa ko rahai nayai chalat sir jhaar ||3||

ਅੜਿਲ ॥

aRil ||

ਏਕ ਦਿਵਸ ਵਹੁ ਰਾਇ ਅਖੇਟ ਸਿਧਾਇਯੋ ॥

ek dhivas vahu rai akheT sidhaiyo ||

ਊਚ ਧੌਲਹਰ ਠਾਢਿ ਕੁਅਰਿ ਲਖਿ ਪਾਇਯੋ ॥

uooch dhaualahar Thaadd kuar lakh paiyo ||

ਤਰੁਨਿ ਸਾਹੁ ਕੀ ਸੁਤਾ ਰਹੀ ਉਰਝਾਇ ਕੈ ॥

tarun saahu kee sutaa rahee urajhai kai ||

ਹੋ ਹੇਰਿ ਨ੍ਰਿਪਤਿ ਕੀ ਪ੍ਰਭਾ ਸੁ ਗਈ ਬਿਕਾਇ ਕੈ ॥੪॥

ho her nirapat kee prabhaa su giee bikai kai ||4||

ਚੌਪਈ ॥

chauapiee ||

ਤਹੀ ਠਾਢਿ ਇਕ ਚਰਿਤ ਬਨਾਇਸਿ ॥

tahee Thaadd ik charit banais ||

ਡੋਰਿ ਬਡੀ ਕੀ ਗੁਡੀ ਚੜਾਇਸਿ ॥

ddor baddee kee guddee chaRais ||

ਤਾ ਮੈ ਇਹੈ ਸੰਦੇਸ ਪਠਾਵਾ ॥

taa mai ihai sa(n)dhes paThaavaa ||

ਭੇਤ ਚਿਤ ਕੌ ਨ੍ਰਿਪਹਿ ਜਤਾਵਾ ॥੫॥

bhet chit kau nirapeh jataavaa ||5||

ਕਬਿਤੁ ॥

kabit ||

ਤਾਜੀ ਕੂੰ ਤੁਰਾਇ ਕੈ ਅਸਾੜੀ ਓੜਿ ਰਾਹ ਪੌਣਾ ਜਾਲਿਮ ਜਵਾਲ ਦੁਹਾ ਨੈਨਾ ਨੂੰ ਨਚਾਵਣਾ ॥

taajee koo(n) turai kai asaaRee oR raeh pauanaa jaalim javaal dhuhaa nainaa noo(n) nachaavanaa ||

ਅੰਜਨ ਦਿਵਾਇ ਬਾੜ ਬਿਸਿਖ ਚੜਾਇ ਕੈ ਖੁਸਾਲੀ ਨੂੰ ਬੜਾਇ ਨਾਲੇ ਕੈਫਾ ਨੂੰ ਚੜਾਵਣਾ ॥

a(n)jan dhivai baaR bisikh chaRai kai khusaalee noo(n) baRai naale kaifaa noo(n) chaRaavanaa ||

ਬਦਨ ਦਿਖਾਣਾ ਸਾਨੂੰ ਛਾਤੀ ਨਾਲ ਲਾਣਾ ਅਤੇ ਨੈਣਾ ਨਾਲਿ ਨੈਣ ਜੋੜਿ ਵੇਹਾ ਨੇਹੁ ਲਾਵਣਾ ॥

badhan dhikhaanaa saanoo(n) chhaatee naal laanaa ate nainaa naal nain

joR vehaa neh laavanaa ||

ਬਾਚੇ ਪਤ੍ਰ ਆਣਾ ਮੈਹੀ ਮਿਲੇ ਬਜਾਂ ਨ ਜਾਣਾ ਸਾਈ ਯਾਰੋ ਜੀ ਅਸਾਡੇ ਪਾਸ ਆਵਣਾ ਹੀ ਆਵਣਾ ॥੬॥

baache patr aanaa maihee mile bayaa(n) na jaanaa saiee yaaro jee asaadde

paas aavanaa hee aavanaa ||6||

ਦੋਹਰਾ ॥

dhoharaa ||

ਗੁਡੀਯਾ ਬਿਖੈ ਸੰਦੇਸ ਲਿਖਿ ਦੀਨੋ ਕੁਅਰਿ ਪਠਾਇ ॥

guddeeyaa bikhai sa(n)dhes likh dheeno kuar paThai ||

ਤਨਿਕ ਬਾਰ ਲਾਗੀ ਨਹੀ ਨ੍ਰਿਪਹਿ ਪਹੂੰਚੀ ਜਾਇ ॥੭॥

tanik baar laagee nahee nirapeh pahoo(n)chee jai ||7||

ਚੌਪਈ ॥

chauapiee ||

ਪਤੀਯਾ ਛੋਰਿ ਲਖੀ ਪ੍ਰਿਯ ਕਹਾ ॥

pateeyaa chhor lakhee piray kahaa ||

ਇਹ ਪਠਿਯੋ ਤਰੁਨੀ ਲਿਖਿ ਉਹਾ ॥

eeh paThiyo tarunee likh uhaa ||

ਯਾ ਗੁਡੀਯਾ ਪਰ ਬੈਠਹੁ ਧਾਈ ॥

yaa guddeeyaa par baiThahu dhaiee ||

ਚਿੰਤ ਨ ਕਰਹੁ ਚਿਤ ਮੈ ਰਾਈ ॥੮॥

chi(n)t na karahu chit mai raiee ||8||

ਕੈ ਗੁਡੀਯਾ ਉਪਰ ਚੜਿ ਆਵਹੁ ॥

kai guddeeyaa upar chaR aavahu ||

ਨਾਤਰ ਟਾਗ ਤਰੇ ਕਰਿ ਜਾਵਹੁ ॥

naatar Taag tare kar jaavahu ||

ਜੋ ਤੁਹਿ ਗਿਰਨ ਧਰਨ ਪਰ ਦੇਊ ॥

jo tuh giran dharan par dheuoo ||

ਸ੍ਵਰਗ ਸਾਚ ਕਰਿ ਬਾਸ ਨ ਲੇਊ ॥੯॥

savairag saach kar baas na leuoo ||9||

ਦੋਹਰਾ ॥

dhoharaa ||

ਮਾਤ੍ਰ ਪਛ ਸਤ ਸਪਤ ਪਿਤੁ ਪਰੈ ਨਰਕ ਕੁਲ ਸੋਇ ॥

maatr pachh sat sapat pit parai narak kul soi ||

ਜੌ ਗੁਡੀਯਾ ਤੇ ਭੂਮਿ ਪਰਿ ਪਤਨ ਤਿਹਾਰੋ ਹੋਇ ॥੧੦॥

jau guddeeyaa te bhoom par patan tihaaro hoi ||10||

ਚੌਪਈ ॥

chauapiee ||

ਤੁਮ ਯਾ ਕੌ ਪਿਯ ਡੋਰਿ ਨ ਜਾਨਹੁ ॥

tum yaa kau piy ddor na jaanahu ||

ਸਗੂਆ ਕੈ ਯਾ ਕੌ ਪਹਿਚਾਨਹੁ ॥

sagooaa kai yaa kau pahichaanahu ||

ਤੁਮਰੋ ਬਾਲ ਬਿਘਨ ਨਹਿ ਹ੍ਵੈ ਹੈ ॥

tumaro baal bighan neh havai hai ||

ਯਾ ਮੈ ਦੇਖਿ ਪਾਵ ਧਰਿ ਲੈ ਹੈ ॥੧੧॥

yaa mai dhekh paav dhar lai hai ||11||

ਦੋਹਰਾ ॥

dhoharaa ||

ਮੰਤ੍ਰ ਸਕਤਿ ਤੇ ਮੈ ਕਿਯਾ ਸਗੂਆ ਯਾਹਿ ਬਨਾਇ ॥

ma(n)tr sakat te mai kiyaa sagooaa yaeh banai ||

ਸੰਕ ਤਯਾਗਿ ਕਰਿ ਆਈਯੈ ਸੁਨੁ ਰਾਜਨ ਕੇ ਰਾਇ ॥੧੨॥

sa(n)k tayaag kar aaieeyai sun raajan ke rai ||12||

ਚੌਪਈ ॥

chauapiee ||

ਜਬ ਰਾਜੈ ਐਸੀ ਸੁਨਿ ਪਾਈ ॥

jab raajai aaisee sun paiee ||

ਚਿਤ ਕੀ ਸੰਕ ਸਗਲ ਬਿਸਰਾਈ ॥

chit kee sa(n)k sagal bisaraiee ||

ਹਯ ਤੇ ਉਤਰਿ ਡੋਰਿ ਪਰ ਚਢਿਯੋ ॥

hay te utar ddor par chaddiyo ||

ਆਨੰਦ ਅਧਿਕ ਚਿਤ ਮੈ ਬਢਿਯੋ ॥੧੩॥

aana(n)dh adhik chit mai baddiyo ||13||

ਅੜਿਲ ॥

aRil ||

ਕੁਅਰ ਕੁਅਰਿ ਕੇ ਤੀਰ ਪਹੂਚ੍ਯੋ ਆਇ ਕੈ ॥

kuar kuar ke teer pahoochayo aai kai ||

ਕਾਮ ਭੋਗ ਕੌ ਕੀਯੋ ਹਰਖ ਉਪਜਾਇ ਕੈ ॥

kaam bhog kau keeyo harakh upajai kai ||

ਸਾਹ ਤਬ ਲਗੇ ਦ੍ਵਾਰ ਪਹੂਚ੍ਯੋ ਆਇ ਕਰਿ ॥

saeh tab lage dhavaiaar pahoochayo aai kar ||

ਹੋ ਤਬੈ ਤਰੁਨਿ ਸੌ ਬਾਤ ਕਹੀ ਪਿਯ ਨੈਨ ਭਰਿ ॥੧੪॥

ho tabai tarun sau baat kahee piy nain bhar ||14||

ਅਬ ਤ੍ਰਿਯ ਤੁਮਰੋ ਸਾਹ ਮੈ ਗਹਿ ਮਾਰਿ ਹੈ ॥

ab tiray tumaro saeh mai geh maar hai ||

ਇਹੀ ਧੌਲਹਰ ਊਪਰ ਤੇ ਮੁਹਿ ਡਾਰਿ ਹੈ ॥

eihee dhaualahar uoopar te muh ddaar hai ||

ਟੂਕ ਟੂਕ ਹ੍ਵੈ ਸਭੈ ਪਸੁਰਿਯਾ ਜਾਇ ਹੈ ॥

Took Took havai sabhai pasuriyaa jai hai ||

ਹੋ ਤੁਹਿ ਭੇਟੇ ਹਮ ਆਜੁ ਇਹੈ ਫਲ ਪਾਇ ਹੈ ॥੧੫॥

ho tuh bheTe ham aaj ihai fal pai hai ||15||

ਨ੍ਰਿਪ ਚਿੰਤਾ ਚਿਤ ਭੀਤਰ ਕਛੂ ਨ ਕੀਜਿਯੈ ॥

nirap chi(n)taa chit bheetar kachhoo na keejiyai ||

ਨਿਰਖਿ ਹਮਾਰੋ ਚਰਿਤ ਅਬੈ ਹੀ ਲੀਜਿਯੈ ॥

nirakh hamaaro charit abai hee leejiyai ||

ਬਾਰ ਤਿਹਾਰੋ ਏਕ ਨ ਬਾਕਨ ਪਾਇ ਹੈ ॥

baar tihaaro ek na baakan pai hai ||

ਹੋ ਹਮ ਸੋ ਭੋਗ ਕਮਾਇ ਹਸਤ ਗ੍ਰਿਹ ਜਾਇ ਹੈ ॥੧੬॥

ho ham so bhog kamai hasat gireh jai hai ||16||

ਮੰਤ੍ਰ ਸਕਤਿ ਹੁੰਡੀਆ ਤਿਹ ਕਿਯੋ ਬਨਾਇ ਕੈ ॥

ma(n)tr sakat hu(n)ddeeaa teh kiyo banai kai ||

ਪਕਰਿ ਕਾਨ ਤੇ ਪਤਿ ਕੋ ਦਿਯੋ ਦਿਖਾਇ ਕੈ ॥

pakar kaan te pat ko dhiyo dhikhai kai ||

ਬਹੁਰਿ ਮੇਖ ਭੇ ਬਾਧ੍ਰਯੋ ਨ੍ਰਿਪਹਿ ਬਨਾਇ ਕਰਿ ॥

bahur mekh bhe baadhrayo nirapeh banai kar ||

ਹੋ ਬਹੁਰਿ ਤਵਨ ਕੋ ਕਿਯੋ ਸੁਦੇਸ ਉਠਾਇ ਕਰਿ ॥੧੭॥

ho bahur tavan ko kiyo sudhes uThai kar ||17||

ਸਾਹ ਨਿਰਖ ਤੇ ਗੁਡਿਯਾ ਦਈ ਚੜਾਇ ਕੈ ॥

saeh nirakh te guddiyaa dhiee chaRai kai ||

ਕਰਿ ਕੈ ਸੰਗ ਸ੍ਵਾਰ ਦਯੋ ਨ੍ਰਿਪੁਡਾਇ ਕੈ ॥

kar kai sa(n)g savaiaar dhayo nirapuddai kai ||

ਪਿਯਹਿ ਨਿਰਖਿਤੇ ਮੀਤ ਦਯੋ ਪਹੁੰਚਾਇ ਘਰ ॥

piyeh nirakhite meet dhayo pahu(n)chai ghar ||

ਹੋ ਭੇਦ ਅਭੇਦ ਨ ਕਛੁ ਜੜ ਸਕਯੋ ਬਿਚਾਰ ਕਰਿ ॥੧੮॥

ho bhedh abhedh na kachh jaR sakayo bichaar kar ||18||

ਦੋਹਰਾ ॥

dhoharaa ||

ਸਾਹੁ ਸੁਤਾ ਨਿਰਖਿਤਿ ਪਤਿਹ ਗੁਡਿਯਾ ਦਈ ਚੜਾਇ ॥

saahu sutaa nirakhit pateh guddiyaa dhiee chaRai ||

ਤਾ ਪਰ ਬਧੇ ਬਜੰਤ੍ਰ ਥੇ ਬਾਜਤ ਭਏ ਬਨਾਇ ॥੧੯॥

taa par badhe baja(n)tr the baajat bhe banai ||19||

ਬਿਹਸਿ ਨਾਰਿ ਨਿਜ ਨਾਥ ਸੋ ਕਹਿਯੋ ਪਿਯਹਿ ਪਹੁਚਾਇ ॥

bihas naar nij naath so kahiyo piyeh pahuchai ||

ਮਿਤ੍ਰ ਹਮਾਰੋ ਸਾਹ ਇਹ ਦਏ ਦਮਾਮੋ ਜਾਇ ॥੨੦॥

mitr hamaaro saeh ieh dhe dhamaamo jai ||20||

ਚੌਪਈ ॥

chauapiee ||

ਇਹ ਛਲ ਮੀਤ ਸਦਨ ਪਹੁਚਾਯੋ ॥

eeh chhal meet sadhan pahuchaayo ||

ਤਾ ਕੋ ਬਾਰ ਨ ਬਾਕਨ ਪਾਯੋ ॥

taa ko baar na baakan paayo ||

ਨਿਜੁ ਪਤਿ ਭੇਦ ਅਭੇਦ ਨ ਚੀਨੋ ॥

nij pat bhedh abhedh na cheeno ||

ਕਬਿ ਪ੍ਰਸੰਗ ਪੂਰਨ ਤਬ ਕੀਨੋ ॥੨੧॥

kab prasa(n)g pooran tab keeno ||21||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਅਠਾਈਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੨੮॥੪੩੩੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau aThaiees charitr samaapatam sat subham sat

||228||4334||afajoo(n)||

ਚੌਪਈ ॥

chauapiee ||

ਪਲਵਲ ਦੇਸ ਛਤ੍ਰਿਨੀ ਰਹੈ ॥

palaval dhes chhatiranee rahai ||

ਬੁਧਿ ਮਤੀ ਜਾ ਕੋ ਜਗ ਕਹੈ ॥

budh matee jaa ko jag kahai ||

ਜਬ ਤਨ ਤਾਹਿ ਬਿਰਧਤਾ ਆਇਸ ॥

jab tan taeh biradhataa aais ||

ਤਬ ਤਿਨ ਏਕ ਚਰਿਤ੍ਰ ਬਨਾਇਸ ॥੧॥

tab tin ek charitr banais ||1||

ਦ੍ਵੈ ਸੰਦੂਕ ਜੁਤਿਯਨ ਭਰੇ ॥

dhavai sa(n)dhook jootiyan bhare ||

ਮੁਹਰਨ ਕੇ ਕੁਲਿ ਸੁਨਤ ਉਚਰੇ ॥

muharan ke kul sunat uchare ||

ਪੁਤ੍ਰ ਪਉਤ੍ਰ ਤਾ ਦਿਨ ਤੇ ਤਾ ਕੇ ॥

putr pautr taa dhin te taa ke ||

ਉਦਿਤ ਭਏ ਸੇਵਾ ਕਹ ਵਾ ਕੇ ॥੨॥

audhit bhe sevaa keh vaa ke ||2||

ਦੋਹਰਾ ॥

dhoharaa ||

ਜੁ ਕਛੁ ਕਹੈ ਪ੍ਰਿਯ ਮਾਨਹੀ ਸੇਵਾ ਕਰਹਿ ਬਨਾਇ ॥

j kachh kahai piray maanahee sevaa kareh banai ||

ਆਇਸੁ ਮੈ ਸਭ ਹੀ ਚਲੈ ਦਰਬੁ ਹੇਤ ਲਲਚਾਇ ॥੩॥

aais mai sabh hee chalai dharab het lalachai ||3||

ਚੌਪਈ ॥

chauapiee ||

ਜੋ ਆਗਜਾ ਤ੍ਰਿਯ ਕਰੈ ਸੁ ਮਾਨੈ ॥

jo aagayaa tiray karai su maanai ||

ਜੁਤਿਨ ਕੋ ਮੁਹਰੈ ਪਹਿਚਾਨੈ ॥

jootin ko muharai pahichaanai ||

ਆਜੁ ਕਾਲਿ ਬੁਢਿਯਾ ਮਰਿ ਜੈ ਹੈ ॥

aaj kaal buddiyaa mar jai hai ||

ਸਭ ਹੀ ਦਰਬੁ ਹਮਾਰੋ ਹ੍ਵੈ ਹੈ ॥੪॥

sabh hee dharab hamaaro havai hai ||4||

ਜਬ ਤਿਹ ਨਿਕਟਿ ਕੁਟੰਬ ਸਭਾਵੈ ॥

jab teh nikaT kuTa(n)b sabhaavai ||

ਤਹ ਬੁਢਿਯਾ ਯੌ ਬਚਨ ਸੁਨਾਵੈ ॥

teh buddiyaa yau bachan sunaavai ||

ਜਿਯਤ ਲਗੇ ਇਹ ਦਰਬ ਹਮਾਰੋ ॥

jiyat lage ieh dharab hamaaro ||

ਬਹੁਰਿ ਲੀਜਿਯਹੁ ਪੂਤ ਤਿਹਾਰੋ ॥੫॥

bahur leejiyahu poot tihaaro ||5||

ਜਬ ਵਹੁ ਤ੍ਰਿਯਾ ਰੋਗਨੀ ਭਈ ॥

jab vahu tirayaa roganee bhiee ||

ਕਾਜੀ ਕੁਟਵਾਰਹਿ ਕਹਿ ਗਈ ॥

kaajee kuTavaareh keh giee ||

ਕਰਮ ਧਰਮ ਜੋ ਪ੍ਰਥਮ ਕਰੈਹੈ ॥

karam dharam jo pratham karaihai ||

ਸੋ ਸੁਤ ਬਹੁਰਿ ਖਜਾਨੋ ਲੈਹੈ ॥੬॥

so sut bahur khajaano laihai ||6||

ਦੋਹਰਾ ॥

dhoharaa ||

ਕਰਮ ਧਰਮ ਸੁਤ ਜਬ ਲਗੇ ਕਰੈ ਨ ਪ੍ਰਥਮ ਬਨਾਇ ॥

karam dharam sut jab lage karai na pratham banai ||

ਤਬ ਲੌ ਸੁਤਨ ਨ ਦੀਜਿਯਹੁ ਹਮਰੋ ਦਰਬੁ ਬੁਲਾਇ ॥੭॥

tab lau sutan na dheejiyahu hamaro dharab bulai ||7||

ਚੌਪਈ ॥

chauapiee ||

ਕਿਤਿਕ ਦਿਨਨ ਬੁਢਿਯਾ ਮਰਿ ਗਈ ॥

kitik dhinan buddiyaa mar giee ||

ਤਿਨ ਕੇ ਹ੍ਰਿਦਨ ਖੁਸਾਲੀ ਭਈ ॥

tin ke hiradhan khusaalee bhiee ||

ਕਰਮ ਧਰਮ ਜੋ ਪ੍ਰਥਮ ਕਰੈਹੈ ॥

karam dharam jo pratham karaihai ||

ਪੁਨਿ ਇਹ ਬਾਟਿ ਖਜਾਨੋ ਲੈਹੈ ॥੮॥

pun ieh baaT khajaano laihai ||8||

ਦੋਹਰਾ ॥

dhoharaa ||

ਕਰਮ ਧਰਮ ਤਾ ਕੇ ਕਰੇ ਅਤਿ ਧਨੁ ਸੁਤਨ ਲਗਾਇ ॥

karam dharam taa ke kare at dhan sutan lagai ||

ਬਹੁਰਿ ਸੰਦੂਕ ਪਨ੍ਹੀਨ ਕੇ ਛੋਰਤ ਭੇ ਮਿਲਿ ਆਇ ॥੯॥

bahur sa(n)dhook panraheen ke chhorat bhe mil aai ||9||

ਚੌਪਈ ॥

chauapiee ||

ਇਹ ਚਰਿਤ੍ਰ ਤ੍ਰਿਯ ਸੇਵ ਕਰਾਈ ॥

eeh charitr tiray sev karaiee ||

ਸੁਤਨ ਦਰਬੁ ਕੌ ਲੋਭ ਦਿਖਾਈ ॥

sutan dharab kau lobh dhikhaiee ||

ਤਿਨ ਕੇ ਅੰਤ ਨ ਕਛੁ ਕਰ ਆਯੋ ॥

tin ke a(n)t na kachh kar aayo ||

ਛਲ ਬਲ ਅਪਨੋ ਮੂੰਡ ਮੁੰਡਾਯੋ ॥੧੦॥

chhal bal apano moo(n)dd mu(n)ddaayo ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਉਨਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੨੯॥੪੩੪੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau unatees charitr samaapatam sat subham sat

||229||4344||afajoo(n)||

ਦੋਹਰਾ ॥

dhoharaa ||

ਮਾਲਨੇਰ ਕੇ ਦੇਸ ਮੈ ਮਰਗਜ ਪੁਰ ਇਕ ਗਾਉਂ ॥

maalaner ke dhes mai maragaj pur ik gaauaa(n) ||

ਸਾਹ ਏਕ ਤਿਹ ਠਾ ਬਸਤ ਮਦਨ ਸਾਹ ਤਿਹ ਨਾਉ ॥੧॥

saeh ek teh Thaa basat madhan saeh teh naau ||1||

ਮਦਨ ਮਤੀ ਤਾ ਕੀ ਤ੍ਰਿਯਾ ਜਾ ਕੋ ਰੂਪ ਅਪਾਰ ॥

madhan matee taa kee tirayaa jaa ko roop apaar ||

ਆਪੁ ਮਦਨ ਠਠਕੇ ਰਹੈ ਤਿਹ ਰਤਿ ਰੂਪ ਬਿਚਾਰ ॥੨॥

aap madhan ThaThake rahai teh rat roop bichaar ||2||

ਚੇਲਾ ਰਾਮ ਤਹਾ ਹੁਤੋ ਏਕ ਸਾਹ ਕੋ ਪੂਤ ॥

chelaa raam tahaa huto ek saeh ko poot ||

ਸਗਲ ਗੁਨਨ ਭੀਤਰ ਚਤੁਰ ਸੁੰਦਰ ਮਦਨ ਸਰੂਪ ॥੩॥

sagal gunan bheetar chatur su(n)dhar madhan saroop ||3||

ਚੌਪਈ ॥

chauapiee ||

ਚੇਲਾ ਰਾਮ ਜਬੈ ਤ੍ਰਿਯ ਲਹਿਯੋ ॥

chelaa raam jabai tiray lahiyo ||

ਤਾ ਕੋ ਤਬੈ ਮਦਨ ਤਨ ਗਹਿਯੋ ॥

taa ko tabai madhan tan gahiyo ||

ਤਰੁਨਿ ਤਦਿਨ ਤੇ ਰਹਤ ਲੁਭਾਈ ॥

tarun tadhin te rahat lubhaiee ||

ਨਿਰਖਿ ਸਜਨ ਛਬਿ ਰਹੀ ਬਿਕਾਈ ॥੪॥

nirakh sajan chhab rahee bikaiee ||4||

ਅੜਿਲ ॥

aRil ||

ਦੂਤੀ ਪਠੈ ਤਾਹਿ ਗ੍ਰਿਹ ਬੋਲਿ ਪਠਾਇਯੋ ॥

dhootee paThai taeh gireh bol paThaiyo ||

ਕਾਮ ਭੋਗ ਤਾ ਸੌ ਬਹੁ ਭਾਤਿ ਕਮਾਇਯੋ ॥

kaam bhog taa sau bahu bhaat kamaiyo ||

ਸੋਇ ਸਾਹ ਜਬ ਜਾਇ ਤੇ ਤਾਹਿ ਬੁਲਾਵਈ ॥

soi saeh jab jai te taeh bulaaviee ||

ਹੋ ਤਾਹਿ ਭਏ ਰਸ ਰੀਤਿ ਪ੍ਰੀਤਿ ਉਪਜਾਵਈ ॥੫॥

ho taeh bhe ras reet preet upajaaviee ||5||

ਚੌਪਈ ॥

chauapiee ||

ਤਰੁਨੀ ਉਠਤ ਸਾਹ ਹੂ ਜਾਗਿਯੋ ॥

tarunee uThat saeh hoo jaagiyo ||

ਪੂਛਨ ਤਾਹਿ ਆਪੁ ਯੌ ਲਾਗਿਯੋ ॥

poochhan taeh aap yau laagiyo ||

ਜਾਤ ਹੁਤੀ ਕਹ ਤਰੁਨਿ ਬਤਾਵਹੁ ॥

jaat hutee keh tarun bataavahu ||

ਹਮਰੋ ਚਿਤ ਕੋ ਭਰਮੁ ਮਿਟਾਵਹੁ ॥੬॥

hamaro chit ko bharam miTaavahu ||6||

ਸੁਨਹੁ ਸਾਹ ਮੈ ਬਚਨ ਉਚਾਰੋਂ ॥

sunahu saeh mai bachan uchaaro(n) ||

ਤੁਮਰੇ ਚਿਤ ਕੋ ਭਰਮ ਉਤਾਰੋਂ ॥

tumare chit ko bharam utaaro(n) ||

ਮੋਹੂ ਟੂਟਿ ਕੈਫ ਜਬ ਗਈ ॥

mohoo TooT kaif jab giee ||

ਲੇਤ ਤਬੈ ਪਸਵਾਰਨ ਭਈ ॥੭॥

let tabai pasavaaran bhiee ||7||

ਦੋਹਰਾ ॥

dhoharaa ||

ਐਸ ਨਿਸਾ ਕਰਿ ਸਾਹ ਕੀ ਦੀਨੋ ਬਹੁਰਿ ਸਵਾਇ ॥

aais nisaa kar saeh kee dheeno bahur savai ||

ਤੁਰਤ ਮੀਤ ਪੈ ਚਲਿ ਗਈ ਯਾਰ ਭਜੀ ਲਪਟਾਇ ॥੮॥

turat meet pai chal giee yaar bhajee lapaTai ||8||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਤੀਸਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੩੦॥੪੩੫੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau teesavo charitr samaapatam sat subham sat

||230||4352||afajoo(n)||

ਦੋਹਰਾ ॥

dhoharaa ||

ਦੇਸ ਬਾਵਨੀ ਕੇ ਰਹੈ ਮਾਲਵ ਨਾਮ ਗਵਾਰ ॥

dhes baavanee ke rahai maalav naam gavaar ||

ਮੈਨ ਕਲਾ ਤਾ ਕੀ ਤਰੁਨਿ ਜਾ ਕੋ ਰੂਪ ਅਪਾਰ ॥੧॥

main kalaa taa kee tarun jaa ko roop apaar ||1||

ਦੀਰਘ ਦੇਹ ਤਾ ਕੋ ਰਹੈ ਪੁਸਟ ਅੰਗ ਸਭ ਠੌਰ ॥

dheeragh dheh taa ko rahai pusaT a(n)g sabh Thauar ||

ਦਿਰਘ ਪੁਸਟ ਤਾ ਸਮ ਤਰੁਨਿ ਦੁਤਿਯ ਨ ਜਗ ਮੈ ਔਰ ॥੨॥

dhiragh pusaT taa sam tarun dhutiy na jag mai aauar ||2||

ਅੜਿਲ ॥

aRil ||

ਫੌਜਦਾਰ ਇਕ ਗਾਉ ਤਵਨ ਕੇ ਆਇਯੋ ॥

fauajadhaar ik gaau tavan ke aaiyo ||

ਪਯਾਸ ਘਾਮ ਤੇ ਅਧਿਕ ਤਵਨ ਦੁਖ ਪਾਇਯੋ ॥

payaas ghaam te adhik tavan dhukh paiyo ||

ਪਾਨਿ ਚਹਿਯੋ ਜਟਿਯਾ ਤਿਨ ਦਯੋ ਉਠਾਇ ਕੈ ॥

paan chahiyo jaTiyaa tin dhayo uThai kai ||

ਹੋ ਨਿਰਖ ਤਵਨਿ ਕੋ ਰੂਪ ਰਹਿਯੋ ਉਰਝਾਇ ਕੈ ॥੩॥

ho nirakh tavan ko roop rahiyo urajhai kai ||3||

ਚਿਤ ਮੈ ਕਿਯਾ ਬਿਚਾਰ ਜੁ ਯਾ ਕੋ ਪਾਇਯੈ ॥

chit mai kiyaa bichaar ju yaa ko paiyai ||

ਏਕ ਪੁਤ੍ਰ ਯਾ ਤੈ ਭਜਿ ਕੈ ਉਪਜਾਇਯੈ ॥

ek putr yaa tai bhaj kai upajaiyai ||

ਅਧਿਕ ਬਲੀ ਸੋ ਹ੍ਵੈ ਹੈ ਸਭ ਜਗ ਜਾਨਿਯੈ ॥

adhik balee so havai hai sabh jag jaaniyai ||

ਹੋ ਤਾ ਕੇ ਡੀਲ ਸਮਾਨ ਨ ਔਰ ਬਖਾਨਿਯੈ ॥੪॥

ho taa ke ddeel samaan na aauar bakhaaniyai ||4||

ਦੋਹਰਾ ॥

dhoharaa ||

ਫੌਜਦਾਰ ਇਕ ਸਹਿਚਰੀ ਤਾ ਕੇ ਦਈ ਪਠਾਇ ॥

fauajadhaar ik sahicharee taa ke dhiee paThai ||

ਨਿਸਾ ਕਰੀ ਧਨੁ ਦੇ ਘਨੋ ਭੇਦ ਸਕਲ ਸਮੁਝਾਇ ॥੫॥

nisaa karee dhan dhe ghano bhedh sakal samujhai ||5||

ਅੜਿਲ ॥

aRil ||

ਸੁਨਤ ਸਹਚਰੀ ਬਚਨ ਤਹਾ ਕੌ ਜਾਤ ਭੀ ॥

sunat sahacharee bachan tahaa kau jaat bhee ||

ਭਾਤਿ ਭਾਤਿ ਸੋ ਤਾਹਿ ਤਰੁਨਿ ਸਮੁਝਾਤ ਭੀ ॥

bhaat bhaat so taeh tarun samujhaat bhee ||

ਪਲਟਿ ਪਿਯਹਿ ਇਹ ਭਾਤ ਕਹਿਯੋ ਸਮਝਾਇ ਕੈ ॥

palaT piyeh ieh bhaat kahiyo samajhai kai ||

ਹੋ ਮਿਲਿ ਹੈ ਤੁਮ ਸੌ ਆਜੁ ਸੁ ਰਾਤੀ ਆਇ ਕੈ ॥੬॥

ho mil hai tum sau aaju su raatee aai kai ||6||

ਫੌਜਦਾਰ ਪਰ ਨਾਰਿ ਵਹੈ ਅਟਕਤ ਭਈ ॥

fauajadhaar par naar vahai aTakat bhiee ||

ਅਰਧ ਰਾਤ੍ਰਿ ਤਿਹ ਤੀਰ ਮਿਲਨ ਕੇ ਹਿਤ ਗਈ ॥

aradh raatr teh teer milan ke hit giee ||

ਫੂਲ ਪਾਨ ਮਦ ਪਾਨ ਸੇਜ ਸੁਭ ਕੌ ਰਚਿਯੋ ॥

fool paan madh paan sej subh kau rachiyo ||

ਹੋ ਭਜੀ ਸਿਗਰ ਨਿਸੁ ਤ੍ਰਿਯਾ ਸੁਰਤਿ ਐਸੀ ਮਚਿਯੋ ॥੭॥

ho bhajee sigar nis tirayaa surat aaisee machiyo ||7||

ਨਿਸੁ ਸਿਗਰੀ ਕੋ ਕੇਲ ਤਰੁਨਿ ਦ੍ਰਿੜ ਪਾਇ ਕੈ ॥

nis sigaree ko kel tarun dhiraR pai kai ||

ਬਿਨੁ ਦਾਮਨ ਕੇ ਦਏ ਰਹੀ ਉਰਝਾਇ ਕੈ ॥

bin dhaaman ke dhe rahee urajhai kai ||

ਕਹਿਯੋ ਬਿਹਸਿ ਪਿਯ ਮੈ ਇਕ ਚਰਿਤ ਦਿਖਾਇ ਹੌ ॥

kahiyo bihas piy mai ik charit dhikhai hau ||

ਹੋ ਨਿਜੁ ਨਾਇਕ ਕੌ ਮਾਰਿ ਤਿਹਾਰੇ ਆਇ ਹੌ ॥੮॥

ho nij naik kau maar tihaare aai hau ||8||

ਦੁਹੂੰ ਹਾਥ ਦ੍ਰਿੜ ਬਦਨ ਧਰਤ ਭੀ ਜਾਇ ਕੈ ॥

dhuhoo(n) haath dhiraR badhan dharat bhee jai kai ||

ਬਾਇ ਭਈ ਮੁਰਰਾਯੌ ਦਈ ਉਡਾਇ ਕੈ ॥

bai bhiee muraraayau dhiee uddai kai ||

ਮੂੰਦਿ ਮੂੰਦਿ ਮੁਖ ਰਖਤ ਕਹਾਊਆਂ ਕਰਤ ਹੈ ॥

moo(n)dh moo(n)dh mukh rakhat kahaauooaa(n) karat hai ||

ਹੋ ਦੇਖਹੁ ਲੋਗ ਸਭਾਇ ਪਿਯਾ ਮੁਰ ਮਰਤ ਹੈ ॥੯॥

ho dhekhahu log sabhai piyaa mur marat hai ||9||

ਚੌਪਈ ॥

chauapiee ||

ਜਯੋਂ ਉਹ ਚਹਤ ਕਿ ਹਾਇ ਪੁਕਾਰੈ ॥

jayo(n) uh chahat k hai pukaarai ||

ਮੋਰਿ ਆਨਿ ਕੋਊ ਪ੍ਰਾਨ ਉਬਾਰੈ ॥

mor aan kouoo praan ubaarai ||

ਤਜੋਂ ਤ੍ਰਿਯ ਮੂੰਦਿ ਮੂੰਦਿ ਮੁਖ ਲੇਈ ॥

tayo(n) tiray moo(n)dh moo(n)dh mukh leiee ||

ਨਿਕਸ ਨ ਸ੍ਵਾਸਨ ਬਾਹਰ ਦੇਈ ॥੧੦॥

nikas na savaiaasan baahar dheiee ||10||

ਅੜਿਲ ॥

aRil ||

ਸ੍ਵਾਸਾਕੁਲ ਹ੍ਵੈ ਭੂਮਿ ਮੁਰਛਨਾ ਹ੍ਵੈ ਗਿਰਿਯੋ ॥

savaiaasaakul havai bhoom murachhanaa havai giriyo ||

ਗ੍ਰਾਮ ਬਾਸਿਯਨ ਆਨਿ ਧਰਿਯੋ ਆਂਖਿਨ ਹਿਰਿਯੋ ॥

graam baasiyan aan dhariyo aa(n)khin hiriyo ||

ਜਿਯਤ ਕਛੂ ਤ੍ਰਿਯ ਜਾਨਿ ਗਈ ਲਪਟਾਇ ਕੈ ॥

jiyat kachhoo tiray jaan giee lapaTai kai ||

ਹੋ ਮਲਿ ਦਲ ਚੂਤ੍ਰਨ ਸੌ ਪਿਯ ਦਯੋ ਖਪਾਇ ਕੈ ॥੧੧॥

ho mal dhal chootran sau piy dhayo khapai kai ||11||

ਅਰਧ ਦੁਪਹਰੀ ਜਿਨ ਕਰ ਪਿਯਹਿ ਸੰਘਾਰਿਯੋ ॥

aradh dhupaharee jin kar piyeh sa(n)ghaariyo ||

ਗ੍ਰਾਮ ਬਾਸਿਯਨ ਠਾਢੇ ਚਰਿਤ ਨਿਹਾਰਿਯੋ ॥

graam baasiyan Thaadde charit nihaariyo ||

ਮੂੰਦਿ ਮੂੰਦਿ ਮੁਖ ਨਾਕ ਹਹਾ ਕਹਿ ਕੈ ਰਹੀ ॥

moo(n)dh moo(n)dh mukh naak hahaa keh kai rahee ||

ਹੋ ਬਾਤ ਰੋਗ ਪਤਿ ਮਰੇ ਨ ਬੈਦ ਮਿਲ੍ਯੋ ਦਈ ॥੧੨॥

ho baat rog pat mare na baidh milayo dhiee ||12||

ਚੌਪਈ ॥

chauapiee ||

ਸਭਹਿਨ ਦੇਖਤ ਪਤਿ ਕੋ ਮਾਰਿਯੋ ॥

sabhahin dhekhat pat ko maariyo ||

ਗ੍ਰਾਮ ਬਾਸਿਯਨ ਕਛੂ ਨ ਬਿਚਾਰਿਯੋ ॥

graam baasiyan kachhoo na bichaariyo ||

ਪਤਿ ਕੇ ਬ੍ਯੋਗ ਸਦਨ ਤਜਿ ਗਈ ॥

pat ke brayog sadhan taj giee ||

ਤਾ ਕੇ ਰਹਤ ਜਾਇ ਗ੍ਰਿਹ ਭਈ ॥੧੩॥

taa ke rahat jai gireh bhiee ||13||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਇਕਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੩੧॥੪੩੬੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

dhoi sau ikatees charitr samaapatam sat subham sat ||231||4365||afajoo(n)||

ਦੋਹਰਾ ॥

dhoharaa ||

ਇਕ ਰਾਜਾ ਮੁਲਤਾਨ ਕੋ ਬਿਰਧ ਛਤ੍ਰ ਤਿਹ ਨਾਮ ॥

eik raajaa mulataan ko biradh chhatr teh naam ||

ਬਿਰਧ ਦੇਹ ਤਾ ਕੋ ਰਹੈ ਜਾਨਤ ਸਿਗਰੋ ਗ੍ਰਾਮ ॥੧॥

biradh dheh taa ko rahai jaanat sigaro graam ||1||

ਚੌਪਈ ॥

chauapiee ||

ਤਾ ਕੇ ਧਾਮ ਪੁਤ੍ਰ ਨਹਿ ਭਯੋ ॥

taa ke dhaam putr neh bhayo ||

ਰਾਜਾ ਅਧਿਕ ਬਿਰਧ ਹ੍ਵੈ ਗਯੋ ॥

raajaa adhik biradh havai gayo ||

ਏਕ ਨਾਰਿ ਤਬ ਔਰ ਬ੍ਯਾਹੀ ॥

ek naar tab aauar bayaahee ||

ਅਧਿਕ ਰੂਪ ਜਾ ਕੇ ਤਨ ਆਹੀ ॥੨॥

adhik roop jaa ke tan aahee ||2||

ਸ੍ਰੀ ਬਡਡ੍ਰਯਾਛ ਮਤੀ ਜਗ ਕਹੈ ॥

sree baddaddrayaachh matee jag kahai ||

ਜਿਹ ਲਖਿ ਮਦਨ ਥਕਿਤ ਹ੍ਵੈ ਰਹੈ ॥

jeh lakh madhan thakit havai rahai ||

ਸੋ ਰਾਨੀ ਤਰੁਨੀ ਜਬ ਭਈ ॥

so raanee tarunee jab bhiee ||

ਮਦਨ ਕੁਮਾਰ ਨਿਰਖਿ ਕਰ ਲਈ ॥੩॥

madhan kumaar nirakh kar liee ||3||

ਤਾ ਦਿਨ ਤੇ ਹਰ ਅਰਿ ਬਸ ਭਈ ॥

taa dhin te har ar bas bhiee ||

ਗ੍ਰਿਹ ਕੀ ਭੂਲਿ ਸਕਲ ਸੁਧਿ ਗਈ ॥

gireh kee bhool sakal sudh giee ||

ਪਠੈ ਸਹਚਰੀ ਤਾਹਿ ਬੁਲਾਯੋ ॥

paThai sahacharee taeh bulaayo ||

ਕਾਮ ਭੋਗ ਰੁਚਿ ਮਾਨਿ ਕਮਾਯੋ ॥੪॥

kaam bhog ruch maan kamaayo ||4||

ਅੜਿਲ ॥

aRil ||

ਤਰੁਨ ਪੁਰਖ ਕੌ ਤਰੁਨਿ ਜਦਿਨ ਤ੍ਰਿਯ ਪਾਵਈ ॥

tarun purakh kau tarun jadhin tiray paaviee ||

ਤਨਿਕ ਨ ਛੋਰਿਯੋ ਚਹਤ ਗਰੇ ਲਪਟਾਵਈ ॥

tanik na chhoriyo chahat gare lapaTaaviee ||

ਨਿਰਖਿ ਮਗਨ ਹ੍ਵੈ ਰਹਤ ਸਜਨ ਕੇ ਰੂਪ ਮੈ ॥

nirakh magan havai rahat sajan ke roop mai ||

ਹੋ ਜਨੁ ਧਨੁ ਚਲਿਯੋ ਹਰਾਇ ਜੁਆਰੀ ਜੂਪ ਮੈ ॥੫॥

ho jan dhan chaliyo harai juaaree joop mai ||5||

ਬਿਰਧ ਛਤ੍ਰ ਤਬ ਲਗੇ ਪਹੂਚਯੋ ਆਨਿ ਕਰਿ ॥

biradh chhatr tab lage pahoochayo aan kar ||

ਰਾਨੀ ਲਯੋ ਦੁਰਾਇ ਮਿਤ੍ਰ ਹਿਤ ਮਾਨਿ ਕਰਿ ॥

raanee layo dhurai mitr hit maan kar ||

ਤਰੇ ਖਾਟ ਕੇ ਬਾਧਿ ਤਾਹਿ ਦ੍ਰਿੜ ਰਾਖਿਯੋ ॥

tare khaaT ke baadh taeh dhiraR raakhiyo ||

ਹੋ ਟਰਿ ਆਗੇ ਨਿਜੁ ਪਤਿ ਕੋ ਇਹ ਬਿਧਿ ਭਾਖਿਯੋ ॥੬॥

ho Tar aage nij pat ko ieh bidh bhaakhiyo ||6||

ਚੌਪਈ ॥

chauapiee ||

ਜਨਿਯਤ ਰਾਵ ਬਿਰਧ ਤੁਮ ਭਏ ॥

janiyat raav biradh tum bhe ||

ਖਿਲਤ ਅਖੇਟ ਹੁਤੇ ਰਹਿ ਗਏ ॥

khilat akheT hute reh ge ||

ਤੁਮ ਕੌ ਆਨ ਜਰਾ ਗਹਿ ਲੀਨੋ ॥

tum kau aan jaraa geh leeno ||

ਤਾ ਤੇ ਤੁਮ ਸਭ ਕਛੁ ਤਜਿ ਦੀਨੋ ॥੭॥

taa te tum sabh kachh taj dheeno ||7||

ਸੁਨਿ ਤ੍ਰਿਯ ਮੈ ਨ ਬਿਰਧ ਹ੍ਵੈ ਗਯੋ ॥

sun tiray mai na biradh havai gayo ||

ਜਰਾ ਨ ਆਨਿ ਬਜਾਪਕ ਭਯੋ ॥

jaraa na aan bayaapak bhayo ||

ਕਹੈ ਤੁ ਅਬ ਹੀ ਜਾਉ ਸਿਕਾਰਾ ॥

kahai ta ab hee jaau sikaaraa ||

ਮਾਰੌਂ ਰੋਝ ਰੀਛ ਝੰਖਾਰਾ ॥੮॥

maarau rojh reechh jha(n)khaaraa ||8||

ਯੌਂ ਕਹਿ ਬਚਨ ਅਖੇਟਕ ਗਯੋ ॥

yau keh bachan akheTak gayo ||

ਰਾਨੀ ਟਾਰ ਜਾਰ ਕੋ ਦਯੋ ॥

raanee Taar jaar ko dhayo ||

ਨਿਸੁ ਭੇ ਖੇਲਿ ਅਖੇਟਕ ਆਯੋ ॥

nis bhe khel akheTak aayo ||

ਭੇਦ ਅਭੇਦ ਜੜ ਕਛੂ ਨ ਪਾਯੋ ॥੯॥

bhedh abhedh jaR kachhoo na paayo ||9||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਬਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੩੨॥੪੩੭੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

dhoi sau batees charitr samaapatam sat subham sat ||232||4374||afajoo(n)||

ਦੋਹਰਾ ॥

dhoharaa ||

ਸਹਿਰ ਬਿਚਛਨ ਪੁਰ ਬਿਖੈ ਸਿੰਘ ਬਿਚਛਨ ਰਾਇ ॥

sahir bichachhan pur bikhai si(n)gh bichachhan rai ||

ਮਤੀ ਬਿਚਛਨ ਭਾਰਜਾ ਜਾਹਿ ਬਿਚਛਨ ਕਾਇ ॥੧॥

matee bichachhan bhaarajaa jaeh bichachhan kai ||1||

ਚੌਪਈ ॥

chauapiee ||

ਸਰਵਰ ਕੂਪ ਜਹਾ ਫੁਲਵਾਰੀ ॥

saravar koop jahaa fulavaaree ||

ਬਾਇ ਬਿਲਾਸ ਭਲੀ ਹਿਤਕਾਰੀ ॥

bai bilaas bhalee hitakaaree ||

ਸਰਿਤਾ ਨਿਕਟਿ ਨਰਬਦਾ ਬਹੈ ॥

saritaa nikaT narabadhaa bahai ||

ਲਖਿ ਛਬਿ ਇੰਦ੍ਰ ਥਕਿਤ ਹ੍ਵੈ ਰਹੈ ॥੨॥

lakh chhab i(n)dhr thakit havai rahai ||2||

ਸਵੈਯਾ ॥

savaiyaa ||

ਬਾਲ ਹੁਤੀ ਬ੍ਰਿਖਭਾਨ ਕਲਾ ਇਕ ਰੂਪ ਲਸੈ ਜਿਹ ਕੋ ਜਗ ਭਾਰੀ ॥

baal hutee birakhabhaan kalaa ik roop lasai jeh ko jag bhaaree ||

ਖੇਲ ਅਖੇਟਕ ਆਵਤ ਹੂੰ ਇਨ ਰਾਇ ਕਹੂੰ ਵਹੁ ਨਾਰਿ ਨਿਹਾਰੀ ॥

khel akheTak aavat hoo(n) in rai kahoo(n) vahu naar nihaaree ||

ਐਚਿ ਬਰਿਯੋ ਗਹਿ ਕੈ ਬਹੀਯਾ ਤਿਨ ਬਾਤ ਸੁਨੀ ਇਨ ਰਾਜ ਦੁਲਾਰੀ ॥

aaich bariyo geh kai baheeyaa tin baat sunee in raaj dhulaaree ||

ਕੋਪ ਭਰੀ ਬਿਨੁ ਆਗਿ ਜਰੀ ਮੁਖ ਨਜਾਇ ਰਹੀ ਨ ਉਚਾਵਤ ਨਾਰੀ ॥੩॥

kop bharee bin aag jaree mukh nayai rahee na uchaavat naaree ||3||

ਚੌਪਈ ॥

chauapiee ||

ਤਾ ਸੌ ਬ੍ਯਾਹੁ ਨ੍ਰਿਪਤਿ ਜਬ ਕੀਯੋ ॥

taa sau brayaahu nirapat jab keeyo ||

ਭਾਤਿ ਭਾਤਿ ਤਾ ਕੋ ਰਸੁ ਲੀਯੋ ॥

bhaat bhaat taa ko ras leeyo ||

ਰੈਨਿ ਦਿਵਸ ਤ੍ਰਿਯ ਧਾਮ ਬਿਹਾਰੈ ॥

rain dhivas tiray dhaam bihaarai ||

ਔਰ ਰਾਨਿਯਨ ਕੌਂ ਨ ਨਿਹਾਰੈ ॥੪॥

aauar raaniyan kau na nihaarai ||4||

ਦੋਹਰਾ ॥

dhoharaa ||

ਤਬ ਰਾਨੀ ਬਿਚਛਨ ਮਤੀ ਕੋਪ ਭਰੀ ਮਨ ਮਾਹਿ ॥

tab raanee bichachhan matee kop bharee man maeh ||

ਪੀਤ ਬਰਨ ਤਨ ਕੋ ਭਯੋ ਪਾਨ ਚਬਾਵਤ ਨਾਹਿ ॥੫॥

peet baran tan ko bhayo paan chabaavat naeh ||5||

ਚੌਪਈ ॥

chauapiee ||

ਰਾਜਾ ਸਹਿਤ ਆਜੁ ਹਨਿ ਡਰਿਹੋ ॥

raajaa sahit aaj han ddariho ||

ਨਾਥ ਜਾਨਿ ਜਿਯ ਨੈਕ ਨ ਟਰਿਹੋ ॥

naath jaan jiy naik na Tariho ||

ਇਨ ਦੁਹੂੰ ਮਾਰਿ ਪੂਤ ਨ੍ਰਿਪ ਕੈਹੌਂ ॥

ein dhuhoo(n) maar poot nirap kaihau ||

ਪਾਨੀ ਪਾਨ ਤਬੈ ਮੁਖ ਦੈਹੌਂ ॥੬॥

paanee paan tabai mukh dhaihau ||6||

ਅੜਿਲ ॥

aRil ||

ਦਾਬਿ ਖਾਟ ਤਰ ਗਈ ਗੁਡਾਨ ਬਨਾਇ ਕੈ ॥

dhaab khaaT tar giee guddaan banai kai ||

ਨਿਜੁ ਨਾਥਹਿ ਭੋਜਨ ਮੈ ਮਕਰੀ ਖ੍ਵਾਇ ਕੈ ॥

nij naatheh bhojan mai makaree khavaiai kai ||

ਰੀਝਿ ਰੀਝਿ ਵਹ ਮਰਿਯੋ ਤਬੈ ਤ੍ਰਿਯ ਯੌ ਕਿਯੋ ॥

reejh reejh veh mariyo tabai tiray yau kiyo ||

ਹੋ ਜਾਰਿ ਬਾਰਿ ਕਰਿ ਨਾਥ ਸਵਤ ਕਹ ਗਹਿ ਲਿਯੋ ॥੭॥

ho jaar baar kar naath savat keh geh liyo ||7||

ਇਨ ਰਾਜਾ ਕੇ ਗੁਡਿਯਨ ਕੀਯਾ ਬਨਾਇ ਕੈ ॥

ein raajaa ke guddiyan keeyaa banai kai ||

ਤਾ ਤੇ ਮੁਰ ਪਤਿ ਮਰਿਯੋ ਅਧਿਕ ਦੁਖ ਪਾਇ ਕੈ ॥

taa te mur pat mariyo adhik dhukh pai kai ||

ਯਾ ਕੁਤੀਯਾ ਕੀ ਅਬ ਹੀ ਕ੍ਰਿਆ ਉਘਾਰਿਯੌ ॥

yaa kuteeyaa kee ab hee kriaa ughaariyau ||

ਹੋ ਪ੍ਰਥਮ ਮੂੰਡਿ ਕੈ ਮੂੰਡ ਬਹੁਰਿ ਇਹ ਮਾਰਿਹੌ ॥੮॥

ho pratham moo(n)dd kai moo(n)dd bahur ieh maarihau ||8||

ਲਏ ਪ੍ਰਜਾ ਸਭ ਸੰਗ ਤਹੀ ਆਵਤ ਭਈ ॥

le prajaa sabh sa(n)g tahee aavat bhiee ||

ਜਹਾ ਖਾਟ ਤਟ ਗਾਡਿ ਦੋਊ ਗੁਡਿਯਨ ਗਈ ॥

jahaa khaaT taT gaadd dhouoo guddiyan giee ||

ਸਭਨ ਲਹਿਤ ਖਨ ਭੂਮਿ ਲਏ ਤੇ ਕਾਢਿ ਕੈ ॥

sabhan lahit khan bhoom le te kaadd kai ||

ਹੋ ਮੂੰਡਿ ਸਵਤਿ ਕੋ ਮੂੰਡ ਨਾਕ ਪੁਨਿ ਬਾਢਿ ਕੈ ॥੯॥

ho moo(n)dd savat ko moo(n)dd naak pun baadd kai ||9||

ਮੂੰਡਿ ਮੂੰਡਿ ਕਟਿ ਨਾਕ ਬਹੁਰਿ ਤਿਹ ਮਾਰਿਯੋ ॥

moo(n)dd moo(n)dd kaT naak bahur teh maariyo ||

ਉਹਿ ਬਿਧਿ ਪਤਿ ਹਨਿ ਇਹ ਛਲ ਯਾ ਕਹ ਟਾਰਿਯੋ ॥

auh bidh pat han ieh chhal yaa keh Taariyo ||

ਚੰਚਲਾਨ ਕੇ ਭੇਦ ਨਾਹਿ ਕਿਨਹੂੰ ਲਹਿਯੋ ॥

cha(n)chalaan ke bhedh naeh kinahoo(n) lahiyo ||

ਹੋ ਸਾਸਤ੍ਰ ਸਿੰਮ੍ਰਿਤ ਰੁ ਬੇਦ ਪੁਰਾਨਨ ਮੈ ਕਹਿਯੋ ॥੧੦॥

ho saasatr si(n)mirat r bedh puraanan mai kahiyo ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਤੇਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੩੩॥੪੩੮੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

dhoi sau tetees charitr samaapatam sat subham sat ||233||4384||afajoo(n)||

ਦੋਹਰਾ ॥

dhoharaa ||

ਸਹਿਰ ਟੰਕ ਟੋਡਾ ਬਿਖੈ ਨ੍ਰਿਪਤਿ ਕਲਾ ਇਕ ਬਾਲ ॥

sahir Ta(n)k Toddaa bikhai nirapat kalaa ik baal ||

ਕਟਿ ਜਾ ਕੀ ਮ੍ਰਿਗਰਾਜ ਸੀ ਮ੍ਰਿਗ ਸੇ ਨੈਨ ਬਿਸਾਲ ॥੧॥

kaT jaa kee miragaraaj see mirag se nain bisaal ||1||

ਚੌਪਈ ॥

chauapiee ||

ਨ੍ਰਿਪਬਰ ਸੈਨ ਤਹਾ ਕੋ ਨ੍ਰਿਪ ਬਰ ॥

nirapabar sain tahaa ko nirap bar ||

ਅਧਿਕ ਦਰਬੁ ਸੁਨਿਯਤ ਜਾ ਕੇ ਘਰ ॥

adhik dharab suniyat jaa ke ghar ||

ਭਾਤਿ ਭਾਤਿ ਕੇ ਭੋਗ ਕਮਾਵੈ ॥

bhaat bhaat ke bhog kamaavai ||

ਨਿਰਖਿ ਪ੍ਰਭਾ ਦੇਵੇਸ ਲਜਾਵੈ ॥੨॥

nirakh prabhaa dheves lajaavai ||2||

ਐਂਡੋ ਰਾਇ ਭਾਟ ਕੋ ਸੁਤ ਤਹ ॥

aai(n)ddo rai bhaaT ko sut teh ||

ਤਾ ਕੈ ਰੂਪ ਨ ਸਮ ਕੋਊ ਮਹਿ ਮਹ ॥

taa kai roop na sam kouoo meh meh ||

ਅਧਿਕ ਤਰੁਨ ਕੋ ਰੂਪ ਸੁਹਾਵੈ ॥

adhik tarun ko roop suhaavai ||

ਨਿਰਖਿ ਕਾਇ ਕੰਚਨ ਸਿਰ ਨਜਾਵੈ ॥੩॥

nirakh kai ka(n)chan sir nayaavai ||3||

ਜਬ ਤ੍ਰਿਯ ਤਿਨ ਤਰੁਨੀ ਨਰ ਲਹਾ ॥

jab tiray tin tarunee nar lahaa ||

ਮਨ ਕ੍ਰਮ ਬਚ ਮਨ ਮੈ ਯੌ ਕਹਾ ॥

man kram bach man mai yau kahaa ||

ਪਠੈ ਸਹਚਰੀ ਯਾਹਿ ਬੁਲਾਊਂ ॥

paThai sahacharee yaeh bulaauooaa(n) ||

ਕਾਮ ਭੋਗ ਤਿਹ ਸਾਥ ਕਮਾਊਂ ॥੪॥

kaam bhog teh saath kamaauooaa(n) ||4||

ਅੜਿਲ ॥

aRil ||

ਪਰਮ ਪਾਟ ਕੀ ਝੂਲਨਿ ਏਕ ਸਵਾਰਿ ਕੈ ॥

param paaT kee jhoolan ek savaar kai ||

ਤਾ ਪਰ ਝੂਲਤਿ ਭਈ ਬਿਚਾਰ ਬਿਚਾਰ ਕੈ ॥

taa par jhoolat bhiee bichaar bichaar kai ||

ਯਾਹੀ ਚੜਿ ਪੀਰੀ ਪਰ ਪਿਯਹਿ ਬੁਲਾਇ ਹੌਂ ॥

yaahee chaR peeree par piyeh bulai hau ||

ਹੋ ਅਰਧ ਰਾਤ੍ਰਿ ਗੇ ਘਰ ਕੌਂ ਤਾਹਿ ਬਹਾਇ ਹੌਂ ॥੫॥

ho aradh raatr ge ghar kau taeh bahai hau ||5||

ਯਾ ਪੀਰੀ ਕਹ ਦੈਹੌਂ ਤਰੇ ਬਹਾਇ ਕੈ ॥

yaa peeree keh dhaihau tare bahai kai ||

ਰੇਸਮ ਕੀ ਦ੍ਰਿੜ ਡੋਰੈ ਚਾਰ ਲਗਾਇ ਕੈ ॥

resam kee dhiraR ddorai chaar lagai kai ||

ਸੋ ਜਾ ਕੋ ਨ੍ਰਿਪ ਹੂੰ ਕਬਹੂੰ ਲਹਿ ਜਾਇ ਹੈ ॥

so jaa ko nirap hoo(n) kabahoo(n) leh jai hai ||

ਹੋ ਜਾਨਿ ਪੀਂਘ ਚੁਪਿ ਰਹਿ ਹੈ ਕਹਾ ਰਿਸਾਇ ਹੈ ॥੬॥

ho jaan pee(n)gh chup reh hai kahaa risai hai ||6||

ਅਰਧ ਰਾਤ੍ਰਿ ਪੀਰੀ ਗ੍ਰਿਹ ਤਰੇ ਬਹਾਇ ਕੈ ॥

aradh raatr peeree gireh tare bahai kai ||

ਡੋਰਹਿ ਖੈਂਚਿ ਪ੍ਰੀਤਮਹਿ ਲੇਤ ਚੜਾਇ ਕੈ ॥

ddoreh khai(n)ch preetameh let chaRai kai ||

ਰਾਨੀ ਸੰਗ ਤਿਹ ਆਨਿ ਮਿਲਾਵਾ ਦੇਤ ਕਰਿ ॥

raanee sa(n)g teh aan milaavaa dhet kar ||

ਹੋ ਜਾਨਿ ਕੇਲ ਕੀ ਸਮੈ ਸਖੀ ਸਭ ਜਾਹਿ ਟਰਿ ॥੭॥

ho jaan kel kee samai sakhee sabh jaeh Tar ||7||

ਤਵਨ ਭਾਟ ਕੌ ਨਿਤ ਪ੍ਰਤਿ ਲੇਤ ਬੁਲਾਇ ਕੈ ॥

tavan bhaaT kau nit prat let bulai kai ||

ਏਕ ਦਿਵਸ ਗ੍ਰਿਹ ਰਹਨ ਨ ਦੇਹਿ ਬਹਾਇ ਕੈ ॥

ek dhivas gireh rahan na dheh bahai kai ||

ਐਚਿ ਐਚਿ ਤਿਹ ਲੇਤ ਨ ਛੋਰਤ ਏਕ ਛਿਨ ॥

aaich aaich teh let na chhorat ek chhin ||

ਹੋ ਆਨਿ ਤ੍ਰਿਯਾ ਕੇ ਧਾਮ ਸੋਯੋ ਨ੍ਰਿਪ ਏਕ ਦਿਨ ॥੮॥

ho aan tirayaa ke dhaam soyo nirap ek dhin ||8||

ਰਾਵ ਨ ਲਹਿਯੋ ਚੇਰਿਯਨ ਭਾਟ ਬੁਲਾਇਯੋ ॥

raav na lahiyo cheriyan bhaaT bulaiyo ||

ਬਿਨ ਰਾਨੀ ਕੇ ਕਹੇ ਸੁ ਜਾਰ ਮੰਗਾਇਯੋ ॥

bin raanee ke kahe su jaar ma(n)gaiyo ||

ਨਿਰਖਿ ਰਾਇ ਤਿਹ ਕਹਿ ਤਸਕਰ ਜਾਗਤ ਭਯੋ ॥

nirakh rai teh keh tasakar jaagat bhayo ||

ਹੋ ਯਾਹਿ ਨ ਦੈ ਹੌ ਜਾਨਿ ਕਾਢਿ ਅਸਿ ਕਰ ਲਯੋ ॥੯॥

ho yaeh na dhai hau jaan kaadd as kar layo ||9||

ਨ੍ਰਿਪ ਜਾਗਤ ਸਭ ਜਗੇ ਪਕਰਿ ਤਾ ਕੋ ਲਿਯੋ ॥

nirap jaagat sabh jage pakar taa ko liyo ||

ਆਨਿ ਰਾਵ ਕੇ ਤੀਰ ਬਾਧਿ ਠਾਢੋ ਕਿਯੋ ॥

aan raav ke teer baadh Thaaddo kiyo ||

ਸੁਨਤ ਸੋਰ ਤ੍ਰਿਯ ਉਠੀ ਨੀਂਦ ਤੇ ਜਾਗਿ ਕੈ ॥

sunat sor tiray uThee nee(n)dh te jaag kai ||

ਹੋ ਰਾਜਾ ਤੇ ਡਰ ਪਾਇ ਮਿਤ੍ਰ ਹਿਤ ਤ੍ਯਾਗਿ ਕੈ ॥੧੦॥

ho raajaa te ddar pai mitr hit tayaag kai ||10||

ਰਾਨੀ ਬਾਚ ॥

raanee baach ||

ਦੋਹਰਾ ॥

dhoharaa ||

ਸੁਨੁ ਰਾਜਾ ਆਯੋ ਹੁਤੋ ਤੋਹਿ ਹਨਨ ਇਹ ਚੋਰ ॥

sun raajaa aayo huto toh hanan ieh chor ||

ਅਬ ਹੀ ਯਾ ਕੌ ਮਾਰਿਯੈ ਹੋਨ ਨ ਦੀਜੇ ਭੋਰ ॥੧੧॥

ab hee yaa kau maariyai hon na dheeje bhor ||11||

ਚੌਪਈ ॥

chauapiee ||

ਤ੍ਰਿਯ ਕੋ ਬਚਨ ਚੋਰ ਸੁਨ ਪਾਇਯੋ ॥

tiray ko bachan chor sun paiyo ||

ਨ੍ਰਿਪਤਿ ਭਏ ਕਹਿ ਸਾਚ ਸੁਨਾਯੋ ॥

nirapat bhe keh saach sunaayo ||

ਯਹ ਰਾਨੀ ਮੋਰੇ ਸੰਗ ਰਹਈ ॥

yeh raanee more sa(n)g rahiee ||

ਅਬ ਮੋ ਕੌ ਤਸਕਰ ਕਰਿ ਕਹਈ ॥੧੨॥

ab mo kau tasakar kar kahiee ||12||

ਅੜਿਲ ॥

aRil ||

ਜਾਰ ਚੋਰ ਕੋ ਬਚਨ ਨ ਸਾਚੁ ਪਛਾਨਿਯੈ ॥

jaar chor ko bachan na saach pachhaaniyai ||

ਪ੍ਰਾਨ ਲੋਭ ਤੇ ਬਕਤ ਸਭਨ ਪਰ ਜਾਨਿਯੈ ॥

praan lobh te bakat sabhan par jaaniyai ||

ਇਨ ਕੇ ਕਹੇ ਨ ਕੋਪ ਕਿਸੂ ਪਰ ਕੀਜਿਯੈ ॥

ein ke kahe na kop kisoo par keejiyai ||

ਹੋ ਰਾਵ ਬਚਨ ਯਹ ਸਾਚੁ ਜਾਨਿ ਜਿਯ ਲੀਜਿਯੈ ॥੧੩॥

ho raav bachan yeh saach jaan jiy leejiyai ||13||

ਸਾਚੁ ਸਾਚੁ ਸੁਨਿ ਰਾਵ ਬਚਨ ਭਾਖਤ ਭਯੋ ॥

saach saach sun raav bachan bhaakhat bhayo ||

ਪ੍ਰਾਨ ਲੋਭ ਤੇ ਨਾਮ ਤ੍ਰਿਯਾ ਕੋ ਇਨ ਲਯੋ ॥

praan lobh te naam tirayaa ko in layo ||

ਤਾ ਤੇ ਯਾ ਤਸਕਰ ਕਹ ਅਬ ਹੀ ਮਾਰਿਯੈ ॥

taa te yaa tasakar keh ab hee maariyai ||

ਹੋ ਇਹੀ ਭੋਹਰਾ ਭੀਤਰ ਗਹਿ ਕੈ ਡਾਰਿਯੈ ॥੧੪॥

ho ihee bhoharaa bheetar geh kai ddaariyai ||14||

ਪ੍ਰਥਮਹਿ ਤ੍ਰਿਯਾ ਸੁ ਤਾ ਸੌ ਭੋਗ ਕਮਾਇਯੋ ॥

prathameh tirayaa su taa sau bhog kamaiyo ||

ਭੂਲ ਜਬੈ ਵਹੁ ਧਾਮ ਨ੍ਰਿਪਤਿ ਕੇ ਆਇਯੋ ॥

bhool jabai vahu dhaam nirapat ke aaiyo ||

ਜਿਯ ਲਜਾ ਕੇ ਤ੍ਰਾਸ ਚੋਰ ਤਿਹ ਭਾਖਿਯੋ ॥

jiy lajaa ke traas chor teh bhaakhiyo ||

ਹੋ ਪ੍ਰੀਤਿ ਪਛਾਨੀ ਚਿਤ ਨ ਮਾਰਿ ਤਿਹ ਰਾਖਿਯੋ ॥੧੫॥

ho preet pachhaanee chit na maar teh raakhiyo ||15||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਚੌਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ

॥੨੩੪॥੪੩੯੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau chauatees charitr samaapatam sat subham sat

||234||4399||afajoo(n)||

ਦੋਹਰਾ ॥

dhoharaa ||

ਕਰਮ ਸਿੰਘ ਰਾਜਾ ਹੁਤੋ ਕਸਟਵਾਰ ਕੈ ਦੇਸ ॥

karam si(n)gh raajaa huto kasaTavaar kai dhes ||

ਅਛਲ ਮਤੀ ਤਾ ਕੀ ਤਰੁਨਿ ਸੁੰਦਰਿ ਜਾ ਕੇ ਕੇਸ ॥੧॥

achhal matee taa kee tarun su(n)dhar jaa ke kes ||1||

ਬਜ੍ਰ ਕੇਤੁ ਇਕ ਸਾਹੁ ਕੋ ਪੂਤ ਹੁਤੋ ਸੁਕੁਮਾਰ ॥

bajr ket ik saahu ko poot huto sukumaar ||

ਨਵੌ ਬ੍ਯਾਕਰਨ ਸਾਸਤ੍ਰ ਖਟ ਜਿਨ ਦ੍ਰਿੜ ਪੜੇ ਸੁਧਾਰ ॥੨॥

navau bayaakaran saasatr khaT jin dhiraR paRe sudhaar ||2||

ਏਕ ਦਿਵਸ ਸੁ ਤਵਨ ਕੋ ਨਿਰਖਿਯੋ ਅਛਲ ਕੁਮਾਰਿ ॥

ek dhivas su tavan ko nirakhiyo achhal kumaar ||

ਅਬ ਹੀ ਰਤਿ ਯਾ ਸੌ ਕਰੌ ਯੌ ਕਹਿ ਭਈ ਸੁ ਮਾਰਿ ॥੩॥

ab hee rat yaa sau karau yau keh bhiee su maar ||3||

ਅੜਿਲ ॥

aRil ||

ਏਕ ਸਖੀ ਤਹ ਚਤੁਰਿ ਪਹੂਚੀ ਆਇ ਕੈ ॥

ek sakhee teh chatur pahoochee aai kai ||

ਅਛਲ ਮਤੀ ਕੋ ਲਯੋ ਗਰੇ ਸੋ ਲਾਇ ਕੈ ॥

achhal matee ko layo gare so lai kai ||

ਸੀਚਿ ਸੀਚਿ ਕੈ ਬਾਰਿ ਜਗਾਵਤ ਜਬ ਭਈ ॥

seech seech kai baar jagaavat jab bhiee ||

ਹੋ ਸਕਲ ਚਿਤ ਕੀ ਬਾਤ ਕੁਅਰਿ ਕੀ ਲਹਿ ਗਈ ॥੪॥

ho sakal chit kee baat kuar kee leh giee ||4||

ਕੁਅਰਿ ਚਿਤ ਕੀ ਬਾਤ ਸਕਲ ਮੁਹਿ ਭਾਖਿਯੈ ॥

kuar chit kee baat sakal muh bhaakhiyai ||

ਪੀਰ ਪਿਯਾ ਕੀ ਗੂੜ ਨ ਮਨ ਮੈ ਰਾਖਿਯੈ ॥

peer piyaa kee gooR na man mai raakhiyai ||

ਜੋ ਤੁਮਰੇ ਜਿਯ ਰੁਚੈ ਸੁ ਮੋਹਿ ਕਹੀਜਿਯੈ ॥

jo tumare jiy ruchai su moh kaheejiyai ||

ਹੋ ਬਿਰਹ ਬਿਕਲ ਹ੍ਵੈ ਪ੍ਰਾਨ ਹਿਤੂ ਜਿਨਿ ਦੀਜਿਯੈ ॥੫॥

ho bireh bikal havai praan hitoo jin dheejiyai ||5||

ਕਹਾ ਕਹੋ ਸਖਿ ਤੋਹਿ ਕਹਨ ਨਹਿ ਆਵਈ ॥

kahaa kaho sakh toh kahan neh aaviee ||

ਹੇਰਿ ਮੀਤ ਕੋ ਰੂਪ ਹੀਯਾ ਲਲਚਾਵਈ ॥

her meet ko roop heeyaa lalachaaviee ||

ਕੈ ਵਾ ਕੋ ਅਬ ਹੀ ਮੁਹਿ ਆਨਿ ਮਿਲਾਇਯੈ ॥

kai vaa ko ab hee muh aan milaiyai ||

ਹੋ ਨਾਤਰ ਮੋਰ ਜਿਯਨ ਕੀ ਆਸ ਚੁਕਾਇਯੈ ॥੬॥

ho naatar mor jiyan kee aas chukaiyai ||6||

ਜੋ ਕਛੁ ਕਹੋ ਸਖਿ ਮੋਹਿ ਵਹੈ ਕਾਰਜ ਕਰੋ ॥

jo kachh kaho sakh moh vahai kaaraj karo ||

ਪ੍ਰਾਨ ਲੇਤ ਤਵ ਹੇਤ ਨ ਹਿਯ ਮੇ ਮੈ ਡਰੋ ॥

praan let tav het na hiy me mai ddaro ||

ਜੋ ਤੁਮਰੇ ਚਿਤ ਚੁਭੈ ਸੁ ਹਮੈ ਬਤਾਇਯੈ ॥

jo tumare chit chubhai su hamai bataiyai ||

ਹੋ ਰੋਇ ਰੋਇ ਕਰਿ ਨੀਰ ਨ ਬ੍ਰਿਥਾ ਗਵਾਇਯੈ ॥੭॥

ho roi roi kar neer na birathaa gavaiyai ||7||

ਸੁਨਹੁ ਮਿਤ੍ਰਨੀ ਆਜ ੁ ਜੁਗਨਿ ਮੈ ਹੋਇ ਹੌ ॥

sunahu mitranee aaj jugan mai hoi hau ||

ਹੇਤ ਸਜਨ ਕੇ ਪ੍ਰਾਨ ਆਪਨੇ ਖੋਇ ਹੌ ॥

het sajan ke praan aapane khoi hau ||

ਪਿਯ ਦਰਸਨ ਕੀ ਭੀਖਿ ਮਾਗਿ ਕਰਿ ਲਜਾਇ ਹੌਂ ॥

piy dharasan kee bheekh maag kar layai hau ||

ਹੋ ਨਿਰਖਿ ਲਾਲ ਕੋ ਰੂਪ ਸਖੀ ਬਲਿ ਜਾਇ ਹੌਂ ॥੮॥

ho nirakh laal ko roop sakhee bal jai hau ||8||

ਬਸਤ੍ਰ ਭਗੌਂਹੇ ਆਜੁ ਸੁਭੰਗਨ ਮੈ ਕਰੌਂ ॥

basatr bhagauahe aaj subha(n)gan mai karau ||

ਆਖਿਨ ਕੀ ਚਿਪੀਯਾ ਅਪਨੇ ਕਰ ਮੈ ਧਰੌਂ ॥

aakhin kee chipeeyaa apane kar mai dharau ||

ਬਿਰਹ ਮੁਦ੍ਰਿਕਾ ਕਾਨਨ ਦੁਹੂੰ ਸੁਹਾਇ ਹੋ ॥

bireh mudhirakaa kaanan dhuhoo(n) suhai ho ||

ਹੋ ਪਿਯ ਦਰਸਨ ਕੀ ਭਿਛ੍ਯਾ ਮਾਗ ਅਘਾਇ ਹੋ ॥੯॥

ho piy dharasan kee bhichhrayaa maag aghai ho ||9||

ਸੁਨਤ ਸਹਚਰੀ ਬਚਨ ਚਕ੍ਰਿਤ ਮਨ ਮੈ ਭਈ ॥

sunat sahacharee bachan chakirat man mai bhiee ||

ਅਧਿਕ ਕੁਅਰਿ ਕੀ ਨੇਹ ਜਾਨਿ ਕਰਿ ਕੈ ਗਈ ॥

adhik kuar kee neh jaan kar kai giee ||

ਚਲਤ ਤਹਾ ਤੇ ਭਈ ਤਵਨ ਪਹਿ ਆਇ ਕੈ ॥

chalat tahaa te bhiee tavan peh aai kai ||

ਹੋ ਕਹਿਯੋ ਕੁਅਰਿ ਸੋ ਤਾਹਿ ਕਹਿਯੋ ਸਮਝਾਇ ਕੈ ॥੧੦॥

ho kahiyo kuar so taeh kahiyo samajhai kai ||10||

ਦੋਹਰਾ ॥

dhoharaa ||

ਤਾਹਿ ਭੇਦ ਸਮਝਾਇ ਕੈ ਲੈ ਗਈ ਤਹਾ ਲਿਵਾਇ ॥

taeh bhedh samajhai kai lai giee tahaa livai ||

ਜਹਾ ਕੁਅਰਿ ਠਾਢੀ ਹੁਤੀ ਭੂਖਨ ਬਸਤ੍ਰ ਬਨਾਇ ॥੧੧॥

jahaa kuar Thaaddee hutee bhookhan basatr banai ||11||

ਅੜਿਲ ॥

aRil ||

ਛੈਲ ਕੁਅਰ ਕੌ ਜਬੈ ਕੁਅਰਿ ਪਾਵਤ ਭਈ ॥

chhail kuar kau jabai kuar paavat bhiee ||

ਜਨੁਕ ਨਵੌ ਨਿਧਿ ਮਹਾ ਨਿਧਨ ਕੇ ਘਰ ਗਈ ॥

januk navau nidh mahaa nidhan ke ghar giee ||

ਨਿਰਖ ਤਰੁਨਿ ਕੋ ਰਹੀ ਤਰੁਨਿ ਉਰਝਾਇ ਕੈ ॥

nirakh tarun ko rahee tarun urajhai kai ||

ਹੋ ਭਾਤਿ ਭਾਤਿ ਤਿਹ ਸਾਥ ਰਮੀ ਲਪਟਾਇ ਕੈ ॥੧੨॥

ho bhaat bhaat teh saath ramee lapaTai kai ||12||

ਏਕ ਕੁਅਰਿ ਤਬ ਜਾਇ ਨ੍ਰਿਪਤਿ ਸੌ ਯੌ ਕਹੀ ॥

ek kuar tab jai nirapat sau yau kahee ||

ਲਪਟਿ ਤਿਹਾਰੀ ਨਾਰਿ ਏਕ ਨਰ ਸੋ ਰਹੀ ॥

lapaT tihaaree naar ek nar so rahee ||

ਕਰਮ ਸਿੰਘ ਕਰਿ ਕੋਪ ਤਹਾ ਚਲਿ ਆਇਯੋ ॥

karam si(n)gh kar kop tahaa chal aaiyo ||

ਹੋ ਅਛਲ ਮਤੀ ਯਹ ਭੇਦ ਸਕਲ ਸੁਨਿ ਪਾਇਯੋ ॥੧੩॥

ho achhal matee yeh bhedh sakal sun paiyo ||13||

ਪਕਰਿ ਨ੍ਰਿਪਤਿ ਕੀ ਪਗਿਯਾ ਦਈ ਚਲਾਇ ਕੈ ॥

pakar nirapat kee pagiyaa dhiee chalai kai ||

ਕਹਿਯੋ ਸਖੀ ਬਵਰੀ ਭਈ ਗਈ ਵਹ ਧਾਇ ਕੈ ॥

kahiyo sakhee bavaree bhiee giee veh dhai kai ||

ਲਰਿਕਨ ਕੀ ਸੀ ਖੇਲ ਕਰਤ ਤਿਹ ਠਾ ਭਈ ॥

larikan kee see khel karat teh Thaa bhiee ||

ਹੋ ਦੁਤਿਯ ਸਖੀ ਲੈ ਪਾਗ ਚਲਾਇ ਬਹੁਰਿ ਦਈ ॥੧੪॥

ho dhutiy sakhee lai paag chalai bahur dhiee ||14||

ਜਬ ਵੁਹਿ ਦਿਸਿ ਨ੍ਰਿਪ ਜਾਇ ਤੌ ਵੁਹਿ ਦਿਸਿ ਡਾਰਹੀ ॥

jab vuh dhis nirap jai tau vuh dhis ddaarahee ||

ਲਰਿਕਨ ਕੇ ਗਿੰਦੂਆ ਜਿਮਿ ਪਾਗ ਉਛਾਰਹੀ ॥

larikan ke gi(n)dhooaa jim paag uchhaarahee ||

ਧੂਰਿ ਆਪਨੇ ਸੀਸ ਨਾਥ ਕੇ ਡਾਰਿ ਕੈ ॥

dhoor aapane sees naath ke ddaar kai ||

ਹੋ ਲਹਿ ਹਾਇਲ ਤਿਨ ਮਿਤ੍ਰਹਿ ਦਯੋ ਨਿਕਾਰਿ ਕੈ ॥੧੫॥

ho leh hail tin mitreh dhayo nikaar kai ||15||

ਜਬ ਲਗਿ ਪਗਿਯਾ ਲੇਨ ਰਾਇ ਚਲਿ ਆਇਯੋ ॥

jab lag pagiyaa len rai chal aaiyo ||

ਤਬ ਲਗਿ ਰਾਨੀ ਮਿਤ੍ਰ ਸਦਨ ਪਹੁਚਾਇਯੋ ॥

tab lag raanee mitr sadhan pahuchaiyo ||

ਮਤਵਾਰੀ ਉਨ ਭਾਖਿ ਅਧਿਕ ਮਾਰਤ ਭਈ ॥

matavaaree un bhaakh adhik maarat bhiee ||

ਨ੍ਰਿਪ ਕੀ ਚਿੰਤਾ ਟਾਰਿ ਸਕਲ ਚਿਤ ਕੀ ਦਈ ॥੧੬॥

nirap kee chi(n)taa Taar sakal chit kee dhiee ||16||

ਤਬ ਰਾਜੈ ਗਹਿ ਕੈ ਤ੍ਰਿਯ ਕੋ ਕਰ ਰਾਖਿਯੋ ॥

tab raajai geh kai tiray ko kar raakhiyo ||

ਆਪੁ ਬਚਨ ਤਾ ਕੋ ਐਸੀ ਬਿਧਿ ਭਾਖਿਯੋ ॥

aap bachan taa ko aaisee bidh bhaakhiyo ||

ਮਤਵਾਰੇ ਮੂਰਖ ਸਿਸਿ ਕੋ ਨਹਿ ਮਾਰਿਯੈ ॥

matavaare moorakh sis ko neh maariyai ||

ਹੋ ਹੋਨਹਾਰ ਮੁਹਿ ਭੀ ਇਨ ਕਛੁ ਨ ਉਚਾਰਿਯੈ ॥੧੭॥

ho honahaar muh bhee in kachh na uchaariyai ||17||

ਦੋਹਰਾ ॥

dhoharaa ||

ਨ੍ਰਿਪ ਕੀ ਪਾਗ ਉਤਾਰਿ ਕੈ ਦੀਨੀ ਪ੍ਰਥਮ ਚਲਾਇ ॥

nirap kee paag utaar kai dheenee pratham chalai ||

ਜਾਰ ਉਬਾਰਿਯੋ ਜੜ ਛਲਿਯੋ ਚੇਰੀ ਲਈ ਬਚਾਇ ॥੧੮॥

jaar ubaariyo jaR chhaliyo cheree liee bachai ||18||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਪੈਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੩੫॥੪੪੧੭॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau paitees charitr samaapatam sat subham sat

||235||4417||afajoo(n)||

ਚੌਪਈ ॥

chauapiee ||

ਤਿਬਤ ਕੋ ਇਕ ਰਾਇ ਸੁਲਛਨ ॥

tibat ko ik rai sulachhan ||

ਕਬਿਤ ਕਾਬਿ ਕੇ ਬਿਖੇ ਬਿਚਛਨ ॥

kabit kaab ke bikhe bichachhan ||

ਸ੍ਰੀ ਨ੍ਰਿਪਰਾਜ ਕਲਾ ਤਿਹ ਨਾਰੀ ॥

sree niraparaaj kalaa teh naaree ||

ਜਾਨੁਕ ਸ੍ਰੀ ਬਿਸਨ ਕੀ ਪਜਾਰੀ ॥੧॥

jaanuk sree bisan kee payaaree ||1||

ਦੋਹਰਾ ॥

dhoharaa ||

ਮਤੀ ਬਿਚਛਨ ਪਾਤ੍ਰ ਤਹ ਤਵਨ ਸਹਿਰ ਕੇ ਮਾਹਿ ॥

matee bichachhan paatr teh tavan sahir ke maeh ||

ਰੂਪ ਬਿਖੈ ਤਾ ਸੀ ਤਰੁਨਿ ਤੀਨਿ ਲੋਕ ਮੈ ਨਾਹਿ ॥੨॥

roop bikhai taa see tarun teen lok mai naeh ||2||

ਚੌਪਈ ॥

chauapiee ||

ਮੁਜਰਾ ਕੌ ਬੇਸ੍ਵਾ ਜਬ ਆਵੈ ॥

mujaraa kau besavaiaa jab aavai ||

ਹੇਰਿ ਰੂਪ ਨ੍ਰਿਪ ਕੋ ਲਲਚਾਵੈ ॥

her roop nirap ko lalachaavai ||

ਮਨ ਮੈ ਅਧਿਕ ਮਸਤ ਹ੍ਵੈ ਝੂਲੈ ॥

man mai adhik masat havai jhoolai ||

ਨਿਜੁ ਤਨ ਕੀ ਤਾ ਕੌ ਸੁਧਿ ਭੂਲੈ ॥੩॥

nij tan kee taa kau sudh bhoolai ||3||

ਚਿਤ ਮੈ ਚਿੰਤ ਰੈਨਿ ਦਿਨ ਕਰੈ ॥

chit mai chi(n)t rain dhin karai ||

ਨ੍ਰਿਪ ਕੀ ਆਸ ਸਦਾ ਮਨ ਧਰੈ ॥

nirap kee aas sadhaa man dharai ||

ਕਿਹ ਬਿਧਿ ਮੋ ਸੰਗ ਭੋਗ ਕਮਾਵੈ ॥

keh bidh mo sa(n)g bhog kamaavai ||

ਸੋ ਦਿਨ ਮੋਹਿ ਕਹੋ ਕਬ ਆਵੈ ॥੪॥

so dhin moh kaho kab aavai ||4||

ਦੋਹਰਾ ॥

dhoharaa ||

ਰਾਵ ਨ ਤਾ ਕੋ ਹੇਰਈ ਤ੍ਰਿਯ ਮਨ ਮੈ ਲਲਚਾਇ ॥

raav na taa ko heriee tiray man mai lalachai ||

ਜਤਨ ਕਾ ਕਰੌਂ ਜੋ ਮੁਝੈ ਨ੍ਰਿਪ ਮਨ ਭਜੈ ਬਨਾਇ ॥੫॥

jatan kaa karau jo mujhai nirap man bhajai banai ||5||

ਚੌਪਈ ॥

chauapiee ||

ਜਬ ਰਾਜਾ ਦੀਵਾਨ ਲਗਾਵੈ ॥

jab raajaa dheevaan lagaavai ||

ਤਵਨ ਸਮੈ ਤਰੁਨੀ ਸੁਨਿ ਪਾਵੈ ॥

tavan samai tarunee sun paavai ||

ਹਾਥ ਜੋਰਿ ਠਾਢੀ ਹ੍ਵੈ ਰਹਈ ॥

haath jor Thaaddee havai rahiee ||

ਪ੍ਰੇਮ ਆਸਕੀ ਜਯੋਂ ਨਿਰਬਹਈ ॥੬॥

prem aasakee jayo(n) nirabahiee ||6||

ਦੋਹਰਾ ॥

dhoharaa ||

ਨ੍ਰਿਪ ਜਾਨ੍ਯੋ ਆਸਿਕ ਭਈ ਮੋ ਪਰ ਤਰੁਨਿ ਬਨਾਇ ॥

nirap jaanayo aasik bhiee mo par tarun banai ||

ਕਵਨ ਪ੍ਰਭਾ ਯਾ ਕੌ ਲਗੀ ਚਿਤ ਬਿਚਾਰਿਯੋ ਰਾਇ ॥੭॥

kavan prabhaa yaa kau lagee chit bichaariyo rai ||7||

ਚੌਪਈ ॥

chauapiee ||

ਕਹਾ ਭਯੋ ਆਸਿਕ ਤ੍ਰਿਯ ਭਈ ॥

kahaa bhayo aasik tiray bhiee ||

ਮੁਹਿ ਲਖਿ ਬਿਰਹ ਬਿਕਲ ਹ੍ਵੈ ਗਈ ॥

muh lakh bireh bikal havai giee ||

ਮੈ ਯਾ ਕੌ ਕਬਹੂੰ ਨ ਬਿਹਾਰੋ ॥

mai yaa kau kabahoo(n) na bihaaro ||

ਲੋਕਨ ਔ ਪਰਲੋਕ ਬਿਚਾਰੋ ॥੮॥

lokan aau paralok bichaaro ||8||

ਅਧਿਕ ਜਤਨ ਤਰੁਨੀ ਕਰਿ ਹਾਰੀ ॥

adhik jatan tarunee kar haaree ||

ਰਾਜਾ ਸੋ ਕਯੋਹੂੰ ਨ ਬਿਹਾਰੀ ॥

raajaa so kayohoo(n) na bihaaree ||

ਔਰ ਜਤਨ ਤਬ ਹੀ ਇਕ ਕਿਯੋ ॥

aauar jatan tab hee ik kiyo ||

ਸਾਤ ਗੁਲਨ ਦੇਹੀ ਪਰ ਦਿਯੋ ॥੯॥

saat gulan dhehee par dhiyo ||9||

ਸਾਤ ਗੁਲਨ ਦੇ ਮਾਸ ਜਲਾਯੋ ॥

saat gulan dhe maas jalaayo ||

ਅਧਿਕ ਕੁਗੰਧ ਨ੍ਰਿਪਹਿ ਜਬ ਆਯੋ ॥

adhik kuga(n)dh nirapeh jab aayo ||

ਹਾਇ ਹਾਇ ਕਰਿ ਗਹਿ ਤਿਹ ਲਿਯੋ ॥

hai hai kar geh teh liyo ||

ਜੋ ਭਾਖ੍ਯੋ ਸੋਈ ਤਿਨ ਕਿਯੋ ॥੧੦॥

jo bhaakhayo soiee tin kiyo ||10||

ਦੋਹਰਾ ॥

dhoharaa ||

ਜੋ ਤੁਮ ਕਹੌ ਸੋ ਮੈ ਕਰੋ ਨਿਜੁ ਤਨ ਗੁਲਨ ਨ ਖਾਹੁ ॥

jo tum kahau so mai karo nij tan gulan na khaahu ||

ਭਾਤਿ ਭਾਤਿ ਕੇ ਭਾਮਿਨੀ ਮੋ ਸੌ ਭੋਗ ਕਮਾਹੁ ॥੧੧॥

bhaat bhaat ke bhaaminee mo sau bhog kamaahu ||11||

ਚੌਪਈ ॥

chauapiee ||

ਗੁਲ ਖਾਏ ਰਾਜਾ ਢੁਰਿ ਆਯੋ ॥

gul khaae raajaa ddur aayo ||

ਭਾਤਿ ਭਾਤਿ ਤਿਹ ਤ੍ਰਿਯਹਿ ਬਜਾਯੋ ॥

bhaat bhaat teh tirayeh bajaayo ||

ਲਪਟਿ ਲਪਟਿ ਤਾ ਸੋ ਰਤਿ ਕੀਨੀ ॥

lapaT lapaT taa so rat keenee ||

ਬੇਸ੍ਵਾ ਕੀ ਸੁਧਿ ਬੁਧਿ ਹਰਿ ਲੀਨੀ ॥੧੨॥

besavaiaa kee sudh budh har leenee ||12||

ਬੇਸ੍ਵਾ ਹੂੰ ਰਾਜਾ ਬਸਿ ਕੀਨੋ ॥

besavaiaa hoo(n) raajaa bas keeno ||

ਭਾਤਿ ਭਾਤਿ ਕੇ ਆਸਨ ਦੀਨੋ ॥

bhaat bhaat ke aasan dheeno ||

ਰਾਇ ਸਕਲ ਰਾਨਿਯੈ ਬਿਸਾਰੀ ॥

rai sakal raaniyai bisaaree ||

ਤਾ ਹੀ ਕੋ ਰਾਖਿਯੋ ਕਰਿ ਨਾਰੀ ॥੧੩॥

taa hee ko raakhiyo kar naaree ||13||

ਦੋਹਰਾ ॥

dhoharaa ||

ਸਭ ਰਨਿਯਨ ਕੋ ਰਾਇ ਕੇ ਚਿਤ ਤੇ ਦਯੋ ਬਿਸਾਰਿ ॥

sabh raniyan ko rai ke chit te dhayo bisaar ||

ਗੁਲ ਖਾਏ ਰਾਜਾ ਬਰਿਯੋ ਐਸੋ ਚਰਿਤ ਸੁ ਧਾਰਿ ॥੧੪॥

gul khaae raajaa bariyo aaiso charit su dhaar ||14||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਛਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੩੬॥੪੪੩੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau chhatees charitr samaapatam sat subham sat

||236||4431||afajoo(n)||

ਦੋਹਰਾ ॥

dhoharaa ||

ਪ੍ਰਗਟ ਕਮਾਊ ਕੇ ਬਿਖੈ ਬਾਜ ਬਹਾਦੁਰ ਰਾਇ ॥

pragaT kamaauoo ke bikhai baaj bahaadhur rai ||

ਸੂਰਨ ਕੀ ਸੇਵਾ ਕਰੈ ਸਤ੍ਰਨ ਦੈਂਤ ਖਪਾਇ ॥੧॥

sooran kee sevaa karai satran dhai(n)t khapai ||1||

ਅੜਿਲ ॥

aRil ||

ਬਾਜ ਬਹਾਦੁਰ ਜੂ ਯੌ ਹ੍ਰਿਦੈ ਸੰਭਾਰਿਯੋ ॥

baaj bahaadhur joo yau hiradhai sa(n)bhaariyo ||

ਬੋਲਿ ਬਡੇ ਸੁਭਟਨ ਕੋ ਪ੍ਰਗਟ ਉਚਾਰਿਯੋ ॥

bol badde subhaTan ko pragaT uchaariyo ||

ਕਰਿਯੈ ਕਵਨ ਉਪਾਇ ਨਗਰ ਸ੍ਰੀ ਮਾਰਿਯੈ ॥

kariyai kavan upai nagar sree maariyai ||

ਹੋ ਤਾ ਤੇ ਸਭ ਹੀ ਬੈਠਿ ਬਿਚਾਰ ਬਿਚਾਰਿਯੈ ॥੨॥

ho taa te sabh hee baiTh bichaar bichaariyai ||2||

ਦੋਹਰਾ ॥

dhoharaa ||

ਪਾਤ੍ਰ ਤਹਾ ਨਾਚਤ ਹੁਤੀ ਭੋਗ ਮਤੀ ਛਬਿ ਮਾਨ ॥

paatr tahaa naachat hutee bhog matee chhab maan ||

ਪ੍ਰਥਮ ਰਾਇ ਸੌ ਰਤਿ ਕਰੀ ਬਹੁਰਿ ਕਹੀ ਯੌ ਆਨਿ ॥੩॥

pratham rai sau rat karee bahur kahee yau aan ||3||

ਅੜਿਲ ॥

aRil ||

ਜੋ ਤੁਮ ਕਹੋ ਮੁਹਿ ਜਾਇ ਤਾਹਿ ਬਿਰਮਾਇਹੋ ॥

jo tum kaho muh jai taeh biramaiho ||

ਸਿਰੀ ਨਗਰ ਤੇ ਐਚਿ ਦੌਨ ਮੋ ਲਜਾਇਹੋ ॥

siree nagar te aaich dhauan mo layaiho ||

ਜੋਰਿ ਕਠਿਨ ਤੁਮ ਕਟਕ ਤਹਾ ਚੜਿ ਆਇਯੋ ॥

jor kaThin tum kaTak tahaa chaR aaiyo ||

ਹੋ ਲੂਟਿ ਕੂਟਿ ਕੇ ਸਹਿਰ ਸਕਲ ਲੈ ਜਾਇਯੋ ॥੪॥

ho looT kooT ke sahir sakal lai jaiyo ||4||

ਯੌਂ ਕਹਿ ਬੇਸ੍ਵਾ ਬਚਨ ਨ੍ਰਿਪਹਿ ਤਹ ਕੋ ਗਈ ॥

yau keh besavaiaa bachan nirapeh teh ko giee ||

ਸਿਰੀ ਨਗਰ ਕੇ ਸਹਰ ਬਿਖੈ ਆਵਤ ਭਈ ॥

siree nagar ke sahar bikhai aavat bhiee ||

ਹਾਵ ਭਾਵ ਬਹੁ ਭਾਤਿ ਦਿਖਾਏ ਆਨਿ ਕੈ ॥

haav bhaav bahu bhaat dhikhaae aan kai ||

ਹੋ ਭਜ੍ਯੋ ਮੇਦਨੀ ਸਾਹ ਅਧਿਕ ਰੁਚਿ ਮਾਨਿ ਕੈ ॥੫॥

ho bhajayo medhanee saeh adhik ruch maan kai ||5||

ਨ੍ਰਿਪਤਿ ਮੇਦਨੀ ਸਾਹ ਆਪਨੇ ਬਸਿ ਕਿਯੌ ॥

nirapat medhanee saeh aapane bas kiyau ||

ਤਾ ਕੋ ਲੈ ਕਰ ਸਾਥ ਦੌਨ ਕੋ ਮਗੁ ਲਿਯੋ ॥

taa ko lai kar saath dhauan ko mag liyo ||

ਬਾਜ ਬਹਾਦੁਰ ਜੋਰਿ ਕਟਕ ਆਵਤ ਭਯੋ ॥

baaj bahaadhur jor kaTak aavat bhayo ||

ਹੋ ਲੂਟਿ ਕੂਟਿ ਕਰਿ ਨਗਰ ਸਿਰੀ ਕੋ ਲੈ ਗਯੋ ॥੬॥

ho looT kooT kar nagar siree ko lai gayo ||6||

ਮਤ ਪਰਿਯੋ ਨ੍ਰਿਪ ਰਹਿਯੋ ਨ ਕਛੁ ਜਾਨਤ ਭਯੋ ॥

mat pariyo nirap rahiyo na kachh jaanat bhayo ||

ਸਿਰੀ ਨਗਰ ਕੌ ਲੂਟਿ ਕੂਟਿ ਕੈ ਕੌ ਗਯੋ ॥

siree nagar kau looT kooT kai kau gayo ||

ਉਤਰਿ ਗਯੋ ਮਦ ਜਬ ਕਛੁ ਸੁਧਿ ਆਵਤ ਭਈ ॥

autar gayo madh jab kachh sudh aavat bhiee ||

ਹੋ ਪੀਸ ਦਾਤਿ ਚੁਪ ਰਹਿਯੋ ਬਾਤ ਕਰ ਤੇ ਗਈ ॥੭॥

ho pees dhaat chup rahiyo baat kar te giee ||7||

ਦੋਹਰਾ ॥

dhoharaa ||

ਇਹ ਛਲ ਸੇ ਰਾਜਾ ਛਲ੍ਯੋ ਕਰੀ ਮਿਤ੍ਰ ਕੀ ਜੀਤ ॥

eeh chhal se raajaa chhalayo karee mitr kee jeet ||

ਦੇਵ ਅਦੇਵ ਨ ਲਹਿ ਸਕਤਿ ਯਹ ਇਸਤ੍ਰਿਯਨ ਕੀ ਰੀਤ ॥੮॥

dhev adhev na leh sakat yeh isatirayan kee reet ||8||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਸੈਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ

॥੨੩੭॥੪੪੩੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

dhoi sau saitees charitr samaapatam sat subham sat ||237||4439||afajoo(n)||

ਚੌਪਈ ॥

chauapiee ||

ਬੀਰਜ ਕੇਤੁ ਰਾਜਾ ਇਕ ਨਾਗਰ ॥

beeraj ket raajaa ik naagar ||

ਸਗਲ ਜਗਤ ਕੇ ਬਿਖੈ ਉਜਾਗਰ ॥

sagal jagat ke bikhai ujaagar ||

ਸ੍ਰੀ ਛਟ ਛੈਲ ਕੁਅਰਿ ਤਾ ਕੀ ਤ੍ਰਿਯ ॥

sree chhaT chhail kuar taa kee tiray ||

ਮਨ ਬਚ ਕ੍ਰਮ ਬਸਿ ਕਰਿ ਰਾਖ੍ਯੋ ਪਿਯ ॥੧॥

man bach kram bas kar raakhayo piy ||1||

ਏਕ ਦਿਵਸ ਨ੍ਰਿਪ ਚੜਿਯੋ ਅਖਿਟ ਬਰ ॥

ek dhivas nirap chaRiyo akhiT bar ||

ਸੰਗ ਲਈ ਸਹਚਰੀ ਅਮਿਤ ਕਰਿ ॥

sa(n)g liee sahacharee amit kar ||

ਜਬ ਬਨ ਗਹਿਰ ਬਿਖੈ ਪ੍ਰਭ ਆਯੋ ॥

jab ban gahir bikhai prabh aayo ||

ਸ੍ਵਾਨਨ ਤੇ ਬਹੁ ਮ੍ਰਿਗਨ ਗਹਾਯੋ ॥੨॥

savaiaanan te bahu miragan gahaayo ||2||

ਕਹਿਯੋ ਕਿ ਜਿਹ ਆਗੈ ਮ੍ਰਿਗ ਆਵੈ ॥

kahiyo k jeh aagai mirag aavai ||

ਵਹੈ ਆਪਨੋ ਤੁਰੈ ਧਵਾਵੈ ॥

vahai aapano turai dhavaavai ||

ਪਹੁਚਿ ਸੁ ਤਨ ਤਿਹ ਕੇ ਬ੍ਰਿਣ ਕਰਹੀ ॥

pahuch su tan teh ke biran karahee ||

ਗਿਰਨ ਪਰਨ ਤੇ ਕਛੂ ਨ ਡਰਹੀ ॥੩॥

giran paran te kachhoo na ddarahee ||3||

ਅੜਿਲ ॥

aRil ||

ਨ੍ਰਿਪ ਤ੍ਰਿਯ ਆਗੇ ਮ੍ਰਿਗਿਕ ਨਿਕਸਿਯੋ ਆਇ ਕੈ ॥

nirap tiray aage miragik nikasiyo aai kai ||

ਰਾਨੀ ਪਾਛੇ ਪਰੀ ਤੁਰੰਗ ਧਵਾਇ ਕੈ ॥

raanee paachhe paree tura(n)g dhavai kai ||

ਭਜਤ ਭਜਤ ਹਰਿਨੀ ਪਤਿ ਬਹੁ ਕੋਸਨ ਗਯੋ ॥

bhajat bhajat harinee pat bahu kosan gayo ||

ਹੋ ਏਕ ਨ੍ਰਿਪਤਿ ਸੁਤ ਲਹਿ ਤਾ ਕੌ ਧਾਵਤ ਭਯੋ ॥੪॥

ho ek nirapat sut leh taa kau dhaavat bhayo ||4||

ਤਾਜਿਹਿ ਤਾਜਨ ਮਾਰਿ ਪਹੂੰਚ੍ਯਾ ਜਾਇ ਕੈ ॥

taajeh taajan maar pahoo(n)chayaa jai kai ||

ਏਕ ਬਿਸਿਖ ਹੀ ਮਾਰਿਯੋ ਮ੍ਰਿਗਹਿ ਬਨਾਇ ਕੈ ॥

ek bisikh hee maariyo mirageh banai kai ||

ਨਿਰਖਿ ਤਰੁਨਿ ਇਹ ਚਰਿਤ ਰਹੀ ਉਰਝਾਇ ਕਰਿ ॥

nirakh tarun ieh charit rahee urajhai kar ||

ਹੋ ਬਿਰਹ ਬਾਨ ਤਨ ਬਿਧੀ ਗਿਰਤ ਭਈ ਭੂਮਿ ਪਰ ॥੫॥

ho bireh baan tan bidhee girat bhiee bhoom par ||5||

ਬਹੁਰਿ ਸੁਭਟ ਜਿਮਿ ਚੇਤਿ ਤਰੁਨਿ ਉਠ ਠਾਢਿ ਭਈ ॥

bahur subhaT jim chet tarun uTh Thaadd bhiee ||

ਘੂਮਤ ਘਾਇਲ ਨਯਾਇ ਸਜਨ ਤਟ ਚਲਿ ਗਈ ॥

ghoomat ghail nayai sajan taT chal giee ||

ਉਤਰਿ ਹਯਨ ਤੇ ਤਹ ਦੋਊ ਰਮੇ ਬਨਾਇ ਕੈ ॥

autar hayan te teh dhouoo rame banai kai ||

ਹੋ ਤਬ ਲੌ ਤਿਹ ਠਾ ਸਿੰਘ ਨਿਕਸਿਯੋ ਆਇ ਕੈ ॥੬॥

ho tab lau teh Thaa si(n)gh nikasiyo aai kai ||6||

ਨਿਰਖਿ ਸਿੰਘ ਕੌ ਰੂਪ ਤਰੁਨਿ ਤ੍ਰਾਸਿਤ ਭਈ ॥

nirakh si(n)gh kau roop tarun traasit bhiee ||

ਲਪਟਿ ਲਲਾ ਕੇ ਕੰਠ ਭਏ ਅਬਲਾ ਗਈ ॥

lapaT lalaa ke ka(n)Th bhe abalaa giee ||

ਢੀਠ ਕੁਅਰ ਧਨੁ ਤਨ੍ਯੋ ਨ ਤਨਿਕ ਆਸਨ ਡਿਗ੍ਯੋ ॥

ddeeTh kuar dhan tanrayo na tanik aasan ddigayo ||

ਹੋ ਹਨ੍ਯੋ ਸਿੰਘ ਤਿਹ ਠੌਰ ਬਿਸਿਖ ਬਾਕੋ ਲਗ੍ਯੋ ॥੭॥

ho hanayo si(n)gh teh Thauar bisikh baako lagayo ||7||

ਮਾਰਿ ਸਿੰਘ ਰਾਖਿਯੋ ਤਿਹ ਭਜ੍ਯੋ ਬਨਾਇ ਕੈ ॥

maar si(n)gh raakhiyo teh bhajayo banai kai ||

ਆਸਨ ਚੁੰਬਨ ਕਰੇ ਤ੍ਰਿਯਹਿ ਲਪਟਾਇ ਕੈ ॥

aasan chu(n)ban kare tirayeh lapaTai kai ||

ਭਾਤਿ ਭਾਤਿ ਤਿਹ ਰਮਿਯੋ ਤਰੁਨਿ ਸੁਖ ਪਾਇ ਕਰ ॥

bhaat bhaat teh ramiyo tarun sukh pai kar ||

ਹੋ ਬਿਨੁ ਦਾਮਨ ਅਬਲਾਹੂੰ ਰਹੀ ਬਿਕਾਇ ਕਰਿ ॥੮॥

ho bin dhaaman abalaahoo(n) rahee bikai kar ||8||

ਚਿਤ ਚਿੰਤਾ ਤ੍ਰਿਯ ਕਰਹੀ ਇਸੀ ਸੰਗ ਜਾਇ ਹੌ ॥

chit chi(n)taa tiray karahee isee sa(n)g jai hau ||

ਨਿਜੁ ਨਾਇਕ ਕੌ ਦਰਸੁ ਨ ਬਹੁਰ ਦਿਖਾਇ ਹੌ ॥

nij naik kau dharas na bahur dhikhai hau ||

ਤਾ ਤੇ ਕਛੁ ਚਰਿਤ੍ਰ ਸੋ ਐਸੇ ਕੀਜਿਯੈ ॥

taa te kachh charitr so aaise keejiyai ||

ਹੋ ਜਾ ਤੇ ਜਸਊ ਰਹੈ ਅਪਜਸ ਨ ਸੁਨੀਜਿਯੈ ॥੯॥

ho jaa te jasuoo rahai apajas na suneejiyai ||9||

ਏਕ ਸਖੀ ਪ੍ਰਤਿ ਕਹਿਯੋ ਭੇਦ ਸਮਝਾਇ ਕੈ ॥

ek sakhee prat kahiyo bhedh samajhai kai ||

ਹਰਿਨ ਹੇਤੁ ਤ੍ਰਿਯ ਡੂਬੀ ਕਹਿਯਹੁ ਜਾਇ ਕੈ ॥

harin het tiray ddoobee kahiyahu jai kai ||

ਬੈਨ ਸੁਨਤ ਸਹਚਰੀ ਜਾਤਿ ਤਿਹ ਕੌ ਭਈ ॥

bain sunat sahacharee jaat teh kau bhiee ||

ਹੋ ਜੁ ਕਛੁ ਕੁਅਰਿ ਤਿਹ ਕਹਿਯੋ ਖਬਰਿ ਸੋ ਨ੍ਰਿਪ ਦਈ ॥੧੦॥

ho ju kachh kuar teh kahiyo khabar so nirap dhiee ||10||

ਆਪੁ ਕੁਅਰ ਕੇ ਸਾਥ ਗਈ ਸੁਖ ਪਾਇ ਕੈ ॥

aap kuar ke saath giee sukh pai kai ||

ਨ੍ਰਿਪ ਸੁਨਿ ਡੂਬੀ ਨਾਰਿ ਰਹਿਯੋ ਸਿਰੁ ਨਜਾਇ ਕੈ ॥

nirap sun ddoobee naar rahiyo sir nayai kai ||

ਚੰਚਲਾਨ ਕੋ ਚਰਿਤ ਨ ਨਰ ਕੋਊ ਲਹੈ ॥

cha(n)chalaan ko charit na nar kouoo lahai ||

ਹੋ ਸਾਸਤ੍ਰ ਸਿੰਮ੍ਰਿਤਿ ਅਰੁ ਬੇਦ ਭੇਦ ਐਸੇ ਕਹੈ ॥੧੧॥

ho saasatr si(n)mirat ar bedh bhedh aaise kahai ||11||

ਚੌਪਈ ॥

chauapiee ||

ਤਾ ਕੌ ਤਰੁਨ ਸੰਗ ਲੈ ਗਯੋ ॥

taa kau tarun sa(n)g lai gayo ||

ਭਾਂਤਿ ਭਾਂਤਿ ਕੈ ਭੋਗਤ ਭਯੋ ॥

bhaat bhaat kai bhogat bhayo ||

ਇਨ ਜੜ ਕਛੂ ਨ ਬਾਤ ਲਹਿ ਲਈ ॥

ein jaR kachh na baat leh liee ||

ਜਾਨੀ ਡੂਬਿ ਚੰਚਲਾ ਗਈ ॥੧੨॥

jaanee ddoob cha(n)chalaa giee ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਅਠਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੩੮॥੪੪੫੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau aThatees charitr samaapatam sat subham sat

||238||4451||afajoo(n)||

ਦੋਹਰਾ ॥

dhoharaa ||

ਸਹਿਰ ਸਿਰੌਜ ਬਿਖੈ ਹੁਤੋ ਰਾਜਾ ਸੁਭ੍ਰ ਸਰੂਪ ॥

sahir sirauaj bikhai huto raajaa subhr saroop ||

ਕਾਮ ਕੇਲ ਮੈ ਅਤਿ ਚਤੁਰ ਨਰ ਸਿੰਘ ਰੂਪ ਅਨੂਪ ॥੧॥

kaam kel mai at chatur nar si(n)gh roop anoop ||1||

ਚੌਪਈ ॥

chauapiee ||

ਤਾ ਕੇ ਚਾਰਿ ਪੁਤ੍ਰ ਸੁਭ ਕਾਰੀ ॥

taa ke chaar putr subh kaaree ||

ਸੂਰਬੀਰ ਬਾਕੋ ਹੰਕਾਰੀ ॥

soorabeer baako ha(n)kaaree ||

ਰਾਨੀ ਔਰ ਬਜਾਹਿ ਜੋ ਆਨੀ ॥

raanee aauar bayaeh jo aanee ||

ਸੋਊ ਗਰਭਵਤੀ ਹ੍ਵੈ ਬ੍ਯਾਨੀ ॥੨॥

souoo garabhavatee havai brayaanee ||2||

ਏਕ ਪੁਤ੍ਰ ਤਾਹੂ ਕੋ ਭਯੋ ॥

ek putr taahoo ko bhayo ||

ਰਾਨੀ ਬੀਰ ਮਤੀ ਤਿਹ ਜਯੋ ॥

raanee beer matee teh jayo ||

ਬ੍ਯਾਘ੍ਰ ਕੇਤੁ ਤਿਹ ਨਾਮ ਧਰਤ ਭੇ ॥

brayaaghr ket teh naam dharat bhe ||

ਦਿਜਨ ਦਰਿਦ੍ਰ ਖੋਇ ਕੈ ਕੈ ਦੇ ॥੩॥

dhijan dharidhr khoi kai kai dhe ||3||

ਚਾਰੋ ਪੁਤ੍ਰ ਰਾਜ ਅਧਿਕਾਰੀ ॥

chaaro putr raaj adhikaaree ||

ਇਹੈ ਸੋਕ ਅਬਲਾ ਕੇ ਭਾਰੀ ॥

eihai sok abalaa ke bhaaree ||

ਜੋ ਕੋਊ ਉਨ ਚਾਰੋਂ ਕੋ ਘਾਵੈ ॥

jo kouoo un chaaro(n) ko ghaavai ||

ਤਬ ਸੁਤ ਰਾਜ ਪਾਚਵੋਂ ਪਾਵੈ ॥੪॥

tab sut raaj paachavau paavai ||4||

ਜੇਸਟ ਪੁਤ੍ਰ ਤਨ ਮਨੁਖ ਪਠਾਯੋ ॥

jesaT putr tan manukh paThaayo ||

ਯੌ ਕਹਿਯਹੁ ਤੁਹਿ ਰਾਇ ਬੁਲਾਯੋ ॥

yau kahiyahu tuh rai bulaayo ||

ਰਾਜ ਕੁਅਰ ਆਵਤ ਜਬ ਭਯੋ ॥

raaj kuar aavat jab bhayo ||

ਤਬ ਹੀ ਮਾਰਿ ਕੋਠਰੀ ਦਯੋ ॥੫॥

tab hee maar koTharee dhayo ||5||

ਇਹੀ ਭਾਤਿ ਤੇ ਦੁਤਿਯ ਬੁਲਾਯੋ ॥

eihee bhaat te dhutiy bulaayo ||

ਵਹੀ ਖੜਗ ਭੇ ਤਾ ਕਹ ਘਾਯੋ ॥

vahee khaRag bhe taa keh ghaayo ||

ਇਹੀ ਭਾਤਿ ਤਿਨ ਦੁਹੂੰ ਬੁਲੈ ਕੈ ॥

eihee bhaat tin dhuhoo(n) bulai kai ||

ਡਾਰਤ ਭਈ ਭੋਹਰੇ ਘੈ ਕੈ ॥੬॥

ddaarat bhiee bhohare ghai kai ||6||

ਦੋਹਰਾ ॥

dhoharaa ||

ਚਾਰਿ ਪੁਤ੍ਰ ਪ੍ਰਥਮੈ ਹਨੇ ਪੁਨਿ ਪਤਿ ਲਯੋ ਬੁਲਾਇ ॥

chaar putr prathamai hane pun pat layo bulai ||

ਇਹ ਬਿਧਿ ਸੌ ਬਿਨਤੀ ਕਰੀ ਨੈਨਨ ਨੀਰੁ ਬਹਾਇ ॥੭॥

eeh bidh sau binatee karee nainan neer bahai ||7||

ਸੁਨ ਰਾਜਾ ਤਵ ਪੁਤ੍ਰ ਦੋ ਲਰੇ ਰਾਜ ਕੇ ਹੇਤੁ ॥

sun raajaa tav putr dho lare raaj ke het ||

ਜੂਝਿ ਮਰੈ ਛਿਤ ਪਰ ਪਰੇ ਤਬ ਮੈ ਭਈ ਅਚੇਤੁ ॥੮॥

joojh marai chhit par pare tab mai bhiee achet ||8||

ਅਸਿਨ ਭਏ ਅਤਿ ਜੁਧ ਕਰਿ ਜਬ ਜੂਝੈ ਦੋਊ ਬੀਰ ॥

asin bhe at judh kar jab joojhai dhouoo beer ||

ਬਸਤ੍ਰ ਫਾਰਿ ਦ੍ਵੈ ਪੁਤ੍ਰ ਤਵ ਤਬ ਹੀ ਭਏ ਫਕੀਰ ॥੯॥

basatr faar dhavai putr tav tab hee bhe fakeer ||9||

ਚੌਪਈ ॥

chauapiee ||

ਤਬ ਨ੍ਰਿਪ ਪੂਤ ਪੂਤ ਕਹਿ ਰੋਯੋ ॥

tab nirap poot poot keh royo ||

ਸੁਧਿ ਸਭ ਛਾਡਿ ਭੂਮਿ ਪਰ ਸੋਯੋ ॥

sudh sabh chhaadd bhoom par soyo ||

ਪਚਏ ਕਹ ਟੀਕਾ ਕਰਿ ਪਰਿਯੋ ॥

pache keh Teekaa kar pariyo ||

ਭੇਦ ਅਭੇਦ ਜੜ ਕਛੁ ਨ ਬਿਚਰਿਯੋ ॥੧੦॥

bhedh abhedh jaR kachh na bichariyo ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਉਨਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੩੯॥੪੪੬੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

dhoi sau unataalees charitr samaapatam sat subham sat

||239||4461||afajoo(n)||

ਦੋਹਰਾ ॥

dhoharaa ||

ਦੇਸ ਕਲਿੰਜਰ ਕੇ ਨਿਕਟ ਸੈਨ ਬਿਚਛਨ ਰਾਇ ॥

dhes kali(n)jar ke nikaT sain bichachhan rai ||

ਸ੍ਰੀ ਰੁਚਿ ਰਾਜ ਕੁਅਰਿ ਤਰੁਨ ਜਾ ਕੀ ਅਤਿ ਸੁਭ ਕਾਇ ॥੧॥

sree ruch raaj kuar tarun jaa kee at subh kai ||1||

ਚੌਪਈ ॥

chauapiee ||

ਸਪਤ ਔਰ ਰਾਨੀ ਤਿਹ ਰਹਈ ॥

sapat aauar raanee teh rahiee ||

ਤਿਨਹੂੰ ਸੌ ਹਿਤ ਨ੍ਰਿਪ ਨਿਰਬਹਈ ॥

tinahoo(n) sau hit nirap nirabahiee ||

ਬਾਰੀ ਬਾਰੀ ਤਿਨੈ ਬੁਲਾਵੈ ॥

baaree baaree tinai bulaavai ||

ਲਪਟਿ ਲਪਟਿ ਕਰਿ ਭੋਗ ਕਮਾਵੈ ॥੨॥

lapaT lapaT kar bhog kamaavai ||2||

ਸ੍ਰੀ ਰੁਚਿ ਰਾਜ ਕੁਅਰਿ ਜੋ ਰਾਨੀ ॥

sree ruch raaj kuar jo raanee ||

ਸੋ ਮਨ ਭੀਤਰ ਅਧਿਕ ਰਿਸਾਨੀ ॥

so man bheetar adhik risaanee ||

ਮਨ ਮਹਿ ਕਹਿਯੋ ਜਤਨ ਕਿਯਾ ਕਰਿਯੈ ॥

man meh kahiyo jatan kiyaa kariyai ||

ਜਾ ਤੇ ਇਨ ਰਨਿਯਨ ਕੌ ਮਰਿਯੈ ॥੩॥

jaa te in raniyan kau mariyai ||3||

ਅੜਿਲ ॥

aRil ||

ਪ੍ਰਥਮ ਰਾਨਿਯਨ ਸੌ ਅਤਿ ਨੇਹ ਬਢਾਇਯੋ ॥

pratham raaniyan sau at neh baddaiyo ||

ਐਸੀ ਕਰੀ ਪਰੀਤਿ ਜੁ ਪਤਿ ਸੁਨਿ ਪਾਇਯੋ ॥

aaisee karee pareet ju pat sun paiyo ||

ਧੰਨਜ ਧੰਨਜ ਰੁਚਿ ਰਾਜ ਕੁਅਰਿ ਕਹ ਭਾਖਿਯੋ ॥

ਰਾਜ ਤਰੁਨਿ ਕੌ ਬਹੁ ਸੁਖ ਦੇਹੀ ॥੧੪॥

raaj tarun kau bahu sukh dhehee ||14||

ਭੋਗ ਕਰਤ ਨਿਸਿ ਸਕਲ ਬਿਤਾਵੈ ॥

bhog karat nis sakal bitaavai ||

ਸੋਇ ਰਹੈ ਉਠਿ ਕੇਲਿ ਕਮਾਵੈ ॥

soi rahai uTh kel kamaavai ||

ਫਿਰਿ ਫਿਰਿ ਤ੍ਰਿਯ ਆਸਨ ਕਹ ਲੈ ਕੈ ॥

fir fir tiray aasan keh lai kai ||

ਭਾਤਿ ਭਾਤਿ ਕੈ ਚੁੰਬਨ ਕੈ ਕੈ ॥੧੫॥

bhaat bhaat kai chu(n)ban kai kai ||15||

ਭੋਗ ਕਰਤ ਤਰੁਨਿਯਹਿ ਰਿਝਾਯੋ ॥

bhog karat taruniyeh rijhaayo ||

ਭਾਂਤਿ ਅਨਿਕ ਤਿਨ ਕੇਲ ਮਚਾਯੋ ॥

bhaat anik tin kel machaayo ||

ਇਹ ਬਿਧਿ ਹੌ ਹਸਿ ਤਾਹਿ ਉਚਾਰੋ ॥

eeh bidh hau has taeh uchaaro ||

ਕਹੌਂ ਜੁ ਤੁਮ ਸੌ ਸੁਨਹੋ ਪਜਾਰੋ ॥੧੬॥

kahau ju tum sau sunaho payaaro ||16||

ਜਬ ਤਰੁਨੀ ਸੰਗ ਦ੍ਰਿੜ ਰਤਿ ਕਰੀ ॥

jab tarunee sa(n)g dhiraR rat karee ||

ਭਾਂਤਿ ਭਾਂਤਿ ਕੇ ਭੋਗਨ ਭਰੀ ॥

bhaat bhaat ke bhogan bharee ||

ਰੀਝਿ ਤਰੁਨਿ ਇਹ ਭਾਤਿ ਉਚਾਰੀ ॥

reejh tarun ieh bhaat uchaaree ||

ਮਿਤ੍ਰ ਭਈ ਮੈ ਦਾਸ ਤਿਹਾਰੀ ॥੧੭॥

mitr bhiee mai dhaas tihaaree ||17||

ਅਬ ਜੌ ਕਹੋ ਨੀਰ ਭਰਿ ਲਯਾਊ ॥

ab jau kaho neer bhar layaauoo ||

ਬਾਰ ਅਨੇਕ ਬਜਾਰ ਬਿਕਾਊ ॥

baar anek bajaar bikaauoo ||

ਜੇ ਤੁਮ ਕਹੋ ਵਹੈ ਮੈ ਕਰਿਹੌ ॥

je tum kaho vahai mai karihau ||

ਔਰ ਕਿਸੂ ਤੇ ਨੈਕੁ ਨ ਡਰਿਹੋ ॥੧੮॥

aauar kisoo te naik na ddariho ||18||

ਮਿਤ੍ਰ ਬਿਹਸਿ ਇਹ ਭਾਤਿ ਉਚਾਰਾ ॥

mitr bihas ieh bhaat uchaaraa ||

ਅਬ ਮੈ ਭਯੋ ਗੁਲਾਮ ਤਿਹਾਰਾ ॥

ab mai bhayo gulaam tihaaraa ||

ਤੋ ਸੀ ਤਰੁਨਿ ਭੋਗ ਕਹ ਪਾਈ ॥

to see tarun bhog keh paiee ||

ਪੂਰਨ ਭਈ ਮੋਰਿ ਭਗਤਾਈ ॥੧੯॥

pooran bhiee mor bhagataiee ||19||

ਅਬ ਇਹ ਬਾਤ ਚਿਤ ਮੈ ਮੇਰੇ ॥

ab ieh baat chit mai mere ||

ਸੋ ਮੈ ਕਹਤ ਯਾਰ ਸੰਗ ਤੇਰੇ ॥

so mai kahat yaar sa(n)g tere ||

ਅਬ ਕਛੁ ਐਸ ਉਪਾਵ ਬਨੈਯੈ ॥

ab kachh aais upaav banaiyai ||

ਜਾ ਤੇ ਤੋ ਕਹ ਸਦਾ ਹੰਢੈਯੈ ॥੨੦॥

jaa te to keh sadhaa ha(n)ddaiyai ||20||

ਅਬ ਤੁਮ ਐਸ ਚਰਿਤ੍ਰ ਬਨਾਵਹੁ ॥

ab tum aais charitr banaavahu ||

ਜਾ ਤੇ ਮੋਹਿ ਸਦਾ ਤੁਮ ਪਾਵਹੁ ॥

jaa te moh sadhaa tum paavahu ||

ਭੇਦ ਦੂਸਰੋ ਪੁਰਖ ਨ ਪਾਵੈ ॥

bhedh dhoosaro purakh na paavai ||

ਲਹੈ ਨ ਸ੍ਵਾਨ ਨ ਭੂਸਨ ਆਵੈ ॥੨੧॥

lahai na savaiaan na bhoosan aavai ||21||

ਰਾਨੀ ਸੁਨੀ ਬਾਤ ਐਸੀ ਜਬ ॥

raanee sunee baat aaisee jab ||

ਬਚਨ ਕਹਾ ਹਸਿ ਕਰਿ ਪਿਯ ਸੋ ਤਬ ॥

bachan kahaa has kar piy so tab ||

ਰੋਮ ਨਾਸ ਤੁਮ ਬਦਨ ਲਗਾਵਹੁ ॥

rom naas tum badhan lagaavahu ||

ਸਕਲ ਨਾਰਿ ਕੋ ਭੇਸ ਬਨਾਵਹੁ ॥੨੨॥

sakal naar ko bhes banaavahu ||22||

ਰੋਮਾਤਕ ਰਾਨਿਯਹਿ ਮੰਗਾਯੋ ॥

romaatak raaniyeh ma(n)gaayo ||

ਤਾ ਕੇ ਬਦਨ ਸਾਥ ਲੈ ਲਾਯੋ ॥

taa ke badhan saath lai laayo ||

ਸਭ ਹੀ ਕੇਸ ਦੂਰਿ ਜਬ ਭਏ ॥

sabh hee kes dhoor jab bhe ||

ਤਾ ਕਹ ਬਸਤ੍ਰ ਨਾਰਿ ਕੇ ਦਏ ॥੨੩॥

taa keh basatr naar ke dhe ||23||

ਬੀਨਾ ਦਈ ਕੰਧ ਤਾ ਕੈ ਪਰ ॥

beenaa dhiee ka(n)dh taa kai par ||

ਸੁਨਨ ਨਮਿਤਿ ਰਾਖਿਯੋ ਤਾ ਕੌ ਘਰ ॥

sunan namit raakhiyo taa kau ghar ||

ਜਬ ਰਾਜਾ ਤਾ ਕੇ ਗ੍ਰਿਹ ਆਵੈ ॥

jab raajaa taa ke gireh aavai ||

ਤਬ ਤੰਤ੍ਰੀ ਸੌ ਬੈਠਿ ਬਜਾਵੈ ॥੨੪॥

tab ta(n)tree sau baiTh bajaavai ||24||

ਰਾਜ ਬੀਨ ਸੁਨਿ ਤ੍ਰਿਯ ਤਿਹ ਮਾਨੈ ॥

raaj been sun tiray teh maanai ||

ਪੁਰਖ ਵਾਹਿ ਇਸਤ੍ਰੀ ਪਹਿਚਾਨੈ ॥

purakh vaeh isatree pahichaanai ||

ਤਾ ਕੋ ਹੇਰਿ ਰੂਪ ਲਲਚਾਨਾ ॥

taa ko her roop lalachaanaa ||

ਘਰ ਬਾਹਰ ਤਜਿ ਭਯੋ ਦਿਵਾਨਾ ॥੨੫॥

ghar baahar taj bhayo dhivaanaa ||25||

ਇਕ ਦੂਤੀ ਤਬ ਰਾਇ ਬੁਲਾਇਸਿ ॥

eik dhootee tab rai bulais ||

ਅਧਿਕ ਦਰਬ ਦੈ ਤਹਾ ਪਠਾਇਸਿ ॥

adhik dharab dhai tahaa paThais ||

ਜਬ ਰਾਨੀ ਐਸੇ ਸੁਨਿ ਪਾਈ ॥

jab raanee aaise sun paiee ||

ਬਚਨ ਕਹਾ ਤਾ ਸੋ ਮੁਸਕਾਈ ॥੨੬॥

bachan kahaa taa so musakaiee ||26||

ਜਿਨਿ ਤੋ ਕੋ ਰਾਜਾ ਯਹ ਬਰੈ ॥

jin to ko raajaa yeh barai ||

ਹਮ ਸੋ ਨੇਹੁ ਸਕਲ ਤਜਿ ਡਰੈ ॥

ham so neh sakal taj ddarai ||

ਮੈ ਅਪਨੇ ਸੰਗ ਲੈ ਤੁਹਿ ਸ੍ਵੈਹੋ ॥

mai apane sa(n)g lai tuh savaiho ||

ਚਿਤ ਕੇ ਸਕਲ ਸੋਕ ਕਹ ਖ੍ਵੈਹੋ ॥੨੭॥

chit ke sakal sok keh khavaiho ||27||

ਜੋ ਤਾ ਪਹਿ ਨ੍ਰਿਪ ਸਖੀ ਪਠਾਵੈ ॥

jo taa peh nirap sakhee paThaavai ||

ਸੋ ਚਲਿ ਤੀਰ ਤਵਨ ਕੈ ਆਵੈ ॥

so chal teer tavan kai aavai ||

ਰਾਨੀ ਕੇ ਸੰਗ ਸੋਤ ਨਿਹਾਰੈ ॥

raanee ke sa(n)g sot nihaarai ||

ਇਹ ਬਿਧਿ ਨ੍ਰਿਪ ਸੋ ਜਾਇ ਉਚਾਰੈ ॥੨੮॥

eeh bidh nirap so jai uchaarai ||28||

ਰਾਨੀ ਨ੍ਰਿਪਤਿ ਭੇਦ ਲਖ ਗਈ ॥

raanee nirapat bhedh lakh giee ||

ਤਾ ਤੇ ਵਹਿ ਛੋਰਤ ਨਹਿ ਭਈ ॥

taa te veh chhorat neh bhiee ||

ਅਪਨੇ ਸੰਗ ਤਾਹਿ ਲੈ ਸੋਈ ॥

apane sa(n)g taeh lai soiee ||

ਹਮਰੋ ਦਾਵ ਨ ਲਾਗਤ ਕੋਈ ॥੨੯॥

hamaro dhaav na laagat koiee ||29||

ਜਬ ਇਹ ਭਾਤਿ ਨ੍ਰਿਪਤਿ ਸੁਨਿ ਪਾਵੈ ॥

jab ieh bhaat nirapat sun paavai ||

ਤਹ ਤਿਹ ਆਪੁ ਬਿਲੋਕਨ ਆਵੈ ॥

teh teh aap bilokan aavai ||

ਤ੍ਰਿਯ ਸੋ ਸੋਤ ਜਾਰ ਕੋ ਹੇਰੈ ॥

tiray so sot jaar ko herai ||

ਨਿਹਫਲ ਜਾਇ ਤਿਨੈ ਨਾਹਿ ਛੇਰੈ ॥੩੦॥

nihafal jai tinai naeh chherai ||30||

ਮਾਥੋ ਧੁਨ੍ਯੋ ਨ੍ਰਿਪਤਿ ਸੌ ਕਹਿਯੋ ॥

maatho dhunrayo nirapat sau kahiyo ||

ਹਮਰੋ ਭੇਦ ਰਾਨਿਯਹਿ ਲਹਿਯੋ ॥

hamaro bhedh raaniyeh lahiyo ||

ਤਾ ਤੇ ਯਾਹਿ ਸੰਗ ਲੈ ਸੋਈ ॥

taa te yaeh sa(n)g lai soiee ||

ਮੇਰੀ ਘਾਤ ਨ ਲਾਗਤ ਕੋਈ ॥੩੧॥

meree ghaat na laagat koiee ||31||

ਉਨ ਰਾਨੀ ਐਸੋ ਤਬ ਕੀਯੋ ॥

aun raanee aaiso tab keeyo ||

ਭੇਦ ਭਾਖਿ ਸਖਯਿਨ ਸਭ ਦੀਯੋ ॥

bhedh bhaakh sakhayin sabh dheeyo ||

ਜੋ ਇਹ ਸੋਤ ਅਨਤ ਨ੍ਰਿਪ ਪਾਵੈ ॥

jo ieh sot anat nirap paavai ||

ਪਕਰਿ ਭੋਗਬੇ ਕਾਜ ਮੰਗਾਵੈ ॥੩੨॥

pakar bhogabe kaaj ma(n)gaavai ||32||

ਮੈ ਸੋਵਤ ਤਾ ਤੇ ਇਹ ਸੰਗਾ ॥

mai sovat taa te ieh sa(n)gaa ||

ਅਪਨੇ ਜੋਰ ਅੰਗ ਸੋ ਅੰਗਾ ॥

apane jor a(n)g so a(n)gaa ||

ਭਲੀ ਭਲੀ ਇਸਤ੍ਰਿਨ ਸਭ ਭਾਖੀ ॥

bhalee bhalee isatiran sabh bhaakhee ||

ਜਯੋਂ ਤਯੋਂ ਨਾਰਿ ਨਾਹ ਤੇ ਰਾਖੀ ॥੩੩॥

jayo(n) tayo(n) naar naeh te raakhee ||33||

ਦਿਨ ਦੇਖਤ ਰਾਨੀ ਤਿਹ ਸੰਗਾ ॥

dhin dhekhat raanee teh sa(n)gaa ||

ਸੋਵਤ ਜੋਰ ਅੰਗ ਸੋ ਅੰਗਾ ॥

sovat jor a(n)g so a(n)gaa ||

ਮੂਰਖ ਰਾਵ ਭੇਦ ਨਹਿ ਪਾਵੈ ॥

moorakh raav bhedh neh paavai ||

ਕੋਰੋ ਅਪਨੋ ਮੂੰਡ ਮੁਡਾਵੈ ॥੩੪॥

koro apano moo(n)dd muddaavai ||34||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਨਬੇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੯੦॥੫੫੩੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

dhoi sau nabe charitr samaapatam sat subham sat ||290||5536||afajoo(n)||

ਚੌਪਈ ॥

chauapiee ||

ਪਛਿਮਾਵਤੀ ਨਗਰ ਇਕ ਸੋਹੈ ॥

pachhimaavatee nagar ik sohai ||

ਪਸਚਿਮ ਸੈਨ ਨ੍ਰਿਪਤਿ ਤਹ ਕੋ ਹੈ ॥

pasachim sain nirapat teh ko hai ||

ਪਸਚਿਮ ਦੇ ਰਾਨੀ ਤਾ ਕੇ ਘਰ ॥

pasachim dhe raanee taa ke ghar ||

ਰਹਤ ਪੰਡਿਤਾ ਸਕਲ ਲੋਭਿ ਕਰਿ ॥੧॥

rahat pa(n)dditaa sakal lobh kar ||1||

ਅਧਿਕ ਰੂਪ ਰਾਨੀ ਕੋ ਰਹੈ ॥

adhik roop raanee ko rahai ||

ਜਗ ਤਿਹ ਦੁਤਿਯ ਚੰਦ੍ਰਮਾ ਕਹੈ ॥

jag teh dhutiy cha(n)dhramaa kahai ||

ਤਾ ਪਰ ਰੀਝਿ ਨ੍ਰਿਪਤਿ ਕੀ ਭਾਰੀ ॥

taa par reejh nirapat kee bhaaree ||

ਜਾਨਤ ਊਚ ਨੀਚਿ ਪਨਿਹਾਰੀ ॥੨॥

jaanat uooch neech panihaaree ||2||

ਤਹ ਹੁਤੋ ਰਾਇ ਦਿਲਵਾਲੀ ॥

teh huto rai dhilavaalee ||

ਜਾਨਕ ਦੂਸਰਾਸੁ ਹੈ ਮਾਲੀ ॥

jaanak dhoosaraas hai maalee ||

ਸੋ ਪਹਿ ਜਾਤ ਨ ਪ੍ਰਭਾ ਬਖਾਨੀ ॥

so peh jaat na prabhaa bakhaanee ||

ਉਰਝਿ ਰਹੀ ਦੁਤਿ ਹੇਰਤ ਰਾਨੀ ॥੩॥

aurajh rahee dhut herat raanee ||3||

ਤਾ ਸੌ ਅਧਿਕ ਸਨੇਹ ਬਢਾਯੋ ॥

taa sau adhik saneh baddaayo ||

ਏਕ ਦਿਵਸ ਗ੍ਰਿਹ ਬੋਲਿ ਪਠਾਯੋ ॥

ek dhivas gireh bol paThaayo ||

ਸੋ ਤਬ ਹੀ ਸੁਨਿ ਬਚ ਪਹ ਗਯੋ ॥

so tab hee sun bach peh gayo ||

ਭੇਟਤ ਰਾਜ ਕੁਅਰਿ ਕਹ ਭਯੋ ॥੪॥

bheTat raaj kuar keh bhayo ||4||

ਪੋਸਤ ਭਾਗ ਅਫੀਮ ਮੰਗਾਈ ॥

posat bhaag afeem ma(n)gaiee ||

ਏਕ ਸੇਜ ਪਰ ਬੈਠਿ ਚੜਾਈ ॥

ek sej par baiTh chaRaiee ||

ਜਬ ਮਦ ਸੋ ਮਤਵਾਰੇ ਭਏ ॥

jab madh so matavaare bhe ||

ਤਬ ਹੀ ਸੋਕ ਬਿਸਰਿ ਸਭ ਗਏ ॥੫॥

tab hee sok bisar sabh ge ||5||

ਏਕ ਸੇਜ ਪਰ ਬੈਠਿ ਕਲੋਲਹਿ ॥

ek sej par baiTh kaloleh ||

ਰਸ ਕੀ ਕਥਾ ਰਸਿਕ ਮਿਲਿ ਬੋਲਹਿ ॥

ras kee kathaa rasik mil boleh ||

ਚੁੰਬਨ ਔਰ ਅਲਿੰਗਨ ਕਰਹੀ ॥

chu(n)ban aauar ali(n)gan karahee ||

ਭਾਤਿ ਭਾਤਿ ਕੇ ਭੋਗਨ ਭਰਹੀ ॥੬॥

bhaat bhaat ke bhogan bharahee ||6||

ਰਾਨੀ ਰਮਤ ਅਧਿਕ ਉਰਝਾਈ ॥

raanee ramat adhik urajhaiee ||

ਭੋਗ ਗਏ ਦਿਲਵਾਲੀ ਰਾਈ ॥

bhog ge dhilavaalee raiee ||

ਚਿਤ ਅਪਨੈ ਇਹ ਭਾਤਿ ਬਿਚਾਰੋ ॥

chit apanai ieh bhaat bichaaro ||

ਮੈ ਯਾਹੀ ਕੇ ਸੰਗ ਸਿਧਾਰੋ ॥੭॥

mai yaahee ke sa(n)g sidhaaro ||7||

ਰਾਜ ਪਾਟ ਮੇਰੇ ਕਿਹ ਕਾਜਾ ॥

raaj paaT mere keh kaajaa ||

ਮੋ ਕਹ ਨਹੀ ਸੁਹਾਵਤ ਰਾਜਾ ॥

mo keh nahee suhaavat raajaa ||

ਮੈ ਸਾਜਨ ਕੇ ਸਾਥ ਸਿਧੈਹੌਂ ॥

mai saajan ke saath sidhaihau ||

ਭਲੀ ਬੁਰੀ ਸਿਰ ਮਾਝ ਸਹੈਹੌ ॥੮॥

bhalee buree sir maajh sahaihau ||8||

ਜਹਾ ਸਿੰਘ ਮਾਰਤ ਬਨ ਮਾਹੀ ॥

jahaa si(n)gh maarat ban maahee ||

ਸੁਨਾ ਦੋਹਰਾ ਏਕ ਤਹਾ ਹੀ ॥

sunaa dhoharaa ek tahaa hee ||

ਚੜਿ ਝੰਪਾਨ ਤਿਹ ਠੌਰ ਸਿਧਾਈ ॥

chaR jha(n)paan teh Thauar sidhaiee ||

ਮਿਤ੍ਰਹਿ ਤਹੀ ਸਹੇਟ ਬਤਾਈ ॥੯॥

mitreh tahee saheT bataiee ||9||

ਮਹਾ ਗਹਿਰ ਬਨ ਮੈ ਜਬ ਗਈ ॥

mahaa gahir ban mai jab giee ||

ਲਘੁ ਇਛਾ ਕਹ ਉਤਰਤ ਭਈ ॥

lagh ichhaa keh utarat bhiee ||

ਤਹ ਤੇ ਗਈ ਮਿਤ੍ਰ ਕੇ ਸੰਗਾ ॥

teh te giee mitr ke sa(n)gaa ||

ਛਿਤ ਮੈ ਡਾਰਿ ਸ੍ਰੋਣ ਕੇ ਰੰਗਾ ॥੧੦॥

chhit mai ddaar sron ke ra(n)gaa ||10||

ਜਬ ਤ੍ਰਿਯ ਸਾਥ ਸਜਨ ਕੇ ਗਈ ॥

jab tiray saath sajan ke giee ||

ਤਬ ਅਸ ਸਖੀ ਪੁਕਾਰਤ ਭਈ ॥

tab as sakhee pukaarat bhiee ||

ਲਏ ਸਿੰਘ ਰਾਨੀ ਕਹ ਜਾਈ ॥

le si(n)gh raanee keh jaiee ||

ਕੋਊ ਆਨਿ ਲੇਹੁ ਛੁਟਕਾਈ ॥੧੧॥

kouoo aan leh chhuTakaiee ||11||

ਸੂਰਨ ਸਿੰਘ ਨਾਮ ਸੁਨਿ ਪਾਯੋ ॥

sooran si(n)gh naam sun paayo ||

ਤ੍ਰਸਤ ਭਏ ਅਸ ਕਰਨ ਉਚਾਯੋ ॥

trasat bhe as karan uchaayo ||

ਜਾਇ ਭੇਦ ਰਾਜਾ ਤਨ ਦਯੋ ॥

jai bhedh raajaa tan dhayo ||

ਲੈ ਕਰਿ ਸਿੰਘ ਰਾਨਿਯਹਿ ਗਯੋ ॥੧੨॥

lai kar si(n)gh raaniyeh gayo ||12||

ਨ੍ਰਿਪ ਧੁਨਿ ਸੀਸ ਬਾਇ ਮੁਖ ਰਹਾ ॥

nirap dhun sees bai mukh rahaa ||

ਹੋਨਹਾਰ ਭਯੋ ਹੋਤ ਸੁ ਕਹਾ ॥

honahaar bhayo hot su kahaa ||

ਭੇਦ ਅਭੇਦ ਕਛੂ ਨਹਿ ਪਾਯੋ ॥

bhedh abhedh kachhoo neh paayo ||

ਲੈ ਰਾਨੀ ਕਹ ਜਾਰ ਸਿਧਾਯੋ ॥੧੩॥

lai raanee keh jaar sidhaayo ||13||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਇਕ੍ਯਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੯੧॥੫੫੪੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau ikrayaanavo charitr samaapatam sat subham sat

||291||5549||afajoo(n)||

ਚੌਪਈ ॥

chauapiee ||

ਉਤਰ ਸਿੰਘ ਨ੍ਰਿਪਤਿ ਇਕ ਭਾਰੋ ॥

autar si(n)gh nirapat ik bhaaro ||

ਉਤਰ ਦਿਸਿ ਕੋ ਰਹਤ ਨ੍ਰਿਪਾਰੋ ॥

autar dhis ko rahat nirapaaro ||

ਉਤਰ ਮਤੀ ਧਾਮ ਤਿਹ ਨਾਰੀ ॥

autar matee dhaam teh naaree ||

ਜਾ ਸਮ ਕਾਨ ਸੁਨੀ ਨ ਨਿਹਾਰੀ ॥੧॥

jaa sam kaan sunee na nihaaree ||1||

ਤਹਾ ਲਹੌਰੀ ਰਾਇਕ ਆਯੋ ॥

tahaa lahauaree raik aayo ||

ਰੂਪਵਾਨ ਸਭ ਗੁਨਨ ਸਵਾਯੋ ॥

roopavaan sabh gunan savaayo ||

ਜਬ ਅਬਲਾ ਤਿਹ ਹੇਰਤ ਭਈ ॥

jab abalaa teh herat bhiee ||

ਤਤਛਿਨ ਸਭ ਸੁਧਿ ਬੁਧਿ ਤਜਿ ਦਈ ॥੨॥

tatachhin sabh sudh budh taj dhiee ||2||

ਉਰ ਅੰਚਰਾ ਅੰਗਿਯਾ ਨ ਸੰਭਾਰੈ ॥

aur a(n)charaa a(n)giyaa na sa(n)bhaarai ||

ਕਹਬ ਕਛੂ ਹ੍ਵੈ ਕਛੂ ਉਚਾਰੈ ॥

kahab kachhoo havai kachhoo uchaarai ||

ਪਿਯ ਪਿਯ ਰਟਤ ਸਦਾ ਮੁਖ ਰਹੈ ॥

piy piy raTat sadhaa mukh rahai ||

ਨਿਸ ਦਿਨ ਜਲ ਅਖਿਯਾ ਤੇ ਬਹੈ ॥੩॥

nis dhin jal akhiyaa te bahai ||3||

ਪੂਛਨ ਤਾਹਿ ਰਾਇ ਜਬ ਆਵੈ ॥

poochhan taeh rai jab aavai ||

ਮੁਹੌਂ ਨ ਭਾਖਿ ਉਤਰਹਿ ਦ੍ਰਯਾਵੈ ॥

muhau na bhaakh utareh dhrayaavai ||

ਝੂਮ ਝੂਮਿ ਝਟ ਦੈ ਛਿਤ ਝਰੈ ॥

jhoom jhoom jhaT dhai chhit jharai ||

ਬਾਰ ਬਾਰ ਪਿਯ ਸਬਦ ਉਚਰੈ ॥੪॥

baar baar piy sabadh ucharai ||4||

ਅਦਭੁਤ ਹੇਰਿ ਰਾਇ ਹ੍ਵੈ ਰਹੈ ॥

adhabhut her rai havai rahai ||

ਸਖਿਯਨ ਸੌਂ ਐਸੀ ਬਿਧਿ ਕਹੈ ॥

sakhiyan sau aaisee bidh kahai ||

ਯਾ ਅਬਲਾ ਕੌਂ ਕਸ ਹ੍ਵੈ ਗਯੋ ॥

yaa abalaa kau kas havai gayo ||

ਜਾ ਤੇ ਹਾਲ ਐਸ ਇਹ ਭਯੋ ॥੫॥

jaa te haal aais ieh bhayo ||5||

ਯਾ ਕੌ ਕੌਨ ਜਤਨ ਤਬ ਕਰੈ ॥

yaa kau kauan jatan tab karai ||

ਜਾ ਤੇ ਯਹ ਰਾਨੀ ਨਹਿ ਮਰੈ ॥

jaa te yeh raanee neh marai ||

ਜੋ ਵਹ ਮਾਗੈ ਸੋ ਮੈ ਦੈ ਹੌ ॥

jo veh maagai so mai dhai hau ||

ਰਾਨੀ ਨਿਮਿਤਿ ਕਰਵਤਹਿ ਲੈ ਹੌ ॥੬॥

raanee nimit karavateh lai hau ||6||

ਸਿਰ ਕਰਿ ਤਿਹ ਆਗੈ ਜਲ ਭਰੌ ॥

sir kar teh aagai jal bharau ||

ਬਾਰ ਬਾਰ ਤਾ ਕੇ ਪਗ ਪਰੌਂ ॥

baar baar taa ke pag parau ||

ਜੋ ਰਾਨੀ ਕਾ ਰੋਗ ਮਿਟਾਵੈ ॥

jo raanee kaa rog miTaavai ||

ਰਾਨੀ ਸਹਿਤ ਰਾਜ ਕਹ ਪਾਵੈ ॥੭॥

raanee sahit raaj keh paavai ||7||

ਜੋ ਰਾਨੀ ਕਾ ਰੋਗੁ ਮਿਟਾਵੈ ॥

jo raanee kaa rog miTaavai ||

ਸੋ ਨਰ ਹਮ ਕਹ ਬਹੁਰਿ ਜਿਯਾਵੈ ॥

so nar ham keh bahur jiyaavai ||

ਅਰਧ ਰਾਜ ਰਾਨੀ ਜੁਤ ਲੇਈ ॥

aradh raaj raanee jut leiee ||

ਏਕ ਰਾਤ੍ਰਿ ਹਮ ਕਹ ਤ੍ਰਿਯ ਦੇਈ ॥੮॥

ek raatr ham keh tiray dheiee ||8||

ਏਕ ਦਿਵਸ ਵਹੁ ਰਾਜ ਕਰਾਵੈ ॥

ek dhivas vahu raaj karaavai ||

ਰਾਨੀ ਕੇ ਸੰਗ ਭੋਗ ਕਮਾਵੈ ॥

raanee ke sa(n)g bhog kamaavai ||

ਦੂਸਰ ਦਿਨ ਹਮ ਰਾਜ ਕਮਾਵਹਿ ॥

dhoosar dhin ham raaj kamaaveh ||

ਲੈ ਅਪਨੀ ਇਸਤ੍ਰਿਯਹਿ ਬਜਾਵਹਿ ॥੯॥

lai apanee isatirayeh bajaaveh ||9||

ਜਬ ਬਹੁ ਬਿਧਿ ਨ੍ਰਿਪ ਐਸ ਉਚਰਾ ॥

jab bahu bidh nirap aais ucharaa ||

ਸਹਚਰਿ ਏਕ ਜੋਰ ਦੋਊ ਕਰਾ ॥

sahachar ek jor dhouoo karaa ||

ਯੌ ਰਾਜਾ ਸੌ ਬਚਨ ਉਚਾਰੇ ॥

yau raajaa sau bachan uchaare ||

ਸੁ ਮੈ ਕਹਤ ਹੌਂ ਸੁਨਹੋ ਪਜਾਰੇ ॥੧੦॥

s mai kahat hau sunaho payaare ||10||

ਏਕ ਬੈਦ ਤੁਮ ਤਾਹਿ ਬੁਲਾਵੌ ॥

ek baidh tum taeh bulaavau ||

ਤਾ ਤੇ ਇਹ ਉਪਚਾਰ ਕਰਾਵੋ ॥

taa te ieh upachaar karaavo ||

ਸੋ ਛਿਨ ਮੈ ਯਾ ਕੋ ਦੁਖ ਹਰਿ ਹੈ ॥

so chhin mai yaa ko dhukh har hai ||

ਰੋਗਨਿ ਤੇ ਸੁ ਅਰੋਗਿਨਿ ਕਰਿ ਹੈ ॥੧੧॥

rogan te su arogin kar hai ||11||

ਜਬ ਰਾਜੇ ਐਸੇ ਸੁਨਿ ਪਾਵਾ ॥

jab raaje aaise sun paavaa ||

ਤਤਛਿਨ ਤਾ ਕਹ ਬੋਲਿ ਪਠਾਵਾ ॥

tatachhin taa keh bol paThaavaa ||

ਰਾਨੀ ਕੀ ਨਾਟਿਕਾ ਦਿਖਾਈ ॥

raanee kee naaTikaa dhikhaiee ||

ਬੋਲਾ ਬੈਦ ਦੇਖਿ ਸੁਖਦਾਈ ॥੧੨॥

bolaa baidh dhekh sukhadhaiee ||12||

ਦੁਖ ਜੌਨੇ ਇਹ ਤਰੁਨਿ ਦੁਖਾਈ ॥

dhukh jauane ieh tarun dhukhaiee ||

ਸੋ ਦੁਖ ਤੁਮ ਸੋ ਕਹਿਯੋ ਨ ਜਾਈ ॥

so dhukh tum so kahiyo na jaiee ||

ਜਾਨ ਮਾਫ ਹਮਰੀ ਜੋ ਕੀਜੈ ॥

jaan maaf hamaree jo keejai ||

ਪਾਛੇ ਬਾਤ ਸਕਲ ਸੁਨਿ ਲੀਜੈ ॥੧੩॥

paachhe baat sakal sun leejai ||13||

ਯਾ ਰਾਨੀ ਕਹ ਕਾਮ ਸੰਤਾਯੋ ॥

yaa raanee keh kaam sa(n)taayo ||

ਤੁਮ ਨਹਿ ਇਹ ਸੰਗ ਭੋਗ ਕਮਾਯੋ ॥

tum neh ieh sa(n)g bhog kamaayo ||

ਤਾ ਤੇ ਯਹਿ ਰੋਗ ਗਹਿ ਲੀਨਾ ॥

taa te yeh rog geh leenaa ||

ਹਮ ਤੇ ਜਾਤ ਉਪਾ ਨ ਕੀਨਾ ॥੧੪॥

ham te jaat upaa na keenaa ||14||

ਯਹ ਮਦ ਮਤ ਮੈਨ ਤ੍ਰਿਯ ਭਰੀ ॥

yeh madh mat main tiray bharee ||

ਤੁਮ ਕ੍ਰੀੜਾ ਇਹ ਸਾਥ ਨ ਕਰੀ ॥

tum kreeRaa ieh saath na karee ||

ਅਬ ਯਹ ਅਧਿਕ ਭੋਗ ਜਬ ਪਾਵੈ ॥

ab yeh adhik bhog jab paavai ||

ਯਾ ਕੋ ਰੋਗ ਦੂਰ ਹ੍ਵੈ ਜਾਵੈ ॥੧੫॥

yaa ko rog dhoor havai jaavai ||15||

ਇਹ ਤੁਮ ਤਬ ਉਪਚਾਰ ਕਰਾਵੋ ॥

eeh tum tab upachaar karaavo ||

ਬਚਨ ਹਾਥ ਮੋਰੇ ਪਰ ਦ੍ਰਯਾਵੋ ॥

bachan haath more par dhrayaavo ||

ਜਬ ਇਹ ਦੁਖ ਮੈ ਦੂਰ ਕਰਾਊ ॥

jab ieh dhukh mai dhoor karaauoo ||

ਅਰਧ ਰਾਜ ਰਾਨੀ ਜੁਤ ਪਾਊ ॥੧੬॥

aradh raaj raanee jut paauoo ||16||

ਭਲੀ ਭਲੀ ਰਾਜੈ ਤਬ ਭਾਖੀ ॥

bhalee bhalee raajai tab bhaakhee ||

ਹਮਹੂੰ ਇਹ ਹਿਰਦੈ ਮਥਿ ਰਾਖੀ ॥

hamahoo(n) ieh hiradhai math raakhee ||

ਪ੍ਰਥਮ ਰੋਗ ਤੁਮ ਯਾਹਿ ਮਿਟਾਵੋ ॥

pratham rog tum yaeh miTaavo ||

ਅਰਧ ਰਾਜ ਰਾਨੀ ਜੁਤ ਪਾਵੋ ॥੧੭॥

aradh raaj raanee jut paavo ||17||

ਪ੍ਰਥਮਹਿ ਬਚਨ ਨ੍ਰਿਪਤਿ ਤੇ ਲਿਯਾ ॥

prathameh bachan nirapat te liyaa ||

ਪੁਨਿ ਉਪਚਾਰ ਤਰੁਨਿ ਕੋ ਕਿਯਾ ॥

pun upachaar tarun ko kiyaa ||

ਭੋਗ ਕਿਯੋ ਤ੍ਰਿਯ ਰੋਗ ਮਿਟਾਯੋ ॥

bhog kiyo tiray rog miTaayo ||

ਅਰਧ ਰਾਜ ਰਾਨੀ ਜੁਤ ਪਾਯੋ ॥੧੮॥

aradh raaj raanee jut paayo ||18||

ਅਰਧ ਰਾਜ ਇਹ ਛਲ ਤਿਹ ਦਿਯੋ ॥

aradh raaj ieh chhal teh dhiyo ||

ਰਾਨੀ ਭੋਗ ਮਿਤ੍ਰ ਸੰਗ ਕਿਯੋ ॥

raanee bhog mitr sa(n)g kiyo ||

ਮੂਰਖ ਨਾਹ ਨਾਹਿ ਛਲ ਪਾਯੋ ॥

moorakh naeh naeh chhal paayo ||

ਪ੍ਰਗਟ ਆਪਨੋ ਮੂੰਡ ਮੁੰਡਾਯੋ ॥੧੯॥

pragaT aapano moo(n)dd mu(n)ddaayo ||19||

ਦੋਹਰਾ ॥

dhoharaa ||

ਇਹ ਛਲ ਰਾਨੀ ਨ੍ਰਿਪ ਛਲਾ ਰਮੀ ਮਿਤ੍ਰ ਕੇ ਸਾਥ ॥

eeh chhal raanee nirap chhalaa ramee mitr ke saath ||

ਅਰਧ ਰਾਜ ਤਾ ਕੋ ਦਿਯਾ ਭੇਦ ਨ ਪਾਯੋ ਨਾਥ ॥੨੦॥

aradh raaj taa ko dhiyaa bhedh na paayo naath ||20||

ਚੌਪਈ ॥

chauapiee ||

ਇਹ ਬਿਧਿ ਅਰਧ ਰਾਜ ਤਿਹ ਦੀਯੋ ॥

eeh bidh aradh raaj teh dheeyo ||

ਮੂਰਖ ਪਤਿ ਕਹ ਅਸਿ ਛਲਿ ਲੀਯੋ ॥

moorakh pat keh as chhal leeyo ||

ਇਕ ਦਿਨ ਰਨਿਯਹਿ ਜਾਰ ਬਜਾਵੈ ॥

eik dhin raniyeh jaar bajaavai ||

ਅਰਧ ਰਾਜ ਤਿਹ ਆਪ ਕਮਾਵੈ ॥੨੧॥

aradh raaj teh aap kamaavai ||21||

ਇਕ ਦਿਨ ਆਵੈ ਨ੍ਰਿਪ ਕੈ ਧਾਮਾ ॥

eik dhin aavai nirap kai dhaamaa ||

ਇਕ ਦਿਨ ਭਜੈ ਜਾਰ ਕੌ ਬਾਮਾ ॥

eik dhin bhajai jaar kau baamaa ||

ਇਕ ਦਿਨ ਰਾਜਾ ਰਾਜ ਕਮਾਵੈ ॥

eik dhin raajaa raaj kamaavai ||

ਜਾਰ ਛਤ੍ਰ ਦਿਨ ਦੁਤਿਯ ਢਰਾਵੈ ॥੨੨॥

jaar chhatr dhin dhutiy ddaraavai ||22||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਬਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੯੨॥੫੫੭੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau baanavo charitr samaapatam sat subham sat

||292||5571||afajoo(n)||

ਚੌਪਈ ॥

chauapiee ||

ਰਾਜਪੁਰੀ ਨਗਰੀ ਹੈ ਜਹਾ ॥

raajapuree nagaree hai jahaa ||

ਰਾਜ ਸੈਨ ਰਾਜਾ ਇਕ ਤਹਾ ॥

raaj sain raajaa ik tahaa ||

ਰਾਜ ਦੇਈ ਤਾ ਕੇ ਗ੍ਰਿਹ ਨਾਰੀ ॥

raaj dheiee taa ke gireh naaree ||

ਚੰਦ੍ਰ ਲਈ ਜਾ ਤੇ ਉਜਿਯਾਰੀ ॥੧॥

cha(n)dhr liee jaa te ujiyaaree ||1||

ਨ੍ਰਿਪ ਸੌ ਅਤਿ ਤ੍ਰਿਯ ਕੋ ਹਿਤ ਰਹੈ ॥

nirap sau at tiray ko hit rahai ||

ਸੋਈ ਕਰਤ ਜੁ ਰਾਨੀ ਕਹੈ ॥

soiee karat ju raanee kahai ||

ਔਰ ਨਾਰਿ ਕੇ ਧਾਮ ਨ ਜਾਵੈ ॥

aauar naar ke dhaam na jaavai ||

ਅਧਿਕ ਨਾਰ ਕੇ ਤ੍ਰਾਸ ਤ੍ਰਸਾਵੈ ॥੨॥

adhik naar ke traas trasaavai ||2||

ਰਾਨੀ ਕੀ ਆਗਜਾ ਸਭ ਮਾਨੈ ॥

raanee kee aagayaa sabh maanai ||

ਰਾਜਾ ਕੋ ਕਰਿ ਕਛੂ ਨ ਜਾਨੈ ॥

raajaa ko kar kachhoo na jaanai ||

ਮਾਰਿਯੋ ਚਹਤ ਨਾਰਿ ਤਿਹ ਮਾਰੈ ॥

maariyo chahat naar teh maarai ||

ਜਿਹ ਜਾਨੈ ਤਿਹ ਪ੍ਰਾਨ ਉਬਾਰੈ ॥੩॥

jeh jaanai teh praan ubaarai ||3||

ਬੇਸ੍ਵਾ ਏਕ ਠੌਰ ਤਿਹ ਆਈ ॥

besavaiaa ek Thauar teh aaiee ||

ਤਿਹ ਪਰ ਰਹੇ ਨ੍ਰਿਪਤਿ ਉਰਝਾਈ ॥

teh par rahe nirapat urajhaiee ||

ਚਹਤ ਚਿਤ ਮਹਿ ਤਾਹਿ ਬੁਲਾਵੈ ॥

chahat chit meh taeh bulaavai ||

ਨਿਜੁ ਨਾਰੀ ਕੈ ਤ੍ਰਾਸ ਤ੍ਰਸਾਵੈ ॥੪॥

nij naaree kai traas trasaavai ||4||

ਜਬ ਰਾਨੀ ਐਸੇ ਸੁਨਿ ਪਾਈ ॥

jab raanee aaise sun paiee ||

ਇਹੈ ਚਿਤ ਅਪਨੇ ਠਹਰਾਈ ॥

eihai chit apane Thaharaiee ||

ਜੋ ਮੈ ਧਾਮ ਜਾਰ ਕੇ ਜਾਊ ॥

jo mai dhaam jaar ke jaauoo ||

ਨ੍ਰਿਪਨ ਕਹੈ ਕਛੁ ਮਾਫ ਕਰਾਊ ॥੫॥

nirapan kahai kachh maaf karaauoo ||5||

ਰੈਨਿ ਸਮੈ ਜਬ ਤਹ ਨ੍ਰਿਪ ਆਏ ॥

rain samai jab teh nirap aae ||

ਇਹ ਬਿਧਿ ਰਾਨੀ ਬਚਨ ਸੁਨਾਏ ॥

eeh bidh raanee bachan sunaae ||

ਮੋ ਤੇ ਤਾਹਿ ਸੁੰਦਰਿ ਤਿਹ ਜਾਨੌ ॥

mo te taeh su(n)dhar teh jaanau ||

ਜਾ ਸੋ ਪ੍ਰੀਤਿ ਰਾਇ ਤੁਮ ਠਾਨੌ ॥੬॥

jaa so preet rai tum Thaanau ||6||

ਤਾ ਤੇ ਅਧਿਕ ਰੋਖ ਮੁਹਿ ਭਯੋ ॥

taa te adhik rokh muh bhayo ||

ਬੇਸ੍ਵਾ ਕੇ ਰਾਜਾ ਗ੍ਰਿਹ ਗਯੋ ॥

besavaiaa ke raajaa gireh gayo ||

ਇਹ ਅਪਨੀ ਭਗਨਿਯਹਿ ਨ ਭਜੋ ॥

eeh apanee bhaganiyeh na bhajo ||

ਮੋ ਸੋ ਪ੍ਰੀਤਿ ਨਤਰ ਤੁਮ ਤਜੋ ॥੭॥

mo so preet natar tum tajo ||7||

ਜੌ ਤੁਮ ਬੇਸ੍ਵਾ ਕੇ ਗ੍ਰਿਹ ਜੈਹੋ ॥

jau tum besavaiaa ke gireh jaiho ||

ਕਾਮ ਭੋਗ ਤਿਹ ਸਾਥ ਕਮੈ ਹੋ ॥

kaam bhog teh saath kamai ho ||

ਤਬ ਮੈ ਧਾਮ ਜਾਰ ਕੇ ਜੈਹੋ ॥

tab mai dhaam jaar ke jaiho ||

ਤੇਰੇ ਫੂਲਿ ਡਾਰਿ ਸਿਰ ਐ ਹੋ ॥੮॥

tere fool ddaar sir aai ho ||8||

ਪ੍ਰਥਮ ਬਾਤ ਮੁਹਿ ਯਹ ਲਿਖਿ ਦ੍ਰਯਾਵਹੁ ॥

pratham baat muh yeh likh dhrayaavahu ||

ਜਿਹ ਜਾਨਹੁ ਤਿਹ ਬਹੁਰਿ ਬੁਲਾਵਹੁ ॥

jeh jaanahu teh bahur bulaavahu ||

ਜਿਹ ਚਾਹੌ ਤਿਹ ਹੌਹੂੰ ਬੁਲਾਵੌਂ ॥

jeh chaahau teh hauahoo(n) bulaavau ||

ਕਾਮ ਕੇਲ ਤਿਹ ਸਾਥ ਕਮਾਵੌਂ ॥੯॥

kaam kel teh saath kamaavau ||9||

ਜਬ ਇਹ ਭਾਤਿ ਸੁਨੇ ਨ੍ਰਿਪ ਬੈਨਾ ॥

jab ieh bhaat sune nirap bainaa ||

ਜੋਰਿ ਰਹਾ ਨੈਨਨ ਸੋ ਨੈਨਾ ॥

jor rahaa nainan so nainaa ||

ਚੁਪ ਹ੍ਵੈ ਰਹਾ ਕਛੂ ਨਹਿ ਕਹਿਯੋ ॥

chup havai rahaa kachhoo neh kahiyo ||

ਤਵਨ ਭੇਦ ਇਸਤ੍ਰੀ ਇਨ ਲਹਿਯੋ ॥੧੦॥

tavan bhedh isatree in lahiyo ||10||

ਮੋਰੀ ਲਗਨ ਉਤੈ ਲਗਿ ਗਈ ॥

moree lagan utai lag giee ||

ਤਬ ਰਾਨੀ ਅਸਿ ਬਾਤ ਠਟਈ ॥

tab raanee as baat ThaTiee ||

ਤਾ ਕੋ ਕਰਿਯੈ ਕਵਨ ਉਪਾਈ ॥

taa ko kariyai kavan upaiee ||

ਮੁਹਿ ਤੇ ਤਜੀ ਨ ਬੇਸ੍ਵਾ ਜਾਈ ॥੧੧॥

muh te tajee na besavaiaa jaiee ||11||

ਅਬ ਯਹ ਬਾਤ ਰਾਨਿਯਹਿ ਗਹੀ ॥

ab yeh baat raaniyeh gahee ||

ਮੋਰਿ ਪ੍ਰੀਤਿ ਬੇਸ੍ਵਾ ਸੰਗ ਲਹੀ ॥

mor preet besavaiaa sa(n)g lahee ||

ਵਾ ਬਿਨੁ ਮੋ ਸੌ ਰਹਿਯੋ ਨ ਜਾਈ ॥

vaa bin mo sau rahiyo na jaiee ||

ਤਾਹਿ ਭਜੇ ਕਰ ਤੇ ਤ੍ਰਿਯ ਜਾਈ ॥੧੨॥

taeh bhaje kar te tiray jaiee ||12||

ਜਬ ਨ੍ਰਿਪ ਫਿਰਿ ਰਾਨੀ ਕੇ ਆਯੋ ॥

jab nirap fir raanee ke aayo ||

ਤਬ ਰਾਨੀ ਇਹ ਭਾਤਿ ਸੁਨਾਯੋ ॥

tab raanee ieh bhaat sunaayo ||

ਤੁਹਿ ਬੇਸ੍ਵਾ ਕੇ ਗਯੋ ਸੁਨਿ ਪੈਹੌਂ ॥

tuh besavaiaa ke gayo sun paihau ||

ਤਬ ਮੈ ਭੋਗ ਜਾਰ ਸੌਂ ਕੈਹੌਂ ॥੧੩॥

tab mai bhog jaar sau kaihau ||13||

ਅਬ ਤੁਮ ਹ੍ਵੈ ਨ੍ਰਿਧਾਤ ਪਿਯ ਗਏ ॥

ab tum havai niradhaat piy ge ||

ਤਾ ਤੇ ਸੁਤ ਗ੍ਰਿਹ ਹੋਤ ਨ ਭਏ ॥

taa te sut gireh hot na bhe ||

ਜਬ ਭਜਿ ਹੈ ਜੁ ਲੋਗ ਇਹ ਬਾਮਾ ॥

jab bhaj hai ju log ieh baamaa ||

ਹ੍ਵੈ ਹੈ ਪੂਤ ਤਿਹਾਰੋ ਧਾਮਾ ॥੧੪॥

havai hai poot tihaaro dhaamaa ||14||

ਤਬ ਰਾਜੈ ਯੌ ਹ੍ਰਿਦੈ ਬਿਚਾਰੀ ॥

tab raajai yau hiradhai bichaaree ||

ਭਲੀ ਬਾਤ ਰਾਨਿਯਹਿ ਉਚਾਰੀ ॥

bhalee baat raaniyeh uchaaree ||

ਤਾ ਕੌ ਭੋਗ ਮਾਫ ਲਿਖਿ ਦੀਯੋ ॥

taa kau bhog maaf likh dheeyo ||

ਆਪ ਗਵਨ ਬੇਸ੍ਵਾ ਕੇ ਕੀਯੋ ॥੧੫॥

aap gavan besavaiaa ke keeyo ||15||

ਜਬ ਰਾਜਾ ਬੇਸ੍ਵਾ ਕੇ ਜਾਵੈ ॥

jab raajaa besavaiaa ke jaavai ||

ਜਿਹ ਚਾਹੈ ਤਿਹ ਨਾਰਿ ਬੁਲਾਵੈ ॥

jeh chaahai teh naar bulaavai ||

ਕਾਮ ਭੋਗ ਤੋ ਸੌ ਦ੍ਰਿੜ ਕਰਈ ॥

kaam bhog to sau dhiraR kariee ||

ਹ੍ਰਿਦੈ ਨ੍ਰਿਪਤਿ ਕੀ ਸੰਕ ਨ ਧਰਈ ॥੧੬॥

hiradhai nirapat kee sa(n)k na dhariee ||16||

ਰਾਨੀ ਬੇਸ੍ਵਹਿ ਆਪੁ ਬੁਲਾਯੋ ॥

raanee besavaih aap bulaayo ||

ਇਹ ਛਲ ਰਾਜਾ ਤੇ ਲਿਖਿਵਾਯੋ ॥

eeh chhal raajaa te likhivaayo ||

ਜਿਹ ਚਾਹੈ ਤਿਹ ਬੋਲਿ ਪਠਾਵੈ ॥

jeh chaahai teh bol paThaavai ||

ਕਾਮ ਭੋਗਿ ਰੁਚਿ ਮਾਨਿ ਕਮਾਵੈ ॥੧੭॥

kaam bhog ruch maan kamaavai ||17||

ਮੂਰਖ ਭੇਦ ਨ ਰਾਜੈ ਪਾਯੋ ॥

moorakh bhedh na raajai paayo ||

ਇਹ ਛਲ ਅਪਨੋ ਮੂੰਡ ਮੁਡਾਯੋ ॥

eeh chhal apano moo(n)dd muddaayo ||

ਅਬਲਾ ਐਸੋ ਚਰਿਤ ਬਨਯੋ ॥

abalaa aaiso charit banayo ||

ਪਤਿ ਤੇ ਭੋਗ ਮਾਫ ਕਰਿ ਲਯੋ ॥੧੮॥

pat te bhog maaf kar layo ||18||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਤਰਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੯੩॥੫੫੯੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau taraanavo charitr samaapatam sat subham sat

||293||5589||afajoo(n)||

ਚੌਪਈ ॥

chauapiee ||

ਅਨਦਾਵਤੀ ਨਗਰ ਇਕ ਸੁਨਾ ॥

anadhaavatee nagar ik sunaa ||

ਆਨਦ ਸੈਨ ਨ੍ਰਿਪਤਿ ਬਹੁ ਗੁਨਾ ॥

aanadh sain nirapat bahu gunaa ||

ਅਨਦਾਵਤੀ ਸਦਨ ਤਿਹ ਬਾਲਾ ॥

anadhaavatee sadhan teh baalaa ||

ਜਗਤ ਭਯੋ ਤਾ ਤੇ ਉਜਿਯਾਲਾ ॥੧॥

jagat bhayo taa te ujiyaalaa ||1||

ਅਧਿਕ ਰੂਪ ਬਿਧਿਨਾ ਤਿਹ ਕੀਨਾ ॥

adhik roop bidhinaa teh keenaa ||

ਜਾ ਸਮ ਰੂਪ ਨ ਦੂਸਰ ਦੀਨਾ ॥

jaa sam roop na dhoosar dheenaa ||

ਆਯੋ ਪੁਰਖ ਏਕ ਤਬ ਬਨੋ ॥

aayo purakh ek tab bano ||

ਰਾਨੀ ਤੇ ਸੁੰਦਰਿ ਥੋ ਘਨੋ ॥੨॥

raanee te su(n)dhar tho ghano ||2||

ਜਬ ਅਬਲਾ ਤਿਹ ਰੂਪ ਨਿਹਾਰਾ ॥

jab abalaa teh roop nihaaraa ||

ਮਦਨ ਬਾਨ ਤਾ ਕੇ ਤਨ ਮਾਰਾ ॥

madhan baan taa ke tan maaraa ||

ਰੀਝਿ ਰਹੀ ਸੁੰਦਰਿ ਮਨ ਮਾਹੀ ॥

reejh rahee su(n)dhar man maahee ||

ਘਰ ਬਾਹਰ ਕੀ ਕਛੁ ਸੁਧਿ ਨਾਹੀ ॥੩॥

ghar baahar kee kachh sudh naahee ||3||

ਪਠੈ ਹਿਤੂ ਇਕ ਤਾਹਿ ਬੁਲਾਵਾ ॥

paThai hitoo ik taeh bulaavaa ||

ਕਾਮ ਭੋਗ ਤਿਹ ਸਾਥ ਕਮਾਵਾ ॥

kaam bhog teh saath kamaavaa ||

ਮਨ ਮਾਨਤ ਆਸਨ ਤਿਹ ਦਏ ॥

man maanat aasan teh dhe ||

ਚੁੰਬਨ ਔਰ ਅਲਿੰਗਨ ਲਏ ॥੪॥

chu(n)ban aauar ali(n)gan le ||4||

ਅਧਿਕ ਮਿਤ੍ਰ ਰਾਨੀ ਕਹ ਭਾਯੋ ॥

adhik mitr raanee keh bhaayo ||

ਇਹ ਬਿਧਿ ਤਾਹਿ ਪ੍ਰਬੋਧ ਜਨਾਯੋ ॥

eeh bidh taeh prabodh janaayo ||

ਕਹਾ ਉਜਾਰਿ ਜਹਾ ਬਡ ਅਹੀ ॥

kahaa ujaar jahaa badd ahee ||

ਆਸਨ ਲਾਇ ਬੈਠਿਯੋ ਤਹੀ ॥੫॥

aasan lai baiThiyo tahee ||5||

ਸਭ ਹੀ ਅੰਗ ਬਿਭੂਤਿ ਚੜੈਯਹੁ ॥

sabh hee a(n)g bibhoot chaRaiyahu ||

ਦ੍ਰੁਮ ਤਰ ਬੈਠੇ ਧ੍ਯਾਨ ਲਗੈਯਹੁ ॥

dhrum tar baiThe dhayaan lagaiyahu ||

ਰਾਜਾ ਸਹਿਤ ਤਹਾ ਹਮ ਐਹੈਂ ॥

raajaa sahit tahaa ham aaihai(n) ||

ਤੁਮੈ ਧਾਮ ਜ੍ਯੋਂ ਤ੍ਯੋਂ ਲੈ ਜੈਹੈਂ ॥੬॥

tumai dhaam jayo(n) tayo(n) lai jaihai(n) ||6||

ਮਾਨਿ ਜਾਰ ਸੋਈ ਬਚ ਲਯੋ ॥

maan jaar soiee bach layo ||

ਭੇਖ ਅਤਿਥ ਕੋ ਧਾਰਤ ਭਯੋ ॥

bhekh atith ko dhaarat bhayo ||

ਆਸਨ ਏਕ ਬ੍ਰਿਛ ਤਰ ਮਾਰਾ ॥

aasan ek birachh tar maaraa ||

ਯੌ ਰਾਜਾ ਸੌ ਨਾਰਿ ਉਚਾਰਾ ॥੭॥

yau raajaa sau naar uchaaraa ||7||

ਸੋਵਤ ਹੁਤੀ ਸੁਪਨ ਮੈ ਪਾਯੋ ॥

sovat hutee supan mai paayo ||

ਮਹਾ ਰੁਦ੍ਰ ਮੇਰੇ ਗ੍ਰਿਹ ਆਯੋ ॥

mahaa rudhr mere gireh aayo ||

ਪਾਵ ਸਾਥ ਤਿਨ ਮੋਹਿ ਜਗਾਯੋ ॥

paav saath tin moh jagaayo ||

ਅਧਿਕ ਕ੍ਰਿਪਾ ਕਰਿ ਬਚਨ ਸੁਨਾਯੋ ॥੮॥

adhik kirapaa kar bachan sunaayo ||8||

ਤੁਮ ਰਾਜਾ ਜੂ ਸਾਥ ਉਚਰਿਯਹੁ ॥

tum raajaa joo saath uchariyahu ||

ਏਕ ਬਾਤ ਚਿਤ ਭੀਤਰਿ ਧਰਿਯਹੁ ॥

ek baat chit bheetar dhariyahu ||

ਏਕ ਰਖੀਸੁਰ ਬਨ ਮਹਿ ਸੁਨਾ ॥

ek rakheesur ban meh sunaa ||

ਤਾ ਸਮ ਭਯੋ ਨ ਹੈ ਕਹੂੰ ਮੁਨਾ ॥੯॥

taa sam bhayo na hai kahoo(n) munaa ||9||

ਰਾਜਾ ਸਹਿਤ ਜਾਇ ਤਿਹ ਲ੍ਯੈਯਹੁ ॥

raajaa sahit jai teh lrayaiyahu ||

ਦ੍ਵਾਦਸ ਬਰਖ ਸੰਗ ਲੈ ਸ੍ਵੈਯਹੁ ॥

dhavaiaadhas barakh sa(n)g lai savaiyahu ||

ਨਿਹਸੰਸੈ ਘਰ ਮੈ ਸੁਤ ਹੋਈ ॥

nihasa(n)sai ghar mai sut hoiee ||

ਯਾ ਮੈ ਬਾਤ ਨ ਦੂਜੀ ਕੋਈ ॥੧੦॥

yaa mai baat na dhoojee koiee ||10||

ਮਹਾ ਜਤੀ ਤਿਹ ਮੁਨਿ ਕੋ ਜਾਨਹੁ ॥

mahaa jatee teh mun ko jaanahu ||

ਕਹੂੰ ਨ ਬਿਨਸਾ ਤਾਹਿ ਪਛਾਨਹੁ ॥

kahoo(n) na binasaa taeh pachhaanahu ||

ਰੰਭਾਦਿਕ ਇਸਤ੍ਰੀ ਪਚਿ ਹਾਰੀ ॥

ra(n)bhaadhik isatree pach haaree ||

ਬ੍ਰਤ ਤੇ ਟਰਾ ਨ ਰਿਖਿ ਬ੍ਰਤ ਧਾਰੀ ॥੧੧॥

brat te Taraa na rikh brat dhaaree ||11||

ਹਮ ਤੁਮ ਸਾਥ ਤਹਾ ਦੋਊ ਜਾਵੈਂ ॥

ham tum saath tahaa dhouoo jaavai(n) ||

ਜਯੋਂ ਤਯੋਂ ਮੁਨਹਿ ਪਾਇ ਪਰ ਲਯਾਵੈਂ ॥

jayo(n) tayo(n) muneh pai par layaavai(n) ||

ਬਾਰਹ ਬਰਿਸ ਮੋਰਿ ਸੰਗ ਸ੍ਵਾਵਹੁ ॥

baareh baris mor sa(n)g savaiaavahu ||

ਨਿਹਸੰਸੈ ਘਰ ਮੈ ਸੁਤ ਪਾਵਹੁ ॥੧੨॥

nihasa(n)sai ghar mai sut paavahu ||12||

ਸੁਨਿ ਬਚ ਨ੍ਰਿਪ ਉਠਿ ਠਾਢੋ ਭਯੋ ॥

sun bach nirap uTh Thaaddo bhayo ||

ਰਾਨੀ ਸਹਿਤ ਤਵਨ ਬਨ ਗਯੋ ॥

raanee sahit tavan ban gayo ||

ਜਹ ਛ੍ਵੈ ਬ੍ਰਿਛ ਗਗਨ ਤਨ ਰਹੇ ॥

jeh chhavai birachh gagan tan rahe ||

ਘੋਰ ਭਯਾਨਕ ਜਾਤ ਨ ਕਹੇ ॥੧੩॥

ghor bhayaanak jaat na kahe ||13||

ਰਾਨੀ ਸਹਿਤ ਰਾਵ ਤਹ ਗਯੋ ॥

raanee sahit raav teh gayo ||

ਹੇਰਤ ਤਵਨ ਮੁਨੀਸਹਿ ਭਯੋ ॥

herat tavan muneeseh bhayo ||

ਨਾਰਿ ਸਹਿਤ ਪਾਇਨ ਤਿਹ ਪਰਿਯੋ ॥

naar sahit pain teh pariyo ||

ਚਿਤ ਮੈ ਇਹੈ ਬਿਚਾਰ ਬਿਚਾਰਿਯੋ ॥੧੪॥

chit mai ihai bichaar bichaariyo ||14||

ਜੋ ਸਿਵ ਸੁਪਨ ਸਮੈ ਕਹਿ ਗਯੋ ॥

jo siv supan samai keh gayo ||

ਸੋ ਹਮ ਸਾਚੁ ਦ੍ਰਿਗਨ ਲਹਿ ਲਯੋ ॥

so ham saach dhiragan leh layo ||

ਜਯੋਂ ਤਯੋਂ ਕਰਿ ਇਹ ਗ੍ਰਿਹ ਲੈ ਜਾਊਂ ॥

jayo(n) tayo(n) kar ieh gireh lai jaauooaa(n) ||

ਲੈ ਰਾਨੀ ਕੇ ਸਾਥ ਸੁਵਾਊਂ ॥੧੫॥

lai raanee ke saath suvaauooaa(n) ||15||

ਜਯੋਂ ਜਯੋਂ ਨ੍ਰਿਪ ਪਾਇਨ ਪਰ ਪਰੈ ॥

jayo(n) jayo(n) nirap pain par parai ||

ਤਯੋਂ ਤਯੋਂ ਮੁਨਿ ਆਂਖੈ ਨ ਉਘਰੈ ॥

tayo(n) tayo(n) mun aa(n)khai na ugharai ||

ਤਯੋਂ ਰਾਜਾ ਸੀਸਹਿ ਨਿਹੁਰਾਵੈ ॥

tayo(n) raajaa seeseh nihuraavai ||

ਤਾ ਕਹ ਮਹਾ ਮੁਨੀ ਠਹਰਾਵੈ ॥੧੬॥

taa keh mahaa munee Thaharaavai ||16||

ਜਬ ਨ੍ਰਿਪ ਅਨਿਕ ਬਾਰ ਪਗ ਪਰਾ ॥

jab nirap anik baar pag paraa ||

ਤਬ ਆਂਖੈ ਮੁਨਿ ਦੁਹੂੰ ਉਘਰਾ ॥

tab aa(n)khai mun dhuhoo(n) ugharaa ||

ਤਾ ਸੌ ਕਹਾ ਕਿਹ ਨਮਿਤਿ ਆਯੋ ॥

taa sau kahaa keh namit aayo ||

ਕਿਹ ਕਾਰਨ ਇਸਤ੍ਰੀ ਸੰਗ ਲਯਾਯੋ ॥੧੭॥

keh kaaran isatree sa(n)g layaayo ||17||

ਹਮ ਹੈ ਮੁਨਿ ਕਾਨਨ ਕੇ ਬਾਸੀ ॥

ham hai mun kaanan ke baasee ||

ਏਕ ਨਾਮ ਜਾਨਤ ਅਬਿਨਾਸੀ ॥

ek naam jaanat abinaasee ||

ਰਾਜਾ ਪ੍ਰਜਾ ਬਸਤ ਕਿਹ ਠੌਰਾ ॥

raajaa prajaa basat keh Thauaraa ||

ਹਮ ਪ੍ਰਭ ਕੇ ਰਾਚੇ ਰਸ ਬੌਰਾ ॥੧੮॥

ham prabh ke raache ras bauaraa ||18||

ਯਹ ਸੰਪਤਿ ਹਮਰੇ ਕਿਹ ਕਾਜਾ ॥

yeh sa(n)pat hamare keh kaajaa ||

ਜੋ ਲੈ ਹਮੈ ਦਿਖਾਵਤ ਰਾਜਾ ॥

jo lai hamai dhikhaavat raajaa ||

ਹਮ ਨਹਿ ਧਾਮ ਕਿਸੂ ਕੇ ਜਾਹੀ ॥

ham neh dhaam kisoo ke jaahee ||

ਬਨ ਹੀ ਮਹਿ ਹਰਿ ਧਯਾਨ ਲਗਾਹੀ ॥੧੯॥

ban hee meh har dhayaan lagaahee ||19||

ਕ੍ਰਿਪਾ ਕਰਹੁ ਨ੍ਰਿਪ ਧਾਮ ਪਧਾਰੋ ॥

kirapaa karahu nirap dhaam padhaaro ||

ਹਮਰੇ ਬਡੇ ਅਘਨ ਕਹ ਟਾਰੋ ॥

hamare badde aghan keh Taaro ||

ਬਾਰਹ ਬਰਿਸ ਕ੍ਰਿਪਾ ਕਰਿ ਰਹਿਯੈ ॥

baareh baris kirapaa kar rahiyai ||

ਬਹੁਰੋ ਮਗ ਬਨ ਹੀ ਕੋ ਗਹਿਯੈ ॥੨੦॥

bahuro mag ban hee ko gahiyai ||20||

ਜਬ ਨ੍ਰਿਪ ਅਧਿਕ ਨਿਹੋਰਾ ਕਿਯੋ ॥

jab nirap adhik nihoraa kiyo ||

ਤਬ ਇਹ ਬਿਧਿ ਉਤਰਿ ਰਿਖਿ ਦਿਯੋ ॥

tab ieh bidh utar rikh dhiyo ||

ਹਮਰੋ ਕਹਾ ਧਾਮ ਤਵ ਕਾਜਾ ॥

hamaro kahaa dhaam tav kaajaa ||

ਬਾਰ ਬਾਰ ਪਕਰਤ ਪਗ ਰਾਜਾ ॥੨੧॥

baar baar pakarat pag raajaa ||21||

ਹਮ ਕਹ ਸਿਵ ਤੁਹਿ ਆਪੁ ਬਤਾਯੋ ॥

ham keh siv tuh aap bataayo ||

ਸੋਵਤ ਇਹਾ ਜਗਾਇ ਪਠਾਯੋ ॥

sovat ihaa jagai paThaayo ||

ਤਾ ਤੇ ਮਾਨਿ ਸੰਭੁ ਕੋ ਕਹੋ ॥

taa te maan sa(n)bh ko kaho ||

ਬਾਰਹ ਬਰਖ ਹਮਾਰੋ ਰਹੋ ॥੨੨॥

baareh barakh hamaaro raho ||22||

ਸਿਵ ਕੀ ਸੁਨਤ ਭਯੋ ਜਬ ਬਾਨੀ ॥

siv kee sunat bhayo jab baanee ||

ਤਬ ਮੁਨਿ ਸਾਥ ਚਲਨ ਕੀ ਮਾਨੀ ॥

tab mun saath chalan kee maanee ||

ਰਾਜਾ ਕੇ ਹ੍ਵੈ ਸੰਗ ਸਿਧਾਰਾ ॥

raajaa ke havai sa(n)g sidhaaraa ||

ਰਾਨੀ ਸਹਿਤ ਸਦਨ ਪਗ ਧਾਰਾ ॥੨੩॥

raanee sahit sadhan pag dhaaraa ||23||

ਖਾਨ ਪਾਨ ਆਗੈ ਨ੍ਰਿਪ ਧਰਾ ॥

khaan paan aagai nirap dharaa ||

ਤਾਹਿ ਨਿਰਖਿ ਰਿਖਿ ਐਸ ਉਚਰਾ ॥

taeh nirakh rikh aais ucharaa ||

ਇਹ ਭੋਜਨ ਹਮਰੇ ਕਿਹ ਕਾਜਾ ॥

eeh bhojan hamare keh kaajaa ||

ਏ ਹੈ ਇਨ ਗ੍ਰਿਹਸਤਨ ਕੇ ਸਾਜਾ ॥੨੪॥

e hai in girahasatan ke saajaa ||24||

ਹਮ ਇਸਤ੍ਰਿਨ ਤਨ ਨੈਨ ਨ ਲਾਵਹਿ ॥

ham isatiran tan nain na laaveh ||

ਇਨ ਰਸ ਕਸਨ ਭੂਲ ਨਹਿ ਖਾਵਹਿ ॥

ein ras kasan bhool neh khaaveh ||

ਬਿਨ ਹਰਿ ਨਾਮ ਕਾਮ ਨਹਿ ਆਵੈ ॥

bin har naam kaam neh aavai ||

ਬੇਦ ਕਤੇਬ ਯੌ ਭੇਦ ਬਤਾਵੈ ॥੨੫॥

bedh kateb yau bhedh bataavai ||25||

ਤਬ ਨ੍ਰਿਪ ਤਾਹਿ ਸਹੀ ਮੁਨਿ ਮਾਨਾ ॥

tab nirap taeh sahee mun maanaa ||

ਭੇਦ ਅਭੇਦ ਨ ਮੂੜ ਪਛਾਨਾ ॥

bhedh abhedh na mooR pachhaanaa ||

ਨਿਜੁ ਰਾਨੀ ਤਨ ਤਾਹਿ ਸੁਵਾਯੋ ॥

nij raanee tan taeh suvaayo ||

ਮੂਰਖ ਅਪਨੋ ਮੂੰਡ ਮੁਡਾਯੋ ॥੨੬॥

moorakh apano moo(n)dd muddaayo ||26||

ਨਿਜੁ ਕਰ ਮੂਰਖ ਸੇਜ ਬਿਛਾਵੈ ॥

nij kar moorakh sej bichhaavai ||

ਤਾਹਿ ਤ੍ਰਿਯਾ ਕੇ ਸਾਥ ਸੁਵਾਵੈ ॥

taeh tirayaa ke saath suvaavai ||

ਅਧਿਕ ਜਤੀ ਤਾ ਕਹ ਪਹਿਚਾਨੈ ॥

adhik jatee taa keh pahichaanai ||

ਭੇਦ ਅਭੇਦ ਨ ਮੂਰਖ ਜਾਨੈ ॥੨੭॥

bhedh abhedh na moorakh jaanai ||27||

ਜਬ ਪਤਿ ਨਹਿ ਹੇਰਤ ਤ੍ਰਿਯ ਜਾਨੈ ॥

jab pat neh herat tiray jaanai ||

ਕਾਮ ਭੋਗ ਤਾ ਸੋ ਦ੍ਰਿੜ ਠਾਨੈ ॥

kaam bhog taa so dhiraR Thaanai ||

ਭਾਗ ਅਫੀਮ ਅਧਿਕ ਤਿਹ ਖ੍ਵਾਰੀ ॥

bhaag afeem adhik teh khavaiaaree ||

ਚਾਰਿ ਪਹਰ ਰਤਿ ਕਰੀ ਪਜਾਰੀ ॥੨੮॥

chaar pahar rat karee payaaree ||28||

ਭੋਗ ਕਰਤ ਇਕ ਕ੍ਰਿਯਾ ਬਿਚਾਰੀ ॥

bhog karat ik kirayaa bichaaree ||

ਊਪਰ ਏਕ ਤੁਲਾਈ ਡਾਰੀ ॥

uoopar ek tulaiee ddaaree ||

ਨ੍ਰਿਪ ਬੈਠੋ ਮੂਕਿਯੈ ਲਗਾਵੈ ॥

nirap baiTho mookiyai lagaavai ||

ਸੋ ਅੰਤਰ ਰਾਨਿਯਹਿ ਬਜਾਵੈ ॥੨੯॥

so a(n)tar raaniyeh bajaavai ||29||

ਇਹ ਛਲ ਸੌ ਮਿਤ੍ਰਹਿ ਤਿਨ ਪਾਵਾ ॥

eeh chhal sau mitreh tin paavaa ||

ਮੂਰਖ ਭੂਪ ਨ ਭੇਵ ਜਤਾਵਾ ॥

moorakh bhoop na bhev jataavaa ||

ਪਾਵਦ ਬੈਠਿ ਮੁਕਿਯਨ ਮਾਰੈ ॥

paavadh baiTh mookiyan maarai ||

ਉਤ ਰਾਨੀ ਸੰਗ ਜਾਰ ਬਿਹਾਰੈ ॥੩੦॥

aut raanee sa(n)g jaar bihaarai ||30||

ਇਹ ਛਲ ਸੌ ਰਾਨੀ ਪਤਿ ਛਰਿਯੋ ॥

eeh chhal sau raanee pat chhariyo ||

ਜਾਰ ਗਵਨ ਤ੍ਰਿਯਿ ਦੇਖਤ ਕਰਿਯੋ ॥

jaar gavan tiray dhekhat kariyo ||

ਮੂਰਖਿ ਭੇਦ ਅਭੇਦ ਨ ਪਾਯੋ ॥

moorakh bhedh abhedh na paayo ||

ਸੋ ਇਸਤ੍ਰੀ ਤੇ ਮੂੰਡ ਮੁਡਾਯੋ ॥੩੧॥

so isatree te moo(n)dd muddaayo ||31||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਚੌਰਾਨਵੇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੯੪॥੫੬੨੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau chauaraanave charitr samaapatam sat subham sat

||294||5620||afajoo(n)||

ਚੌਪਈ ॥

chauapiee ||

ਚੰਚਲ ਸੈਨ ਨ੍ਰਿਪਤਿ ਇਕ ਨਰਵਰ ॥

cha(n)chal sain nirapat ik naravar ||

ਅਵਰ ਨ੍ਰਿਪਤਿ ਤਾ ਕੀ ਨਹਿ ਸਰਬਰ ॥

avar nirapat taa kee neh sarabar ||

ਚੰਚਲ ਦੇ ਤਾ ਕੇ ਘਰ ਦਾਰਾ ॥

cha(n)chal dhe taa ke ghar dhaaraa ||

ਤਾ ਸਮ ਦੇਵ ਨ ਦੇਵ ਕੁਮਾਰਾ ॥੧॥

taa sam dhev na dhev kumaaraa ||1||

ਸੁੰਦਰਿਤਾ ਇਹ ਕਹੀ ਨ ਆਵੈ ॥

su(n)dharitaa ieh kahee na aavai ||

ਜਾ ਕੋ ਮਦਨ ਹੇਰਿ ਲਲਚਾਵੈ ॥

jaa ko madhan her lalachaavai ||

ਜੋਬਨ ਜੇਬ ਅਧਿਕ ਤਿਹ ਧਰੀ ॥

joban jeb adhik teh dharee ||

ਮੈਨ ਸੁ ਨਾਰ ਭਰਤ ਜਨੁ ਭਰੀ ॥੨॥

main su naar bharat jan bharee ||2||

ਤਾ ਕੇ ਏਕ ਧਾਮ ਸੁਤ ਭਯੋ ॥

taa ke ek dhaam sut bhayo ||

ਬੀਸ ਬਰਿਸ ਕੋ ਹ੍ਵੈ ਮਰਿ ਗਯੋ ॥

bees baris ko havai mar gayo ||

ਰਨਿਯਹਿ ਬਾਢਾ ਸੋਕ ਅਪਾਰਾ ॥

raniyeh baaddaa sok apaaraa ||

ਜਾ ਤੇ ਸਭ ਬਿਸਰਾ ਘਰ ਬਾਰਾ ॥੩॥

jaa te sabh bisaraa ghar baaraa ||3||

ਤਹ ਇਕ ਪੂਤ ਸਾਹ ਕੋ ਆਯੋ ॥

teh ik poot saeh ko aayo ||

ਤੇਜਵਾਨ ਦੁਤਿ ਕੋ ਜਨੁ ਜਾਯੋ ॥

tejavaan dhut ko jan jaayo ||

ਜੈਸੋ ਤਿਹ ਸੁਤ ਕੋ ਥੋ ਰੂਪਾ ॥

jaiso teh sut ko tho roopaa ||

ਤੈਸੋ ਈ ਤਿਹ ਲਗਤ ਸਰੂਪਾ ॥੪॥

taiso iee teh lagat saroopaa ||4||

ਜਬ ਰਾਨੀ ਸੋ ਪੁਰਖ ਨਿਹਾਰਾ ॥

jab raanee so purakh nihaaraa ||

ਲਾਜ ਸਾਜ ਤਜ ਹ੍ਰਿਦੈ ਬਿਚਾਰਾ ॥

laaj saaj taj hiradhai bichaaraa ||

ਯਾ ਸੌ ਕਾਮ ਭੋਗ ਅਬ ਕਰਿਯੈ ॥

yaa sau kaam bhog ab kariyai ||

ਨਾਤਰ ਮਾਰ ਛੁਰਕਿਆ ਮਰਿਯੈ ॥੫॥

naatar maar chhurakiaa mariyai ||5||

ਜਬ ਵਹੁ ਕੁਅਰ ਰਾਹ ਤਿਹ ਆਵੈ ॥

jab vahu kuar raeh teh aavai ||

ਚੰਚਲ ਦੇਖਨ ਕੌ ਤਿਹ ਜਾਵੈ ॥

cha(n)chal dhekhan kau teh jaavai ||

ਇਕ ਦਿਨ ਤਾ ਕੇ ਨਾਥ ਨਿਹਾਰੀ ॥

eik dhin taa ke naath nihaaree ||

ਇਹ ਬਿਧਿ ਸੌ ਤਿਹ ਬਾਤ ਉਚਾਰੀ ॥੬॥

eeh bidh sau teh baat uchaaree ||6||

ਕਿਹ ਨਿਮਿਤਿ ਇਹ ਠਾ ਤੂ ਆਈ ॥

keh nimit ieh Thaa too aaiee ||

ਹੇਰਿ ਰਹੀ ਕਿਹ ਕਹ ਦ੍ਰਿਗ ਲਾਈ ॥

her rahee keh keh dhirag laiee ||

ਤਬ ਰਾਨੀ ਇਹ ਭਾਂਤਿ ਉਚਾਰੋ ॥

tab raanee ieh bhaat uchaaro ||

ਸੁਨਹੁ ਨ੍ਰਿਪਤਿ ਤੁਮ ਬਚਨ ਹਮਾਰੋ ॥੭॥

sunahu nirapat tum bachan hamaaro ||7||

ਜਸ ਤਵ ਸੁਤ ਸੁਰ ਲੋਕ ਸਿਧਾਯੋ ॥

jas tav sut sur lok sidhaayo ||

ਸੋ ਧਰਿ ਰੂਪ ਦੁਤਿਯ ਜਨੁ ਆਯੋ ॥

so dhar roop dhutiy jan aayo ||

ਤਿਹ ਤੁਮ ਮੁਰਿ ਢਿਗ ਸੇਜ ਸੁਵਾਵੋ ॥

teh tum mur ddig sej suvaavo ||

ਹਮਰੇ ਚਿਤ ਕੋ ਤਾਪ ਮਿਟਾਵੋ ॥੮॥

hamare chit ko taap miTaavo ||8||

ਮੂਰਖ ਭੇਦ ਅਭੇਦ ਨ ਪਾਯੋ ॥

moorakh bhedh abhedh na paayo ||

ਤਾਹਿ ਬੁਲਾਇ ਆਪੁ ਲੈ ਆਯੋ ॥

taeh bulai aap lai aayo ||

ਨ੍ਰਿਪ ਪੁਨਿ ਤਿਹ ਭਰੁਆਪਨ ਕਰਿਯੋ ॥

nirap pun teh bharuaapan kariyo ||

ਭਲੋ ਬੁਰੋ ਨ ਬਿਚਾਰਿ ਬਿਚਰਿਯੋ ॥੯॥

bhalo buro na bichaar bichariyo ||9||

ਭਰੂਆ ਕੀ ਕ੍ਰਿਆ ਕਹ ਕਰਿਯੋ ॥

bharooaa kee kriaa keh kariyo ||

ਚਾਰਿ ਬਿਚਾਰ ਕਛੂ ਨ ਬਿਚਰਿਯੋ ॥

chaar bichaar kachhoo na bichariyo ||

ਦੂਤੀ ਪਠਵਨ ਤੇ ਤ੍ਰਿਯ ਬਚੀ ॥

dhootee paThavan te tiray bachee ||

ਭੂਪਤਿ ਕੀ ਦੂਤੀ ਕਰਿ ਰਚੀ ॥੧੦॥

bhoopat kee dhootee kar rachee ||10||

ਤਾਹਿ ਸੇਜ ਕੇ ਨਿਕਟ ਸੁਵਾਵੈ ॥

taeh sej ke nikaT suvaavai ||

ਭਲੋ ਭਲੋ ਭੋਜਨ ਤਿਹ ਖੁਵਾਵੈ ॥

bhalo bhalo bhojan teh khuvaavai ||

ਕਹੈ ਸੁ ਸੁਤ ਮੁਰ ਕੀ ਅਨੁਹਾਰਾ ॥

kahai su sut mur kee anuhaaraa ||

ਤਾ ਤੇ ਯਾ ਸੰਗ ਹਮਰੋ ਪਯਾਰਾ ॥੧੧॥

taa te yaa sa(n)g hamaro payaaraa ||11||

ਜੋ ਤ੍ਰਿਯ ਤਾ ਕੌ ਭੋਜ ਖੁਵਾਰੈ ॥

jo tiray taa kau bhoj khuvaarai ||

ਰਾਨੀ ਝਝਕਿ ਤਾਹਿ ਤ੍ਰਿਯ ਡਾਰੈ ॥

raanee jhajhak taeh tiray ddaarai ||

ਇਹ ਮੋਰੇ ਸੁਤ ਕੀ ਅਨੁਹਾਰਾ ॥

eeh more sut kee anuhaaraa ||

ਭਲੋ ਭਲੋ ਚਹਿਯਤ ਤਿਹ ਖ੍ਵਾਰਾ ॥੧੨॥

bhalo bhalo chahiyat teh khavaiaaraa ||12||

ਨਿਕਟਿ ਆਪਨੇ ਤਾਹਿ ਸੁਵਾਵੈ ॥

nikaT aapane taeh suvaavai ||

ਤਿਹ ਢਿਗ ਅਪਨੀ ਸੇਜ ਬਿਛਾਵੈ ॥

teh ddig apanee sej bichhaavai ||

ਜਬ ਤਾ ਸੰਗ ਨ੍ਰਿਪਤਿ ਸ੍ਵੈ ਜਾਵੈ ॥

jab taa sa(n)g nirapat savai jaavai ||

ਤਬ ਤ੍ਰਿਯ ਤਾ ਸੰਗ ਭੋਗ ਕਮਾਵੈ ॥੧੩॥

tab tiray taa sa(n)g bhog kamaavai ||13||

ਕਸਿ ਕਸਿ ਰਮੈ ਜਾਰ ਕੇ ਸੰਗਾ ॥

kas kas ramai jaar ke sa(n)gaa ||

ਦਲਿ ਮਲਿ ਤਾਹਿ ਕਰੈ ਸਰਬੰਗਾ ॥

dhal mal taeh karai saraba(n)gaa ||

ਭਾਤਿ ਭਾਤਿ ਤਨ ਭੋਗ ਕਮਾਈ ॥

bhaat bhaat tan bhog kamaiee ||

ਸੋਇ ਰਹੈ ਤਯੋਂ ਹੀ ਲਪਟਾਈ ॥੧੪॥

soi rahai tayo(n) hee lapaTaiee ||14||

ਇਕ ਦਿਨ ਗਈ ਜਾਰ ਪਹਿ ਰਾਨੀ ॥

eik dhin giee jaar peh raanee ||

ਸੋਵਤ ਜਗਾ ਨ੍ਰਿਪਤਿ ਅਭਿਮਾਨੀ ॥

sovat jagaa nirapat abhimaanee ||

ਮੁਖ ਚੁੰਬਨ ਤਿਹ ਤਾਹਿ ਨਿਹਾਰਾ ॥

mukh chu(n)ban teh taeh nihaaraa ||

ਧ੍ਰਿਗ ਧ੍ਰਿਗ ਬਚ ਹ੍ਵੈ ਕੋਪ ਉਚਾਰਾ ॥੧੫॥

dhirag dhirag bach havai kop uchaaraa ||15||

ਦੋਹਰਾ ॥

dhoharaa ||

ਮੈ ਇਹ ਬੋਲੀ ਪੂਤ ਕਹਿ ਯਾ ਸੰਗ ਅਤਿ ਮੁਰ ਪਾ◌ਾਰ ॥

mai ieh bolee poot keh yaa sa(n)g at mur paar ||

ਤਾ ਤੇ ਮੁਖ ਚੁੰਬਤ ਹੁਤੀ ਸੁਤ ਕੀ ਜਨੁ ਅਨੁਸਾਰ ॥੧੬॥

taa te mukh chu(n)bat hutee sut kee jan anusaar ||16||

ਚੌਪਈ ॥

chauapiee ||

ਨ੍ਰਿਪ ਕੇ ਸਾਚ ਇਹੈ ਜਿਯ ਆਈ ॥

nirap ke saach ihai jiy aaiee ||

ਪੂਤ ਜਾਨਿ ਚੁੰਬਨ ਮੁਖ ਧਾਈ ॥

poot jaan chu(n)ban mukh dhaiee ||

ਕੋਪ ਜੁ ਬਢਾ ਹੁਤਾ ਤਜਿ ਦੀਨਾ ॥

kop ju baddaa hutaa taj dheenaa ||

ਭੇਦ ਅਭੇਦ ਕਛੂ ਨਹਿ ਚੀਨਾ ॥੧੭॥

bhedh abhedh kachhoo neh cheenaa ||17||

ਦੋਹਰਾ ॥

dhoharaa ||

ਇਹ ਛਲ ਬੰਗਸ ਰਾਇ ਕਹ ਰਾਖਾ ਅਪਨੇ ਧਾਮ ॥

eeh chhal ba(n)gas rai keh raakhaa apane dhaam ||

ਦਿਨ ਕਹ ਪੂਤ ਉਚਾਰਈ ਨਿਸਿ ਕਹ ਭੋਗੈ ਬਾਮ ॥੧੮॥

dhin keh poot uchaariee nis keh bhogai baam ||18||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਪਚਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੯੫॥੫੬੩੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau pachaanavo charitr samaapatam sat subham sat

||295||5638||afajoo(n)||

ਚੌਪਈ ॥

chauapiee ||

ਬੰਗਸ ਸੈਨ ਬੰਗਸੀ ਰਾਜਾ ॥

ba(n)gas sain ba(n)gasee raajaa ||

ਸਦਨੁ ਭਰੇ ਜਾ ਕੇ ਸਭ ਸਾਜਾ ॥

sadhan bhare jaa ke sabh saajaa ||

ਬੰਗਸ ਦੇ ਤਾ ਕੋ ਘਰ ਰਾਨੀ ॥

ba(n)gas dhe taa ko ghar raanee ||

ਜਿਹ ਲਖਿ ਨਾਰਿ ਤ੍ਰਿਲੋਕ ਰਿਸਾਨੀ ॥੧॥

jeh lakh naar tiralok risaanee ||1||

ਤਹਾ ਬਸਤ ਇਕ ਸਾਹ ਦੁਲਾਰੀ ॥

tahaa basat ik saeh dhulaaree ||

ਰੂਪਮਾਨ ਗਤਿਮਾਨ ਉਜਿਯਾਰੀ ॥

roopamaan gatimaan ujiyaaree ||

ਤਾਹਿ ਮੰਗਲਾ ਦੇਈ ਨਾਮਾ ॥

taeh ma(n)galaa dheiee naamaa ||

ਜਾ ਸਮ ਨਹੀ ਕਾਮ ਕੀ ਕਾਮਾ ॥੨॥

jaa sam nahee kaam kee kaamaa ||2||

ਤਹ ਇਕ ਆਇ ਗਯੋ ਬਨਿਜਾਰਾ ॥

teh ik aai gayo banijaaraa ||

ਮੋਤਿਨ ਲਾਦੇ ਉਸਟ ਹਜਾਰਾ ॥

motin laadhe usaT hajaaraa ||

ਔਰ ਦਰਬੁ ਕੀ ਤੋਟਿ ਨ ਕੋਈ ॥

aauar dharab kee toT na koiee ||

ਲਖੈ ਸੁ ਹਰਤ ਰੀਝਿ ਕਰਿ ਸੋਈ ॥੩॥

lakhai su harat reejh kar soiee ||3||

ਅੜਿਲ ॥

aRil ||

ਜਬੈ ਮੰਗਲਾ ਦੇਵਿ ਸੁ ਸਾਹੁ ਨਿਹਾਰਿਯੋ ॥

jabai ma(n)galaa dhev su saahu nihaariyo ||

ਇਹੈ ਆਪਨੇ ਚਿਤ ਮਹਿ ਚਤੁਰਿ ਬਿਚਾਰਿਯੋ ॥

eihai aapane chit meh chatur bichaariyo ||

ਕਰਤ ਭਈ ਮਿਜਮਾਨੀ ਸਦਨ ਬੁਲਾਇ ਕੈ ॥

karat bhiee mijamaanee sadhan bulai kai ||

ਹੋ ਭ੍ਰਾਤ ਤਵਨ ਕੇ ਆਯੋ ਦਿਯੋ ਉਡਾਇ ਕੈ ॥੪॥

ho bhraat tavan ke aayo dhiyo uddai kai ||4||

ਭਾਤਿ ਭਾਤਿ ਕੇ ਭੋਜਨ ਕਰੇ ਬਨਾਇ ਕੈ ॥

bhaat bhaat ke bhojan kare banai kai ||

ਤਰਹ ਤਰਹ ਕੇ ਆਨੇ ਅਮਲ ਛਿਨਾਇ ਕੈ ॥

tareh tareh ke aane amal chhinai kai ||

ਆਨਿ ਤਵਨ ਢਿਗ ਰਾਖੇ ਕੰਚਨ ਥਾਰ ਭਰਿ ॥

aan tavan ddig raakhe ka(n)chan thaar bhar ||

ਹੋ ਸਾਤ ਬਾਰ ਮਦਿਯਨ ਤੇ ਮਦਹਿ ਚੁਆਇ ਕਰਿ ॥੫॥

ho saat baar madhiyan te madheh chuaai kar ||5||

ਪ੍ਰਥਮ ਕਰਿਯੋ ਤਿਨ ਭੋਜਨ ਬਿਜਿਯਾ ਪਾਨ ਕਰਿ ॥

pratham kariyo tin bhojan bijiyaa paan kar ||

ਬਹੁਰਿ ਪਿਯੋ ਮਦ ਬਡੇ ਬਡੇ ਪ੍ਯਾਲਾਨ ਭਰਿ ॥

bahur piyo madh badde badde prayaalaan bhar ||

ਜਬ ਰਸ ਮਸ ਭੇ ਤਰੁਨਿ ਤਬੈ ਐਸੋ ਕੀਯੋ ॥

jab ras mas bhe tarun tabai aaiso keeyo ||

ਹੋ ਪਕਰਿ ਭੁਜਾ ਤੇ ਸਾਹੁ ਸੇਜ ਊਪਰਿ ਲੀਯੋ ॥੬॥

ho pakar bhujaa te saahu sej uoopar leeyo ||6||

ਤਾ ਸੌ ਕਹਾ ਕਿ ਆਉ ਕਾਮ ਕ੍ਰੀੜਾ ਕਰੈ ॥

taa sau kahaa k aau kaam kreeRaa karai ||

ਭਾਤਿ ਭਾਤਿ ਤਨ ਤਾਪ ਮਦਨ ਕੋ ਹਮ ਹਰੈ ॥

bhaat bhaat tan taap madhan ko ham harai ||

ਮੈ ਤਰੁਨੀ ਤੈਂ ਤਰੁਨ ਕਹਾ ਚਕਿਚਿਤ ਰਹਿਯੋ ॥

mai tarunee tai(n) tarun kahaa chakichit rahiyo ||

ਹੋ ਹਮ ਤੁਮ ਰਮਹਿ ਸੁ ਆਜੁ ਚੰਚਲਾ ਅਸ ਕਹਿਯੋ ॥੭॥

ho ham tum rameh su aaj cha(n)chalaa as kahiyo ||7||

ਚੌਪਈ ॥

chauapiee ||

ਸਾਹੁ ਤਵਨ ਕੀ ਬਾਤ ਨ ਮਾਨੀ ॥

saahu tavan kee baat na maanee ||

ਅਧਿਕ ਮੰਗਲਾ ਭਈ ਖਿਸਾਨੀ ॥

adhik ma(n)galaa bhiee khisaanee ||

ਅਧਿਕ ਕੋਪ ਕਰਿ ਹੇਤੁ ਬਿਸਾਰਾ ॥

adhik kop kar het bisaaraa ||

ਅਰਧਾ ਅਰਧ ਚੀਰ ਤਿਹ ਡਾਰਾ ॥੮॥

aradhaa aradh cheer teh ddaaraa ||8||

ਲੂਟਿ ਲਯੋ ਤਾ ਕੋ ਸਭ ਹੀ ਧਨ ॥

looT layo taa ko sabh hee dhan ||

ਘੋਰ ਅਪ੍ਰਾਧ ਕਿਯੋ ਪਾਪੀ ਇਨ ॥

ghor apraadh kiyo paapee in ||

ਯਾ ਕਹ ਚੀਰਿ ਮਤ ਗਜ ਡਾਰਾ ॥

yaa keh cheer mat gaj ddaaraa ||

ਕਿਨਹੂੰ ਪੁਰਖ ਨ ਕਰੀ ਨਿਵਾਰਾ ॥੯॥

kinahoo(n) purakh na karee nivaaraa ||9||

ਵਾਰਸ ਭਈ ਆਪੁ ਤਾ ਕੀ ਤਿਯ ॥

vaaras bhiee aap taa kee tiy ||

ਮਾਤ੍ਰਾ ਲਈ ਮਾਰਿ ਤਾ ਕੋ ਜਿਯ ॥

maatraa liee maar taa ko jiy ||

ਭੇਦ ਅਭੇਦ ਨ ਕਿਨੂੰ ਬਿਚਾਰਾ ॥

bhedh abhedh na kinoo(n) bichaaraa ||

ਭੋਗ ਨ ਕਿਯਾ ਤਿਸੈ ਕੌ ਮਾਰਾ ॥੧੦॥

bhog na kiyaa tisai kau maaraa ||10||

ਦੋਹਰਾ ॥

dhoharaa ||

ਇਹ ਛਲ ਮਾਰਾ ਤਾਹਿ ਕੌ ਜੌ ਨ ਰਮਾ ਤਿਹ ਸੰਗ ॥

eeh chhal maaraa taeh kau jau na ramaa teh sa(n)g ||

ਸੁ ਕਬਿ ਸਯਾਮ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥੧੧॥

s kab sayaam pooran bhayo tab hee kathaa prasa(n)g ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੋਇ ਸੌ ਛ੍ਯਾਨਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੨੯੬॥੫੬੪੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe dhoi sau chhrayaanavo charitr samaapatam sat subham sat

||296||5649||afajoo(n)||

ਚੌਪਈ ॥

chauapiee ||

ਬਿਜੈ ਸੂਰ ਖਤ੍ਰੀ ਇਕ ਰਹੈ ॥

bijai soor khatree ik rahai ||

ਸਿਧ ਪਾਲ ਤਾ ਕਹ ਜਗ ਕਹੈ ॥

sidh paal taa keh jag kahai ||

ਸਮਸਦੀਨ ਦਿਲੀਸ ਦਿਵਾਨਾ ॥

samasadheen dhilees dhivaanaa ||

ਜਾਨਤ ਸਕਲ ਰਾਵ ਅਰੁ ਰਾਨਾ ॥੧॥

jaanat sakal raav ar raanaa ||1||

ਲਛਿਮਨ ਸੈਨ ਧਾਮ ਸੁਤ ਸੁਭ ਮਤਿ ॥

lachhiman sain dhaam sut subh mat ||

ਬਜ੍ਰ ਸੈਨ ਦੂਸਰੋ ਬਿਕਟ ਮਤਿ ॥

bajr sain dhoosaro bikaT mat ||

ਸਕੁਚ ਮਤੀ ਦੁਹਿਤਾ ਇਕ ਤਾ ਕੇ ॥

sakuch matee dhuhitaa ik taa ke ||

ਨਰੀ ਨਾਗਨੀ ਸਮ ਨਹਿ ਜਾ ਕੇ ॥੨॥

naree naaganee sam neh jaa ke ||2||

ਸਮਸਦੀਨ ਦਿਲੀਸ ਜੁਵਾਨਾ ॥

samasadheen dhilees juvaanaa ||

ਮਾਨਤ ਆਨਿ ਦੇਸ ਜਿਹ ਨਾਨਾ ॥

maanat aan dhes jeh naanaa ||

ਏਕ ਦਿਵਸ ਵਹੁ ਗਯੋ ਸਿਕਾਰਾ ॥

ek dhivas vahu gayo sikaaraa ||

ਜਾ ਦਿਸ ਹੁਤੀ ਕੇਹਰੀ ਬਾਰਾ ॥੩॥

jaa dhis hutee keharee baaraa ||3||

ਤਹੀ ਦਿਲੀਸ ਆਪੁ ਚਲਿ ਗਯੋ ॥

tahee dhilees aap chal gayo ||

ਜਹਾ ਸਿੰਘਨੀ ਚਿਤਵਤ ਭਯੋ ॥

jahaa si(n)ghanee chitavat bhayo ||

ਸਿਧ ਪਾਲ ਲੀਏ ਅਪਨੇ ਸੰਗਾ ॥

sidh paal le'ee apane sa(n)gaa ||

ਔਰ ਲੀਏ ਅਨਗਨ ਚਤੁਰੰਗਾ ॥੪॥

aauar le'ee anagan chatura(n)gaa ||4||

ਤਾ ਪਰ ਕਰੀ ਝੁਕਾਵਤ ਭਯੋ ॥

taa par karee jhukaavat bhayo ||

ਕੇਹਰਿ ਸਮੈ ਜਨਮ ਤਬ ਲਯੋ ॥

kehar samai janam tab layo ||

ਅਰਧ ਰਹਾਤਨ ਮਾਤ ਕੁਖੂਤਰ ॥

aradh rahaatan maat kukhootar ||

ਅਰਧਹ ਨਾਕਰ ਗਜ ਮਸਤਕ ਪਰ ॥੫॥

aradheh naakar gaj masatak par ||5||

ਤਹ ਇਕ ਭਾਟ ਕੌਤਕ ਅਸ ਲਹਾ ॥

teh ik bhaaT kauatak as lahaa ||

ਹਜਰਤਿ ਸੁਨਤ ਦੋਹਰਾ ਕਹਾ ॥

hajarat sunat dhoharaa kahaa ||

ਸੁ ਮੈ ਕਹਤ ਹੋ ਸੁਨਹੁ ਪਜਾਰੇ ॥

s mai kahat ho sunahu payaare ||

ਜੋ ਤਿਨ ਸਾਹ ਨ ਚਿਤ ਤੇ ਟਾਰੇ ॥੬॥

jo tin saeh na chit te Taare ||6||

ਦੋਹਰਾ ॥

dhoharaa ||

ਸਿੰਘ ਸਾਪੁਰਸ ਪਦਮਿਨੀ ਇਨ ਕਾ ਇਹੈ ਸੁਭਾਉ ॥

si(n)gh saapuras padhaminee in kaa ihai subhaau ||

ਜਯੋਂ ਜਯੋਂ ਦੁਖ ਗਾੜੋ ਪਰੈ ਤਯੋਂ ਤਯੋਂ ਆਗੇ ਪਾਉ ॥੭॥

jayo(n) jayo(n) dhukh gaaRo parai tayo(n) tayo(n) aage paau ||7||

ਚੌਪਈ ॥

chauapiee ||

ਭਾਟ ਜਬੈ ਇਹ ਭਾਤਿ ਉਚਾਰਾ ॥

bhaaT jabai ieh bhaat uchaaraa ||

ਹਜਰਤਿ ਬਚਨ ਸ੍ਰਵਨ ਇਹ ਧਾਰਾ ॥

hajarat bachan sravan ieh dhaaraa ||

ਜਬ ਅਪਨੇ ਮਹਲਨ ਮਹਿ ਆਯੋ ॥

jab apane mahalan meh aayo ||

ਸਿਧ ਪਾਲ ਕਹ ਬੋਲ ਪਠਾਯੋ ॥੮॥

sidh paal keh bol paThaayo ||8||

ਤਾ ਸੋ ਇਹ ਬਿਧਿ ਨਾਥ ਬਖਾਨਾ ॥

taa so ieh bidh naath bakhaanaa ||

ਤੈ ਹੈਂ ਮੋਰ ਵਜੀਰ ਸਜਾਨਾ ॥

tai hai(n) mor vajeer sayaanaa ||

ਅਬ ਕਛੁ ਅਸ ਤੁਮ ਕਰਹੁ ਉਪਾਈ ॥

ab kachh as tum karahu upaiee ||

ਜਾ ਤੇ ਮਿਲੈ ਪਦੁਮਿਨਿ ਆਈ ॥੯॥

jaa te milai padhumin aaiee ||9||

ਸਿਧ ਪਾਲ ਇਹ ਭਾਤਿ ਉਚਾਰਾ ॥

sidh paal ieh bhaat uchaaraa ||

ਸੁਨ ਹਜਰਤਿ ਜੂ ਬਚਨ ਹਮਾਰਾ ॥

sun hajarat joo bachan hamaaraa ||

ਸਭ ਅਪਨੀ ਤੁਮ ਸੈਨ ਬੁਲਾਵੋ ॥

sabh apanee tum sain bulaavo ||

ਮੋਹਿ ਸਿੰਗਲਾਦੀਪ ਪਠਾਵੋ ॥੧੦॥

moh si(n)galaadheep paThaavo ||10||

ਜੌ ਤੁਮਰੀ ਆਗਜਾ ਕਹ ਪਾਊ ॥

jau tumaree aagayaa keh paauoo ||

ਅਮਿਤ ਸੈਨ ਲੈ ਤਹਾ ਸਿਧਾਊ ॥

amit sain lai tahaa sidhaauoo ||

ਖੜਗ ਸਿੰਗਲਾਦੀਪ ਮਚੈਹੋ ॥

khaRag si(n)galaadheep machaiho ||

ਜਯੋਂ ਤਯੋਂ ਕੈ ਪਦੁਮਿਨਿ ਲੈ ਐਹੋ ॥੧੧॥

jayo(n) tayo(n) kai padhumin lai aaiho ||11||

ਯੌਂ ਕਹਿ ਗਯੋ ਧਾਮ ਜਬ ਰਾਜਾ ॥

yau keh gayo dhaam jab raajaa ||

ਬਾਜਤ ਭਾਤ ਅਨੇਕਨ ਬਾਜਾ ॥

baajat bhaat anekan baajaa ||

ਬੈਰੀ ਹੁਤੋ ਤਹਾ ਇਕ ਤਾ ਕੋ ॥

bairee huto tahaa ik taa ko ||

ਭੇਦ ਕਹਾ ਹਜਰਤਿ ਪੈ ਵਾ ਕੋ ॥੧੨॥

bhedh kahaa hajarat pai vaa ko ||12||

ਏਕ ਧਾਮ ਦੁਹਿਤਾ ਹੈ ਯਾ ਕੇ ॥

ek dhaam dhuhitaa hai yaa ke ||

ਪਰੀ ਪਦਮਿਨਿ ਤੁਲਿ ਨ ਤਾ ਕੇ ॥

paree padhamin tul na taa ke ||

ਪਠੈ ਮਨੁਛ ਤਿਹ ਹੇਰਿ ਮੰਗਾਵਹੁ ॥

paThai manuchh teh her ma(n)gaavahu ||

ਤਿਹ ਪਾਛੇ ਪਦੁਮਿਨਿ ਖੁਜਾਵਹੁ ॥੧੩॥

teh paachhe padhumin khujaavahu ||13||

ਹਜਰਤਿ ਸੁਨਤ ਜਬੈ ਸੇ ਭਯੋ ॥

hajarat sunat jabai se bhayo ||

ਤਤਛਿਨ ਦੂਤੀ ਤਹਾ ਪਠਯੋ ॥

tatachhin dhootee tahaa paThayo ||

ਚਤੁਰਿ ਚਿਤੇਰੀ ਰੂਪ ਉਜਿਯਾਰੀ ॥

chatur chiteree roop ujiyaaree ||

ਬਿਸੁਕਰਮਾ ਕੀ ਜਾਨ ਕੁਮਾਰੀ ॥੧੪॥

bisukaramaa kee jaan kumaaree ||14||

ਇਕ ਚਤੁਰਾ ਅਰੁ ਦੁਤਿਯ ਚਿਤੇਰੀ ॥

eik chaturaa ar dhutiy chiteree ||

ਪ੍ਰਤਿਮਾ ਦੁਤਿਯ ਮਦਨ ਜਨ ਕੇਰੀ ॥

pratimaa dhutiy madhan jan keree ||

ਗੋਰ ਬਰਨ ਅਰੁ ਖਾਏ ਪਾਨਾ ॥

gor baran ar khaae paanaa ||

ਜਾਨੁਕ ਚੜਾ ਚੰਦ ਅਸਮਾਨਾ ॥੧੫॥

jaanuk chaRaa cha(n)dh asamaanaa ||15||

ਤਾ ਕੇ ਧਾਮ ਚਿਤੇਰਨਿ ਗਈ ॥

taa ke dhaam chiteran giee ||

ਲਿਖਿ ਲਜਾਵਤ ਪ੍ਰਤਿਮਾ ਤਿਹ ਭਈ ॥

likh layaavat pratimaa teh bhiee ||

ਜਬ ਲੈ ਕਰਿ ਕਰ ਸਾਹ ਨਿਹਾਰੀ ॥

jab lai kar kar saeh nihaaree ||

ਜਾਨੁਕ ਤਾਨਿ ਕਟਾਰੀ ਮਾਰੀ ॥੧੬॥

jaanuk taan kaTaaree maaree ||16||

ਸਭ ਸੁਧਿ ਗਈ ਮਤ ਹ੍ਵੈ ਝੂੰਮਾ ॥

sabh sudh giee mat havai jhoo(n)maa ||

ਘਾਇ ਲਗੇ ਘਾਯਲ ਜਨੁ ਘੂੰਮਾ ॥

ghai lage ghaayal jan ghoo(n)maa ||

ਤਨ ਕੀ ਰਹੀ ਨ ਤਨਿਕ ਸੰਭਾਰਾ ॥

tan kee rahee na tanik sa(n)bhaaraa ||

ਜਨੁ ਡਸਿ ਗਯੋ ਨਾਗ ਕੌਡਿਯਾਰਾ ॥੧੭॥

jan ddas gayo naag kauaddiyaaraa ||17||

ਇਕ ਦਿਨ ਕਰੀ ਸਾਹ ਮਿਜਮਾਨੀ ॥

eik dhin karee saeh mijamaanee ||

ਸਭ ਪੁਰ ਨਾਰਿ ਧਾਮ ਮਹਿ ਆਨੀ ॥

sabh pur naar dhaam meh aanee ||

ਸਿਧ ਪਾਲ ਕੀ ਸੁਤਾ ਜਬਾਈ ॥

sidh paal kee sutaa jabaiee ||

ਸਕਲ ਦੀਪ ਜਯੋਂ ਸਭਾ ਸੁਹਾਈ ॥੧੮॥

sakal dheep jayo(n) sabhaa suhaiee ||18||

ਛਿਦ੍ਰ ਬੀਚ ਕਰਿ ਤਾਹਿ ਨਿਹਾਰਾ ॥

chhidhr beech kar taeh nihaaraa ||

ਹਜਰਤਿ ਭਯੋ ਤਬੈ ਮਤਵਾਰਾ ॥

hajarat bhayo tabai matavaaraa ||

ਮਨ ਤਰੁਨੀ ਕੇ ਰੂਪ ਬਿਕਾਨ੍ਯੋ ॥

man tarunee ke roop bikaanrayo ||

ਮ੍ਰਿਤਕ ਸੋ ਤਨੁ ਰਹਿਯੋ ਪਛਾਨ੍ਯੋ ॥੧੯॥

mritak so tan rahiyo pachhaanayo ||19||

ਹਜਰਤਿ ਸਕਲ ਪਠਾਨ ਬੁਲਾਏ ॥

hajarat sakal paThaan bulaae ||

ਸਿਧ ਪਾਲ ਕੈ ਧਾਮ ਪਠਾਏ ॥

sidh paal kai dhaam paThaae ||

ਕੈ ਅਪਨੀ ਦੁਹਿਤਾ ਮੁਹਿ ਦੀਜੈ ॥

kai apanee dhuhitaa muh dheejai ||

ਨਾਤਰ ਮੀਚ ਮੂੰਡ ਪਰ ਲੀਜੈ ॥੨੦॥

naatar meech moo(n)dd par leejai ||20||

ਸਕਲ ਪਠਾਨ ਤਵਨ ਕੇ ਗਏ ॥

sakal paThaan tavan ke ge ||

ਹਜਰਤਿ ਕਹੀ ਸੁ ਭਾਖਤ ਭਏ ॥

hajarat kahee su bhaakhat bhe ||

ਸਿਧ ਪਾਲ ਧੰਨ ਭਾਗ ਤਿਹਾਰੇ ॥

sidh paal dha(n)n bhaag tihaare ||

ਗ੍ਰਿਹ ਆਵਹਿਗੇ ਸਾਹ ਸਵਾਰੇ ॥੨੧॥

gireh aavahige saeh savaare ||21||

ਸਿਧ ਪਾਲ ਐਸੋ ਜਬ ਸੁਨਾ ॥

sidh paal aaiso jab sunaa ||

ਅਧਿਕ ਦੁਖਿਤ ਹ੍ਵੈ ਮਸਤਕ ਧੁਨਾ ॥

adhik dhukhit havai masatak dhunaa ||

ਦੈਵ ਕਵਨ ਗਤਿ ਕਰੀ ਹਮਾਰੀ ॥

dhaiv kavan gat karee hamaaree ||

ਗ੍ਰਿਹ ਅਸਿ ਉਪਜੀ ਸੁਤਾ ਦੁਖਾਰੀ ॥੨੨॥

gireh as upajee sutaa dhukhaaree ||22||

ਜੌ ਨਹਿ ਦੇਤ ਤੁ ਬਿਗਰਤ ਕਾਜਾ ॥

jau neh dhet ta bigarat kaajaa ||

ਜਾਤ ਦਏ ਛਤ੍ਰਿਨ ਕੀ ਲਾਜਾ ॥

jaat dhe chhatiran kee laajaa ||

ਮੁਗਲ ਪਠਾਨ ਤੁਰਕ ਘਰ ਮਾਹੀ ॥

mugal paThaan turak ghar maahee ||

ਅਬ ਲਗਿ ਗੀ ਛਤ੍ਰਾਨੀ ਨਾਹੀ ॥੨੩॥

ab lag gee chhatraanee naahee ||23||

ਛਤ੍ਰਿਨ ਕੇ ਅਬ ਲਗੇ ਨ ਭਈ ॥

chhatiran ke ab lage na bhiee ||

ਦੁਹਿਤਾ ਕਾਢਿ ਤੁਰਕ ਕਹ ਦਈ ॥

dhuhitaa kaadd turak keh dhiee ||

ਰਜਪੂਤਨ ਕੇ ਹੋਤਹ ਆਈ ॥

rajapootan ke hoteh aaiee ||

ਪੁਤ੍ਰੀ ਧਾਮ ਮਲੇਛ ਪਠਾਈ ॥੨੪॥

putree dhaam malechh paThaiee ||24||

ਹਾਡਨ ਏਕ ਦੂਸਰਨ ਖਤ੍ਰੀ ॥

haaddan ek dhoosaran khatree ||

ਤੁਰਕਨ ਕਹ ਇਨ ਦਈ ਨ ਪੁਤ੍ਰੀ ॥

turakan keh in dhiee na putree ||

ਜੋ ਛਤ੍ਰੀ ਅਸ ਕਰਮ ਕਮਾਵੈ ॥

jo chhatree as karam kamaavai ||

ਕੁੰਭੀ ਨਰਕ ਦੇਹ ਜੁਤ ਜਾਵੈ ॥੨੫॥

ku(n)bhee narak dheh jut jaavai ||25||

ਜੋ ਨਰ ਤੁਰਕਹਿ ਦੇਤ ਦੁਲਾਰੀ ॥

jo nar turakeh dhet dhulaaree ||

ਧ੍ਰਿਗ ਧ੍ਰਿਗ ਜਗ ਤਿਹ ਕਰਤ ਉਚਾਰੀ ॥

dhirag dhirag jag teh karat uchaaree ||

ਲੋਕ ਪ੍ਰਲੋਕ ਤਾਹਿ ਕੋ ਜੈਹੈ ॥

lok pralok taeh ko jaihai ||

ਛਤ੍ਰੀ ਸੁਤਾ ਤੁਰਕ ਕਹ ਦੈਹੈ ॥੨੬॥

chhatree sutaa turak keh dhaihai ||26||

ਹਾਡਿਯਨ ਸੁਤਾ ਤੁਰਕਿ ਨਹਿ ਦਈ ॥

haaddiyan sutaa turak neh dhiee ||

ਛਤ੍ਰਾਨੀ ਤੁਰਕਨੀ ਨ ਭਈ ॥

chhatraanee turakanee na bhiee ||

ਕਛ ਰਜਪੂਤਨ ਲਾਜ ਗਵਾਈ ॥

kachh rajapootan laaj gavaiee ||

ਰਾਨੀ ਤੇ ਬੇਗਮਾ ਕਹਾਈ ॥੨੭॥

raanee te begamaa kahaiee ||27||

ਅਬ ਮੈ ਧਰੈ ਇਹੌ ਨਿਜੁ ਬੁਧਾ ॥

ab mai dharai ihau nij budhaa ||

ਮੰਡੌਂ ਬੀਰ ਖੇਤ ਮਹਿ ਕ੍ਰੁਧਾ ॥

ma(n)ddau beer khet meh krudhaa ||

ਪਹਿਰਿ ਕੌਚ ਕਰਿ ਖੜਗ ਸੰਭਾਰੌਂ ॥

pahir kauach kar khaRag sa(n)bhaaraua(n) ||

ਚੁਨਿ ਚੁਨਿ ਆਜੁ ਪਖਰਿਯਾ ਮਾਰੌਂ ॥੨੮॥

chun chun aaj pakhariyaa maaraua(n) ||28||

ਤਬ ਕੰਨਜਾ ਨਿਜੁ ਪਿਤਾ ਹਕਾਰਾ ॥

tab ka(n)nayaa nij pitaa hakaaraa ||

ਇਹ ਬਿਧਿ ਤਾ ਸੌ ਮੰਤ੍ਰ ਉਚਾਰਾ ॥

eeh bidh taa sau ma(n)tr uchaaraa ||

ਤਾਤ ਤਨਿਕ ਚਿੰਤਾ ਨਹਿ ਕਰੀਯੈ ॥

taat tanik chi(n)taa neh kareeyai ||

ਸਨਮੁਖ ਪਾਤਿਸਾਹ ਸੌ ਲਰੀਯੈ ॥੨੯॥

sanamukh paatisaeh sau lareeyai ||29||

ਅੜਿਲ ॥

aRil ||

ਬੋਲ ਸਦਾ ਥਿਰ ਰਹੈ ਦਿਵਸਰੇ ਜਾਇ ਹੈ ॥

bol sadhaa thir rahai dhivasare jai hai ||

ਕਰੇ ਕਰਮ ਛਤ੍ਰਿਨ ਕੇ ਚਾਰਣ ਗਾਇ ਹੈ ॥

kare karam chhatiran ke chaaran gai hai ||

ਤਾਤ ਨ ਮੋ ਕੋ ਦੀਜੈ ਆਹਵ ਕੀਜਿਯੈ ॥

taat na mo ko dheejai aahav keejiyai ||

ਹੋ ਦਾਨ ਕ੍ਰਿਪਾਨ ਦੁਹੂੰ ਜਗ ਮੈ ਜਸ ਲੀਜਿਯੈ ॥੩੦॥

ho dhaan kirapaan dhuhoo(n) jag mai jas leejiyai ||30||

ਖੜਗ ਹਾਥ ਜਿਨਿ ਤਜਹੁ ਖੜਗਧਾਰਾ ਸਹੋ ॥

khaRag haath jin tajahu khaRagadhaaraa saho ||

ਭਾਜਿ ਨ ਚਲਿਯਹੁ ਤਾਤ ਮੰਡਿ ਰਨ ਕੌ ਰਹੋ ॥

bhaaj na chaliyahu taat ma(n)dd ran kau raho ||

ਪਠੇ ਪਖਰਿਯਾ ਹਨਿਯਹੁ ਬਿਸਿਖ ਪ੍ਰਹਾਰ ਕਰਿ ॥

paThe pakhariyaa haniyahu bisikh prahaar kar ||

ਹੋ ਮਾਰਿ ਅਰਿਨ ਕੌ ਮਰਿਯਹੁ ਹਮਹਿ ਸੰਘਾਰਿ ਕਰਿ ॥੩੧॥

ho maar arin kau mariyahu hameh sa(n)ghaar kar ||31||

ਚੌਪਈ ॥

chauapiee ||

ਸੁਨਹੁ ਪਿਤਾ ਇਕ ਕਰਹੁ ਉਪਾਈ ॥

sunahu pitaa ik karahu upaiee ||

ਸਮਸਦੀਨ ਕਹ ਲੇਹੁ ਬੁਲਾਈ ॥

samasadheen keh leh bulaiee ||

ਜਬ ਆਵੇ ਤਬ ਪਕਰਿ ਸੰਘਰਿਯਹੁ ॥

jab aave tab pakar sa(n)ghariyahu ||

ਬਹੁਰੌ ਨਿਕਸਿ ਜੁਧ ਕੌ ਕਰਿਯਹੁ ॥੩੨॥

bahurau nikas judh kau kariyahu ||32||

ਸਿਧ ਪਾਲ ਤਬ ਐਸ ਬਿਚਾਰੀ ॥

sidh paal tab aais bichaaree ||

ਭਲੀ ਬਾਤ ਇਨ ਸੁਤਾ ਉਚਾਰੀ ॥

bhalee baat in sutaa uchaaree ||

ਅੰਤਹਪੁਰ ਤੇ ਬਾਹਿਰ ਆਯੋ ॥

a(n)tahapur te baahir aayo ||

ਬੋਲਿ ਪਠਾਨਨ ਐਸ ਜਤਾਯੋ ॥੩੩॥

bol paThaanan aais jataayo ||33||

ਏ ਹੈ ਪ੍ਰਭੁ ਕੇ ਬਡੇ ਬਨਾਏ ॥

e hai prabh ke badde banaae ||

ਹਮ ਤੁਮ ਸੇ ਇਨ ਕੇ ਪਗ ਲਾਏ ॥

ham tum se in ke pag laae ||

ਜੋ ਇਨ ਕਹਾ ਵਹੈ ਮਨ ਮਾਨਾ ॥

jo in kahaa vahai man maanaa ||

ਸਿਰ ਪਰ ਹੁਕਮ ਸਾਹ ਕੋ ਆਨਾ ॥੩੪॥

sir par hukam saeh ko aanaa ||34||

ਤਬ ਮਿਲਿ ਖਾਨ ਸਾਹ ਕੇ ਗਏ ॥

tab mil khaan saeh ke ge ||

ਅਤਿ ਹੀ ਹ੍ਰਿਦੈ ਅਨੰਦਿਤ ਭਏ ॥

at hee hiradhai ana(n)dhit bhe ||

ਤੁਰਕਹਿ ਛਤ੍ਰਿਨ ਸੁਤਾ ਨ ਦਈ ॥

turakeh chhatiran sutaa na dhiee ||

ਹਸਿ ਹੈ ਇਨੈ ਭਲੀ ਇਹ ਭਈ ॥੩੫॥

has hai inai bhalee ieh bhiee ||35||

ਦੁਹਿਤਾ ਇਤੈ ਪਿਤਹਿ ਸਮੁਝਾਵੈ ॥

dhuhitaa itai piteh samujhaavai ||

ਛਤ੍ਰੀ ਜਨਮੁ ਫੇਰਿ ਨਹਿ ਆਵੈ ॥

chhatree janam fer neh aavai ||

ਅਬ ਲੌ ਐਸੀ ਬਾਤ ਨ ਪਈ ॥

ab lau aaisee baat na piee ||

ਤੁਰਕਨ ਕੇ ਛਤ੍ਰਾਨੀ ਗਈ ॥੩੬॥

turakan ke chhatraanee giee ||36||

ਤਾ ਤੇ ਮੋਹਿ ਨ ਦੀਜੈ ਤਾਤਾ ॥

taa te moh na dheejai taataa ||

ਮੰਡਹੁ ਜੁਧ ਹੋਤ ਹੀ ਪ੍ਰਾਤਾ ॥

ma(n)ddahu judh hot hee praataa ||

ਚਲਿ ਹੈ ਕਥਾ ਸਦਾ ਜਗ ਮਾਹੀ ॥

chal hai kathaa sadhaa jag maahee ||

ਪ੍ਰਾਤ ਪਠਾਨ ਕਿ ਛਤ੍ਰੀ ਨਾਹੀ ॥੩੭॥

praat paThaan k chhatree naahee ||37||

ਪਹਿਰਹੁ ਕੌਚ ਬਜਾਇ ਨਗਾਰੇ ॥

pahirahu kauach bajai nagaare ||

ਪੀ ਪੀ ਅਮਲ ਹੋਹੁ ਮਤਵਾਰੇ ॥

pee pee amal hoh matavaare ||

ਪ੍ਰਾਤ ਮਚਤ ਹੈ ਜੁਧ ਅਪਾਰਾ ॥

praat machat hai judh apaaraa ||

ਹ੍ਵੈ ਹੈ ਅੰਧ ਧੁੰਧ ਬਿਕਰਾਰਾ ॥੩੮॥

havai hai a(n)dh dhu(n)dh bikaraaraa ||38||

ਪਾਤਿਸਾਹ ਸੰਗ ਹੈ ਸੰਗ੍ਰਾਮਾ ॥

paatisaeh sa(n)g hai sa(n)graamaa ||

ਸਭ ਹੀ ਕਰਹੁ ਕੇਸਰੀ ਜਾਮਾ ॥

sabh hee karahu kesaree jaamaa ||

ਟਾਕਿ ਆਫੂਐ ਤੁਰੈ ਨਚਾਵੌਂ ॥

Taak aafooaai turai nachaavau ||

ਸਾਗ ਝਲਕਤੀ ਹਾਥ ਫਿਰਾਵੌਂ ॥੩੯॥

saag jhalakatee haath firaavau ||39||

ਪ੍ਰਥਮ ਤਜਾਗਿ ਪ੍ਰਾਨਨ ਕੀ ਆਸਾ ॥

pratham tayaag praanan kee aasaa ||

ਬਾਹਹੁ ਖੜਗ ਸਕਲ ਤਜਿ ਤ੍ਰਾਸਾ ॥

baahahu khaRag sakal taj traasaa ||

ਪੋਸਤ ਭਾਗ ਅਫੀਮ ਚੜਾਵੋ ॥

posat bhaag afeem chaRaavo ||

ਰੇਤੀ ਮਾਝ ਚਰਿਤ੍ਰ ਦਿਖਾਵੋ ॥੪੦॥

retee maajh charitr dhikhaavo ||40||

ਹਜਰਤਿ ਜੋਰਿ ਤਹਾ ਦਲ ਆਯੋ ॥

hajarat jor tahaa dhal aayo ||

ਸਕਲ ਬਜਾਹ ਕੋ ਸਾਜ ਬਨਾਯੋ ॥

sakal bayaeh ko saaj banaayo ||

ਸਿਧ ਪਾਲ ਕੇ ਜਬ ਘਰਿ ਆਏ ॥

sidh paal ke jab ghar aae ||

ਪੁਨਿ ਕੰਨਯਾ ਅਸ ਬਚਨ ਸੁਨਾਏ ॥੪੧॥

pun ka(n)nayaa as bachan sunaae ||41||

ਅੜਿਲ ॥

aRil ||

ਗ੍ਰਿਹ ਆਵੈ ਜੋ ਸਤ੍ਰੁ ਨ ਤਾਹਿ ਸੰਘਾਰਿਯੈ ॥

gireh aavai jo satr na taeh sa(n)ghaariyai ||

ਧਾਮ ਗਏ ਇਹੁ ਮਾਰਹੁ ਮੰਤ੍ਰ ਬਿਚਾਰਿਯੈ ॥

dhaam ge ih maarahu ma(n)tr bichaariyai ||

ਲਛਿਮਨ ਪੁਤ੍ਰਹਿ ਡਾਰਿ ਡੋਰਿ ਦਿਯ ਤ੍ਰਿਯ ਉਚਰਿ ॥

lachhiman putreh ddaar ddor dhiy tiray uchar ||

ਹੋ ਸੰਗ ਸਤ ਸੈ ਖਤਿਰੇਟਾ ਗਯੋ ਤ੍ਰਿਯ ਭੇਸ ਧਰਿ ॥੪੨॥

ho sa(n)g sat sai khatireTaa gayo tiray bhes dhar ||42||

ਚੌਪਈ ॥

chauapiee ||

ਜਬ ਤੇ ਜਾਤ ਧਾਮ ਤੇ ਭਏ ॥

jab te jaat dhaam te bhe ||

ਤਬ ਤਾ ਕੇ ਮੰਦਰ ਮੋ ਅਏ ॥

tab taa ke ma(n)dhar mo ae ||

ਲੁਬਧਮਾਨ ਹ੍ਵੈ ਹਾਥ ਚਲਾਯੋ ॥

lubadhamaan havai haath chalaayo ||

ਲਛਿਮਨ ਕਾਢਿ ਕਟਾਰੀ ਘਾਯੋ ॥੪੩॥

lachhiman kaadd kaTaaree ghaayo ||43||

ਤਾਕਹ ਐਸ ਕਟਾਰੀ ਮਾਰਾ ॥

taakeh aais kaTaaree maaraa ||

ਬਹੁਰਿ ਨ ਹਜਰਤਿ ਬੈਨ ਉਚਾਰਾ ॥

bahur na hajarat bain uchaaraa ||

ਤਾਕਹ ਮਾਰਿ ਭੇਸ ਨਰ ਧਾਰੋ ॥

taakeh maar bhes nar dhaaro ||

ਲੋਗਨ ਮਹਿ ਇਹ ਭਾਤਿ ਉਚਾਰੋ ॥੪੪॥

logan meh ieh bhaat uchaaro ||44||

ਮੋਹਿ ਅਮਲ ਕੇ ਕਾਜ ਪਠਾਵਾ ॥

moh amal ke kaaj paThaavaa ||

ਤੁਮ ਤਨ ਇਹ ਬਿਧਿ ਆਪੁ ਕਹਾਵਾ ॥

tum tan ieh bidh aap kahaavaa ||

ਧਾਮ ਆਵਨੇ ਕੋਈ ਨ ਪਾਵੈ ॥

dhaam aavane koiee na paavai ||

ਜੋ ਆਵੈ ਸੋ ਜਾਨ ਗਵਾਵੈ ॥੪੫॥

jo aavai so jaan gavaavai ||45||

ਇਹ ਛਲ ਲਾਘਿ ਡਿਵਢੀਯਨ ਆਯੋ ॥

eeh chhal laagh ddivaddeeyan aayo ||

ਚੋਬਦਾਰ ਨਹਿ ਕਿਨੀ ਹਟਾਯੋ ॥

chobadhaar neh kinee haTaayo ||

ਜਬ ਹੀ ਕੁਮਕ ਆਪਨੀ ਗਯੋ ॥

jab hee kumak aapanee gayo ||

ਤਬ ਹੀ ਅਮਿਤ ਕੁਲਾਹਲ ਭਯੋ ॥੪੬॥

tab hee amit kulaahal bhayo ||46||

ਬਾਜੈ ਲਗੇ ਤਹਾ ਸਦਿਯਾਨੇ ॥

baajai lage tahaa sadhiyaane ||

ਬਾਜਤ ਤਿਹੂੰ ਭਵਨ ਮਹਿ ਜਾਨੇ ॥

baajat tihoo(n) bhavan meh jaane ||

ਢੋਲ ਮ੍ਰਿਦੰਗ ਮੁਚੰਗ ਨਗਾਰੇ ॥

ddol miradha(n)g mucha(n)g nagaare ||

ਮੰਦਲ ਤੂਰ ਉਪੰਗ ਅਪਾਰੇ ॥੪੭॥

ma(n)dhal toor upa(n)g apaare ||47||

ਦੋਹਰਾ ॥

dhoharaa ||

ਬਜੈ ਦਮਾਮਾ ਜਬ ਲਗੇ ਸੁਨਿ ਮਾਰੂ ਧੁਨਿ ਕਾਨ ॥

bajai dhamaamaa jab lage sun maaroo dhun kaan ||

ਖਾਨ ਖਵੀਨ ਜਿਤੇ ਹੁਤੇ ਟੂਟਿ ਪਰੇ ਤਹ ਆਨਿ ॥੪੮॥

khaan khaveen jite hute TooT pare teh aan ||48||

ਚੌਪਈ ॥

chauapiee ||

ਐਸੋ ਕਵਨ ਦ੍ਵੈਖਨੀ ਜਾਯੋ ॥

aaiso kavan dhavaikhanee jaayo ||

ਜਿਨੈ ਜੁਝਊਆ ਇਹਾ ਬਜਾਯੋ ॥

jinai jujhuooaa ihaa bajaayo ||

ਐਸਾ ਭਯੋ ਕਵਨ ਮਤਵਾਲਾ ॥

aaisaa bhayo kavan matavaalaa ||

ਜਹ ਮੂਰਖ ਨਹਿ ਸੂਝਤ ਚਾਲਾ ॥੪੯॥

jeh moorakh neh soojhat chaalaa ||49||

ਇਹ ਬਿਧਿ ਭਾਖਿ ਖਾਨ ਸਭ ਧਾਏ ॥

eeh bidh bhaakh khaan sabh dhaae ||

ਬਾਧੇ ਚੁੰਗ ਚੌਪ ਤਨ ਆਏ ॥

baadhe chu(n)g chauap tan aae ||

ਸਮਸਦੀਨ ਲਛਿਮਨ ਜਹ ਘਾਯੋ ॥

samasadheen lachhiman jeh ghaayo ||

ਤਿਹ ਠਾ ਸਕਲ ਸੈਨ ਮਿਲਿ ਆਯੋ ॥੫੦॥

teh Thaa sakal sain mil aayo ||50||

ਲੋਦੀ ਸੂਰ ਨਯਾਜੀ ਚਲੇ ॥

lodhee soor nayaajee chale ||

ਲੀਨੇ ਸੰਗ ਸੂਰਮਾ ਭਲੇ ॥

leene sa(n)g sooramaa bhale ||

ਦਾਓਜਈ ਰੁਹੇਲੇ ਆਏ ॥

dhaaojiee ruhele aae ||

ਆਫਰੀਦਿਯਨ ਤੁਰੈ ਨਚਾਏ ॥੫੧॥

aafareedhiyan turai nachaae ||51||

ਦੋਹਰਾ ॥

dhoharaa ||

ਬਾਵਨ ਖੇਲ ਪਠਾਨ ਤਹ ਸਭੈ ਪਰੇ ਅਰਿਰਾਇ ॥

baavan khel paThaan teh sabhai pare arirai ||

ਭਾਤਿ ਭਾਤਿ ਬਾਨਾ ਬਧੇ ਗਨਨਾ ਗਨੀ ਨ ਜਾਇ ॥੫੨॥

bhaat bhaat baanaa badhe gananaa ganee na jai ||52||

ਚੌਪਈ ॥

chauapiee ||

ਪਖਰਿਯਾਰੇ ਦ੍ਵਾਰਨ ਨਹਿ ਮਾਵੈ ॥

pakhariyaare dhavaiaaran neh maavai ||

ਜਹਾ ਤਹਾ ਭਟ ਤੁਰੰਗ ਨਚਾਵੈ ॥

jahaa tahaa bhaT tura(n)g nachaavai ||

ਬਾਨਨ ਕੀ ਆਂਧੀ ਤਹ ਆਈ ॥

baanan kee aa(n)dhee teh aaiee ||

ਹਾਥ ਪਸਾਰਾ ਲਖਾ ਨ ਜਾਈ ॥੫੩॥

haath pasaaraa lakhaa na jaiee ||53||

ਇਹ ਬਿਧਿ ਸੋਰ ਨਗਰ ਮੈ ਪਯੋ ॥

eeh bidh sor nagar mai payo ||

ਜਨੁ ਰਵਿ ਉਲਟਿ ਪਲਟ ਹ੍ਵੈ ਗਯੋ ॥

jan rav ulaT palaT havai gayo ||

ਜੈਸੇ ਜਲਧਿ ਬਾਰਿ ਪਰਹਰੈ ॥

jaise jaladh baar paraharai ||

ਉਛਰਿ ਉਛਰਿ ਮਛਰੀ ਜ੍ਯੋਂ ਮਰੈ ॥੫੪॥

auchhar uchhar machharee jayo(n) marai ||54||

ਜਿਹ ਬਿਧਿ ਨਾਵ ਨਦੀ ਕੀ ਧਾਰਾ ॥

jeh bidh naav nadhee kee dhaaraa ||

ਬਹੀ ਜਾਤ ਕੋਊ ਨਹਿ ਰਖਵਾਰਾ ॥

bahee jaat kouoo neh rakhavaaraa ||

ਤੈਸੀ ਦਸਾ ਨਗਰ ਕੀ ਭਈ ॥

taisee dhasaa nagar kee bhiee ||

ਜਨੁ ਬਿਨੁ ਸਕ੍ਰ ਸਚੀ ਹ੍ਵੈ ਗਈ ॥੫੫॥

jan bin sakr sachee havai giee ||55||

ਦੋਹਰਾ ॥

dhoharaa ||

ਇਹਿ ਦਿਸਿ ਸਭ ਛਤ੍ਰੀ ਚੜੇ ਉਹਿ ਦਿਸਿ ਚੜੇ ਪਠਾਨ ॥

eeh dhis sabh chhatree chaRe uh dhis chaRe paThaan ||

ਸੁਨਹੁ ਸੰਤ ਚਿਤ ਦੈ ਸਭੈ ਜਿਹ ਬਿਧਿ ਭਯੋ ਨਿਦਾਨ ॥੫੬॥

sunahu sa(n)t chit dhai sabhai jeh bidh bhayo nidhaan ||56||

ਭੁਜੰਗ ਪ੍ਰਯਾਤ ਛੰਦ ॥

bhuja(n)g prayaat chha(n)dh ||

ਜਬੈ ਜੋਰਿ ਬਾਨਾ ਅਨੀ ਖਾਨ ਆਏ ॥

jabai jor baanaa anee khaan aae ||

ਇਤੈ ਛੋਭਿ ਛਤ੍ਰੀ ਸਭੈ ਬੀਰ ਧਾਏ ॥

eitai chhobh chhatree sabhai beer dhaae ||

ਚਲੇ ਬਾਨ ਐਸੇ ਦੁਹੂੰ ਓਰ ਭਾਰੇ ॥

ਖਾਟ ਉਚਾਇ ਲਜਾਵਤ ਭਯੋ ॥

khaaT uchai layaavat bhayo ||

ਕਾਮ ਭੋਗ ਕਰਿ ਕੁਅਰਿ ਕੁਅਰ ਸੰਗ ॥

kaam bhog kar kuar kuar sa(n)g ||

ਪਹੁਚਾਯੋ ਗ੍ਰਿਹ ਤਾਹਿ ਤਿਸੀ ਢੰਗ ॥੬॥

pahuchaayo gireh taeh tisee dda(n)g ||6||

ਦੋਹਰਾ ॥

dhoharaa ||

ਏਕ ਦਿਵਸ ਤਾ ਕੌ ਪਿਤਾ ਗਯੋ ਸੁਤਾ ਕੇ ਗ੍ਰੇਹ ॥

ek dhivas taa kau pitaa gayo sutaa ke greh ||

ਸੇਜ ਦੇਖਿ ਕਰਿ ਦਲਮਲੀ ਚਿਤ ਮਹਿ ਬਢਾ ਸੰਦੇਹ ॥੭॥

sej dhekh kar dhalamalee chit meh baddaa sa(n)dheh ||7||

ਚੌਪਈ ॥

chauapiee ||

ਚਿੰਤਾਤੁਰ ਘਰ ਕੋ ਫਿਰਿ ਆਯੋ ॥

chi(n)taatur ghar ko fir aayo ||

ਸਹਿਰ ਢੰਢੋਰਾ ਐਸ ਦਿਲਾਯੋ ॥

sahir dda(n)ddoraa aais dhilaayo ||

ਜੇ ਕੋਈ ਪੁਹਪ ਖਰੀਦਨ ਆਵੈ ॥

je koiee puhap khareedhan aavai ||

ਮੁਹਿ ਨਿਰਖੇ ਬਿਨੁ ਲੇਨ ਨ ਪਾਵੈ ॥੮॥

muh nirakhe bin len na paavai ||8||

ਪੁਹਪਨ ਸਮੈ ਬਿਕਨ ਜਬ ਭਯੋ ॥

puhapan samai bikan jab bhayo ||

ਤਬ ਤਹ ਨ੍ਰਿਪਤਿ ਬਿਲੋਕਨ ਅਯੋ ॥

tab teh nirapat bilokan ayo ||

ਜੋਗੀ ਏਕ ਤਹਾ ਤਬ ਆਯੋ ॥

jogee ek tahaa tab aayo ||

ਪੁਹਪ ਪਾਚ ਮਨ ਮੋਲ ਚੁਕਾਯੋ ॥੯॥

puhap paach man mol chukaayo ||9||

ਆਇ ਸੁ ਫੂਲ ਮੋਲ ਲੈ ਗਯੋ ॥

aai su fool mol lai gayo ||

ਪਾਛੋ ਗਹਤ ਨ੍ਰਿਪਤਿ ਤਿਹ ਭਯੋ ॥

paachho gahat nirapat teh bhayo ||

ਜਾਤ ਜਾਤ ਦੋਊ ਗਏ ਗਹਿਰ ਬਨ ॥

jaat jaat dhouoo ge gahir ban ||

ਜਹ ਲਖਿ ਜਾਤ ਤੀਸਰੋ ਮਨੁਖ ਨ ॥੧੦॥

jeh lakh jaat teesaro manukh na ||10||

ਤਬ ਜੋਗੀ ਸਰ ਜਟਾ ਉਘਾਰੀ ॥

tab jogee sar jaTaa ughaaree ||

ਤਿਨ ਭੀਤਰ ਤੇ ਨਾਰਿ ਨਿਕਾਰੀ ॥

tin bheetar te naar nikaaree ||

ਭਾਤਿ ਭਾਤਿ ਤਾ ਸੌ ਰਤਿ ਕਰਿ ਕੈ ॥

bhaat bhaat taa sau rat kar kai ||

ਸੋਯੋ ਤਾਪ ਮਦਨ ਕੌ ਹਰਿ ਕੈ ॥੧੧॥

soyo taap madhan kau har kai ||11||

ਜਬ ਹੀ ਸੋਇ ਸੰਨਯਾਸੀ ਗਯੋ ॥

jab hee soi sa(n)nayaasee gayo ||

ਜੁਤ ਜਟਨ ਤਿਹ ਨਾਰਿ ਛੁਰਯੋ ॥

joot jaTan teh naar chhurayo ||

ਤਹ ਤੇ ਪੁਰਖ ਏਕ ਤਿਹ ਕਾਢਾ ॥

teh te purakh ek teh kaaddaa ||

ਕਾਮ ਭੋਗ ਤਾ ਸੌ ਕਰਿ ਗਾਢਾ ॥੧੨॥

kaam bhog taa sau kar gaaddaa ||12||

ਨ੍ਰਿਪ ਠਾਢੋ ਤਿਹ ਚਰਿਤ ਨਿਹਾਰਾ ॥

nirap Thaaddo teh charit nihaaraa ||

ਜੋਰਿ ਹਾਥ ਜੋਗਿਯਹਿ ਉਚਾਰਾ ॥

jor haath jogiyeh uchaaraa ||

ਮੋ ਗ੍ਰਿਹ ਕਾਲ ਕ੍ਰਿਪਾ ਕਰਿ ਐਯੋ ॥

mo gireh kaal kirapaa kar aaiyo ||

ਜਥਾ ਸਕਤਿ ਭੋਜਨ ਕਰਿ ਜੈਯੋ ॥੧੩॥

jathaa sakat bhojan kar jaiyo ||13||

ਪ੍ਰਾਤ ਗਯੋ ਸੰਨ੍ਯਾਸੀ ਤਿਹ ਘਰ ॥

praat gayo sa(n)nayaasee teh ghar ||

ਭਗਵਾ ਭੇਸ ਸਕਲ ਤਨ ਮੈ ਧਰਿ ॥

bhagavaa bhes sakal tan mai dhar ||

ਭਾਤਿ ਭਾਤਿ ਤਨ ਪ੍ਰਭਾ ਬਨਾਈ ॥

bhaat bhaat tan prabhaa banaiee ||

ਮਹਾ ਧਰਮ ਸੋ ਜਨਿਯੋ ਜਾਈ ॥੧੪॥

mahaa dharam so janiyo jaiee ||14||

ਸੰਨ੍ਯਾਸੀ ਕਹ ਨ੍ਰਿਪ ਆਗੇ ਧਰਿ ॥

sa(n)nayaasee keh nirap aage dhar ||

ਦੁਹਿਤਾ ਕੇ ਰਾਜਾ ਆਯੋ ਘਰ ॥

dhuhitaa ke raajaa aayo ghar ||

ਤੀਨ ਥਾਲ ਭੋਜਨ ਕੇ ਭਰਿ ਕੈ ॥

teen thaal bhojan ke bhar kai ||

ਆਗੇ ਰਾਖੇ ਬਚਨ ਉਚਰਿ ਕੈ ॥੧੫॥

aage raakhe bachan uchar kai ||15||

ਇਹ ਬਿਧਿ ਬਚਨ ਕਹੇ ਸੰਨ੍ਯਾਸੀ ॥

eeh bidh bachan kahe sa(n)nayaasee ||

ਕਹਾ ਕਰਤ ਹੈ ਮੁਹਿ ਤਨ ਹਾਸੀ ॥

kahaa karat hai muh tan haasee ||

ਏਕ ਮਨੁਛ ਹੌ ਇਤਨੌ ਭੋਜਨ ॥

ek manuchh hau itanau bhojan ||

ਖਾਯੋ ਜਾਇ ਕਵਨ ਬਿਧਿ ਮੋ ਤਨ ॥੧੬॥

khaayo jai kavan bidh mo tan ||16||

ਏਕ ਥਾਰ ਭੋਜਨ ਤੁਮ ਕਰੋ ॥

ek thaar bhojan tum karo ||

ਦੁਤਿਯ ਜਟਨ ਮੈ ਤਿਹ ਅਨਸਰੋ ॥

dhutiy jaTan mai teh anasaro ||

ਜਿਹ ਤਿਹ ਭਾਤਿ ਜਟਾ ਛੁਰਵਾਇ ॥

jeh teh bhaat jaTaa chhuravai ||

ਤਹ ਤੇ ਨਾਰਿ ਨਿਕਾਸੀ ਰਾਇ ॥੧੭॥

teh te naar nikaasee rai ||17||

ਤ੍ਰਿਤਿਯ ਥਾਰ ਆਗੇ ਤਿਹ ਰਾਖਾ ॥

tiratiy thaar aage teh raakhaa ||

ਬਿਹਸਿ ਬਚਨ ਤਾ ਸੌ ਨ੍ਰਿਪ ਭਾਖਾ ॥

bihas bachan taa sau nirap bhaakhaa ||

ਕੇਸ ਫਾਸ ਤੇ ਪੁਰਖ ਨਿਕਾਰਹੁ ॥

kes faas te purakh nikaarahu ||

ਯਹ ਭੋਜਨ ਤੁਮ ਤਾ ਕਹ ਖ੍ਵਾਰਹੁ ॥੧੮॥

yeh bhojan tum taa keh khavaiaarahu ||18||

ਜਿਹ ਤਿਹ ਬਿਧਿ ਤਾ ਕੋ ਸੁ ਨਿਕਾਰਿਯੋ ॥

jeh teh bidh taa ko su nikaariyo ||

ਬਹੁਰਿ ਸੁਤਾ ਸੌ ਬਚਨ ਉਚਾਰਿਯੋ ॥

bahur sutaa sau bachan uchaariyo ||

ਤੀਨ ਥਾਰ ਅਗੇ ਤਿਹ ਰਾਖੇ ॥

teen thaar age teh raakhe ||

ਤੀਨੋ ਭਖਹੁ ਯਾਹਿ ਬਿਧਿ ਭਾਖੇ ॥੧੯॥

teeno bhakhahu yaeh bidh bhaakhe ||19||

ਦੁਹਕਰ ਕਰਮ ਲਖਿਯੋ ਪਿਤ ਕੋ ਜਬ ॥

dhuhakar karam lakhiyo pit ko jab ||

ਚਕ੍ਰਿਤ ਭਈ ਚਿਤ ਮਾਝ ਕੁਅਰਿ ਤਬ ॥

chakirat bhiee chit maajh kuar tab ||

ਜਾਰ ਸਹਿਤ ਵਹ ਬੀਰ ਬੁਲਾਯੋ ॥

jaar sahit veh beer bulaayo ||

ਆਪਨ ਸਹਿਤ ਭੋਜ ਵਹ ਖਾਯੋ ॥੨੦॥

aapan sahit bhoj veh khaayo ||20||

ਤ੍ਰਾਸ ਚਿਤ ਮੈ ਅਧਿਕ ਬਿਚਾਰਾ ॥

traas chit mai adhik bichaaraa ||

ਇਨ ਰਾਜੈ ਸਭ ਚਰਿਤ ਨਿਹਾਰਾ ॥

ein raajai sabh charit nihaaraa ||

ਕਵਨ ਉਪਾਇ ਆਜੁ ਹਯਾਂ ਕਰਿਯੈ ॥

kavan upai aaj hayaa(n) kariyai ||

ਕਛੁਕ ਖੇਲਿ ਕਰਿ ਚਰਿਤ ਨਿਕਰਿਯੈ ॥੨੧॥

kachhuk khel kar charit nikariyai ||21||

ਬੀਰ ਹਾਕਿ ਅਸ ਮੰਤ੍ਰ ਉਚਾਰਾ ॥

beer haak as ma(n)tr uchaaraa ||

ਪਿਤ ਜੁਤ ਅੰਧ ਤਿਨੈ ਕਰਿ ਡਾਰਾ ॥

pit jut a(n)dh tinai kar ddaaraa ||

ਗਈ ਮਿਤ੍ਰ ਕੇ ਸਾਥ ਨਿਕਰਿ ਕਰਿ ॥

giee mitr ke saath nikar kar ||

ਭੇਦ ਸਕਾ ਨਹਿ ਕਿਨੂੰ ਬਿਚਰਿ ਕਰਿ ॥੨੨॥

bhedh sakaa neh kinoo(n) bichar kar ||22||

ਅੰਧ ਭਏ ਤੇ ਲੋਗ ਸਭੈ ਜਬ ॥

a(n)dh bhe te log sabhai jab ||

ਇਹ ਬਿਧਿ ਬਚਨ ਬਖਾਨਾ ਨ੍ਰਿਪ ਤਬ ॥

eeh bidh bachan bakhaanaa nirap tab ||

ਆਛਿ ਬੈਦ ਕੋਊ ਲੇਹੁ ਬੁਲਾਇ ॥

aachh baidh kouoo leh bulai ||

ਜੋ ਆਖਿਨ ਕੋ ਕਰੇ ਉਪਾਇ ॥੨੩॥

jo aakhin ko kare upai ||23||

ਦੁਹਿਤਾ ਬੈਦ ਭੇਸ ਤਹ ਧਰਿ ਕੈ ॥

dhuhitaa baidh bhes teh dhar kai ||

ਰੋਗ ਨ੍ਰਿਪਤਿ ਅਖਿਅਨ ਕੌ ਹਰਿ ਕੈ ॥

rog nirapat akhian kau har kai ||

ਮਾਗਿ ਲਯੋ ਪਿਤ ਤੇ ਸੋਈ ਪਤਿ ॥

maag layo pit te soiee pat ||

ਖਚਿਤ ਹੁਤੀ ਜਾ ਕੇ ਭੀਤਰ ਮਤਿ ॥੨੪॥

khachit hutee jaa ke bheetar mat ||24||

ਇਹ ਛਲ ਬਰਿਯੋ ਬਾਲ ਪਤਿ ਤੌਨੇ ॥

eeh chhal bariyo baal pat tauane ||

ਮਨ ਮਹਿ ਚੁਭਿਯੋ ਚਤੁਰਿ ਕੈ ਜੌਨੇ ॥

man meh chubhiyo chatur kai jauane ||

ਇਨ ਇਸਤ੍ਰਿਨ ਕੇ ਚਰਿਤ ਅਪਾਰਾ ॥

ein isatiran ke charit apaaraa ||

ਸਜਿ ਪਛੁਤਾਨ੍ਯੋ ਇਨ ਕਰਤਾਰਾ ॥੨੫॥

saj pachhutaanrayo in karataaraa ||25||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਾਈਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੨੨॥੬੦੮੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau baiees charitr samaapatam sat subham sat ||322||6084||afajoo(n)||

ਚੌਪਈ ॥

chauapiee ||

ਭਦ੍ਰ ਸੈਨ ਰਾਜਾ ਇਕ ਅਤਿ ਬਲ ॥

bhadhr sain raajaa ik at bal ||

ਅਰਿ ਅਨੇਕ ਜੀਤੇ ਜਿਨ ਦਲਮਲਿ ॥

ar anek jeete jin dhalamal ||

ਸਹਿਰ ਭੇਹਰਾ ਮੈ ਅਸਥਾਨਾ ॥

sahir bheharaa mai asathaanaa ||

ਜਿਨ ਕੌ ਭਰਤ ਦੰਡ ਨ੍ਰਿਪ ਨਾਨਾ ॥੧॥

jin kau bharat dha(n)dd nirap naanaa ||1||

ਕੁਮਦਨਿ ਦੇ ਤਾ ਕੇ ਘਰ ਨਾਰੀ ॥

kumadhan dhe taa ke ghar naaree ||

ਆਪੁ ਜਨਕੁ ਜਗਦੀਸ ਸਵਾਰੀ ॥

aap janak jagadhees savaaree ||

ਤਾ ਕੀ ਜਾਤ ਨ ਪ੍ਰਭਾ ਉਚਾਰੀ ॥

taa kee jaat na prabhaa uchaaree ||

ਫੂਲ ਰਹੀ ਜਨੁ ਕਰਿ ਫੁਲਵਾਰੀ ॥੨॥

fool rahee jan kar fulavaaree ||2||

ਪ੍ਰਮੁਦ ਸੈਨ ਸੁਤ ਗ੍ਰਿਹ ਅਵਤਰਿਯੋ ॥

pramudh sain sut gireh avatariyo ||

ਮਦਨ ਰੂਪ ਦੂਸਰ ਜਨੁ ਧਰਿਯੋ ॥

madhan roop dhoosar jan dhariyo ||

ਜਾ ਕੀ ਜਾਤ ਨ ਪ੍ਰਭਾ ਬਖਾਨੀ ॥

jaa kee jaat na prabhaa bakhaanee ||

ਅਟਿਕ ਰਹਤ ਲਖਿ ਰੰਕ ਰੁ ਰਾਨੀ ॥੩॥

aTik rahat lakh ra(n)k r raanee ||3||

ਜਬ ਵਹ ਤਰੁਨ ਕੁਅਰ ਅਤਿ ਭਯੋ ॥

jab veh tarun kuar at bhayo ||

ਠੌਰਹਿ ਠੌਰ ਅਵਰ ਹ੍ਵੈ ਗਯੇ ॥

Thauareh Thauar avar havai gaye ||

ਬਾਲਪਨੇ ਕਿ ਤਗੀਰੀ ਆਈ ॥

baalapane k tageeree aaiee ||

ਅੰਗ ਅੰਗ ਫਿਰੀ ਅਨੰਗ ਦੁਹਾਈ ॥੪॥

a(n)g a(n)g firee ana(n)g dhuhaiee ||4||

ਤਹ ਇਕ ਸੁਤਾ ਸਾਹ ਕੀ ਅਹੀ ॥

teh ik sutaa saeh kee ahee ||

ਕੁਅਰ ਬਿਲੋਕ ਥਕਿਤ ਹ੍ਵੈ ਰਹੀ ॥

kuar bilok thakit havai rahee ||

ਹੌਸ ਮਿਲਨ ਕੀ ਹ੍ਰਿਦੈ ਬਢਾਈ ॥

hauas milan kee hiradhai baddaiee ||

ਏਕ ਸਹਚਰੀ ਤਹਾ ਪਠਾਈ ॥੫॥

ek sahacharee tahaa paThaiee ||5||

ਸਖੀ ਕੁਅਰ ਤਨ ਬ੍ਰਿਥਾ ਜਨਾਈ ॥

sakhee kuar tan birathaa janaiee ||

ਸਾਹ ਸੁਤਾ ਤਵ ਹੇਰਿ ਲੁਭਾਈ ॥

saeh sutaa tav her lubhaiee ||

ਕਰਹੁ ਸਜਨ ਤਿਹ ਧਾਮ ਪਯਾਨਾ ॥

karahu sajan teh dhaam payaanaa ||

ਭੋਗ ਕਰੋ ਵਾ ਸੌ ਬਿਧਿ ਨਾਨਾ ॥੬॥

bhog karo vaa sau bidh naanaa ||6||

ਦ੍ਵੈ ਹੈਗੇ ਇਹ ਨਗਰ ਖੁਦਾਈ ॥

dhavai haige ieh nagar khudhaiee ||

ਤਿਨ ਦੁਹੂੰਅਨ ਮੌ ਰਾਰਿ ਬਢਾਈ ॥

tin dhuhoo(n)an mau raar baddaiee ||

ਜੌ ਤੂ ਦੁਹੂੰ ਜਿਯਨ ਤੈ ਮਾਰੈ ॥

jau too dhuhoo(n) jiyan tai maarai ||

ਬਹੁਰਿ ਹਮਾਰੋ ਸਾਥ ਬਿਹਾਰੈ ॥੭॥

bahur hamaaro saath bihaarai ||7||

ਸੁਨਿ ਬਚ ਭੇਸ ਤੁਰਕ ਤ੍ਰਿਯ ਧਰਾ ॥

sun bach bhes turak tiray dharaa ||

ਬਾਨਾ ਵਹੈ ਆਪਨੋ ਕਰਾ ॥

baanaa vahai aapano karaa ||

ਗਹਿ ਕ੍ਰਿਪਾਨ ਤਿਹ ਕਿਯੋ ਪਯਾਨਾ ॥

geh kirapaan teh kiyo payaanaa ||

ਜਹਾ ਨਿਮਾਜੀ ਪੜਤ ਦੁਗਾਨਾ ॥੮॥

jahaa nimaajee paRat dhugaanaa ||8||

ਜਬ ਹੀ ਪੜੀ ਨਿਮਾਜ ਤਿਨੋ ਸਬ ॥

jab hee paRee nimaaj tino sab ||

ਸਿਜਦਾ ਬਿਖੈ ਸੁ ਗਏ ਤੁਰਕ ਜਬ ॥

sijadhaa bikhai su ge turak jab ||

ਤਬ ਇਹ ਘਾਤ ਭਲੀ ਕਰਿ ਪਾਈ ॥

tab ieh ghaat bhalee kar paiee ||

ਕਾਟਿ ਮੂੰਡ ਦੁਹੂੰਅਨ ਕੇ ਆਈ ॥੯॥

kaaT moo(n)dd dhuhoo(n)an ke aaiee ||9||

ਇਹ ਬਿਧਿ ਦੋਊ ਖੁਦਾਈ ਮਾਰੇ ॥

eeh bidh dhouoo khudhaiee maare ||

ਰਮੀ ਆਨਿ ਕਰਿ ਸਾਥ ਪਜਾਰੇ ॥

ramee aan kar saath payaare ||

ਭੇਦ ਅਭੇਦ ਨ ਕਿਨੀ ਬਿਚਾਰਾ ॥

bhedh abhedh na kinee bichaaraa ||

ਕਿਨਹੀ ਦੁਸਟ ਕਹਿਯੋ ਇਨ ਮਾਰਾ ॥੧੦॥

kinahee dhusaT kahiyo in maaraa ||10||

ਦੋਹਰਾ ॥

dhoharaa ||

ਮਾਰਿ ਖੁਦਾਇਨ ਦੁਹੂੰ ਕਹ ਬਰਿਯੋ ਆਨਿ ਕਰ ਮਿਤ ॥

maar khudhain dhuhoo(n) keh bariyo aan kar mit ||

ਦੇਵ ਅਦੇਵ ਨ ਪਾਵਹੀ ਅਬਲਾਨ ਕੇ ਚਰਿਤ ॥੧੧॥

dhev adhev na paavahee abalaan ke charit ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤੇਈਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੨੩॥੬੦੯੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau teiees charitr samaapatam sat subham sat ||323||6095||afajoo(n)||

ਚੌਪਈ ॥

chauapiee ||

ਮੰਤ੍ਰੀ ਕਥਾ ਉਚਾਰਨ ਲਾਗਾ ॥

ma(n)tree kathaa uchaaran laagaa ||

ਜਾ ਕੇ ਰਸ ਰਾਜਾ ਅਨੁਰਾਗਾ ॥

jaa ke ras raajaa anuraagaa ||

ਸੂਰਤਿ ਸੈਨ ਨ੍ਰਿਪਤਿ ਇਕ ਸੂਰਤਿ ॥

soorat sain nirapat ik soorat ||

ਜਾਨੁਕ ਦੁਤਿਯ ਮੈਨ ਕੀ ਮੂਰਤਿ ॥੧॥

jaanuk dhutiy main kee moorat ||1||

ਅਛ੍ਰਾ ਦੇਇ ਸਦਨ ਤਿਹ ਨਾਰੀ ॥

achhraa dhei sadhan teh naaree ||

ਕਨਕ ਅਵਟਿ ਸਾਚੈ ਜਨ ਢਾਰੀ ॥

kanak avaT saachai jan ddaaree ||

ਅਪਸਰ ਮਤੀ ਸੁਤਾ ਤਿਹ ਸੋਹੈ ॥

apasar matee sutaa teh sohai ||

ਸੁਰ ਨਰ ਨਾਗ ਅਸੁਰ ਮਨ ਮੋਹੈ ॥੨॥

sur nar naag asur man mohai ||2||

ਸੁਰਿਦ ਸੈਨ ਇਕ ਸਾਹ ਪੁਤ੍ਰ ਤਹ ॥

suridh sain ik saeh putr teh ||

ਜਿਹ ਸਮ ਦੂਸਰ ਭਯੋ ਨ ਮਹਿ ਮਹ ॥

jeh sam dhoosar bhayo na meh meh ||

ਰਾਜ ਸੁਤਾ ਤਿਹ ਊਪਰ ਅਟਕੀ ॥

raaj sutaa teh uoopar aTakee ||

ਬਿਸਰਿ ਗਈ ਸਭ ਹੀ ਸੁਧਿ ਘਟ ਕੀ ॥੩॥

bisar giee sabh hee sudh ghaT kee ||3||

ਚਤੁਰਿ ਸਹਚਰੀ ਤਹਾ ਪਠਾਈ ॥

chatur sahacharee tahaa paThaiee ||

ਨਾਰਿ ਭੇਸ ਕਰਿ ਤਿਹ ਲੈ ਆਈ ॥

naar bhes kar teh lai aaiee ||

ਜਬ ਵਹੁ ਤਰੁਨ ਤਰੁਨਿਯਹਿ ਪਾਯੋ ॥

jab vahu tarun taruniyeh paayo ||

ਭਾਂਤਿ ਭਾਂਤਿ ਭਜਿ ਗਰੇ ਲਗਾਯੋ ॥੪॥

bhaat bhaat bhaj gare lagaayo ||4||

ਭਾਂਤਿ ਭਾਂਤਿ ਕੇ ਆਸਨ ਲੈ ਕੈ ॥

bhaat bhaat ke aasan lai kai ||

ਭਾਂਤਿ ਭਾਂਤਿ ਤਨ ਚੁੰਬਨ ਕੈ ਕੈ ॥

bhaat bhaat tan chu(n)ban kai kai ||

ਤਿਹ ਤਿਹ ਬਿਧਿ ਤਾ ਕੋ ਬਿਰਮਾਯੋ ॥

teh teh bidh taa ko biramaayo ||

ਗ੍ਰਿਹ ਜੈਬੋ ਤਿਨਹੂੰ ਸੁ ਭੁਲਾਯੋ ॥੫॥

gireh jaibo tinahoo(n) su bhulaayo ||5||

ਸਖੀ ਭੇਸ ਕਹ ਧਾਰੇ ਰਹੈ ॥

sakhee bhes keh dhaare rahai ||

ਸੋਈ ਕਰੈ ਜੁ ਅਬਲਾ ਕਹੈ ॥

soiee karai ju abalaa kahai ||

ਰੋਜ ਭਜੈ ਆਸਨ ਤਿਹ ਲੈ ਕੈ ॥

roj bhajai aasan teh lai kai ||

ਭਾਤਿ ਭਾਤਿ ਤਾ ਕਹੁ ਸੁਖ ਦੈ ਕੈ ॥੬॥

bhaat bhaat taa kahu sukh dhai kai ||6||

ਪਿਤ ਤਿਹ ਨਿਰਖੈ ਭੇਦ ਨ ਜਾਨੈ ॥

pit teh nirakhai bhedh na jaanai ||

ਦੁਹਿਤਾ ਕੀ ਤਿਹ ਸਖੀ ਪ੍ਰਮਾਨੈ ॥

dhuhitaa kee teh sakhee pramaanai ||

ਭੇਦ ਅਭੇਦ ਜੜ ਕੋਇ ਨ ਲਹਹੀ ॥

bhedh abhedh jaR koi na lahahee ||

ਵਾ ਕੀ ਤਾਹਿ ਖਵਾਸਿਨਿ ਕਰਹੀ ॥੭॥

vaa kee taeh khavaasin karahee ||7||

ਇਕ ਦਿਨ ਦੁਹਿਤਾ ਪਿਤਾ ਨਿਹਾਰਤ ॥

eik dhin dhuhitaa pitaa nihaarat ||

ਭਈ ਖੇਲ ਕੇ ਬੀਚ ਮਹਾ ਰਤ ॥

bhiee khel ke beech mahaa rat ||

ਤਵਨ ਪੁਰਖ ਕਹ ਪੁਰਖ ਉਚਰਿ ਕੈ ॥

tavan purakh keh purakh uchar kai ||

ਭਰਤਾ ਕਰਾ ਸੁਯੰਬਰ ਕਰਿ ਕੈ ॥੮॥

bharataa karaa suya(n)bar kar kai ||8||

ਬੈਠੀ ਬਹੁਰਿ ਸੋਕ ਮਨ ਧਰਿ ਕੈ ॥

baiThee bahur sok man dhar kai ||

ਸੁਨਤ ਮਾਤ ਪਿਤ ਬਚਨ ਉਚਰਿ ਕੈ ॥

sunat maat pit bachan uchar kai ||

ਕਹ ਇਹ ਕਰੀ ਲਖਹੁ ਹਮਰੀ ਗਤਿ ॥

keh ieh karee lakhahu hamaree gat ||

ਮੁਹਿ ਇਨ ਦੀਨ ਸਹਚਰੀ ਕਰਿ ਪਤਿ ॥੯॥

muh in dheen sahacharee kar pat ||9||

ਅਬ ਮੁਹਿ ਭਈ ਇਹੈ ਸਹਚਰਿ ਪਤਿ ॥

ab muh bhiee ihai sahachar pat ||

ਖੇਲਤ ਦਈ ਲਰਿਕਵਨ ਸੁਭ ਮਤਿ ॥

khelat dhiee larikavan subh mat ||

ਅਬ ਜੌ ਹੈ ਮੋਰੈ ਸਤ ਮਾਹੀ ॥

ab jau hai morai sat maahee ||

ਤੌ ਇਹ ਨਾਰਿ ਪੁਰਖ ਹ੍ਵੈ ਜਾਹੀ ॥੧੦॥

tau ieh naar purakh havai jaahee ||10||

ਤ੍ਰਿਯ ਤੇ ਇਹੈ ਪੁਰਖ ਹ੍ਵੈ ਜਾਹੀ ॥

tiray te ihai purakh havai jaahee ||

ਜੌ ਕਛੁ ਸਤ ਮੇਰੇ ਮਹਿ ਆਹੀ ॥

jau kachh sat mere meh aahee ||

ਯਹ ਅਬ ਜੂਨਿ ਪੁਰਖ ਕੀ ਪਾਵੈ ॥

yeh ab joon purakh kee paavai ||

ਮਦਨ ਭੋਗ ਮੁਰਿ ਸੰਗ ਕਮਾਵੈ ॥੧੧॥

madhan bhog mur sa(n)g kamaavai ||11||

ਚਕ੍ਰਿਤ ਭਯੋ ਰਾਜਾ ਇਨ ਬਚਨਨ ॥

chakirat bhayo raajaa in bachanan ||

ਰਾਨੀ ਸਹਿਤ ਬਿਚਾਰ ਕਿਯੋ ਮਨ ॥

raanee sahit bichaar kiyo man ||

ਦੁਹਿਤਾ ਕਹਾ ਕਹਤ ਬੈਨਨ ਕਹ ॥

dhuhitaa kahaa kahat bainan keh ||

ਅਚਰਜ ਸੋ ਆਵਤ ਹੈ ਜਿਯ ਮਹ ॥੧੨॥

acharaj so aavat hai jiy meh ||12||

ਜਬ ਤਿਹ ਬਸਤ੍ਰ ਛੋਰਿ ਨ੍ਰਿਪ ਲਹਾ ॥

jab teh basatr chhor nirap lahaa ||

ਨ੍ਰਿਕਸ੍ਰਯੋ ਵਹੈ ਜੁ ਦੁਹਿਤਾ ਕਹਾ ॥

nirakasrayo vahai ju dhuhitaa kahaa ||

ਅਧਿਕ ਸਤੀ ਤਾ ਕਹਿ ਕਰਿ ਜਾਨਾ ॥

adhik satee taa keh kar jaanaa ||

ਭਲਾ ਬੁਰਾ ਨਹਿ ਮੂੜ ਪਛਾਨਾ ॥੧੩॥

bhalaa buraa neh mooR pachhaanaa ||13||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਬੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੨੪॥੬੧੦੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chauabees charitr samaapatam sat subham sat

||324||6108||afajoo(n)||

ਚੌਪਈ ॥

chauapiee ||

ਸ੍ਰੀ ਸੁਲਤਾਨ ਸੈਨ ਇਕ ਰਾਜਾ ॥

sree sulataan sain ik raajaa ||

ਜਾ ਸਮ ਦੁਤਿਯ ਨ ਬਿਧਨਾ ਸਾਜਾ ॥

jaa sam dhutiy na bidhanaa saajaa ||

ਸ੍ਰੀ ਸੁਲਤਾਨ ਦੇਇ ਤਿਹ ਨਾਰੀ ॥

sree sulataan dhei teh naaree ||

ਰੂਪਵਾਨ ਗੁਨਵਾਨ ਉਜਿਯਾਰੀ ॥੧॥

roopavaan gunavaan ujiyaaree ||1||

ਤਾ ਕੇ ਭਵਨ ਭਈ ਇਕ ਬਾਲਾ ॥

taa ke bhavan bhiee ik baalaa ||

ਜਾਨੁਕ ਸਿਥਰ ਅਗਨਿ ਕੀ ਜ੍ਵਾਲਾ ॥

jaanuk sithar agan kee javaiaalaa ||

ਸ੍ਰੀ ਸੁਲਤਾਨ ਕੁਅਰਿ ਉਜਿਯਾਰੀ ॥

sree sulataan kuar ujiyaaree ||

ਕਨਕ ਅਵਟਿ ਸਾਚੇ ਜਨ ਢਾਰੀ ॥੨॥

kanak avaT saache jan ddaaree ||2||

ਜੋਬਨੰਗ ਤਾ ਕੇ ਜਬ ਭਯੋ ॥

jobana(n)g taa ke jab bhayo ||

ਬਾਲਾਪਨ ਤਬ ਹੀ ਸਭ ਗਯੋ ॥

baalaapan tab hee sabh gayo ||

ਅੰਗ ਅੰਗ ਦਯੋ ਅਨੰਗ ਦਮਾਮਾ ॥

a(n)g a(n)g dhayo ana(n)g dhamaamaa ||

ਜਾਹਿਰ ਭਈ ਜਗਤ ਮਹਿ ਬਾਮਾ ॥੩॥

jaahir bhiee jagat meh baamaa ||3||

ਸੁਨਿ ਸੁਨਿ ਪ੍ਰਭਾ ਕੁਅਰ ਤਹ ਆਵੈ ॥

sun sun prabhaa kuar teh aavai ||

ਦ੍ਵਾਰੈ ਭੀਰ ਬਾਰ ਨਹਿ ਪਾਵੈ ॥

dhavaiaarai bheer baar neh paavai ||

ਏਕ ਤਰੁਨ ਤਰੁਨੀ ਕੌ ਭਾਯੋ ॥

ek tarun tarunee kau bhaayo ||

ਜਾਨੁਕ ਮਦਨ ਰੂਪ ਧਰਿ ਆਯੋ ॥੪॥

jaanuk madhan roop dhar aayo ||4||

ਸੋਇ ਕੁਅਰ ਤਰੁਨੀ ਕੌ ਭਾਯੋ ॥

soi kuar tarunee kau bhaayo ||

ਪਠੈ ਸਹਚਰੀ ਬੋਲਿ ਪਠਾਯੋ ॥

paThai sahacharee bol paThaayo ||

ਕ੍ਰੀੜਾ ਕਰੀ ਬਹੁਤ ਬਿਧਿ ਵਾ ਸੋ ॥

kreeRaa karee bahut bidh vaa so ||

ਕੀਨੋ ਪ੍ਰਾਤ ਸੁਯੰਬਰ ਤਾ ਸੋ ॥੫॥

keeno praat suya(n)bar taa so ||5||

ਜਬ ਹੀ ਬਜਾਹ ਤਵਨ ਸੌ ਕੀਯੋ ॥

jab hee bayaeh tavan sau keeyo ||

ਬਹੁਤਿਕ ਬਰਿਸ ਨ ਜਾਨੇ ਦੀਯੋ ॥

bahutik baris na jaane dheeyo ||

ਕ੍ਰੀੜਾ ਕਰੈ ਭਾਤਿ ਭਾਤਿਨ ਤਨ ॥

kreeRaa karai bhaat bhaatin tan ||

ਹਰਖ ਬਢਾਇ ਬਢਾਇ ਅਧਿਕ ਮਨ ॥੬॥

harakh baddai baddai adhik man ||6||

ਭੋਗ ਬਹੁਤ ਦਿਨ ਤਾ ਸੰਗ ਕਯੋ ॥

bhog bahut dhin taa sa(n)g kayo ||

ਤਾ ਕੋ ਬਲ ਸਭ ਹੀ ਹਰਿ ਲਯੋ ॥

taa ko bal sabh hee har layo ||

ਜਬੈ ਨ੍ਰਿਧਾਤ ਕੁਅਰ ਵਹ ਭਯੋ ॥

jabai niradhaat kuar veh bhayo ||

ਤਬ ਹੀ ਡਾਰਿ ਹ੍ਰਿਦੈ ਤੇ ਦਯੋ ॥੭॥

tab hee ddaar hiradhai te dhayo ||7||

ਔਰਨ ਸਾਥ ਕਰੈ ਤਬ ਪ੍ਰੀਤਾ ॥

aauaran saath karai tab preetaa ||

ਨਿਸੁ ਦਿਨ ਕਰੈ ਕਾਮ ਕੀ ਰੀਤਾ ॥

nis dhin karai kaam kee reetaa ||

ਪਤਿਹਿ ਤੋਰਿ ਖੋਜਾ ਕਰਿ ਡਾਰਾ ॥

pateh tor khojaa kar ddaaraa ||

ਆਪੁ ਅਵਰ ਸੋ ਕੇਲ ਮਚਾਰਾ ॥੮॥

aap avar so kel machaaraa ||8||

ਬਿਰਹ ਰਾਇ ਤਾ ਕੋ ਥੋ ਯਾਰਾ ॥

bireh rai taa ko tho yaaraa ||

ਜਾ ਸੋ ਬਧਿਯੋ ਕੁਅਰਿ ਕੇ ਪਯਾਰਾ ॥

jaa so badhiyo kuar ke payaaraa ||

ਤਾ ਪਰ ਰਹੀ ਹੋਇ ਸੋ ਲਟਕਨ ॥

taa par rahee hoi so laTakan ||

ਤਿਹ ਹਿਤ ਮਰਤ ਪਯਾਸ ਅਰੁ ਭੂਖਨ ॥੯॥

teh hit marat payaas ar bhookhan ||9||

ਇਕ ਦਿਨ ਭਾਗ ਮਿਤ੍ਰ ਤਿਹ ਲਈ ॥

eik dhin bhaag mitr teh liee ||

ਪੋਸਤ ਸਹਿਤ ਅਫੀਮ ਚੜਈ ॥

posat sahit afeem chaRiee ||

ਬਹੁ ਰਤਿ ਕਰੀ ਨ ਬੀਰਜ ਗਿਰਾਈ ॥

bahu rat karee na beeraj giraiee ||

ਆਠ ਪਹਿਰ ਲਗਿ ਕੁਅਰਿ ਬਜਾਈ ॥੧੦॥

aaTh pahir lag kuar bajaiee ||10||

ਸਭ ਨਿਸਿ ਨਾਰਿ ਭੋਗ ਜਬ ਪਾਯੋ ॥

sabh nis naar bhog jab paayo ||

ਬਹੁ ਆਸਨ ਕਰਿ ਹਰਖ ਬਢਾਯੋ ॥

bahu aasan kar harakh baddaayo ||

ਤਾ ਪਰ ਤਰੁਨਿ ਚਿਤ ਤੇ ਅਟਕੀ ॥

taa par tarun chit te aTakee ||

ਭੂਲਿ ਗਈ ਸਭ ਹੀ ਸੁਧਿ ਘਟ ਕੀ ॥੧੧॥

bhool giee sabh hee sudh ghaT kee ||11||

ਦ੍ਵੈ ਘਟਿਕਾ ਜੋ ਭੋਗ ਕਰਤ ਨਰ ॥

dhavai ghaTikaa jo bhog karat nar ||

ਤਾ ਪਰ ਰੀਝਤ ਨਾਰਿ ਬਹੁਤ ਕਰਿ ॥

taa par reejhat naar bahut kar ||

ਚਾਰਿ ਪਹਰ ਜੋ ਕੇਲ ਕਮਾਵੈ ॥

chaar pahar jo kel kamaavai ||

ਸੋ ਕਯੋਨ ਨ ਤ੍ਰਿਯ ਕੌ ਚਿਤ ਚੁਰਾਵੈ ॥੧੨॥

so kayon na tiray kau chit churaavai ||12||

ਰੈਨਿ ਸਕਲ ਤਿਨ ਤਰੁਨਿ ਬਜਾਈ ॥

rain sakal tin tarun bajaiee ||

ਭਾਂਤਿ ਭਾਂਤਿ ਕੇ ਸਾਥ ਹੰਢਾਈ ॥

bhaat bhaat ke saath ha(n)ddaiee ||

ਆਸਨ ਕਰੇ ਤਰੁਨਿ ਬਹੁ ਬਾਰਾ ॥

aasan kare tarun bahu baaraa ||

ਚੁੰਬਨਾਦਿ ਨਖ ਘਾਤ ਅਪਾਰਾ ॥੧੩॥

chu(n)banaadh nakh ghaat apaaraa ||13||

ਭਾਤਿ ਭਾਤਿ ਕੇ ਚਤੁਰਾਸਨ ਕਰਿ ॥

bhaat bhaat ke chaturaasan kar ||

ਭਜਯੋ ਤਾਹਿ ਤਰ ਦਾਬਿ ਭੁਜਨ ਭਰਿ ॥

bhajayo taeh tar dhaab bhujan bhar ||

ਚੁੰਬਨ ਆਸਨ ਕਰਤ ਬਿਚਛਨ ॥

chu(n)ban aasan karat bichachhan ||

ਕੋਕ ਕਲਾ ਕੋਬਿਦ ਸਭ ਲਛਨ ॥੧੪॥

kok kalaa kobidh sabh lachhan ||14||

ਦੋਹਰਾ ॥

dhoharaa ||

ਪੋਸਤ ਸ੍ਰਾਬ ਅਫੀਮ ਬਹੁ ਘੋਟਿ ਚੜਾਵਤ ਭੰਗ ॥

posat sraab afeem bahu ghoT chaRaavat bha(n)g ||

ਚਾਰਿ ਪਹਰ ਭਾਮਹਿ ਭਜਾ ਤਊ ਨ ਮੁਚਾ ਅਨੰਗ ॥੧੫॥

chaar pahar bhaameh bhajaa tuoo na muchaa ana(n)g ||15||

ਚੌਪਈ ॥

chauapiee ||

ਭੋਗ ਕਰਤ ਸਭ ਰੈਨਿ ਬਿਤਾਵਤ ॥

bhog karat sabh rain bitaavat ||

ਦਲਿਮਲਿ ਸੇਜ ਮਿਲਿਨ ਹ੍ਵੈ ਜਾਵਤ ॥

dhalimal sej milin havai jaavat ||

ਹੋਤ ਦਿਵਾਕਰ ਕੀ ਅਨੁਰਾਈ ॥

hot dhivaakar kee anuraiee ||

ਛੈਲ ਸੇਜ ਮਿਲਿ ਬਹੁਰਿ ਬਿਛਾਈ ॥੧੬॥

chhail sej mil bahur bichhaiee ||16||

ਪੌਢਿ ਪ੍ਰਜੰਕ ਅੰਕ ਭਰਿ ਸੋਊ ॥

pauadd praja(n)k a(n)k bhar souoo ||

ਭਾਗ ਅਫੀਮ ਪਿਯਤ ਮਿਲਿ ਦੋਊ ॥

bhaag afeem piyat mil dhouoo ||

ਬਹੁਰਿ ਕਾਮ ਕੀ ਕੇਲ ਮਚਾਵੈ ॥

bahur kaam kee kel machaavai ||

ਕੋਕ ਸਾਰ ਮਤ ਪ੍ਰਗਟ ਦਿਖਾਵੈ ॥੧੭॥

kok saar mat pragaT dhikhaavai ||17||

ਕੈਫਨ ਸਾਥ ਰਸ ਮਸੇ ਹ੍ਵੈ ਕਰਿ ॥

kaifan saath ras mase havai kar ||

ਪ੍ਰੌਢਿ ਪ੍ਰਜੰਕ ਰਹਤ ਦੋਊ ਸ੍ਵੈ ਕਰਿ ॥

prodd praja(n)k rahat dhouoo savai kar ||

ਬਹੁਰਿ ਜਗੈ ਰਸ ਰੀਤਿ ਮਚਾਵੈ ॥

bahur jagai ras reet machaavai ||

ਕਵਿਤ ਉਚਾਰਹਿ ਧ੍ਰੁਪਦ ਗਾਵੈ ॥੧੮॥

kavit uchaareh dhurapadh gaavai ||18||

ਤਬ ਲਗਿ ਬਿਰਹ ਨਟਾ ਤਾ ਕੋ ਪਤਿ ॥

tab lag bireh naTaa taa ko pat ||

ਨਿਕਸਿਯੋ ਆਇ ਤਹਾ ਮੂਰਖ ਮਤਿ ॥

nikasiyo aai tahaa moorakh mat ||

ਤਬ ਤ੍ਰਿਯ ਚਤੁਰ ਚਰਿਤ੍ਰ ਬਿਚਰਿ ਕੈ ॥

tab tiray chatur charitr bichar kai ||

ਹਨਜੋ ਤਾਹਿ ਫਾਸੀ ਗਰ ਡਰਿ ਕੈ ॥੧੯॥

hanayo taeh faasee gar ddar kai ||19||

ਏਕ ਕੋਠਰੀ ਮਿਤ੍ਰ ਛਪਾਯੋ ॥

ek koTharee mitr chhapaayo ||

ਪਤਿਹਿ ਮਾਰਿ ਸੁਰ ਊਚ ਉਘਾਯੋ ॥

pateh maar sur uooch ughaayo ||

ਰਾਜਾ ਪ੍ਰਜਾ ਸਬਦ ਸੁਨਿ ਧਾਏ ॥

raajaa prajaa sabadh sun dhaae ||

ਦੁਹਿਤਾ ਕੇ ਮੰਦਰਿ ਚਲਿ ਆਏ ॥੨੦॥

dhuhitaa ke ma(n)dhar chal aae ||20||

ਮ੍ਰਿਤਕ ਪਰਿਯੋ ਤਾ ਕੌ ਭਰਤਾਰਾ ॥

mritak pariyo taa kau bharataaraa ||

ਰਾਵ ਰੰਕ ਸਭਹੂੰਨ ਨਿਹਾਰਾ ॥

raav ra(n)k sabhahoo(n)n nihaaraa ||

ਪੂਛਤ ਭਯੋ ਤਿਸੀ ਕਹ ਰਾਜਨ ॥

poochhat bhayo tisee keh raajan ||

ਕਹਾ ਭਈ ਯਾ ਕੀ ਗਤਿ ਕਾਮਨਿ ॥੨੧॥

kahaa bhiee yaa kee gat kaaman ||21||

ਸੁਨਹੁ ਪਿਤਾ ਮੈ ਕਛੂ ਨ ਜਾਨੋ ॥

sunahu pitaa mai kachhoo na jaano ||

ਰੋਗ ਯਾਹਿ ਜੋ ਤੁਮੈ ਬਖਾਨੋ ॥

rog yaeh jo tumai bakhaano ||

ਅਕਸਮਾਤ੍ਰ ਯਾ ਕਹ ਕਛੁ ਭਯੋ ॥

akasamaatr yaa keh kachh bhayo ||

ਜੀਵਤ ਹੁਤੋ ਮ੍ਰਿਤਕ ਹ੍ਵੈ ਗਯੋ ॥੨੨॥

jeevat huto mritak havai gayo ||22||

ਅਰੁ ਜੌ ਅਬ ਮੋ ਮੈ ਕਛੁ ਸਤ ਹੈ ॥

ar jau ab mo mai kachh sat hai ||

ਅਰੁ ਜੌ ਸਤਜ ਬੇਦ ਕੌ ਮਤ ਹੈ ॥

ar jau satay bedh kau mat hai ||

ਅਬ ਮੈ ਰੁਦ੍ਰ ਤਪਸਜਾ ਕਰਿ ਹੌ ॥

ab mai rudhr tapasayaa kar hau ||

ਯਾਹਿ ਜਿਯਾਊ ਕੈ ਜਰਿ ਮਰਿ ਹੌ ॥੨੩॥

yaeh jiyaauoo kai jar mar hau ||23||

ਤੁਮਹੂੰ ਬੈਠ ਯਾਹਿ ਅੰਗਨਾ ਅਬ ॥

tumahoo(n) baiTh yaeh a(n)ganaa ab ||

ਪੂਜਾ ਕਰਹੁ ਸਦਾ ਸਿਵ ਕੀ ਸਬ ॥

poojaa karahu sadhaa siv kee sab ||

ਮੈ ਯਾ ਕੌ ਇਹ ਘਰ ਲੈ ਜੈ ਹੈ ॥

mai yaa kau ieh ghar lai jai hai ||

ਪੂਜਿ ਸਦਾ ਸਿਵ ਬਹੁਰਿ ਜਿਵੈ ਹੌ ॥੨੪॥

pooj sadhaa siv bahur jivai hau ||24||

ਮਾਤ ਪਿਤਾ ਅੰਗਨਾ ਬੈਠਾਏ ॥

maat pitaa a(n)ganaa baiThaae ||

ਨੈਬੀ ਮਹਤਾ ਸਗਲ ਬੁਲਾਏ ॥

naibee mahataa sagal bulaae ||

ਲੈ ਸੰਗ ਗਈ ਮ੍ਰਿਤਕ ਕਹ ਤਿਹ ਘਰ ॥

lai sa(n)g giee mritak keh teh ghar ||

ਰਾਖਿਯੋ ਥੋ ਜਹਾ ਜਾਰ ਛਪਾ ਕਰਿ ॥੨੫॥

raakhiyo tho jahaa jaar chhapaa kar ||25||

ਤਿਹ ਘਰ ਜਾਇ ਪਾਟ ਦ੍ਰਿੜ ਦੈ ਕਰਿ ॥

teh ghar jai paaT dhiraR dhai kar ||

ਰਮੀ ਜਾਰ ਕੇ ਸਾਥ ਬਿਹਸਿ ਕਰਿ ॥

ramee jaar ke saath bihas kar ||

ਨ੍ਰਿਪ ਜੁਤ ਬੈਠ ਲੋਗ ਦ੍ਵਾਰਾ ਪਰਿ ॥

nirap jut baiTh log dhavaiaaraa par ||

ਭੇਦ ਅਭੇਦ ਨ ਸਕਤ ਬਿਚਰਿ ਕਰਿ ॥੨੬॥

bhedh abhedh na sakat bichar kar ||26||

ਤੇ ਸਭ ਹੀ ਜਿਯ ਮੈ ਅਸ ਜਾਨੈ ॥

te sabh hee jiy mai as jaanai ||

ਸੁਤਾ ਸਿਵਹਿ ਪੂਜਤ ਅਨੁਮਾਨੈ ॥

sutaa siveh poojat anumaanai ||

ਯਾ ਕੀ ਆਜੁ ਸਤਤਾ ਲਹਿ ਹੈ ॥

yaa kee aaj satataa leh hai ||

ਭਲੀ ਬੁਰੀ ਬਤਿਯਾ ਤਬ ਕਹਿ ਹੈ ॥੨੭॥

bhalee buree batiyaa tab keh hai ||27||

ਜੋ ਯਹ ਕੁਅਰਿ ਰੁਦ੍ਰ ਸੋ ਰਤ ਹੈ ॥

jo yeh kuar rudhr so rat hai ||

ਜੌ ਯਹ ਤਿਹ ਚਰਨਨ ਮੈ ਮਤ ਹੈ ॥

jau yeh teh charanan mai mat hai ||

ਤੌ ਪਤਿ ਜੀਵਤ ਬਾਰ ਨ ਲਗਿ ਹੈ ॥

tau pat jeevat baar na lag hai ||

ਸਿਵ ਸਿਵ ਭਾਖਿ ਮ੍ਰਿਤਕ ਪੁਨਿ ਜਗਿ ਹੈ ॥੨੮॥

siv siv bhaakh mritak pun jag hai ||28||

ਇਤ ਤੇ ਦ੍ਵਾਰ ਬਿਚਾਰ ਬਿਚਾਰਤ ॥

eit te dhavaiaar bichaar bichaarat ||

ਉਤ ਤ੍ਰਿਯ ਸੰਗ ਭੀ ਜਾਰ ਮਹਾ ਰਤ ॥

aut tiray sa(n)g bhee jaar mahaa rat ||

ਜਯੋਂ ਜਯੋਂ ਲਪਟਿ ਚੋਟ ਚਟਕਾਵੈ ॥

jayo(n) jayo(n) lapaT choT chaTakaavai ||

ਤੇ ਜਾਨੇ ਵਹ ਗਾਲ੍ਹ ਬਜਾਵੈ ॥੨੯॥

te jaane veh gaalreh bajaavai ||29||

ਤਹਾ ਖੋਦਿ ਭੂ ਤਾ ਕੋ ਗਾਡਾ ॥

tahaa khodh bhoo taa ko gaaddaa ||

ਬਾਹਰ ਹਾਡ ਗੋਡ ਨਹਿ ਛਾਡਾ ॥

baahar haadd godd neh chhaaddaa ||

ਅਪਨੇ ਸਾਥ ਜਾਰ ਕਹ ਧਰਿ ਕੈ ॥

apane saath jaar keh dhar kai ||

ਲੈ ਆਈ ਇਹ ਭਾਤਿ ਉਚਰਿ ਕੈ ॥੩੦॥

lai aaiee ieh bhaat uchar kai ||30||

ਜਬ ਮੈ ਧ੍ਯਾਨ ਰੁਦ੍ਰ ਕੋ ਧਰਿਯੋ ॥

jab mai dhayaan rudhr ko dhariyo ||

ਤਬ ਸਿਵ ਅਸ ਮੁਰ ਸਾਥ ਉਚਰਿਯੋ ॥

tab siv as mur saath uchariyo ||

ਬਰੰਬ੍ਰੂਹ ਪੁਤ੍ਰੀ ਮਨ ਭਾਵਤ ॥

bara(n)braooh putree man bhaavat ||

ਜੋ ਇਹ ਸਮੈ ਹ੍ਰਿਦੈ ਮਹਿ ਆਵਤ ॥੩੧॥

jo ieh samai hiradhai meh aavat ||31||

ਤਬ ਮੈ ਕਹਿਯੋ ਜਿਯਾਇ ਦੇਹੁ ਪਤਿ ॥

tab mai kahiyo jiyai dheh pat ||

ਜੋ ਤੁਮਰੇ ਚਰਨਨ ਮਹਿ ਮੁਰ ਮਤਿ ॥

jo tumare charanan meh mur mat ||

ਤਬ ਇਹ ਭਾਤਿ ਬਖਾਨਿਯੋ ਸਿਵ ਬਚ ॥

tab ieh bhaat bakhaaniyo siv bach ||

ਸੋ ਤੁਮ ਸਮਝਿ ਲੇਹੁ ਭੂਪਤਿ ਸਚੁ ॥੩੨॥

so tum samajh leh bhoopat sach ||32||

ਦੋਹਰਾ ॥

dhoharaa ||

ਤਾ ਤੇ ਅਤਿ ਸੁੰਦਰ ਕਰੋ ਵਾ ਤੇ ਬੈਸ ਕਿਸੋਰ ॥

taa te at su(n)dhar karo vaa te bais kisor ||

ਨਾਥ ਜੀਯੋ ਸ੍ਰੀ ਸੰਭੁ ਕੀ ਕ੍ਰਿਪਾ ਦ੍ਰਿਸਟਿ ਕੀ ਕੋਰ ॥੩੩॥

naath jeeyo sree sa(n)bh kee kirapaa dhirasaT kee kor ||33||

ਚੌਪਈ ॥

chauapiee ||

ਸਭਹਿਨ ਬਚਨ ਸਤ ਕਰਿ ਜਾਨਾ ॥

sabhahin bachan sat kar jaanaa ||

ਸਿਵ ਕੋ ਸਤ ਬਚਨ ਅਨੁਮਾਨਾ ॥

siv ko sat bachan anumaanaa ||

ਤਬ ਤੇ ਤਜਿ ਸੁੰਦਰ ਜਿਯ ਤ੍ਰਾਸਾ ॥

tab te taj su(n)dhar jiy traasaa ||

ਨਿਤ ਪ੍ਰਤਿ ਤਾ ਸੌ ਕਰਤ ਬਿਲਾਸਾ ॥੩੪॥

nit prat taa sau karat bilaasaa ||34||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪਚੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੨੫॥੬੧੪੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau pachees charitr samaapatam sat subham sat

||325||6142||afajoo(n)||

ਚੌਪਈ ॥

chauapiee ||

ਗਹਰਵਾਰ ਰਾਜਾ ਇਕ ਅਤਿ ਬਲ ॥

gaharavaar raajaa ik at bal ||

ਕਬੈ ਨ ਚਲਿਯਾ ਪੀਰ ਹਲਾਚਲ ॥

kabai na chaliyaa peer halaachal ||

ਗੂੜ੍ਹ ਮਤੀ ਨਾਰੀ ਤਾ ਕੇ ਘਰ ॥

gooRreh matee naaree taa ke ghar ||

ਕਹੀ ਨ ਪਰਤ ਪ੍ਰਭਾ ਤਾ ਕੀ ਬਰ ॥੧॥

kahee na parat prabhaa taa kee bar ||1||

ਤਹ ਇਕ ਹੁਤੋ ਸਾਹ ਬਡਭਾਗੀ ॥

teh ik huto saeh baddabhaagee ||

ਰੂਪਵਾਨ ਗੁਨਵਾਨ ਨੁਰਾਗੀ ॥

roopavaan gunavaan nuraagee ||

ਸੁਕਚ ਮਤੀ ਦੁਹਿਤਾ ਤਾ ਕੇ ਘਰ ॥

sukach matee dhuhitaa taa ke ghar ||

ਪ੍ਰਗਟ ਭਈ ਜਨੁ ਕਲਾ ਕਿਰਣਿਧਰ ॥੨॥

pragaT bhiee jan kalaa kiranidhar ||2||

ਏਕ ਤਹਾ ਬੈਪਾਰੀ ਆਯੋ ॥

ek tahaa baipaaree aayo ||

ਅਮਿਤ ਦਰਬ ਨਹਿ ਜਾਤ ਗਨਾਯੋ ॥

amit dharab neh jaat ganaayo ||

ਜਵਿਤ੍ਰ ਜਾਇਫਰ ਉਸਟੈ ਭਰੇ ॥

javitr jaifar usaTai bhare ||

ਲੌਂਗ ਲਾਯਚੀ ਕਵਨ ਉਚਰੇ ॥੩॥

laua(n)g laayachee kavan uchare ||3||

ਉਤਰਤ ਧਾਮ ਤਵਨ ਕੇ ਭਯੋ ॥

autarat dhaam tavan ke bhayo ||

ਮਿਲਬੋ ਕਾਜ ਸਾਹ ਸੰਗ ਗਯੋ ॥

milabo kaaj saeh sa(n)g gayo ||

ਦੁਹਿਤ ਘਾਤ ਤਵਨ ਕੀ ਪਾਈ ॥

dhuhit ghaat tavan kee paiee ||

ਸਕਲ ਦਰਬੁ ਤਿਹ ਲਿਯੋ ਚੁਰਾਈ ॥੪॥

sakal dharab teh liyo churaiee ||4||

ਮਾਤ੍ਰਾ ਗ੍ਰਿਹ ਕੀ ਸਕਲ ਨਿਕਾਰਿ ॥

maatraa gireh kee sakal nikaar ||

ਦਈ ਬਹੁਰਿ ਤਹ ਆਗਿ ਪ੍ਰਜਾਰ ॥

dhiee bahur teh aag prajaar ||

ਰੋਵਤ ਸੁਤਾ ਪਿਤਾ ਪਹਿ ਆਈ ॥

rovat sutaa pitaa peh aaiee ||

ਜਰਿਯੋ ਧਾਮ ਕਹਿ ਤਾਹਿ ਸੁਨਾਈ ॥੫॥

jariyo dhaam keh taeh sunaiee ||5||

ਸੁਨ ਤ੍ਰਿਯ ਬਚਨ ਸਾਹ ਦ੍ਵੈ ਧਾਏ ॥

sun tiray bachan saeh dhavai dhaae ||

ਘਰ ਕੋ ਮਾਲ ਨਿਕਾਸਨ ਆਏ ॥

ghar ko maal nikaasan aae ||

ਆਗੇ ਆਇ ਨਿਹਾਰੈ ਕਹਾ ॥

aage aai nihaarai kahaa ||

ਨਿਰਖਾ ਢੇਰ ਭਸਮ ਕਾ ਤਹਾ ॥੬॥

nirakhaa dder bhasam kaa tahaa ||6||

ਬਹੁਰਿ ਸੁਤਾ ਇਮਿ ਬਚਨ ਉਚਾਰੇ ॥

bahur sutaa im bachan uchaare ||

ਯਹੈ ਪਿਤਾ ਦੁਖ ਹ੍ਰਿਦੈ ਹਮਾਰੇ ॥

yahai pitaa dhukh hiradhai hamaare ||

ਆਪਨਿ ਗਏ ਕਾ ਸੋਕ ਨ ਆਵਾ ॥

aapan ge kaa sok na aavaa ||

ਯਾ ਕੋ ਲਗਤ ਹਮੈ ਪਛਤਾਵਾ ॥੭॥

yaa ko lagat hamai pachhataavaa ||7||

ਪੁਨਿ ਸੁਤਾ ਕੌ ਅਸ ਸਾਹ ਉਚਾਰੇ ॥

pun sutaa kau as saeh uchaare ||

ਸੋਈ ਭਯੋ ਜੁ ਲਿਖਿਯੋ ਹਮਾਰੇ ॥

soiee bhayo ju likhiyo hamaare ||

ਤੁਮ ਯਾ ਕੋ ਕਛੁ ਸੋਕ ਕਰਹੁ ਜਿਨ ॥

tum yaa ko kachh sok karahu jin ||

ਦੈ ਹੋ ਦਰਬੁ ਜਰਿਯੋ ਜਿਤਨੋ ਇਨ ॥੮॥

dhai ho dharab jariyo jitano in ||8||

ਭੇਦ ਅਭੇਵ ਨ ਕਛੁ ਜੜ ਪਾਯੋ ॥

bhedh abhev na kachh jaR paayo ||

ਮੂੰਡ ਮੁੰਡਾਇ ਬਹੁਰਿ ਘਰ ਆਯੋ ॥

moo(n)dd mu(n)ddai bahur ghar aayo ||

ਕਰਮ ਰੇਖ ਅਪਨੀ ਪਹਿਚਾਨੀ ॥

karam rekh apanee pahichaanee ||

ਤ੍ਰਿਯ ਚਰਿਤ੍ਰ ਕੀ ਰੀਤਿ ਨ ਜਾਨੀ ॥੯॥

tiray charitr kee reet na jaanee ||9||

ਸਾਹੁ ਸੁਤਾ ਇਹ ਛਲ ਧਨ ਹਰਾ ॥

saahu sutaa ieh chhal dhan haraa ||

ਭੇਦ ਨ ਤਾ ਕੇ ਪਿਤੈ ਬਿਚਰਾ ॥

bhedh na taa ke pitai bicharaa ||

ਸਯਾਨਾ ਹੁਤੋ ਭੇਦ ਨਹਿ ਪਾਯੋ ॥

sayaanaa huto bhedh neh paayo ||

ਬਿਨੁ ਲਾਗੇ ਜਲ ਮੂੰਡ ਮੁੰਡਾਯੋ ॥੧੦॥

bin laage jal moo(n)dd mu(n)ddaayo ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਬੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੨੬॥੬੧੫੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chhabees charitr samaapatam sat subham sat

||326||6152||afajoo(n)||

ਚੌਪਈ ॥

chauapiee ||

ਅਚਲਾਵਤੀ ਨਗਰ ਇਕ ਸੋਹੈ ॥

achalaavatee nagar ik sohai ||

ਅਚਲ ਸੈਨ ਰਾਜਾ ਤਹ ਕੋਹੈ ॥

achal sain raajaa teh kohai ||

ਅਚਲ ਦੇਇ ਤਾ ਕੇ ਘਰ ਰਾਨੀ ॥

achal dhei taa ke ghar raanee ||

ਸੁੰਦਰਿ ਭਵਨ ਚਤ੍ਰਦਸ ਜਾਨੀ ॥੧॥

su(n)dhar bhavan chatradhas jaanee ||1||

ਅਚਲ ਮਤੀ ਦੂਸਰ ਤਿਹ ਦਾਰਾ ॥

achal matee dhoosar teh dhaaraa ||

ਤਾ ਤੇ ਸੁੰਦਰਿ ਹੁਤੀ ਅਪਾਰਾ ॥

taa te su(n)dhar hutee apaaraa ||

ਤਾ ਸੌ ਨ੍ਰਿਪ ਕੋ ਨੇਹ ਅਪਾਰਾ ॥

taa sau nirap ko neh apaaraa ||

ਜਾਨਤ ਊਚ ਨੀਚ ਤਿਹ ਪਜਾਰਾ ॥੨॥

jaanat uooch neech teh payaaraa ||2||

ਦੁਤਿਯ ਨਾਰਿ ਅਸ ਚਰਿਤ ਬਿਚਾਰਿਯੋ ॥

dhutiy naar as charit bichaariyo ||

ਏਕ ਨਾਰਿ ਕੇ ਸਾਥ ਸਿਖਾਰਿਯੋ ॥

ek naar ke saath sikhaariyo ||

ਤਾ ਕੋ ਭਰਿਯੋ ਦਰਬ ਸੌ ਧਾਮਾ ॥

taa ko bhariyo dharab sau dhaamaa ||

ਜਾਨਤ ਅਵਰ ਨ ਦੂਜੀ ਬਾਮਾ ॥੩॥

jaanat avar na dhoojee baamaa ||3||

ਜਬ ਸਭ ਅਰਧ ਰਾਤ੍ਰਿ ਸ੍ਵੈ ਜਾਹਿ ॥

jab sabh aradh raatr savai jaeh ||

ਜਾਗਤ ਰਹੈ ਏਕ ਜਨ ਨਾਹਿ ॥

jaagat rahai ek jan naeh ||

ਦੀਪ ਜਰਿਯੋ ਧੌਲਰ ਜਬ ਲਹਿਯਹੁ ॥

dheep jariyo dhaualar jab lahiyahu ||

ਤਬ ਤੁਮ ਅਸ ਰਾਜਾ ਸੌ ਕਹਿਯਹੁ ॥੪॥

tab tum as raajaa sau kahiyahu ||4||

ਮਾਯਾ ਗਡੀ ਮੋਹਿ ਨ੍ਰਿਪ ਜਾਨੋ ॥

maayaa gaddee moh nirap jaano ||

ਏਕ ਬਾਤ ਮੈ ਤੁਮੈ ਬਖਾਨੋ ॥

ek baat mai tumai bakhaano ||

ਅਛਲਾ ਦੇ ਤ੍ਰਿਯ ਕੌ ਬਲਿ ਦੈ ਕੈ ॥

achhalaa dhe tiray kau bal dhai kai ||

ਗ੍ਰਿਹ ਲੈ ਜਾਹਿ ਕਾਢਿ ਮੁਹਿ ਲੈ ਕੈ ॥੫॥

gireh lai jaeh kaadd muh lai kai ||5||

ਅਛਲਾ ਦੇ ਜਬ ਹੀ ਸੁਨਿ ਪਾਯੋ ॥

achhalaa dhe jab hee sun paayo ||

ਉਲਟਿ ਭੇਦ ਤਿਹ ਤ੍ਰਿਯਹਿ ਸਿਖਾਯੋ ॥

aulaT bhedh teh tirayeh sikhaayo ||

ਏਕ ਬਾਤ ਮਾਗੇ ਮੁਹਿ ਦੇਹੁ ॥

ek baat maage muh dheh ||

ਨ੍ਰਿਪ ਪਹਿ ਨਾਮ ਤਿਸੀ ਕਾ ਲੇਹੁ ॥੬॥

nirap peh naam tisee kaa leh ||6||

ਪ੍ਰਥਮੈ ਅਧਿਕ ਦਰਬੁ ਤਿਹ ਦਿਯਾ ॥

prathamai adhik dharab teh dhiyaa ||

ਦੁਗਨੋ ਦਰਬ ਦੇਨ ਤਿਹ ਕਿਯਾ ॥

dhugano dharab dhen teh kiyaa ||

ਤਿਨ ਸਹੇਟ ਉਤ ਦੀਪ ਜਗਾਯੋ ॥

tin saheT ut dheep jagaayo ||

ਇਤਿ ਇਸਤ੍ਰੀ ਇਮਿ ਭਾਖਿ ਸੁਨਾਯੋ ॥੭॥

eit isatree im bhaakh sunaayo ||7||

ਹੇ ਨ੍ਰਿਪ ਮੁਹਿ ਮਾਯਾ ਤੁਮ ਜਾਨੋ ॥

he nirap muh maayaa tum jaano ||

ਬਿਕਟ ਕੇਤੁ ਕੀ ਗਡੀ ਪਛਾਨੋ ॥

bikaT ket kee gaddee pachhaano ||

ਅਪਨੀ ਇਸਤ੍ਰੀ ਕਹ ਬਲਿ ਦੈ ਕੈ ॥

apanee isatree keh bal dhai kai ||

ਯਾ ਤੇ ਭਖਹੁ ਕਾਢਿ ਧਨ ਲੈ ਕੈ ॥੮॥

yaa te bhakhahu kaadd dhan lai kai ||8||

ਰਾਨੀ ਸਾਥ ਜਹਾ ਨ੍ਰਿਪ ਸੋਯੋ ॥

raanee saath jahaa nirap soyo ||

ਅਰਧਿਕ ਰਾਤ੍ਰਿ ਬਚਨ ਤਹ ਹੋਯੋ ॥

aradhik raatr bachan teh hoyo ||

ਮੁਹਿ ਮਾਯਾ ਕੌ ਘਰ ਹੀ ਰਾਖਹੁ ॥

muh maayaa kau ghar hee raakhahu ||

ਇਸਤ੍ਰੀ ਦੈ ਅਪਨੀ ਬਲਿ ਭਾਖਹੁ ॥੯॥

eisatree dhai apanee bal bhaakhahu ||9||

ਜਿਨ ਇਸਤ੍ਰੀ ਇਹ ਚਰਿਤ ਬਨਾਯੋ ॥

jin isatree ieh charit banaayo ||

ਤਾ ਹੀ ਕੋ ਨ੍ਰਿਪ ਨਾਮ ਸੁਨਾਯੋ ॥

taa hee ko nirap naam sunaayo ||

ਰਾਜਾ ਲੋਭ ਦਰਬ ਕੇ ਮਾਰੇ ॥

raajaa lobh dharab ke maare ||

ਤਿਸੀ ਨਾਰਿ ਕਹ ਬਲਿ ਦੈ ਡਾਰੇ ॥੧੦॥

tisee naar keh bal dhai ddaare ||10||

ਜਿਨਹੁ ਨਾਰਿ ਕੌ ਮਤੋ ਸਿਖਾਯੋ ॥

jinahu naar kau mato sikhaayo ||

ਪਲਟਿ ਕਾਮ ਤਾਹੀ ਕੇ ਆਯੋ ॥

palaT kaam taahee ke aayo ||

ਉਨ ਤ੍ਰਿਯ ਦਰਬ ਤਾਹਿ ਬਹੁ ਦ੍ਰਯਾਇ ॥

aun tiray dharab taeh bahu dhrayai ||

ਨਾਰਿ ਤਿਸੀ ਕੌ ਹਨ੍ਯੌ ਬਨਾਇ ॥੧੧॥

naar tisee kau hanayau banai ||11||

ਬੁਰੀ ਬਾਤ ਜੋ ਕੋਈ ਬਨਾਵੈ ॥

buree baat jo koiee banaavai ||

ਉਲਟਿ ਕਾਮ ਤਾਹੀ ਕੇ ਆਵੈ ॥

aulaT kaam taahee ke aavai ||

ਜੈਸਾ ਕਿਯੋ ਤੈਸ ਫਲ ਪਾਯੋ ॥

jaisaa kiyo tais fal paayo ||

ਤਾਹਿ ਹਨਤ ਥੀ ਆਪੁ ਹਨਾਯੋ ॥੧੨॥

taeh hanat thee aap hanaayo ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤਾਈਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੨੭॥੬੧੬੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau sataiees charitr samaapatam sat subham sat

||327||6164||afajoo(n)||

ਚੌਪਈ ॥

chauapiee ||

ਥੰਭਕਰਨ ਇਕ ਥੰਭ੍ਰ ਦੇਸ ਨ੍ਰਿਪ ॥

tha(n)bhakaran ik tha(n)bhr dhes nirap ||

ਸਿਖਜ ਸਾਧੁ ਕੋ ਦੁਸਟਨ ਕੋ ਰਿਪੁ ॥

sikhay saadh ko dhusaTan ko rip ||

ਤਾ ਕੇ ਸ੍ਵਾਨ ਏਕ ਥੋ ਆਛਾ ॥

taa ke savaiaan ek tho aachhaa ||

ਸੁੰਦਰ ਘਨੋ ਸਿੰਘ ਸੋ ਕਾਛਾ ॥੧॥

su(n)dhar ghano si(n)gh so kaachhaa ||1||

ਇਕ ਦਿਨ ਧਾਮ ਨ੍ਰਿਪਤਿ ਕੇ ਆਯੋ ॥

eik dhin dhaam nirapat ke aayo ||

ਪਾਹਨ ਹਨਿ ਤਿਹ ਤਾਹਿ ਹਟਾਯੋ ॥

paahan han teh taeh haTaayo ||

ਤ੍ਰਿਯ ਕੀ ਹੁਤੀ ਸ੍ਵਾਨ ਸੌ ਪ੍ਰੀਤਾ ॥

tiray kee hutee savaiaan sau preetaa ||

ਪਾਹਨ ਲਗੇ ਭਯੋ ਦੁਖ ਚੀਤਾ ॥੨॥

paahan lage bhayo dhukh cheetaa ||2||

ਪਾਹਨ ਲਗੇ ਸ੍ਵਾਨ ਮਰਿ ਗਯੋ ॥

paahan lage savaiaan mar gayo ||

ਰਾਨੀ ਦੋਸ ਨ੍ਰਿਪਤਿ ਕਹ ਦਯੋ ॥

raanee dhos nirapat keh dhayo ||

ਮਰਿਯੋ ਸ੍ਵਾਨ ਭਯੋ ਕਹਾ ਉਚਾਰਾ ॥

mariyo savaiaan bhayo kahaa uchaaraa ||

ਐਸੇ ਹਮਰੇ ਪਰੈ ਹਜਾਰਾ ॥੩॥

aaise hamare parai hajaaraa ||3||

ਅਬ ਤੈ ਯਾ ਕੌ ਪੀਰ ਪਛਾਨਾ ॥

ab tai yaa kau peer pachhaanaa ||

ਤਾ ਕੋ ਭਾਤਿ ਪੂਜਿ ਹੈ ਨਾਨਾ ॥

taa ko bhaat pooj hai naanaa ||

ਕਹਿਯੋ ਸਹੀ ਤਬ ਯਾਹਿ ਪੁਜਾਊ ॥

kahiyo sahee tab yaeh pujaauoo ||

ਭਲੇ ਭਲੇ ਤੇ ਨੀਰ ਭਰਾਊ ॥੪॥

bhale bhale te neer bharaauoo ||4||

ਕੁਤਬ ਸਾਹ ਰਾਖਾ ਤਿਹ ਨਾਮਾ ॥

kutab saeh raakhaa teh naamaa ||

ਤਹੀ ਖੋਦਿ ਭੂਅ ਗਾਡਿਯੋ ਬਾਮਾ ॥

tahee khodh bhooa gaaddiyo baamaa ||

ਤਾ ਕੀ ਗੋਰ ਬਣਾਈ ਐਸੀ ॥

taa kee gor banaiee aaisee ||

ਕਿਸੀ ਪੀਰ ਕੀ ਹੋਇ ਨ ਜੈਸੀ ॥੫॥

kisee peer kee hoi na jaisee ||5||

ਇਕ ਦਿਨ ਆਪੁ ਤਹਾ ਤ੍ਰਿਯ ਗਈ ॥

eik dhin aap tahaa tiray giee ||

ਸਿਰਨੀ ਕਛੂ ਚੜਾਵਤ ਭਈ ॥

siranee kachhoo chaRaavat bhiee ||

ਮੰਨਤਿ ਮੋਰਿ ਕਹੀ ਬਰ ਆਈ ॥

ma(n)nat mor kahee bar aaiee ||

ਸੁਪਨਾ ਦਿਯੋ ਪੀਰ ਸੁਖਦਾਈ ॥੬॥

supanaa dhiyo peer sukhadhaiee ||6||

ਮੋਹਿ ਸੋਵਤੇ ਪੀਰ ਜਗਾਯੋ ॥

moh sovate peer jagaayo ||

ਆਪੁ ਆਪਨੀ ਕਬੁਰ ਬਤਾਯੋ ॥

aap aapanee kabur bataayo ||

ਤਾ ਤੇ ਮੈ ਇਹ ਠੌਰ ਪਛਾਨੀ ॥

taa te mai ieh Thauar pachhaanee ||

ਜਬ ਹਮਰੀ ਮਨਸਾ ਬਰ ਆਨੀ ॥੭॥

jab hamaree manasaa bar aanee ||7||

ਇਹ ਬਿਧਿ ਜਬ ਪੁਰ ਮੈ ਸੁਨਿ ਪਾਯੋ ॥

eeh bidh jab pur mai sun paayo ||

ਜ੍ਯਾਰਤਿ ਸਕਲ ਲੋਗ ਮਿਲਿ ਆਯੋ ॥

jrayaarat sakal log mil aayo ||

ਭਾਤਿ ਭਾਤਿ ਸੀਰਨੀ ਚੜਾਵੈ ॥

bhaat bhaat seeranee chaRaavai ||

ਚੁੰਬਿ ਕਬੁਰ ਕੂਕਰ ਕੀ ਜਾਵੈ ॥੮॥

choo(n)b kabur kookar kee jaavai ||8||

ਕਾਜੀ ਸੇਖ ਸੈਯਦ ਤਹ ਆਵੈ ॥

kaajee sekh saiyadh teh aavai ||

ਪੜਿ ਫਾਤਯਾ ਸੀਰਨੀ ਬਟਾਵੈ ॥

paR faatayaa seeranee baTaavai ||

ਧੂਰਿ ਸਮਸ ਝਾਰੂਅਨ ਉਡਾਹੀ ॥

dhoor samas jhaarooan uddaahee ||

ਚੁੰਮਿ ਕਬੁਰ ਕੂਕਰ ਕੀ ਜਾਹੀ ॥੯॥

choo(n)m kabur kookar kee jaahee ||9||

ਦੋਹਰਾ ॥

dhoharaa ||

ਇਹ ਛਲ ਅਪਨੈ ਸ੍ਵਾਨ ਕੋ ਚਰਿਤ ਦਿਖਾਯੋ ਬਾਮ ॥

eeh chhal apanai savaiaan ko charit dhikhaayo baam ||

ਅਬ ਲਗਿ ਕਹ ਜ੍ਯਾਰਤਿ ਕਰੈ ਸਾਹੁ ਕੁਤਬ ਦੀ ਨਾਮ ॥੧੦॥

ab lag keh jrayaarat karai saahu kutab dhee naam ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਾਈਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੨੮॥੬੧੭੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau aThaiees charitr samaapatam sat subham sat

||328||6174||afajoo(n)||

ਚੌਪਈ ॥

chauapiee ||

ਬਿਜਿਯਾਵਤੀ ਨਗਰ ਇਕ ਸੋਹੈ ॥

bijiyaavatee nagar ik sohai ||

ਬ੍ਰਿਭ੍ਰਮ ਸੈਨ ਨ੍ਰਿਪਤਿ ਤਹ ਕੋਹੈ ॥

birabhram sain nirapat teh kohai ||

ਬ੍ਯਾਘ੍ਰ ਮਤੀ ਤਾ ਕੇ ਘਰ ਦਾਰਾ ॥

brayaaghr matee taa ke ghar dhaaraa ||

ਚੰਦ੍ਰ ਲਯੋ ਤਾ ਤੇ ਉਜਿਯਾਰਾ ॥੧॥

cha(n)dhr layo taa te ujiyaaraa ||1||

ਤਿਹ ਠਾ ਹੁਤੀ ਏਕ ਪਨਿਹਾਰੀ ॥

teh Thaa hutee ek panihaaree ||

ਨ੍ਰਿਪ ਕੇ ਬਾਰ ਭਰਤ ਥੀ ਢ੍ਵਾਰੀ ॥

nirap ke baar bharat thee dhavaiaaree ||

ਤਿਹ ਕੰਚਨ ਕੇ ਭੂਖਨ ਲਹਿ ਕੈ ॥

teh ka(n)chan ke bhookhan leh kai ||

ਡਾਰਿ ਦਏ ਘਟ ਮੌ ਕਰ ਗਹਿ ਕੈ ॥੨॥

ddaar dhe ghaT mau kar geh kai ||2||

ਊਪਰ ਜਲ ਤਾ ਕੇ ਤਰ ਭੂਖਨ ॥

uoopar jal taa ke tar bhookhan ||

ਕਿਨੂੰ ਨ ਨਰ ਸਮਝ੍ਯੋ ਤਿਹ ਦੂਖਨ ॥

kinoo(n) na nar samajhayo teh dhookhan ||

ਬਹੁ ਪੁਰਖਨ ਤਾ ਕੋ ਜਲ ਪੀਆ ॥

bahu purakhan taa ko jal peeaa ||

ਕਿਨਹੂੰ ਜਾਨਿ ਭੇਦ ਨਹਿ ਲੀਆ ॥੩॥

kinahoo(n) jaan bhedh neh leeaa ||3||

ਰਾਨੀਹੂੰ ਤਿਹ ਘਟਹਿ ਨਿਹਾਰਾ ॥

raaneehoo(n) teh ghaTeh nihaaraa ||

ਦ੍ਰਿਸਟਿ ਨ੍ਰਿਪਤਿ ਕੀ ਤਰ ਸੁ ਨਿਕਾਰਾ ॥

dhirasaT nirapat kee tar su nikaaraa ||

ਕਾਹੂੰ ਬਾਤ ਲਖੀ ਨਹਿ ਗਈ ॥

kaahoo(n) baat lakhee neh giee ||

ਭੂਖਨ ਜਾਤ ਨਾਰਿ ਹਰਿ ਭਈ ॥੪॥

bhookhan jaat naar har bhiee ||4||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੨੯॥੬੧੭੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau unatees charitr samaapatam sat subham sat

||329||6178||afajoo(n)||

ਚੌਪਈ ॥

chauapiee ||

ਬਿਰਹਾਵਤੀ ਨਗਰ ਇਕ ਦਛਿਨ ॥

birahaavatee nagar ik dhachhin ||

ਬਿਰਹ ਸੈਨ ਤਿਹ ਨ੍ਰਿਪਤਿ ਬਿਚਛਨ ॥

bireh sain teh nirapat bichachhan ||

ਬਿਰਹਾ ਦੇਇ ਸਦਨ ਮਹਿ ਬਾਲਾ ॥

birahaa dhei sadhan meh baalaa ||

ਜਨੁ ਕਰਿ ਸਿਖਰ ਅਗਨਿ ਕੀ ਜ੍ਵਾਲਾ ॥੧॥

jan kar sikhar agan kee javaiaalaa ||1||

ਇਸਕਾ ਦੇ ਤਿਹ ਸੁਤਾ ਭਨਿਜੈ ॥

eisakaa dhe teh sutaa bhanijai ||

ਚੰਦ ਸੂਰ ਜਿਹ ਸਮ ਛਬਿ ਦਿਜੈ ॥

cha(n)dh soor jeh sam chhab dhijai ||

ਅਵਰ ਨਾਰਿ ਤਿਹ ਸਮ ਨਹਿ ਕੋਈ ॥

avar naar teh sam neh koiee ||

ਤ੍ਰਿਯ ਕੀ ਉਪਮਾ ਕਹ ਤ੍ਰਿਯ ਸੋਈ ॥੨॥

tiray kee upamaa keh tiray soiee ||2||

ਸੁੰਦਰਤਾ ਤਾ ਕੇ ਤਨ ਐਸੀ ॥

su(n)dharataa taa ke tan aaisee ||

ਸਚੀ ਪਾਰਬਤੀ ਹੋਇ ਨ ਤੈਸੀ ॥

sachee paarabatee hoi na taisee ||

ਮਾਲੁਮ ਸਕਲ ਜਗਤ ਉਜਿਯਾਰੀ ॥

maalum sakal jagat ujiyaaree ||

ਜਛ ਗਾਧ੍ਰਬੀ ਭੀਤਰ ਪਯਾਰੀ ॥੩॥

jachh gaadhrabee bheetar payaaree ||3||

ਕੰਚਨ ਸੈਨ ਦੈਤ ਤਹ ਭਾਰੋ ॥

ka(n)chan sain dhait teh bhaaro ||

ਬੀਰਜਮਾਨ ਦੁਤਿਮਾਨ ਕਰਾਰੋ ॥

beerajamaan dhutimaan karaaro ||

ਨਿਹਕੰਟਕ ਅਸੁਰਾਨ ਕਰਿਯੋ ਜਿਨ ॥

nihaka(n)Tak asuraan kariyo jin ||

ਸਮੁਹਿ ਭਯੋ ਸੋ ਬਲੀ ਹਨਜੋ ਤਿਨ ॥੪॥

samuh bhayo so balee hanayo tin ||4||

ਤਿਹ ਪੁਰ ਅਰਧਿ ਰਾਤਿ ਵਹ ਆਵੈ ॥

teh pur aradh raat veh aavai ||

ਏਕ ਪੁਰਖ ਨਿਤਪ੍ਰਤਿ ਭਖਿ ਜਾਵੈ ॥

ek purakh nitaprat bhakh jaavai ||

ਸਭਹਿਨ ਸੋਚ ਬਢਿਯੋ ਜਿਯ ਮੈ ਅਤਿ ॥

sabhahin soch baddiyo jiy mai at ||

ਬੈਠਿ ਬਿਚਾਰ ਕਰਤ ਭੇ ਸੁਭ ਮਤਿ ॥੫॥

baiTh bichaar karat bhe subh mat ||5||

ਇਹ ਰਾਛਸ ਅਤਿ ਹੀ ਬਲਵਾਨਾ ॥

eeh raachhas at hee balavaanaa ||

ਮਾਨੁਖ ਭਖਤ ਰੈਨਿ ਦਿਨ ਨਾਨਾ ॥

maanukh bhakhat rain dhin naanaa ||

ਤ੍ਰਾਸ ਕਰਤ ਕਾਹੂ ਨਹਿ ਜਨ ਕੌ ॥

traas karat kaahoo neh jan kau ||

ਨਿਰਭੈ ਫਿਰਤ ਹੋਤ ਕਰਿ ਮਨ ਕੌ ॥੬॥

nirabhai firat hot kar man kau ||6||

ਬੇਸ੍ਵਾ ਹੁਤੀ ਏਕ ਪੁਰ ਤਵਨੈ ॥

besavaiaa hutee ek pur tavanai ||

ਦਾਨਵ ਖਾਤ ਮਨੁਖ ਭੂਅ ਜਵਨੈ ॥

dhaanav khaat manukh bhooa javanai ||

ਸੋ ਅਬਲਾ ਰਾਜਾ ਪਹ ਆਈ ॥

so abalaa raajaa peh aaiee ||

ਨਿਰਖ ਰਾਵ ਕੀ ਪ੍ਰਭਾ ਲੁਭਾਈ ॥੭॥

nirakh raav kee prabhaa lubhaiee ||7||

ਇਹ ਬਿਧਿ ਕਹਿਯੋ ਨ੍ਰਿਪਤਿ ਤਨ ਬੈਨਾ ॥

eeh bidh kahiyo nirapat tan bainaa ||

ਜੌ ਤੁਮ ਮੁਹਿ ਰਾਖਹੁ ਨਿਜੁ ਐਨਾ ॥

jau tum muh raakhahu nij aainaa ||

ਤੌ ਹੌ ਮਾਰਿ ਅਸੁਰ ਕਹ ਆਵੌ ॥

tau hau maar asur keh aavau ||

ਯਾ ਪੁਰ ਕੋ ਸਭ ਸੋਕ ਮਿਟਾਵੌਂ ॥੮॥

yaa pur ko sabh sok miTaavau ||8||

ਤਬ ਮੈ ਬਰੌ ਤੋਹਿ ਕੌ ਧਾਮਾ ॥

tab mai barau toh kau dhaamaa ||

ਜਬ ਤੈ ਹਨ ਅਸੁਰ ਕਹ ਬਾਮਾ ॥

jab tai han asur keh baamaa ||

ਦੇਸ ਸਭੈ ਅਰੁ ਲੋਗ ਬਸੈ ਸੁਖ ॥

dhes sabhai ar log basai sukh ||

ਮਿਟੈ ਪ੍ਰਜਾ ਕੇ ਚਿਤ ਕੋ ਸਭ ਦੁਖ ॥੯॥

miTai prajaa ke chit ko sabh dhukh ||9||

ਬਲੀ ਆਠ ਸੈ ਮਹਿਖ ਮੰਗਾਯੋ ॥

balee aaTh sai mahikh ma(n)gaayo ||

ਭਛ ਭੋਜ ਪਕਵਾਨ ਪਕਾਯੋ ॥

bhachh bhoj pakavaan pakaayo ||

ਮਦਰਾ ਅਧਿਕ ਤਹਾ ਲੈ ਧਰਾ ॥

madharaa adhik tahaa lai dharaa ||

ਸਾਤ ਬਾਰ ਜੁ ਚੁਆਇਨਿ ਕਰਾ ॥੧੦॥

saat baar ju chuaain karaa ||10||

ਭਲੀ ਭਾਤਿ ਸਭ ਅੰਨ ਬਨਾਏ ॥

bhalee bhaat sabh a(n)n banaae ||

ਭਾਤਿ ਭਾਤਿ ਬਿਖੁ ਸਾਥ ਮਿਲਾਏ ॥

bhaat bhaat bikh saath milaae ||

ਗਰਧਭਾਨ ਬਹੁ ਦਈ ਅਫੀਮੈ ॥

garadhabhaan bahu dhiee afeemai ||

ਬਾਧੇ ਆਨਿ ਅਸੁਰ ਕੀ ਸੀਮੈ ॥੧੧॥

baadhe aan asur kee seemai ||11||

ਆਧੀ ਰਾਤਿ ਦੈਤ ਤਹ ਆਯੋ ॥

aadhee raat dhait teh aayo ||

ਗਰਧਭਾਨ ਮਹਿਖਾਨ ਚਬਾਯੋ ॥

garadhabhaan mahikhaan chabaayo ||

ਭਛ ਭੋਜ ਬਹੁਤੇ ਤਬ ਖਾਏ ॥

bhachh bhoj bahute tab khaae ||

ਭਰਿ ਭਰਿ ਪਜਾਲੇ ਮਦਹਿ ਚੜਾਏ ॥੧੨॥

bhar bhar payaale madheh chaRaae ||12||

ਮਦ ਕੀ ਪੀਏ ਬਿਸੁਧ ਹ੍ਵੈ ਰਹਾ ॥

madh kee pe'ee bisudh havai rahaa ||

ਆਨਿ ਅਫੀਮ ਗਰੌ ਤਿਹ ਗਹਾ ॥

aan afeem garau teh gahaa ||

ਸੋਇ ਰਹਾ ਸੁਧਿ ਕਛੂ ਨ ਪਾਈ ॥

soi rahaa sudh kachhoo na paiee ||

ਨਾਰਿ ਪਛਾਨ ਘਾਤ ਕਹ ਧਾਈ ॥੧੩॥

naar pachhaan ghaat keh dhaiee ||13||

ਅਠ ਹਜ਼ਾਰ ਮਨ ਸਿਕਾ ਲਯੋ ॥

aTh hazaar man sikaa layo ||

ਤਾ ਪਰ ਅਵਟਿ ਢਾਰਿ ਕਰਿ ਦਯੋ ॥

taa par avaT ddaar kar dhayo ||

ਭਸਮੀ ਭੂਤ ਦੈਤ ਵਹੁ ਕਿਯੋ ॥

bhasamee bhoot dhait vahu kiyo ||

ਬਿਰਹਵਤੀ ਪੁਰ ਕੌ ਸੁਖ ਦਿਯੋ ॥੧੪॥

birahavatee pur kau sukh dhiyo ||14||

ਦੋਹਰਾ ॥

dhoharaa ||

ਇਹ ਛਲ ਅਬਲਾ ਅਸੁਰ ਹਨਿ ਨ੍ਰਿਪਹਿ ਬਰਿਯੋ ਸੁਖ ਪਾਇ ॥

eeh chhal abalaa asur han nirapeh bariyo sukh pai ||

ਸਕਲ ਪ੍ਰਜਾ ਸੁਖ ਸੌ ਬਸੀ ਹ੍ਰਿਦੈ ਹਰਖ ਉਪਜਾਇ ॥੧੫॥

sakal prajaa sukh sau basee hiradhai harakh upajai ||15||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੦॥੬੧੯੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau tees charitr samaapatam sat subham sat ||330||6193||afajoo(n)||

ਚੌਪਈ ॥

chauapiee ||

ਵਲੰਦੇਜ ਕੋ ਏਕ ਨ੍ਰਿਪਾਲਾ ॥

vala(n)dhej ko ek nirapaalaa ||

ਵਲੰਦੇਜ ਦੇਈ ਘਰ ਬਾਲਾ ॥

vala(n)dhej dheiee ghar baalaa ||

ਤਾ ਪੁਰ ਕੁਪ੍ਯੋ ਫਿਰੰਗ ਰਾਇ ਮਨ ॥

taa pur kuprayo fira(n)g rai man ||

ਸੈਨ ਚੜਾ ਲੈ ਕਰਿ ਸੰਗ ਅਨਗਨ ॥੧॥

sain chaRaa lai kar sa(n)g anagan ||1||

ਨਾਮੁ ਫਿਰੰਗੀ ਰਾਇ ਨ੍ਰਿਪਤਿ ਤਿਹ ॥

naam fira(n)gee rai nirapat teh ||

ਅੰਗਰੇਜਨ ਪਰ ਚੜਤ ਕਰੀ ਜਿਹ ॥

a(n)garejan par chaRat karee jeh ||

ਅਨਗਨ ਲਏ ਚਮੂੰ ਚਤੁਰੰਗਾ ॥

anagan le chamoo(n) chatura(n)gaa ||

ਜਨੁ ਕਰਿ ਉਮਡਿ ਚਲਿਯੋ ਜਲ ਗੰਗਾ ॥੨॥

jan kar umadd chaliyo jal ga(n)gaa ||2||

ਵਲੰਦੇਜ ਦੇਈ ਕੇ ਨਾਥਹਿ ॥

vala(n)dhej dheiee ke naatheh ||

ਪ੍ਰਾਨ ਤਜੇ ਡਰ ਹੀ ਕੇ ਸਾਥਹਿ ॥

praan taje ddar hee ke saatheh ||

ਰਾਨੀ ਭੇਦ ਨ ਕਾਹੂ ਦਯੋ ॥

raanee bhedh na kaahoo dhayo ||

ਤ੍ਰਾਸ ਤ੍ਰਸਤ ਰਾਜਾ ਮਰਿ ਗਯੋ ॥੩॥

traas trasat raajaa mar gayo ||3||

ਮ੍ਰਿਤਕ ਨਾਥ ਤਿਹ ਸਮੈ ਨਿਹਾਰਾ ॥

mritak naath teh samai nihaaraa ||

ਔਰ ਸੰਗ ਬਹੁ ਸੈਨ ਬਿਚਾਰਾ ॥

aauar sa(n)g bahu sain bichaaraa ||

ਇਹੈ ਘਾਤ ਜਿਯ ਮਾਹਿ ਬਿਚਾਰੀ ॥

eihai ghaat jiy maeh bichaaree ||

ਕਾਸਟ ਪੁਤ੍ਰਿਕਾ ਲਛ ਸਵਾਰੀ ॥੪॥

kaasaT putirakaa lachh savaaree ||4||

ਲਛ ਹੀ ਹਾਥ ਬੰਦੂਕ ਸਵਾਰੀ ॥

lachh hee haath ba(n)dhook savaaree ||

ਦਾਰੂ ਗੋਲਿਨ ਭਰੀ ਸੁਧਾਰੀ ॥

dhaaroo golin bharee sudhaaree ||

ਡਿਵਢਾ ਚੁਨਤ ਭਈ ਤੁਪਖਾਨਾ ॥

ddivaddaa chunat bhiee tupakhaanaa ||

ਤੀਰ ਬੰਦੂਕ ਕਮਾਨ ਅਰੁ ਬਾਨਾ ॥੫॥

teer ba(n)dhook kamaan ar baanaa ||5||

ਜਬ ਅਰਿ ਸੈਨ ਨਿਕਟ ਤਿਹ ਆਈ ॥

jab ar sain nikaT teh aaiee ||

ਸਭਹਿਨ ਗਈ ਪਲੀਤਾ ਲਾਈ ॥

sabhahin giee paleetaa laiee ||

ਬੀਸ ਹਜਾਰ ਤੁਪਕ ਇਕ ਬਾਰ ॥

bees hajaar tupak ik baar ||

ਛੁਟਗੀ ਕਛੁ ਨ ਰਹੀ ਸੰਭਾਰਾ ॥੬॥

chhuTagee kachh na rahee sa(n)bhaaraa ||6||

ਜਿਮਿ ਮਖੀਰ ਕੀ ਉਡਤ ਸੁ ਮਾਖੀ ॥

jim makheer kee uddat su maakhee ||

ਤਿਮਿ ਹੀ ਚਲੀ ਬੰਦੂਕੈ ਬਾਖੀ ॥

tim hee chalee ba(n)dhookai baakhee ||

ਜਾ ਕੇ ਲਗੇ ਅੰਗ ਮੌ ਬਾਨਾ ॥

jaa ke lage a(n)g mau baanaa ||

ਤਤਛਿਨ ਤਿਨ ਭਟ ਤਜੇ ਪਰਾਨਾ ॥੭॥

tatachhin tin bhaT taje paraanaa ||7||

ਤਰਫਰਾਹਿ ਗੌਰਿਨ ਕੇ ਮਾਰੇ ॥

tarafaraeh gauarin ke maare ||

ਪਛ ਸੁਤ ਓਰਨ ਜਨੁਕ ਬਿਦਾਰੇ ॥

pachh sut oran januk bidhaare ||

ਰਥੀ ਸੁ ਨਾਗਪਤੀ ਅਰੁ ਬਾਜਾ ॥

rathee su naagapatee ar baajaa ||

ਜਮ ਪੁਰ ਗਏ ਸਹਿਤ ਨਿਜੁ ਰਾਜਾ ॥੮॥

jam pur ge sahit nij raajaa ||8||

ਦੋਹਰਾ ॥

dhoharaa ||

ਇਹ ਚਰਿਤ੍ਰ ਤਨ ਚੰਚਲਾ ਕੂਟੋ ਕਟਕ ਹਜਾਰ ॥

eeh charitr tan cha(n)chalaa kooTo kaTak hajaar ||

ਅਰਿ ਮਾਰੇ ਰਾਜਾ ਸਹਿਤ ਗਏ ਗ੍ਰਿਹਨ ਕੌ ਹਾਰਿ ॥੯॥

ar maare raajaa sahit ge girahan kau haar ||9||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੧॥੬੨੦੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau ikatees charitr samaapatam sat subham sat ||331||6202||afajoo(n)||

ਚੌਪਈ ॥

chauapiee ||

ਸਹਿਰ ਭੇਹਰੇ ਏਕ ਨ੍ਰਿਪਤਿ ਬਰ ॥

sahir bhehare ek nirapat bar ||

ਕਾਮ ਸੈਨ ਤਿਹ ਨਾਮ ਕਹਤ ਨਰ ॥

kaam sain teh naam kahat nar ||

ਕਾਮਾਵਤੀ ਤਵਨ ਕੀ ਨਾਰੀ ॥

kaamaavatee tavan kee naaree ||

ਰੂਪਵਾਨ ਦੁਤਿਵਾਨ ਉਜਿਯਾਰੀ ॥੧॥

roopavaan dhutivaan ujiyaaree ||1||

ਤਾ ਕੇ ਬਹੁਤ ਰਹੈ ਗ੍ਰਿਹ ਬਾਜਿਨ ॥

taa ke bahut rahai gireh baajin ||

ਜਯੋ ਕਰਤ ਤਾਜੀ ਅਰੁ ਤਾਜਿਨ ॥

jayo karat taajee ar taajin ||

ਤਹ ਭਵ ਏਕ ਬਛੇਰਾ ਲਯੋ ॥

teh bhav ek bachheraa layo ||

ਭੂਤ ਭਵਿਖ੍ਯ ਨ ਵੈਸੇ ਭਯੋ ॥੨॥

bhoot bhavikhay na vaise bhayo ||2||

ਤਹ ਇਕ ਹੋਤ ਸਾਹ ਬਡਭਾਗੀ ॥

teh ik hot saeh baddabhaagee ||

ਰੂਪ ਕੁਅਰ ਨਾਮਾ ਅਨੁਰਾਗੀ ॥

roop kuar naamaa anuraagee ||

ਪ੍ਰੀਤਿ ਕਲਾ ਤਿਹ ਸੁਤਾ ਭਨਿਜੈ ॥

preet kalaa teh sutaa bhanijai ||

ਕੋ ਦੂਸਰ ਪਟਤਰ ਤਿਹ ਦਿਜੈ ॥੩॥

ko dhoosar paTatar teh dhijai ||3||

ਸੌ ਤ੍ਰਿਯ ਏਕ ਚੌਧਰੀ ਸੁਤ ਪਰ ॥

sau tiray ek chauadharee sut par ||

ਅਟਕਿ ਗਈ ਤਰੁਨੀ ਅਤਿ ਰੁਚਿ ਕਰਿ ॥

aTak giee tarunee at ruch kar ||

ਮਿਜਮਾਨੀ ਛਲ ਤਾਹਿ ਬੁਲਾਯੋ ॥

mijamaanee chhal taeh bulaayo ||

ਭਾਤਿ ਭਾਤਿ ਭੋਜਨਹਿ ਭੁਜਾਯੋ ॥੪॥

bhaat bhaat bhojaneh bhujaayo ||4||

ਕੀਨਾ ਕੈਫ ਰਸਮਸੋ ਜਬ ਹੀ ॥

keenaa kaif rasamaso jab hee ||

ਤਰੁਨੀ ਇਹ ਬਿਧਿ ਉਚਰੀ ਤਬ ਹੀ ॥

tarunee ieh bidh ucharee tab hee ||

ਅਬ ਤੈ ਗਵਨ ਆਇ ਮੇਰੋ ਕਰਿ ॥

ab tai gavan aai mero kar ||

ਕਾਮ ਤਪਤ ਅਬ ਹੀ ਹਮਰੋ ਹਰਿ ॥੫॥

kaam tapat ab hee hamaro har ||5||

ਤਬ ਇਹ ਬਿਧਿ ਤਿਨ ਪੁਰਖ ਉਚਾਰੀ ॥

tab ieh bidh tin purakh uchaaree ||

ਯੌਂ ਨ ਭਜੌਂ ਤੁਹਿ ਸੁਨਹੁ ਪਯਾਰੀ ॥

yau na bhajau tuh sunahu payaaree ||

ਜੋ ਰਾਜਾ ਕੇ ਉਪਜਯੋ ਬਾਜੀ ॥

jo raajaa ke upajayo baajee ||

ਸੋ ਦੈ ਪ੍ਰਥਮ ਆਨਿ ਮੁਹਿ ਤਾਜੀ ॥੬॥

so dhai pratham aan muh taajee ||6||

ਤਬ ਤਿਨ ਤ੍ਰਿਯ ਬਿਚਾਰ ਅਸ ਕਿਯੋ ॥

tab tin tiray bichaar as kiyo ||

ਕਿਹ ਬਿਧਿ ਜਾਇ ਤੁਰੰਗਮ ਲਿਯੋ ॥

keh bidh jai tura(n)gam liyo ||

ਐਸੇ ਕਰਿਯੈ ਕਵਨੁਪਚਾਰਾ ॥

aaise kariyai kavanupachaaraa ||

ਜਾ ਤੇ ਪਰੈ ਹਾਥ ਮੋ ਪਯਾਰਾ ॥੭॥

jaa te parai haath mo payaaraa ||7||

ਅਰਧ ਰਾਤ੍ਰਿ ਬੀਤਤ ਭੀ ਜਬੈ ॥

aradh raatr beetat bhee jabai ||

ਸ੍ਵਾਨ ਭੇਖ ਧਾਰਾ ਤ੍ਰਿਯ ਤਬੈ ॥

savaiaan bhekh dhaaraa tiray tabai ||

ਕਰ ਮਹਿ ਗਹਿ ਕ੍ਰਿਪਾਨ ਇਕ ਲਈ ॥

kar meh geh kirapaan ik liee ||

ਬਾਜੀ ਹੁਤੋ ਜਹਾ ਤਹ ਗਈ ॥੮॥

baajee huto jahaa teh giee ||8||

ਸਾਤ ਕੋਟ ਤਹ ਕੂਦਿ ਪਹੂੰਚੀ ॥

saat koT teh koodh pahoo(n)chee ||

ਦਾਨ ਕ੍ਰਿਪਾਨ ਮਾਨ ਕੀ ਸੂਚੀ ॥

dhaan kirapaan maan kee soochee ||

ਜਿਹ ਜਾਗਤ ਪਹਰੂਅਰਿ ਨਿਹਾਰੈ ॥

jeh jaagat paharooar nihaarai ||

ਤਾ ਕੋ ਮੂੰਡ ਕਾਟਿ ਕਰਿ ਡਾਰੈ ॥੯॥

taa ko moo(n)dd kaaT kar ddaarai ||9||

ਅੜਿਲ ॥

aRil ||

ਏਕ ਪਹਰੂਅਹਿ ਮਾਰਿ ਦੁਤਿਯ ਕਹ ਮਾਰਿਯੋ ॥

ek paharooeh maar dhutiy keh maariyo ||

ਤ੍ਰਿਤਿਯ ਮਾਰਿ ਚਤਰਥ ਕੋ ਸੀਸ ਉਤਾਰਿਯੋ ॥

tiratiy maar chatarath ko sees utaariyo ||

ਪੰਚਮ ਖਸਟਮ ਮਾਰਿ ਸਪਤਵੌਂ ਹਤਿ ਕਿਯੋ ॥

pa(n)cham khasaTam maar sapatavau hat kiyo ||

ਹੋ ਅਸਟਮ ਪੁਰਖ ਸੰਘਾਰਿ ਛੋਰਿ ਬਾਜੀ ਲਿਯੋ ॥੧੦॥

ho asaTam purakh sa(n)ghaar chhor baajee liyo ||10||

ਪਰੀ ਨਗਰ ਮੈ ਰੌਰਿ ਜਬੈ ਤ੍ਰਿਯ ਹੈ ਹਰਿਯੋ ॥

paree nagar mai rauar jabai tiray hai hariyo ||

ਪਠੈ ਪਖਰਿਯਾ ਕਛਿ ਕਛਿ ਕਹੈ ਕਹਾ ਪਰਿਯੋ ॥

paThai pakhariyaa kachh kachh kahai kahaa pariyo ||

ਬਾਟ ਘਾਟ ਸਭ ਰੋਕਿ ਗਹੋ ਇਹ ਚੋਰਿ ਕੌ ॥

baaT ghaaT sabh rok gaho ieh chor kau ||

ਹੋ ਧਰ ਲੀਜੈ ਇਹ ਹੋਨ ਨ ਦੀਜੈ ਭੋਰ ਕੌ ॥੧੧॥

ho dhar leejai ieh hon na dheejai bhor kau ||11||

ਜਿਤ ਜਿਤ ਧਾਵਹਿ ਲੋਗ ਹਰਿਯੋ ਹੈ ਕਹੈ ਕਿਸ ॥

jit jit dhaaveh log hariyo hai kahai kis ||

ਕਢੈ ਕ੍ਰਿਪਾਨੈ ਦਿਖਿਯਤ ਧਾਵਤ ਦਸੌ ਦਿਸਿ ॥

kaddai kirapaanai dhikhiyat dhaavat dhasau dhis ||

ਅਸ ਕਾਰਜ ਜਿਹ ਕਿਯ ਨ ਜਾਨ ਤਿਹ ਦੀਜਿਯੈ ॥

as kaaraj jeh kiy na jaan teh dheejiyai ||

ਹੋ ਜਯੋਂ ਤਯੋਂ ਜੀਤਿ ਤੁਰੰਗ ਨ੍ਰਿਪਤਿ ਕੋ ਲੀਜਿਯੈ ॥੧੨॥

ho jayo(n) tayo(n) jeet tura(n)g nirapat ko leejiyai ||12||

ਬਹੁਤ ਪਹੂੰਚੇ ਨਿਕਟਿ ਤਰੁਨਿ ਕੇ ਜਾਇ ਕੈ ॥

bahut pahoo(n)che nikaT tarun ke jai kai ||

ਫਿਰਿ ਮਾਰੇ ਤਿਨ ਵਹੈ ਤੁਰੰਗ ਨਚਾਇ ਕੈ ॥

fir maare tin vahai tura(n)g nachai kai ||

ਕਰਿ ਕਰਿ ਜਾਹਿ ਚਲਾਕੀ ਬਾਹੀ ਬੇਗ ਤਨ ॥

kar kar jaeh chalaakee baahee beg tan ||

ਹੋ ਤਿਨ ਕੀ ਹੌਂਸ ਨ ਰਾਖੀ ਰਾਖੇ ਏਕ ਬ੍ਰਨ ॥੧੩॥

ho tin kee hauas na raakhee raakhe ek bran ||13||

ਚੌਪਈ ॥

chauapiee ||

ਕੂਦ ਕੀਆ ਜਾ ਕੇ ਪਰ ਵਾਰਾ ॥

koodh keeaa jaa ke par vaaraa ||

ਇਕ ਤੇ ਤਾਹਿ ਦੋਇ ਕਰਿ ਡਾਰਾ ॥

eik te taeh dhoi kar ddaaraa ||

ਚੁਨਿ ਚੁਨਿ ਹਨੇ ਪਖਰਿਯਾ ਮਨ ਤੈ ॥

chun chun hane pakhariyaa man tai ||

ਦ੍ਵੈ ਦ੍ਵੈ ਗੇ ਹ੍ਵੈ ਇਕ ਇਕ ਤਨ ਤੈ ॥੧੪॥

dhavai dhavai ge havai ik ik tan tai ||14||

ਬਹੁ ਬਿਧਿ ਬੀਰ ਪਖਰਿਯਾ ਮਾਰੈ ॥

bahu bidh beer pakhariyaa maarai ||

ਇਕ ਇਕ ਤੇ ਕਰਿ ਦ੍ਵੈ ਦ੍ਵੈ ਡਾਰੇ ॥

eik ik te kar dhavai dhavai ddaare ||

ਘੋਰਾ ਸਹਿਤ ਘਾਇ ਜੋ ਘਏ ॥

ghoraa sahit ghai jo ghe ||

ਦ੍ਵੈ ਤੇ ਚਾਰਿ ਟੂਕ ਤੇ ਭਏ ॥੧੫॥

dhavai te chaar Took te bhe ||15||

ਦੋਹਰਾ ॥

dhoharaa ||

ਇਹ ਬਿਧਿ ਬੀਰ ਬਿਦਾਰ ਬਹੁ ਨਦੀ ਤੁਰੰਗ ਤਰਾਇ ॥

eeh bidh beer bidhaar bahu nadhee tura(n)g tarai ||

ਜਹਾ ਮਿਤ੍ਰ ਕੋ ਗ੍ਰਿਹ ਹੁਤੋ ਤਹੀ ਨਿਕਾਸ੍ਯੋ ਆਇ ॥੧੬॥

jahaa mitr ko gireh huto tahee nikaasrayo aai ||16||

ਚੌਪਈ ॥

chauapiee ||

ਜਬ ਤਿਹ ਆਨਿ ਤੁਰੰਗਮ ਦੀਯੋ ॥

jab teh aan tura(n)gam dheeyo ||

ਕਾਮ ਭੋਗ ਤਾ ਸੈ ਦ੍ਰਿੜ ਕੀਯੋ ॥

kaam bhog taa sai dhiraR keeyo ||

ਜੌ ਪਾਛੇ ਤਿਨ ਫੌਜ ਨਿਹਾਰੀ ॥

jau paachhe tin fauaj nihaaree ||

ਇਹ ਬਿਧਿ ਸੌ ਤਿਹ ਤ੍ਰਿਯਹਿ ਉਚਾਰੀ ॥੧੭॥

eeh bidh sau teh tirayeh uchaaree ||17||

ਅੜਿਲ ॥

aRil ||

ਬੁਰੋ ਕਰਮ ਹਮ ਕਰਿਯੋ ਤੁਰੰਗ ਨ੍ਰਿਪ ਕੋ ਹਰਿਯੋ ॥

buro karam ham kariyo tura(n)g nirap ko hariyo ||

ਆਪੁ ਆਪੁਨੇ ਪਗਨ ਕੁਹਾਰਾ ਕੌ ਮਰਿਯੋ ॥

aap aapune pagan kuhaaraa kau mariyo ||

ਅਬ ਏ ਤੁਰੰਗ ਸਮੇਤ ਪਕਰਿ ਲੈ ਜਾਇ ਹੈ ॥

ab e tura(n)g samet pakar lai jai hai ||

ਹੋ ਫਾਸੀ ਦੈਹੈ ਦੁਹੂੰ ਕਿ ਸੂਰੀ ਦ੍ਰਯਾਇ ਹੈ ॥੧੮॥

ho faasee dhaihai dhuhoo(n) k sooree dhrayai hai ||18||

ਚੌਪਈ ॥

chauapiee ||

ਤ੍ਰਿਯ ਭਾਖ੍ਯੋ ਪਿਯ ਸੋਕ ਨ ਕਰੋ ॥

tiray bhaakhayo piy sok na karo ||

ਬਾਜ ਸਹਿਤ ਦੋਊ ਬਚੇ ਬਿਚਰੋ ॥

baaj sahit dhouoo bache bicharo ||

ਐਸੋ ਚਰਿਤ ਅਬੈ ਮੈ ਕਰਿ ਹੋ ॥

aaiso charit abai mai kar ho ||

ਦੁਸਟਨ ਡਾਰਿ ਸਿਰ ਛਾਰਿ ਉਬਰਿ ਹੋ ॥੧੯॥

dhusaTan ddaar sir chhaar ubar ho ||19||

ਤਹਾ ਪੁਰਖ ਕੋ ਭੇਸ ਬਨਾਇ ॥

tahaa purakh ko bhes banai ||

ਦਲ ਕਹ ਮਿਲੀ ਅਗਮਨੇ ਜਾਇ ॥

dhal keh milee agamane jai ||

ਕਹੀ ਹਮਾਰੋ ਸਤਰ ਉਬਾਰੋ ॥

kahee hamaaro satar ubaaro ||

ਔਰ ਗਾਵ ਤੇ ਸਕਲ ਨਿਹਾਰੋ ॥੨੦॥

aauar gaav te sakal nihaaro ||20||

ਮਿਲਿ ਦਲ ਧਾਮ ਅਗਮਨੇ ਜਾਇ ॥

mil dhal dhaam agamane jai ||

ਬਾਜ ਪਾਇ ਝਾਝਰ ਪਹਿਰਾਇ ॥

baaj pai jhaajhar pahirai ||

ਸਕਲ ਗਾਵ ਤਿਨ ਕਹ ਦਿਖਰਾਈ ॥

sakal gaav tin keh dhikharaiee ||

ਫਿਰਿ ਤਿਹ ਠੌਰਿ ਤਿਨੈ ਲੈ ਆਈ ॥੨੧॥

fir teh Thauar tinai lai aaiee ||21||

ਪਰਦਾ ਲੇਤ ਤਾਨਿ ਆਗੇ ਤਿਨ ॥

paradhaa let taan aage tin ||

ਦੇਖਹੁ ਜਾਇ ਜਨਾਨਾ ਕਹਿ ਜਿਨ ॥

dhekhahu jai janaanaa keh jin ||

ਆਗੇ ਕਰਿ ਸਭਹਿਨ ਕੇ ਬਾਜਾ ॥

aage kar sabhahin ke baajaa ||

ਇਹ ਛਲ ਬਾਮ ਨਿਕਾਰਿਯੋ ਰਾਜਾ ॥੨੨॥

eeh chhal baam nikaariyo raajaa ||22||

ਸੋ ਆਂਗਨ ਲੈ ਤਿਨੈ ਦਿਖਾਵੈ ॥

so aa(n)gan lai tinai dhikhaavai ||

ਆਗੇ ਬਹੁਰਿ ਕਨਾਤ ਤਨਾਵੈ ॥

aage bahur kanaat tanaavai ||

ਆਗੇ ਕਰਿ ਕਰਿ ਬਾਜ ਨਿਕਾਰੈ ॥

aage kar kar baaj nikaarai ||

ਨੇਵਰ ਕੇ ਬਾਜਤ ਝਨਕਾਰੈ ॥੨੩॥

nevar ke baajat jhanakaarai ||23||

ਬਹੂ ਬਧੂ ਤਿਨ ਕੀ ਵਹੁ ਜਾਨੈ ॥

bahoo badhoo tin kee vahu jaanai ||

ਬਾਜੀ ਕਹ ਮੂਰਖ ਨ ਪਛਾਨੈ ॥

baajee keh moorakh na pachhaanai ||

ਨੇਵਰ ਕੈ ਬਾਜਤ ਝਨਕਾਰਾ ॥

nevar kai baajat jhanakaaraa ||

ਭੇਦ ਅਭੇਦ ਨ ਜਾਤ ਬਿਚਾਰਾ ॥੨੪॥

bhedh abhedh na jaat bichaaraa ||24||

ਦੁਹਿਤਾ ਬਹੂ ਤਿਨੈ ਕਰਿ ਜਾਨੈ ॥

dhuhitaa bahoo tinai kar jaanai ||

ਸੁਨਿ ਸੁਨਿ ਧੁਨਿ ਨੇਵਰ ਕੀ ਕਾਨੈ ॥

sun sun dhun nevar kee kaanai ||

ਭੇਦ ਅਭੇਦ ਕਛੂ ਨ ਬਿਚਾਰੀ ॥

bhedh abhedh kachhoo na bichaaree ||

ਇਹ ਛਲ ਛਲੈ ਪੁਰਖ ਸਭ ਨਾਰੀ ॥੨੫॥

eeh chhal chhalai purakh sabh naaree ||25||

ਜਵਨ ਰੁਚਾ ਜਯੋਂ ਤਯੋਂ ਤਿਹ ਭਜਾ ॥

javan ruchaa jayo(n) tayo(n) teh bhajaa ||

ਜਿਯ ਜੁ ਨ ਭਾਯੋ ਤਿਹ ਕੌ ਤਜਾ ॥

jiy ju na bhaayo teh kau tajaa ||

ਇਨ ਇਸਤ੍ਰੀਨ ਕੇ ਚਰਿਤ ਅਪਾਰਾ ॥

ein isatreen ke charit apaaraa ||

ਜਿਨੈ ਨ ਬਿਧਨਾ ਸਕਤ ਬਿਚਾਰਾ ॥੨੬॥

jinai na bidhanaa sakat bichaaraa ||26||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੨॥੬੨੨੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau batees charitr samaapatam sat subham sat ||332||6228||afajoo(n)||

ਚੌਪਈ ॥

chauapiee ||

ਸੁਨਹੋ ਰਾਜ ਕੁਅਰਿ ਇਕ ਬਾਤਾ ॥

sunaho raaj kuar ik baataa ||

ਤ੍ਰਿਯ ਚਰਿਤ੍ਰ ਜੋ ਕਿਯ ਬਿਖ੍ਯਾਤਾ ॥

tiray charitr jo kiy bikhayaataa ||

ਪਸਚਿਮ ਦਿਸਾ ਹੁਤੀ ਇਕ ਨਗਰੀ ॥

pasachim dhisaa hutee ik nagaree ||

ਹੰਸ ਮਾਲਨੀ ਨਾਮ ਉਜਗਰੀ ॥੧॥

ha(n)s maalanee naam ujagaree ||1||

ਹੰਸ ਸੈਨ ਜਿਹ ਰਾਜ ਬਿਰਾਜੈ ॥

ha(n)s sain jeh raaj biraajai ||

ਹੰਸ ਪ੍ਰਭਾ ਜਾ ਕੀ ਤ੍ਰਿਯ ਰਾਜੈ ॥

ha(n)s prabhaa jaa kee tiray raajai ||

ਰੂਪਵਾਨ ਗੁਨਵਾਨੁਜਿਯਾਰੀ ॥

roopavaan gunavaanujiyaaree ||

ਜਾਹਿਰ ਲੋਕ ਚੌਦਹੂੰ ਪਯਾਰੀ ॥੨॥

jaahir lok chauadhahoo(n) payaaree ||2||

ਤਹ ਇਕ ਸਾਹੁ ਸੁਤਾ ਦੁਤਿਮਾਨਾ ॥

teh ik saahu sutaa dhutimaanaa ||

ਬਹੁਰਿ ਜਿਯਤ ਜਿਹ ਨਿਰਖਿ ਸਸਾਨਾ ॥

bahur jiyat jeh nirakh sasaanaa ||

ਜੋਬਨ ਭਯੋ ਅਧਿਕ ਤਿਹ ਜਬ ਹੀ ॥

joban bhayo adhik teh jab hee ||

ਬਹੁਤਨ ਸਾਥ ਬਿਹਾਰਤ ਤਬ ਹੀ ॥੩॥

bahutan saath bihaarat tab hee ||3||

ਇਕ ਦਿਨ ਭੇਸ ਪੁਰਖ ਕੋ ਧਾਰਿ ॥

eik dhin bhes purakh ko dhaar ||

ਨਿਜੁ ਪਤਿ ਸਾਥ ਕਰੀ ਬਹੁ ਰਾਰਿ ॥

nij pat saath karee bahu raar ||

ਲਾਤ ਮੁਸਟ ਕੇ ਕਰਤ ਪ੍ਰਹਾਰ ॥

laat musaT ke karat prahaar ||

ਸੋ ਤਿਹ ਨਾਰਿ ਨ ਸਕੈ ਬਿਚਾਰਿ ॥੪॥

so teh naar na sakai bichaar ||4||

ਤਾ ਸੌ ਲਰਿ ਕਾਜੀ ਪਹਿ ਗਈ ॥

taa sau lar kaajee peh giee ||

ਲੈ ਇਲਾਮ ਪ੍ਰਯਾਦਨ ਸੰਗ ਅਈ ॥

lai ilaam prayaadhan sa(n)g iee ||

ਐਚ ਪਤਿਹਿ ਲੈ ਤਹਾ ਸਿਧਾਈ ॥

aaich pateh lai tahaa sidhaiee ||

ਕੋਤਵਾਰ ਕਾਜੀ ਜਿਹ ਠਾਈ ॥੫॥

kotavaar kaajee jeh Thaiee ||5||

ਪ੍ਯਾਦਨ ਸਾਥ ਦ੍ਵਾਰ ਪਤਿ ਥਿਰ ਕਰਿ ॥

prayaadhan saath dhavaiaar pat thir kar ||

ਦਿਨ ਕਹ ਗਈ ਮਿਤ੍ਰ ਅਪਨੇ ਘਰ ॥

dhin keh giee mitr apane ghar ||

ਤਾ ਸੰਗ ਕਰਿ ਕ੍ਰੀੜਾ ਕੀ ਗਾਥਾ ॥

taa sa(n)g kar kreeRaa kee gaathaa ||

ਲੈ ਆਈ ਸਾਹਿਦ ਕਹਿ ਸਾਥਾ ॥੬॥

lai aaiee saahidh keh saathaa ||6||

ਅੜਿਲ ॥

aRil ||

ਜਾਰ ਪ੍ਰਯਾਦਨ ਪਤਿ ਜੁਤਿ ਦ੍ਵਾਰੇ ਠਾਢਿ ਕਰ ॥

jaar prayaadhan pat jut dhavaiaare Thaadd kar ||

ਦੁਤਿਯ ਮਿਤ੍ਰ ਕੇ ਗਈ ਦਿਵਸ ਕਹ ਨਾਰਿ ਘਰ ॥

dhutiy mitr ke giee dhivas keh naar ghar ||

ਕਾਮ ਭੋਗ ਤਿਹ ਸਾਥਿ ਕੀਯਾ ਰੁਚਿ ਮਾਨਿ ਕਰਿ ॥

kaam bhog teh saath keeyaa ruch maan kar ||

ਹੋ ਸਾਹਿਦ ਕੈ ਲਜਾਈ ਅਪਨੇ ਤਿਹ ਸਾਥ ਧਰਿ ॥੭॥

ho saahidh kai layaiee apane teh saath dhar ||7||

ਚੌਪਈ ॥

chauapiee ||

ਕਹਾ ਲਗੇ ਮੈ ਕਹੋ ਉਚਰਿ ਕਰਿ ॥

kahaa lage mai kaho uchar kar ||

ਇਹ ਬਿਧਿ ਗਈ ਬਹੁਤਨ ਕੇ ਘਰ ॥

eeh bidh giee bahutan ke ghar ||

ਸੰਗ ਸਾਹਿਦ ਸਭ ਹੀ ਕਰਿ ਲੀਨੇ ॥

sa(n)g saahidh sabh hee kar leene ||

ਸਕਲ ਰੁਜੂ ਕਾਜੀ ਕੇ ਕੀਨੇ ॥੮॥

sakal rujoo kaajee ke keene ||8||

ਤਿਹ ਅਪਨੀ ਅਪਨੀ ਤੇ ਮਾਨੈ ॥

teh apanee apanee te maanai ||

ਏਕ ਏਕ ਕੋ ਭੇਦ ਨ ਜਾਨੈ ॥

ek ek ko bhedh na jaanai ||

ਜੁ ਤ੍ਰਿਯ ਕਹਤ ਸੋ ਪੁਰਖ ਬਖਾਨਤ ॥

j tiray kahat so purakh bakhaanat ||

ਆਪੁ ਆਪੁ ਕੀ ਬਾਤ ਨ ਜਾਨਤ ॥੯॥

aap aap kee baat na jaanat ||9||

ਸਭ ਸਾਹਿਦ ਜਬ ਨਜਰਿ ਗੁਜਰੇ ॥

sabh saahidh jab najar gujare ||

ਏਕ ਬਚਨ ਵਹ ਤ੍ਰਿਯਾ ਉਚਰੇ ॥

ek bachan veh tirayaa uchare ||

ਤਬ ਕਾਜੀ ਸਾਚੀ ਇਹ ਕੀਨੋ ॥

tab kaajee saachee ieh keeno ||

ਦਰਬ ਬਟਾਇ ਅਰਧ ਤਿਹ ਦੀਨੋ ॥੧੦॥

dharab baTai aradh teh dheeno ||10||

ਕਿਨੂੰ ਨ ਤਾ ਕੋ ਭੇਦ ਬਿਚਾਰਾ ॥

kinoo(n) na taa ko bhedh bichaaraa ||

ਕਸ ਚਰਿਤ੍ਰ ਇਹ ਨਾਰਿ ਦਿਖਾਰਾ ॥

kas charitr ieh naar dhikhaaraa ||

ਔਰਨ ਕੀ ਕੋਊ ਕਹਾ ਬਖਾਨੈ ॥

aauaran kee kouoo kahaa bakhaanai ||

ਆਪੁ ਆਪ ਮਹਿ ਤੇਊ ਨ ਜਾਨੈ ॥੧੧॥

aap aap meh teuoo na jaanai ||11||

ਦੋਹਰਾ ॥

dhoharaa ||

ਕਹਾ ਲਖਾ ਤ੍ਰਿਯ ਕਰਮ ਕਰਿ ਕੈਸੇ ਕਰਮ ਕਮਾਇ ॥

kahaa lakhaa tiray karam kar kaise karam kamai ||

ਭੇਦ ਅਭੇਦ ਸਭ ਆਪੁ ਮਹਿ ਸਕਾ ਨ ਕੋਊ ਪਾਇ ॥੧੨॥

bhedh abhedh sabh aap meh sakaa na kouoo pai ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤੇਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੩॥੬੨੪੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau tetees charitr samaapatam sat subham sat ||333||6240||afajoo(n)||

ਚੌਪਈ ॥

chauapiee ||

ਰਾਜ ਸੈਨ ਇਕ ਰਾਜਾ ਦਛਿਨ ॥

raaj sain ik raajaa dhachhin ||

ਤ੍ਰਿਯ ਤਿਹ ਰਾਜ ਮਤੀ ਸੁਭ ਲਛਨ ॥

tiray teh raaj matee subh lachhan ||

ਅਮਿਤ ਦਰਬ ਤਨ ਭਰੇ ਭੰਡਾਰਾ ॥

amit dharab tan bhare bha(n)ddaaraa ||

ਜਿਨ ਕੋ ਆਵਤ ਵਾਰ ਨ ਪਾਰਾ ॥੧॥

jin ko aavat vaar na paaraa ||1||

ਪਿੰਗਲ ਦੇ ਤਹ ਸਾਹ ਦੁਲਾਰੀ ॥

pi(n)gal dhe teh saeh dhulaaree ||

ਜਾ ਕੀ ਸਮ ਨਹਿ ਦੁਤਿਯ ਕੁਮਾਰੀ ॥

jaa kee sam neh dhutiy kumaaree ||

ਨਿਰਖਿ ਨ੍ਰਿਪਤਿ ਤ੍ਰਿਯ ਭਈ ਦਿਵਾਨੀ ॥

nirakh nirapat tiray bhiee dhivaanee ||

ਤਬ ਤੇ ਰੁਚਤ ਖਾਨ ਨਹਿ ਪਾਨੀ ॥੨॥

tab te ruchat khaan neh paanee ||2||

ਤਾ ਕੀ ਲਗਨਿ ਨ੍ਰਿਪਤਿ ਤਨ ਲਾਗੀ ॥

taa kee lagan nirapat tan laagee ||

ਛੂਟੈ ਕਹਾ ਅਨੋਖੀ ਜਾਗੀ ॥

chhooTai kahaa anokhee jaagee ||

ਸਖੀ ਚੀਨਿ ਇਕ ਹਿਤੂ ਸਜਾਨੀ ॥

sakhee cheen ik hitoo sayaanee ||

ਪਠੈ ਦਈ ਨ੍ਰਿਪ ਕੀ ਰਜਧਾਨੀ ॥੩॥

paThai dhiee nirap kee rajadhaanee ||3||

ਜਿਮਿ ਤਿਮਿ ਬਦਾ ਮਿਲਨ ਤਿਹ ਸੰਗਾ ॥

jim tim badhaa milan teh sa(n)gaa ||

ਤਿਹ ਤਨ ਬਜਾਪਿਯੋ ਅਧਿਕ ਅਨੰਗਾ ॥

teh tan bayaapiyo adhik ana(n)gaa ||

ਤਿਹ ਭੇਟਨ ਕੌ ਚਿਤ ਲਲਚਾਵੈ ॥

teh bheTan kau chit lalachaavai ||

ਘਾਤ ਨ ਨਿਕਸਨ ਕੀ ਤ੍ਰਿਯ ਪਾਵੈ ॥੪॥

ghaat na nikasan kee tiray paavai ||4||

ਕਹਿਯੋ ਸਾਹੁ ਇਕ ਭੂਪ ਬੁਲਾਵਤ ॥

kahiyo saahu ik bhoop bulaavat ||

ਸਭ ਅੰਨਨ ਕੋ ਨਿਰਖ ਲਿਖਾਵਤ ॥

sabh a(n)nan ko nirakh likhaavat ||

ਬਚਨ ਸੁਨਤ ਤਹ ਸਾਹੁ ਸਿਧਾਰਾ ॥

bachan sunat teh saahu sidhaaraa ||

ਭਲੋ ਬੁਰੋ ਨਹਿ ਮੂੜ ਬਿਚਾਰਾ ॥੫॥

bhalo buro neh mooR bichaaraa ||5||

ਨਿਕਸਤ ਭਈ ਘਾਤ ਤ੍ਰਿਯ ਪਾਇ ॥

nikasat bhiee ghaat tiray pai ||

ਭੋਗ ਕੀਆ ਰਾਜਾ ਸੋ ਜਾਇ ॥

bhog keeaa raajaa so jai ||

ਰਹਿਯੋ ਮੂੜ ਪਰ ਦ੍ਵਾਰ ਬਹਿਠੋ ॥

rahiyo mooR par dhavaiaar bahiTho ||

ਭਲਾ ਬੁਰਾ ਕਛੁ ਲਗਿਯੋ ਨ ਡਿਠੋ ॥੬॥

bhalaa buraa kachh lagiyo na ddiTho ||6||

ਤ੍ਰਿਯ ਕਰਿ ਕੇਲ ਭੂਪ ਸੌ ਆਈ ॥

tiray kar kel bhoop sau aaiee ||

ਲਯੋ ਸਾਹੁ ਘਰ ਬਹੁਰਿ ਬੁਲਾਈ ॥

layo saahu ghar bahur bulaiee ||

ਕਹਿਯੋ ਪ੍ਰਾਤ ਹਮ ਤੁਮ ਦੋਊ ਜੈ ਹੈ ॥

kahiyo praat ham tum dhouoo jai hai ||

ਰਾਜਾ ਕਹਤ ਵਹੈ ਕਰਿ ਐਹੈ ॥੭॥

raajaa kahat vahai kar aaihai ||7||

ਦੋਹਰਾ ॥

dhoharaa ||

ਇਹ ਛਲ ਮੂਰਖ ਤਿਹ ਛਲਾ ਸਕਿਯੋ ਨ ਭੇਦ ਬਿਚਾਰ ॥

eeh chhal moorakh teh chhalaa sakiyo na bhedh bichaar ||

ਕਹਾ ਚਰਿਤ ਇਨ ਤ੍ਰਿਯ ਕਿਯਾ ਨ੍ਰਿਪ ਸੰਗ ਰਮੀ ਸੁਧਾਰਿ ॥੮॥

kahaa charit in tiray kiyaa nirap sa(n)g ramee sudhaar ||8||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੪॥੬੨੪੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chauatees charitr samaapatam sat subham sat

||334||6248||afajoo(n)||

ਦੋਹਰਾ ॥

dhoharaa ||

ਸਹਿਰ ਸਰੋਹੀ ਕੇ ਬਿਖੈ ਬਿਕ੍ਰਤ ਕਰਨ ਇਕ ਰਾਇ ॥

sahir sarohee ke bikhai bikrat karan ik rai ||

ਬੀਰ ਬਡੋ ਬਾਕੋ ਰਥੀ ਰਾਖਤ ਸਭ ਕੋ ਭਾਇ ॥੧॥

beer baddo baako rathee raakhat sabh ko bhai ||1||

ਚੌਪਈ ॥

chauapiee ||

ਅਬਲਾ ਦੇ ਰਾਨੀ ਤਾ ਕੇ ਘਰ ॥

abalaa dhe raanee taa ke ghar ||

ਅਧਿਕ ਪੰਡਿਤਾ ਸਕਲ ਹੁਨਰ ਕਰਿ ॥

adhik pa(n)dditaa sakal hunar kar ||

ਬੀਰਮ ਦੇਵ ਪੁਤ੍ਰ ਤਿਹ ਜਾਯੋ ॥

beeram dhev putr teh jaayo ||

ਤੇਜਵਾਨ ਬਲਵਾਨ ਸੁਹਾਯੋ ॥੨॥

tejavaan balavaan suhaayo ||2||

ਤਾ ਕੀ ਜਾਤ ਨ ਪ੍ਰਭਾ ਬਖਾਨੀ ॥

taa kee jaat na prabhaa bakhaanee ||

ਰੂਪ ਅਨੰਗ ਧਰਿਯੋ ਹੈ ਜਾਨੀ ॥

roop ana(n)g dhariyo hai jaanee ||

ਕਹ ਲਗਿ ਪ੍ਰਭਾ ਕਰੈ ਕਵਨੈ ਕਬਿ ॥

keh lag prabhaa karai kavanai kab ||

ਨਿਰਖਿ ਸੂਰ ਸਸਿ ਰਹਤ ਇੰਦ੍ਰ ਦਬਿ ॥੩॥

nirakh soor sas rahat i(n)dhr dhab ||3||

ਛੈਲ ਛਬੀਲੋ ਕੁਅਰ ਅਪਾਰਾ ॥

chhail chhabeelo kuar apaaraa ||

ਆਪੁ ਘੜਾ ਜਾਨੁਕ ਕਰਤਾਰਾ ॥

aap ghaRaa jaanuk karataaraa ||

ਕਨਕ ਅਵਟਿ ਸਾਚੇ ਜਨ ਢਾਰਿਯੋ ॥

kanak avaT saache jan ddaariyo ||

ਰੀਝਿ ਰਹਤ ਜਿਨ ਬ੍ਰਹਮ ਸਵਾਰਿਯੋ ॥੪॥

reejh rahat jin braham savaariyo ||4||

ਨੈਨ ਫਬਤ ਮ੍ਰਿਗ ਸੇ ਕਜਰਾਰੇ ॥

nain fabat mirag se kajaraare ||

ਕੇਸ ਜਾਲ ਜਨੁ ਫਾਸ ਸਵਾਰੇ ॥

kes jaal jan faas savaare ||

ਜਾ ਕੇ ਪਰੇ ਗਰੈ ਸੋਈ ਜਾਨੈ ॥

jaa ke pare garai soiee jaanai ||

ਬਿਨੁ ਬੂਝੈ ਕੋਈ ਕਹਾ ਪਛਾਨੈ ॥੫॥

bin boojhai koiee kahaa pachhaanai ||5||

ਜੇਤਿਕ ਦੇਤ ਪ੍ਰਭਾ ਸਭ ਹੀ ਕਬਿ ॥

jetik dhet prabhaa sabh hee kab ||

ਤੇਤਿਕ ਹੁਤੀ ਤਵਨ ਭੀਤਰਿ ਛਬਿ ॥

tetik hutee tavan bheetar chhab ||

ਪੁਰਖ ਨਾਰਿ ਚਿਤਵਹ ਜੋ ਤਾਹਿ ॥

purakh naar chitaveh jo taeh ||

ਕਛੁ ਨ ਸੰਭਾਰ ਰਹਤ ਤਬ ਵਾਹਿ ॥੬॥

kachh na sa(n)bhaar rahat tab vaeh ||6||

ਚੰਚਰੀਟ ਦੁਤਿ ਦੇਖਿ ਬਿਕਾਨੇ ॥

cha(n)chareeT dhut dhekh bikaane ||

ਭਵਰ ਆਜੁ ਲਗਿ ਫਿਰਤਿ ਦਿਵਾਨੇ ॥

bhavar aaj lag firat dhivaane ||

ਮਹਾਦੇਵ ਤੇ ਨੈਕ ਨਿਹਾਰੇ ॥

mahaadhev te naik nihaare ||

ਅਬ ਲਗਿ ਬਨ ਮੈ ਬਸਤ ਉਘਾਰੇ ॥੭॥

ab lag ban mai basat ughaare ||7||

ਅੜਿਲ ॥

aRil ||

ਚਤੁਰਾਨਨ ਮੁਖ ਚਤੁਰ ਲਖਿ ਯਾਹੀ ਤੇ ਕਰੈ ॥

chaturaanan mukh chatur lakh yaahee te karai ||

ਸਿਖਿ ਬਾਹਨ ਖਟ ਬਦਨ ਸੁ ਯਾਹੀ ਤੇ ਧਰੈ ॥

sikh baahan khaT badhan su yaahee te dharai ||

ਪੰਚਾਨਨ ਯਾ ਤੇ ਸਿਵ ਭਏ ਬਚਾਰਿ ਕਰਿ ॥

pa(n)chaanan yaa te siv bhe bachaar kar ||

ਹੋ ਸਹਸਾਨਨ ਨਹੁ ਸਕਾ ਪ੍ਰਭਾ ਕੋ ਸਿੰਧੁ ਤਰਿ ॥੮॥

ho sahasaanan nahu sakaa prabhaa ko si(n)dh tar ||8||

ਚੌਪਈ ॥

chauapiee ||

ਜੇ ਅਬਲਾ ਤਿਹ ਰੂਪ ਨਿਹਾਰਤ ॥

je abalaa teh roop nihaarat ||

ਲਾਜ ਸਾਜ ਧਨ ਧਾਮ ਬਿਸਾਰਤ ॥

laaj saaj dhan dhaam bisaarat ||

ਮਨ ਮੈ ਰਹਤ ਮਗਨ ਹ੍ਵੈ ਨਾਰੀ ॥

man mai rahat magan havai naaree ||

ਜਾਨੁ ਬਿਸਿਖ ਤਨ ਮ੍ਰਿਗੀ ਪ੍ਰਹਾਰੀ ॥੯॥

jaan bisikh tan miragee prahaaree ||9||

ਸਾਹ ਜੈਨ ਅਲਾਵਦੀਨ ਜਹ ॥

saeh jain alaavadheen jeh ||

ਆਯੋ ਕੁਅਰ ਰਹਨ ਚਾਕਰ ਤਹ ॥

aayo kuar rahan chaakar teh ||

ਫੂਲਮਤੀ ਹਜਰਤਿ ਕੀ ਨਾਰੀ ॥

foolamatee hajarat kee naaree ||

ਤਾ ਕੇ ਗ੍ਰਿਹ ਇਕ ਭਈ ਕੁਮਾਰੀ ॥੧੦॥

taa ke gireh ik bhiee kumaaree ||10||

ਸ੍ਰੀ ਦਿਮਾਗ ਰੋਸਨ ਵਹ ਬਾਰੀ ॥

sree dhimaag rosan veh baaree ||

ਜਨੁ ਰਤਿ ਪਤਿ ਤੇ ਭਈ ਕੁਮਾਰੀ ॥

jan rat pat te bhiee kumaaree ||

ਜਨੁਕ ਚੀਰਿ ਚੰਦ੍ਰਮਾ ਬਨਾਈ ॥

januk cheer cha(n)dhramaa banaiee ||

ਤਾਹੀ ਤੇ ਤਾ ਮੈ ਅਤਿਤਾਈ ॥੧੧॥

taahee te taa mai atitaiee ||11||

ਬੀਰਮ ਦੇ ਮੁਜਰਾ ਕਹ ਆਯੋ ॥

beeram dhe mujaraa keh aayo ||

ਸਾਹੁ ਸੁਤਾ ਕੋ ਹ੍ਰਿਦੈ ਚੁਰਾਯੋ ॥

saahu sutaa ko hiradhai churaayo ||

ਅਨਿਕ ਜਤਨ ਅਬਲਾ ਕਰਿ ਹਾਰੀ ॥

anik jatan abalaa kar haaree ||

ਕੈ ਸਿਹੁ ਮਿਲਾ ਨ ਪ੍ਰੀਤਮ ਪਜਾਰੀ ॥੧੨॥

kai sih milaa na preetam payaaree ||12||

ਕਾਮਾਤੁਰ ਭੀ ਅਧਿਕ ਬਿਗਮ ਜਬ ॥

kaamaatur bhee adhik bigam jab ||

ਪਿਤਾ ਪਾਸ ਤਜਿ ਲਾਜ ਕਹੀ ਤਬ ॥

pitaa paas taj laaj kahee tab ||

ਕੈ ਬਾਬੁਲ ਗ੍ਰਿਹ ਗੋਰਿ ਖੁਦਾਓ ॥

kai baabul gireh gor khudhaao ||

ਕੈ ਬੀਰਮ ਦੇ ਮੁਹਿ ਬਰ ਦ੍ਰਯਾਓ ॥੧੩॥

kai beeram dhe muh bar dhrayaao ||13||

ਭਲੀ ਭਲੀ ਤਬ ਸਾਹ ਉਚਾਰੀ ॥

bhalee bhalee tab saeh uchaaree ||

ਮੁਸਲਮਾਨ ਬੀਰਮ ਕਰ ਪਜਾਰੀ ॥

musalamaan beeram kar payaaree ||

ਬਹੁਰਿ ਤਾਹਿ ਤੁਮ ਕਰੌ ਨਿਕਾਹਾ ॥

bahur taeh tum karau nikaahaa ||

ਜਿਹ ਸੌ ਤੁਮਰੀ ਲਗੀ ਨਿਗਾਹਾ ॥੧੪॥

jeh sau tumaree lagee nigaahaa ||14||

ਬੀਰਮ ਤੀਰ ਵਜੀਰ ਪਠਾਯੋ ॥

beeram teer vajeer paThaayo ||

ਸਾਹ ਕਹਿਯੋ ਤਿਹ ਤਾਹਿ ਸੁਨਾਯੋ ॥

saeh kahiyo teh taeh sunaayo ||

ਹਮਰੇ ਦੀਨ ਪ੍ਰਥਮ ਤੁਮ ਆਵਹੁ ॥

hamare dheen pratham tum aavahu ||

ਬਹੁਰਿ ਦਿਲਿਸ ਕੀ ਸੁਤਾ ਬਿਯਾਵਹੁ ॥੧੫॥

bahur dhilis kee sutaa biyaavahu ||15||

ਬੀਰਮ ਦੇਵ ਕਹਾ ਨਹਿ ਮਾਨਾ ॥

beeram dhev kahaa neh maanaa ||

ਕਰਿਯੋ ਆਪਨੇ ਦੇਸ ਪਯਾਨਾ ॥

kariyo aapane dhes payaanaa ||

ਪ੍ਰਾਤੇ ਖਬਰਿ ਦਿਲਿਸ ਜਬ ਪਾਈ ॥

praate khabar dhilis jab paiee ||

ਅਮਿਤਿ ਸੈਨ ਅਰਿ ਗਹਨ ਪਠਾਈ ॥੧੬॥

amit sain ar gahan paThaiee ||16||

ਬੀਰਮ ਦੇਵ ਖਬਰਿ ਜਬ ਪਾਈ ॥

beeram dhev khabar jab paiee ||

ਪਲਟ ਕਰੀ ਤਿਨ ਸਾਥ ਲਰਾਈ ॥

palaT karee tin saath laraiee ||

ਭਾਤਿ ਭਾਤਿ ਭਾਰੀ ਭਟ ਘਾਏ ॥

bhaat bhaat bhaaree bhaT ghaae ||

ਤਹਾ ਨ ਟਿਕੇ ਤਵਨ ਕੇ ਪਾਏ ॥੧੭॥

tahaa na Tike tavan ke paae ||17||

ਕਾਧਲ ਵਤ ਰਾਜਾ ਥੋ ਜਹਾ ॥

kaadhal vat raajaa tho jahaa ||

ਬੀਰਮ ਦੇਵ ਜਾਤ ਭਯੋ ਤਹਾ ॥

beeram dhev jaat bhayo tahaa ||

ਕਾਧਲ ਦੇ ਆਗੇ ਜਹਾ ਰਾਨੀ ॥

kaadhal dhe aage jahaa raanee ||

ਰੂਪਵਾਨ ਗੁਨਵਾਨ ਸਜਾਨੀ ॥੧੮॥

roopavaan gunavaan sayaanee ||18||

ਅੜਿਲ ॥

aRil ||

ਕਾਧਲ ਦੇ ਰਾਨੀ ਤਿਹ ਰੂਪ ਨਿਹਾਰਿ ਕੈ ॥

kaadhal dhe raanee teh roop nihaar kai ||

ਗਿਰੀ ਧਰਨਿ ਕੇ ਭੀਤਰ ਹਿਯੇ ਬਿਚਾਰਿ ਕੈ ॥

giree dharan ke bheetar hiye bichaar kai ||

ਐਸੋ ਇਕ ਪਲ ਕੁਅਰ ਜੁ ਭੇਟਨ ਪਾਈਯੈ ॥

aaiso ik pal kuar ju bheTan paieeyai ||

ਹੋ ਜਨਮ ਪਚਾਸਿਕ ਲੌ ਸਖੀ ਬਲਿ ਬਲਿ ਜਾਈਯੈ ॥੧੯॥

ho janam pachaasik lau sakhee bal bal jaieeyai ||19||

ਚੌਪਈ ॥

chauapiee ||

ਜਾਇ ਸਖੀ ਬੀਰਮ ਦੇ ਪਾਸਾ ॥

jai sakhee beeram dhe paasaa ||

ਇਹ ਬਿਧਿ ਸਾਥ ਕਰੀ ਅਰਦਾਸਾ ॥

eeh bidh saath karee aradhaasaa ||

ਕੈ ਤੁਮ ਕਾਧਲ ਦੇ ਕੋ ਭਜੋ ॥

kai tum kaadhal dhe ko bhajo ||

ਕੈ ਇਹ ਦੇਸ ਹਮਾਰੋ ਤਜੋ ॥੨੦॥

kai ieh dhes hamaaro tajo ||20||

ਪਾਛੇ ਲਗੀ ਫੌਜ ਤਿਨ ਮਾਨੀ ॥

paachhe lagee fauaj tin maanee ||

ਦੁਤਿਯ ਰਹਨ ਕੀ ਠੌਰ ਨ ਜਾਨੀ ॥

dhutiy rahan kee Thauar na jaanee ||

ਤਾ ਕੋ ਦੇਸ ਤਰੁਨਿ ਨਹਿ ਤਜੋ ॥

taa ko dhes tarun neh tajo ||

ਕਾਧਲ ਦੇ ਰਾਨੀ ਕਹ ਭਜੋ ॥੨੧॥

kaadhal dhe raanee keh bhajo ||21||

ਰਾਨੀ ਰਮੀ ਮਿਤ੍ਰ ਕੇ ਭੋਗਾ ॥

raanee ramee mitr ke bhogaa ||

ਚਿਤ ਕੇ ਦਏ ਤਜਾਗਿ ਸਭ ਸੋਗਾ ॥

chit ke dhe tayaag sabh sogaa ||

ਤਬ ਲਗਿ ਲਿਖੋ ਸਾਹ ਕੋ ਆਯੋ ॥

tab lag likho saeh ko aayo ||

ਬਾਚਿ ਮੰਤ੍ਰਿਯਨ ਭਾਖਿ ਸੁਨਾਯੋ ॥੨੨॥

baach ma(n)tirayan bhaakh sunaayo ||22||

ਲਿਖਿ ਸੁ ਲਿਖਾ ਮਹਿ ਯਹੈ ਪਠਾਈ ॥

likh su likhaa meh yahai paThaiee ||

ਔਰ ਬਾਤ ਦੂਜੀ ਨ ਜਨਾਈ ॥

aauar baat dhoojee na janaiee ||

ਕੈ ਬੀਰਮ ਕਹ ਬਾਧਿ ਪਠਾਵਹੁ ॥

kai beeram keh baadh paThaavahu ||

ਕੈ ਮੇਰੇ ਸੰਗ ਜੁਧ ਮਚਾਵਹੁ ॥੨੩॥

kai mere sa(n)g judh machaavahu ||23||

ਰਾਨੀ ਬਾਧਿ ਨ ਬੀਰਮ ਦਯੋ ॥

raanee baadh na beeram dhayo ||

ਪਹਿਰ ਕੌਚ ਦੁੰਦਭੀ ਬਜਯੋ ॥

pahir kauach dhu(n)dhabhee bajayo ||

ਨਿਰਭੈ ਚਲੀ ਜੁਧ ਕੇ ਕਾਜਾ ॥

nirabhai chalee judh ke kaajaa ||

ਹੈ ਗੈ ਰਥ ਸਾਜਤ ਸਰ ਸਾਜਾ ॥੨੪॥

hai gai rath saajat sar saajaa ||24||

ਭੁਜੰਗ ਪ੍ਰਯਾਤ ਛੰਦ ॥

bhuja(n)g prayaat chha(n)dh ||

ਬਜਯੋ ਰਾਗ ਮਾਰੂ ਮੰਡੇ ਛਤ੍ਰਧਾਰੀ ॥

bajayo raag maaroo ma(n)dde chhatradhaaree ||

ਬਹੈ ਤੀਰ ਤਰਵਾਰ ਕਾਤੀ ਕਟਾਰੀ ॥

bahai teer taravaar kaatee kaTaaree ||

ਕਹੂੰ ਕੇਤੁ ਫਾਟੇ ਗਿਰੇ ਛਤ੍ਰ ਟੂਟੇ ॥

kahoo(n) ket faaTe gire chhatr TooTe ||

ਕਹੂੰ ਮਤ ਦੰਤੀ ਫਿਰੈ ਬਾਜ ਛੂਟੈ ॥੨੫॥

kahoo(n) mat dha(n)tee firai baaj chhooTai ||25||

ਕਹੂੰ ਬਾਜ ਜੁਝੇ ਪਰੇ ਹੈ ਮਤੰਗੈ ॥

kahoo(n) baaj joojhe pare hai mata(n)gai ||

ਕਹੂੰ ਨਾਗ ਮਾਰੇ ਬਿਰਾਜੈ ਉਤੰਗੈ ॥

kahoo(n) naag maare biraajai uta(n)gai ||

ਕਹੂੰ ਬੀਰ ਡਾਰੇ ਪਰੇ ਬਰਮ ਫਾਟੇ ॥

kahoo(n) beer ddaare pare baram faaTe ||

ਕਹੂੰ ਖੇਤ ਖਾਡੇ ਲਸੈ ਚਰਮ ਕਾਟੇ ॥੨੬॥

kahoo(n) khet khaadde lasai charam kaaTe ||26||

ਗਿਰੇ ਬੀਰ ਮਾਰੇ ਕਾ ਲੌ ਗਨਾਊ ॥

gire beer maare kaa lau ganaauoo ||

ਕਹੌ ਜੋ ਸਭੈ ਏਕ ਗ੍ਰੰਥੈ ਬਨਾਊ ॥

kahau jo sabhai ek gra(n)thai banaauoo ||

ਜਥਾ ਸਕਤਿ ਕੈ ਅਲਪ ਤਾ ਤੇ ਉਚਾਰੋ ॥

jathaa sakat kai alap taa te uchaaro ||

ਸੁਨੋ ਕਾਨ ਦੈ ਕੈ ਸਭੇ ਹੀ ਪਿਆਰੋ ॥੨੭॥

suno kaan dhai kai sabhe hee piaaro ||27||

ਇਤੈ ਖਾਨ ਢੂਕੇ ਉਤੈ ਰਾਜ ਨੀਕੇ ॥

eitai khaan ddooke utai raaj neeke ||

ਹਠੀ ਰੋਸ ਬਾਢੇ ਸੁ ਗਾਢੇ ਅਨੀਕੇ ॥

haThee ros baadde su gaadde aneeke ||

ਲਰੇ ਕੋਪ ਕੈ ਕੈ ਸੁ ਏਕੈ ਨ ਭਾਜਯੋ ॥

lare kop kai kai su ekai na bhaajayo ||

ਘਰੀ ਚਾਰਿ ਲੌ ਸਾਰ ਸੌ ਸਾਰ ਬਾਜਯੋ ॥੨੮॥

gharee chaar lau saar sau saar baajayo ||28||

ਤਹਾ ਸੰਖ ਭੇਰੀ ਘਨੇ ਨਾਦ ਬਾਜੇ ॥

tahaa sa(n)kh bheree ghane naadh baaje ||

ਮ੍ਰਿਦੰਗੈ ਮੁਚੰਗੈ ਉਪੰਗੈ ਬਿਰਾਜੇ ॥

miradha(n)gai mucha(n)gai upa(n)gai biraaje ||

ਕਹੂੰ ਨਾਇ ਨਾਫੀਰਿਯੈਂ ਔ ਨਗਾਰੇ ॥

kahoo(n) nai naafeeriyai(n) aau nagaare ||

ਕਹੂੰ ਝਾਞ ਬੀਨਾ ਬਜੈ ਘੰਟ ਭਾਰੇ ॥੨੯॥

kahoo(n) jhaajh beenaa bajai gha(n)T bhaare ||29||

ਕਹੂੰ ਟੂਕ ਟੂਕ ਹੈ ਗਿਰੈ ਹੈ ਸਿਪਾਹੀ ॥

kahoo(n) Took Took hai girai hai sipaahee ||

ਮਰੇ ਸ੍ਵਾਮਿ ਕੇ ਕਾਜਹੂੰ ਕੋ ਨਿਬਾਹੀ ॥

mare savaiaam ke kaajahoo(n) ko nibaahee ||

ਤਹਾ ਕੌਚ ਧਾਰੇ ਚੜੇ ਛਤ੍ਰ ਧਾਰੀ ॥

tahaa kauach dhaare chaRe chhatr dhaaree ||

ਮਿਲੈ ਮੇਲ ਮਾਨੋ ਮਦਾਰੈ ਮਦਾਰੀ ॥੩੦॥

milai mel maano madhaarai madhaaree ||30||

ਕਿਤੇ ਭੂਮਿ ਲੋਟੈ ਸੁ ਹਾਥੈ ਉਚਾਏ ॥

kite bhoom loTai su haathai uchaae ||

ਡਰੈ ਸੇਖ ਜੈਸੇ ਸਮਾਈ ਸਮਾਏ ॥

ddarai sekh jaise samaiee samaae ||

ਜੁਝੈ ਜ੍ਵਾਨ ਜੋਧਾ ਜਗੇ ਜੋਰ ਜੰਗੈ ॥

jujhai javaiaan jodhaa jage jor ja(n)gai ||

ਮਨੋ ਪਾਨ ਕੈ ਭੰਗ ਸੋਏ ਮਲੰਗੈ ॥੩੧॥

mano paan kai bha(n)g soe mala(n)gai ||31||

ਬਹੈ ਆਨ ਐਸੇ ਬਚੈ ਬੀਰ ਕੌਨੈ ॥

bahai aan aaise bachai beer kauanai ||

ਲਰਿਯੋ ਆਨਿ ਜੋ ਪੈ ਗਯੋ ਜੂਝਿ ਤੌਨੈ ॥

lariyo aan jo pai gayo joojh tauanai ||

ਤਹਾ ਜੋਜਨੰ ਪਾਚ ਭਯੋ ਬੀਰ ਖੇਤੰ ॥

tahaa jojana(n) paach bhayo beer kheta(n) ||

ਬਿਦਾਰੇ ਪਰੇ ਬੀਰ ਬ੍ਰਿੰਦੇ ਬਿਚੇਤੰ ॥੩੨॥

bidhaare pare beer bira(n)dhe bicheta(n) ||32||

ਕਹੂੰ ਬੀਰ ਬੈਤਾਲ ਬੀਨਾ ਬਜਾਵੈ ॥

kahoo(n) beer baitaal beenaa bajaavai ||

ਕਹੂੰ ਜੋਗਨੀਯੈਂ ਖਰੀ ਗੀਤ ਗਾਵੈ ॥

kahoo(n) joganeeyai(n) kharee geet gaavai ||

ਕਹੂੰ ਲੈ ਬਰੰਗਨਿ ਬਰੈਂ ਵੈ ਤਿਸੀ ਕੋ ॥

kahoo(n) lai bara(n)gan barai(n) vai tisee ko ||

ਲਹੈ ਸਾਮੁਹੇ ਜੁਧ ਜੁਝੋ ਜਿਸੀ ਕੋ ॥੩੩॥

lahai saamuhe judh jujho jisee ko ||33||

ਚੌਪਈ ॥

chauapiee ||

ਜਬ ਹੀ ਸੈਨ ਜੁਝਿ ਸਭ ਗਈ ॥

jab hee sain joojh sabh giee ||

ਤਬ ਤ੍ਰਿਯ ਸੁਤਹਿ ਪਠਾਵਤ ਭਈ ॥

tab tiray suteh paThaavat bhiee ||

ਸੋਊ ਜੁਝਿ ਜਬ ਸ੍ਵਰਗ ਸਿਧਾਯੋ ॥

souoo joojh jab savairag sidhaayo ||

ਦੁਤਿਯ ਪੁਤ੍ਰ ਤਹ ਔਰ ਪਠਾਯੋ ॥੩੪॥

dhutiy putr teh aauar paThaayo ||34||

ਸੋਊ ਗਿਰਿਯੋ ਜੁਝਿ ਰਨ ਜਬ ਹੀ ॥

souoo giriyo joojh ran jab hee ||

ਤੀਜੇ ਸੁਤਹਿ ਪਠਾਯੋ ਤਬ ਹੀ ॥

teeje suteh paThaayo tab hee ||

ਸੋਊ ਜੂਝਿ ਜਬ ਗਯੋ ਦਿਵਾਲੈ ॥

souoo joojh jab gayo dhivaalai ||

ਚੌਥੇ ਪੂਤ ਪਠਾਯੋ ਬਾਲੈ ॥੩੫॥

chauathe poot paThaayo baalai ||35||

ਚਾਰੌ ਗਿਰੇ ਜੂਝਿ ਸੁਤ ਜਬ ਹੀ ॥

chaarau gire joojh sut jab hee ||

ਅਬਲਾ ਚਲੀ ਜੁਧ ਕੌ ਤਬ ਹੀ ॥

abalaa chalee judh kau tab hee ||

ਸੂਰ ਬਚੇ ਤੇ ਸਕਲ ਬੁਲਾਇਸਿ ॥

soor bache te sakal bulais ||

ਲਰਨ ਚਲੀ ਦੁੰਦਭੀ ਬਜਾਇਸਿ ॥੩੬॥

laran chalee dhu(n)dhabhee bajais ||36||

ਐਸਾ ਕਰਾ ਬਾਲ ਤਹ ਜੁਧਾ ॥

aaisaa karaa baal teh judhaa ||

ਰਹੀ ਨ ਭਟ ਕਾਹੂ ਮਹਿ ਸੁਧਾ ॥

rahee na bhaT kaahoo meh sudhaa ||

ਮਾਰੇ ਪਰੇ ਬੀਰ ਬਿਕਰਾਰਾ ॥

maare pare beer bikaraaraa ||

ਗੋਮੁਖ ਝਾਝਰ ਬਸਤ ਨਗਾਰਾ ॥੩੭॥

gomukh jhaajhar basat nagaaraa ||37||

ਜਾ ਪਰ ਸਿਮਟਿ ਸਰੋਹੀ ਮਾਰਤਿ ॥

jaa par simaT sarohee maarat ||

ਤਾ ਕੋ ਕਾਟਿ ਭੂਮ ਸਿਰ ਡਾਰਤਿ ॥

taa ko kaaT bhoom sir ddaarat ||

ਜਾ ਕੇ ਹਨੈ ਤਰੁਨਿ ਤਨ ਬਾਨਾ ॥

jaa ke hanai tarun tan baanaa ||

ਕਰੈ ਸੁਭਟ ਮ੍ਰਿਤ ਲੋਕ ਪਯਾਨਾ ॥੩੮॥

karai subhaT mirat lok payaanaa ||38||

ਚੁਨਿ ਚੁਨਿ ਜ੍ਵਾਨ ਪਖਰਿਯਾ ਮਾਰੇ ॥

chun chun javaiaan pakhariyaa maare ||

ਇਕ ਇਕ ਤੇ ਦ੍ਵੈ ਦ੍ਵੈ ਕਰਿ ਡਾਰੇ ॥

eik ik te dhavai dhavai kar ddaare ||

ਉਠੀ ਧੂਰਿ ਲਾਗੀ ਅਸਮਾਨਾ ॥

auThee dhoor laagee asamaanaa ||

ਅਸਿ ਚਮਕੈ ਬਿਜੁਰੀ ਪਰਮਾਨਾ ॥੩੯॥

as chamakai bijuree paramaanaa ||39||

ਕਾਟੇ ਸੁਭਟ ਸਰੋਹਿਨ ਪਰੇ ॥

kaaTe subhaT sarohin pare ||

ਜਨੁ ਮਾਰੁਤ ਬਰ ਬਿਰਛ ਉਪਰੇ ॥

jan maarut bar birachh upare ||

ਗਜ ਜੂਝੇ ਮਾਰੇ ਬਾਜੀ ਰਨ ॥

gaj joojhe maare baajee ran ||

ਜਨੁ ਕ੍ਰੀੜਾ ਸਿਵ ਕੋ ਯਹ ਹੈ ਬਨ ॥੪੦॥

jan kreeRaa siv ko yeh hai ban ||40||

ਰਨ ਐਸੋ ਅਬਲਾ ਤਿਨ ਕੀਯਾ ॥

ran aaiso abalaa tin keeyaa ||

ਪਾਛੇ ਭਯੋ ਨ ਆਗੇ ਹੂਆ ॥

paachhe bhayo na aage hooaa ||

ਖੰਡ ਖੰਡ ਹ੍ਵੈ ਗਿਰੀ ਧਰਨਿ ਪਰ ॥

kha(n)dd kha(n)dd havai giree dharan par ||

ਰਨ ਜੁਝੀ ਭਵਸਿੰਧੁ ਗਈ ਤਰਿ ॥੪੧॥

ran joojhee bhavasi(n)dh giee tar ||41||

ਖੰਡ ਖੰਡ ਬਾਜੀ ਪਰ ਭਈ ॥

kha(n)dd kha(n)dd baajee par bhiee ||

ਤਊ ਨ ਛੋਰਿ ਅਯੋਧਨ ਗਈ ॥

tuoo na chhor ayodhan giee ||

ਭੂਤ ਪਿਸਾਚ ਗਏ ਭਖਿ ਤਾਮਾ ॥

bhoot pisaach ge bhakh taamaa ||

ਬਾਗਿ ਮੋਰਿ ਤਊ ਭਜੀ ਨ ਬਾਮਾ ॥੪੨॥

baag mor tuoo bhajee na baamaa ||42||

ਪ੍ਰਥਮ ਚਾਰਊ ਪੁਤ੍ਰ ਜੁਝਾਏ ॥

pratham chaaruoo putr jujhaae ||

ਬਹੁਰਿ ਆਪੁ ਬੈਰੀ ਬਹੁ ਘਾਏ ॥

bahur aap bairee bahu ghaae ||

ਪ੍ਰਥਮ ਬਾਲ ਕੌ ਜਬੈ ਸੰਘਾਰਿਯੋ ॥

pratham baal kau jabai sa(n)ghaariyo ||

ਤਿਹ ਪਾਛੇ ਬੀਰਮ ਦੇ ਮਾਰਿਯੋ ॥੪੩॥

teh paachhe beeram dhe maariyo ||43||

ਤਾ ਕੋ ਮਾਰਿ ਕਾਟਿ ਸਿਰ ਲਿਯੋ ॥

taa ko maar kaaT sir liyo ||

ਲੈ ਹਾਜਿਰ ਹਜਰਤਿ ਕੇ ਕਿਯੋ ॥

lai haajir hajarat ke kiyo ||

ਤਬ ਪਿਤ ਪਠੈ ਸੁਤਾ ਪਹਿ ਦੀਨਾ ॥

tab pit paThai sutaa peh dheenaa ||

ਅਧਿਕ ਦੁਖਿਤ ਹ੍ਵੈ ਦਹੁਤਾ ਚੀਨਾ ॥੪੪॥

adhik dhukhit havai dhahutaa cheenaa ||44||

ਦੋਹਰਾ ॥

dhoharaa ||

ਜਬ ਬੇਗਮ ਤਿਹ ਸ੍ਵਾਰ ਕੌ ਦੇਖਾ ਸੀਸ ਉਘਾਰਿ ॥

jab begam teh savaiaar kau dhekhaa sees ughaar ||

ਪਲਟਿ ਪਰਾ ਤਬ ਮੂੰਡ ਨ੍ਰਿਪ ਤਉ ਨ ਕਬੂਲੀ ਨਾਰਿ ॥੪੫॥

palaT paraa tab moo(n)dd nirap tau na kaboolee naar ||45||

ਚੌਪਈ ॥

chauapiee ||

ਬੇਗਮ ਸੋਕਮਾਨ ਤਬ ਹ੍ਵੈ ਕੈ ॥

begam sokamaan tab havai kai ||

ਜਮਧਰ ਹਨਾ ਉਦਰ ਕਰ ਲੈ ਕੈ ॥

jamadhar hanaa udhar kar lai kai ||

ਪ੍ਰਾਨ ਮਿਤ੍ਰ ਕੇ ਲੀਨੇ ਦੀਨਾ ॥

praan mitr ke leene dheenaa ||

ਧ੍ਰਿਗ ਮੋ ਕੌ ਜਿਨ ਅਸ ਕ੍ਰਮ ਕੀਨਾ ॥੪੬॥

dhirag mo kau jin as kram keenaa ||46||

ਦੋਹਰਾ ॥

dhoharaa ||

ਬੀਰਮ ਦੇ ਰਾਜਾ ਨਿਮਿਤ ਬੇਗਮ ਤਜੇ ਪਰਾਨ ॥

beeram dhe raajaa nimit begam taje paraan ||

ਸੁ ਕਬਿ ਸਯਾਮ ਯਾ ਕਥਾ ਕੋ ਤਬ ਹੀ ਭਯੋ ਨਿਦਾਨ ॥੪੭॥

s kab sayaam yaa kathaa ko tab hee bhayo nidhaan ||47||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪੈਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੫॥੬੨੯੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau paitees charitr samaapatam sat subham sat ||335||6295||afajoo(n)||

ਚੌਪਈ ॥

chauapiee ||

ਰਾਜ ਸੈਨ ਇਕ ਸੁਨਾ ਨ੍ਰਿਪਤਿ ਬਰ ॥

raaj sain ik sunaa nirapat bar ||

ਰਾਜ ਦੇਇ ਰਾਨੀ ਤਾ ਕੇ ਘਰ ॥

raaj dhei raanee taa ke ghar ||

ਰੰਗਝੜ ਦੇ ਦੁਹਿਤਾ ਤਹ ਸੋਹੈ ॥

ra(n)gajhaR dhe dhuhitaa teh sohai ||

ਸੁਰ ਨਰ ਨਾਗ ਅਸੁਰ ਮਨ ਮੋਹੈ ॥੧॥

sur nar naag asur man mohai ||1||

ਬਢਤ ਬਢਤ ਅਬਲਾ ਜਬ ਬਢੀ ॥

baddat baddat abalaa jab baddee ||

ਮਦਨ ਸੁ ਨਾਰ ਆਪੁ ਜਨੁ ਗਢੀ ॥

madhan su naar aap jan gaddee ||

ਮਾਤ ਪਿਤਾ ਚਰਚਾ ਭਈ ਜੋਈ ॥

maat pitaa charachaa bhiee joiee ||

ਪ੍ਰਚੁਰ ਭਈ ਜਗ ਭੀਤਰਿ ਸੋਈ ॥੨॥

prachur bhiee jag bheetar soiee ||2||

ਮਾਤੈ ਕਹੀ ਸੁਤਾ ਕੇ ਸੰਗਾ ॥

maatai kahee sutaa ke sa(n)gaa ||

ਚੰਚਲਤਾ ਜਿਨ ਕਰੁ ਸੁੰਦ੍ਰੰਗਾ ॥

cha(n)chalataa jin kar su(n)dhra(n)gaa ||

ਕਹਾ ਬਿਸੇਸ ਧੁਜਹਿ ਤੂ ਬਰਿ ਹੈ ॥

kahaa bises dhujeh too bar hai ||

ਤਾ ਕੋ ਜੀਤਿ ਦਾਸ ਲੈ ਕਰਿ ਹੈ ॥੩॥

taa ko jeet dhaas lai kar hai ||3||

ਸੁਨਤ ਬਾਤ ਤਾ ਕਹ ਲਗਿ ਗਈ ॥

sunat baat taa keh lag giee ||

ਰਾਖੀ ਗੂੜ ਨ ਭਾਖਤ ਭਈ ॥

raakhee gooR na bhaakhat bhiee ||

ਜਬ ਅਬਲਾ ਨਿਸਿ ਕੌ ਘਰ ਆਈ ॥

jab abalaa nis kau ghar aaiee ||

ਚਲੀ ਤਹਾ ਨਰ ਭੇਸ ਬਨਾਈ ॥੪॥

chalee tahaa nar bhes banaiee ||4||

ਚਲਤ ਚਲਤ ਬਹੁ ਚਿਰ ਤਹ ਗਈ ॥

chalat chalat bahu chir teh giee ||

ਜਹਾ ਬਿਲਾਸਵਤੀ ਨਗਰਈ ॥

jahaa bilaasavatee nagariee ||

ਤਵਨ ਨਗਰ ਚਲਿ ਜੂਪ ਮਚਾਯੋ ॥

tavan nagar chal joop machaayo ||

ਊਚ ਨੀਚ ਸਭ ਹੀ ਨਹਰਾਯੋ ॥੫॥

uooch neech sabh hee naharaayo ||5||

ਬਡੇ ਬਡੇ ਜੂਪੀ ਜਬ ਹਾਰੇ ॥

badde badde joopee jab haare ||

ਮਿਲਿ ਰਾਜਾ ਕੇ ਤੀਰ ਪੁਕਾਰੇ ॥

mil raajaa ke teer pukaare ||

ਇਕ ਹਯਾਂ ਐਸ ਜੁਆਰੀ ਆਯੋ ॥

eik hayaa(n) aais juaaree aayo ||

ਕਿਸੂ ਪਾਸ ਨਹਿ ਜਾਤ ਹਰਾਯੋ ॥੬॥

kisoo paas neh jaat haraayo ||6||

ਇਹ ਬਿਧਿ ਸੁਨੇ ਬਚਨ ਜਬ ਰਾਜਾ ॥

eeh bidh sune bachan jab raajaa ||

ਆਪਨ ਸਜਿਯੋ ਜੂਪ ਕੋ ਸਾਜਾ ॥

aapan sajiyo joop ko saajaa ||

ਕਹਿਯੋ ਤਾਹਿ ਹਯਾਂ ਲੇਹੁ ਬੁਲਾਇ ॥

kahiyo taeh hayaa(n) leh bulai ||

ਜਿਨ ਜੂਪੀ ਸਭ ਲਏ ਹਰਾਇ ॥੭॥

jin joopee sabh le harai ||7||

ਭ੍ਰਿਤ ਸੁਨਿ ਬਚਨ ਪਹੂੰਚੇ ਤਹਾ ॥

bhirat sun bachan pahoo(n)che tahaa ||

ਜੂਪਿਨ ਕੁਅਰਿ ਹਰਾਵਤ ਜਹਾ ॥

joopin kuar haraavat jahaa ||

ਕਹਿਯੋ ਤਾਹਿ ਤੁਹਿ ਰਾਇ ਬੁਲਾਯੋ ॥

kahiyo taeh tuh rai bulaayo ||

ਚਾਹਤ ਤੁਮ ਸੌ ਜੂਪ ਮਚਾਯੋ ॥੮॥

chaahat tum sau joop machaayo ||8||

ਨ੍ਰਿਪ ਕੇ ਤੀਰ ਤਰੁਨਿ ਤਬ ਗਈ ॥

nirap ke teer tarun tab giee ||

ਬਹੁ ਬਿਧਿ ਜੂਪ ਮਚਾਵਤ ਭਈ ॥

bahu bidh joop machaavat bhiee ||

ਅਧਿਕ ਦਰਬ ਤਿਨ ਭੂਪ ਹਰਾਯੋ ॥

adhik dharab tin bhoop haraayo ||

ਬ੍ਰਹਮਾ ਤੇ ਨਹਿ ਜਾਤ ਗਨਾਯੋ ॥੯॥

brahamaa te neh jaat ganaayo ||9||

ਜਬ ਨ੍ਰਿਪ ਦਰਬ ਬਹੁਤ ਬਿਧਿ ਹਾਰਾ ॥

jab nirap dharab bahut bidh haaraa ||

ਸੁਤ ਊਪਰ ਪਾਸਾ ਤਬ ਢਾਰਾ ॥

sut uoopar paasaa tab ddaaraa ||

ਵਹੈ ਹਰਾਯੋ ਦੇਸ ਲਗਾਯੋ ॥

vahai haraayo dhes lagaayo ||

ਜੀਤਾ ਕੁਅਰ ਭਜਯੋ ਮਨ ਭਾਯੋ ॥੧੦॥

jeetaa kuar bhajayo man bhaayo ||10||

ਦੋਹਰਾ ॥

dhoharaa ||

ਜੀਤਿ ਸਕਲ ਧਨ ਤਵਨ ਕੋ ਦੀਨਾ ਦੇਸ ਨਿਕਾਰ ॥

jeet sakal dhan tavan ko dheenaa dhes nikaar ||

ਕੁਅਰ ਜੀਤਿ ਕਰਿ ਪਤਿ ਕਰਾ ਬਸੀ ਧਾਮ ਹ੍ਵੈ ਨਾਰ ॥੧੧॥

kuar jeet kar pat karaa basee dhaam havai naar ||11||

ਚੰਚਲਾਨ ਕੇ ਚਰਿਤ ਕੋ ਸਕਤ ਨ ਕੋਈ ਬਿਚਾਰ ॥

cha(n)chalaan ke charit ko sakat na koiee bichaar ||

ਬ੍ਰਹਮ ਬਿਸਨ ਸਿਵ ਖਟ ਬਦਨ ਜਿਨ ਸਿਰਜੀ ਕਰਤਾਰ ॥੧੨॥

braham bisan siv khaT badhan jin sirajee karataar ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੬॥੬੩੦੭॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chhatees charitr samaapatam sat subham sat

||336||6307||afajoo(n)||

ਚੌਪਈ ॥

chauapiee ||

ਜਮਲ ਸੈਨ ਰਾਜਾ ਬਲਵਾਨਾ ॥

jamal sain raajaa balavaanaa ||

ਤੀਨ ਲੋਕ ਮਾਨਤ ਜਿਹ ਆਨਾ ॥

teen lok maanat jeh aanaa ||

ਜਮਲਾ ਟੋਡੀ ਕੋ ਨਰਪਾਲਾ ॥

jamalaa Toddee ko narapaalaa ||

ਸੂਰਬੀਰ ਅਰੁ ਬੁਧਿ ਬਿਸਾਲਾ ॥੧॥

soorabeer ar budh bisaalaa ||1||

ਸੋਰਠ ਦੇ ਰਾਨੀ ਤਿਹ ਸੁਨਿਯਤ ॥

soraTh dhe raanee teh suniyat ||

ਦਾਨ ਸੀਲ ਜਾ ਕੋ ਜਗ ਗੁਨਿਯਤ ॥

dhaan seel jaa ko jag guniyat ||

ਪਰਜ ਮਤੀ ਦੁਹਿਤਾ ਇਕ ਤਾ ਕੀ ॥

paraj matee dhuhitaa ik taa kee ||

ਨਰੀ ਨਾਗਨੀ ਸਮ ਨਹਿ ਜਾ ਕੀ ॥੨॥

naree naaganee sam neh jaa kee ||2||

ਬਿਸਹਰ ਕੋ ਇਕ ਹੁਤੋ ਨ੍ਰਿਪਾਲਾ ॥

bisahar ko ik huto nirapaalaa ||

ਆਯੋ ਗੜ ਜਮਲਾ ਕਿਹ ਕਾਲਾ ॥

aayo gaR jamalaa keh kaalaa ||

ਛਾਛ ਕਾਮਨੀ ਕੀ ਪੂਜਾ ਹਿਤ ॥

chhaachh kaamanee kee poojaa hit ||

ਮਨ ਕ੍ਰਮ ਬਚਨ ਇਹੈ ਕਰਿ ਕਰਿ ਬ੍ਰਤ ॥੩॥

man kram bachan ihai kar kar brat ||3||

ਠਾਢਿ ਪਰਜ ਦੇ ਨੀਕ ਨਿਵਾਸਨ ॥

Thaadd paraj dhe neek nivaasan ||

ਰਾਜ ਕੁਅਰ ਨਿਰਖਾ ਦੁਖ ਨਾਸਨ ॥

raaj kuar nirakhaa dhukh naasan ||

ਇਹੈ ਚਿਤ ਮੈ ਕੀਅਸਿ ਬਿਚਾਰਾ ॥

eihai chit mai keeas bichaaraa ||

ਬਰੌਂ ਯਾਹਿ ਕਰਿ ਕਵਨ ਪ੍ਰਕਾਰਾ ॥੪॥

barau yaeh kar kavan prakaaraa ||4||

ਸਖੀ ਭੇਜਿ ਤਿਹ ਧਾਮ ਬੁਲਾਯੋ ॥

sakhee bhej teh dhaam bulaayo ||

ਭਾਤਿ ਭਾਤਿ ਕੋ ਭੋਗ ਕਮਾਯੋ ॥

bhaat bhaat ko bhog kamaayo ||

ਇਹ ਉਪਦੇਸ ਤਵਨ ਕਹ ਦਯੋ ॥

eeh upadhes tavan keh dhayo ||

ਗੌਰਿ ਪੁਜਾਇ ਬਿਦਾ ਕਰ ਗਯੋ ॥੫॥

gauar pujai bidhaa kar gayo ||5||

ਬਿਦਾ ਕੀਆ ਤਿਹ ਐਸ ਸਿਖਾਇ ॥

bidhaa keeaa teh aais sikhai ||

ਆਪੁ ਨ੍ਰਿਪਤਿ ਸੋ ਕਹੀ ਜਤਾਇ ॥

aap nirapat so kahee jatai ||

ਮਨੀਕਰਨ ਤੀਰਥ ਮੈ ਜੈ ਹੌ ॥

maneekaran teerath mai jai hau ||

ਨਾਇ ਧੋਇ ਜਮਲਾ ਫਿਰਿ ਐ ਹੌ ॥੬॥

nai dhoi jamalaa fir aai hau ||6||

ਜਾਤ ਤੀਰਥ ਜਾਤ੍ਰਾ ਕਹ ਭਈ ॥

jaat teerath jaatraa keh bhiee ||

ਸਹਿਰ ਬੇਸਹਿਰ ਮੋ ਚਲਿ ਗਈ ॥

sahir besahir mo chal giee ||

ਹੋਤ ਤਵਨ ਸੌ ਭੇਦ ਜਤਾਯੋ ॥

hot tavan sau bhedh jataayo ||

ਮਨ ਮਾਨਤ ਕੇ ਭੋਗ ਕਮਾਯੋ ॥੭॥

man maanat ke bhog kamaayo ||7||

ਕਾਮ ਭੋਗ ਕਰਿ ਕੈ ਘਰ ਰਾਖੀ ॥

kaam bhog kar kai ghar raakhee ||

ਰਛਪਾਲਕਨ ਸੋ ਅਸ ਭਾਖੀ ॥

rachhapaalakan so as bhaakhee ||

ਬੇਗਿ ਨਗਰ ਤੇ ਇਨੈ ਨਿਕਾਰਹੁ ॥

beg nagar te inai nikaarahu ||

ਹਾਥ ਉਠਾਵੈ ਤਿਹ ਹਨਿ ਮਾਰਹੁ ॥੮॥

haath uThaavai teh han maarahu ||8||

ਸੋ ਤਰੁਨੀ ਤਿਹ ਰਸ ਰਸਿ ਗਈ ॥

so tarunee teh ras ras giee ||

ਕਾਢਿ ਸਮਿਗ੍ਰੀ ਸਿਗਰੀ ਦਈ ॥

kaadd samigree sigaree dhiee ||

ਇਹ ਛਲ ਸਾਥ ਲਹਾ ਮਨ ਭਾਵਨ ॥

eeh chhal saath lahaa man bhaavan ||

ਸਕਾ ਚੀਨ ਕੋਊ ਪੁਰਖ ਉਪਾਵਨ ॥੯॥

sakaa cheen kouoo purakh upaavan ||9||

ਕਾਢਿ ਦਏ ਸਭ ਹੀ ਰਖਵਾਰੇ ॥

kaadd dhe sabh hee rakhavaare ||

ਲੋਹ ਕਰਾ ਜਿਨ ਤੇ ਹਨਿ ਡਾਰੇ ॥

loh karaa jin te han ddaare ||

ਜਮਲੇਸ੍ਵਰ ਨ੍ਰਿਪ ਸੌ ਯੌ ਭਾਖੀ ॥

jamalesavair nirap sau yau bhaakhee ||

ਤੁਮਰੀ ਛੀਨਿ ਸੁਤਾ ਨ੍ਰਿਪ ਰਾਖੀ ॥੧੦॥

tumaree chheen sutaa nirap raakhee ||10||

ਬੇਸਹਰਾ ਪਰ ਕਛੁ ਨ ਬਸਾਯੋ ॥

besaharaa par kachh na basaayo ||

ਸੁਨਤ ਬਾਤ ਨ੍ਰਿਪ ਮੂੰਡ ਢੁਰਾਯੋ ॥

sunat baat nirap moo(n)dd dduraayo ||

ਇਹ ਛਲ ਬਰਾ ਕੁਅਰਿ ਵਹੁ ਰਾਜਾ ॥

eeh chhal baraa kuar vahu raajaa ||

ਬਾਇ ਰਹਾ ਮੁਖ ਸਕਲ ਸਮਾਜਾ ॥੧੧॥

bai rahaa mukh sakal samaajaa ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸੈਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੭॥੬੩੧੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau saitees charitr samaapatam sat subham sat ||337||6318||afajoo(n)||

ਦੋਹਰਾ ॥

dhoharaa ||

ਨਗਰ ਬਿਭਾਸਾਵਤੀ ਮੈ ਕਰਨ ਬਿਭਾਸ ਨਰੇਸ ॥

nagar bibhaasaavatee mai karan bibhaas nares ||

ਜਾ ਕੇ ਤੇਜ ਰੁ ਤ੍ਰਾਸ ਕੌਂ ਜਾਨਤ ਸਗਰੋ ਦੇਸ ॥੧॥

jaa ke tej r traas kau jaanat sagaro dhes ||1||

ਚੌਪਈ ॥

chauapiee ||

ਮਤੀ ਬਿਵਾਸ ਤਵਨ ਕੀ ਰਾਨੀ ॥

matee bivaas tavan kee raanee ||

ਸੁੰਦਰਿ ਭਵਨ ਚਤ੍ਰਦਸ ਜਾਨੀ ॥

su(n)dhar bhavan chatradhas jaanee ||

ਸਾਤ ਸਵਤਿ ਤਾ ਕੀ ਛਬਿਮਾਨ ॥

saat savat taa kee chhabimaan ||

ਜਾਨੁਕ ਸਾਤ ਰੂਪ ਕੀ ਖਾਨ ॥੨॥

jaanuk saat roop kee khaan ||2||

ਆਯੋ ਤਹਾ ਏਕ ਬੈਰਾਗੀ ॥

aayo tahaa ek bairaagee ||

ਰੂਪਵਾਨ ਗੁਨਵਾਨ ਤਿਆਗੀ ॥

roopavaan gunavaan tiaagee ||

ਸ੍ਯਾਮ ਦਾਸ ਤਾ ਕੋ ਭਨਿ ਨਾਮਾ ॥

sayaam dhaas taa ko bhan naamaa ||

ਨਿਸ ਦਿਨ ਨਿਰਖਿ ਰਹਤ ਤਿਹ ਬਾਮਾ ॥੩॥

nis dhin nirakh rahat teh baamaa ||3||

ਮਤੀ ਬਿਭਾਸ ਤਵਨ ਰਸ ਰਾਚੀ ॥

matee bibhaas tavan ras raachee ||

ਕਾਮ ਭੋਗ ਮਿਤਵਾ ਕੇ ਮਾਚੀ ॥

kaam bhog mitavaa ke maachee ||

ਗਵਨ ਕਰੌ ਤਾ ਸੌ ਮਨ ਭਾਵੈ ॥

gavan karau taa sau man bhaavai ||

ਸਵਤਿਨ ਸੋਕ ਹ੍ਰਿਦੈ ਮਹਿ ਆਵੈ ॥੪॥

savatin sok hiradhai meh aavai ||4||

ਅਹਿਧੁਜ ਦੇ ਝਖਕੇਤੁ ਮਤੀ ਭਨਿ ॥

ahidhuj dhe jhakhaket matee bhan ||

ਪੁਹਪ ਮੰਜਰੀ ਫੂਲ ਮਤੀ ਗਨਿ ॥

puhap ma(n)jaree fool matee gan ||

ਨਾਗਰਿ ਦੇ ਨਾਗਨਿ ਦੇ ਰਾਨੀ ॥

naagar dhe naagan dhe raanee ||

ਨ੍ਰਿਤ ਮਤੀ ਸਭ ਹੀ ਜਗ ਜਾਨੀ ॥੫॥

nirat matee sabh hee jag jaanee ||5||

ਤਿਨ ਦਿਨ ਏਕ ਕਰੀ ਮਿਜਮਾਨੀ ॥

tin dhin ek karee mijamaanee ||

ਨਿਵਤਿ ਪਠੀ ਸਭ ਹੀ ਘਰ ਰਾਨੀ ॥

nivat paThee sabh hee ghar raanee ||

ਬਿਖੁ ਕੌ ਭੋਜਨ ਸਭਨ ਖਵਾਇ ॥

bikh kau bhojan sabhan khavai ||

ਸਕਲ ਦਈ ਮ੍ਰਿਤ ਲੋਕ ਪਠਾਇ ॥੬॥

sakal dhiee mirat lok paThai ||6||

ਬਿਖੁ ਕਹ ਖਾਇ ਮਰੀ ਸਵਤੈ ਸਬ ॥

bikh keh khai maree savatai sab ||

ਰੋਵਤ ਭਈ ਬਿਭਾਸ ਮਤੀ ਤਬ ॥

rovat bhiee bibhaas matee tab ||

ਪਾਪ ਕਰਮ ਕੀਨਾ ਮੈ ਭਾਰੋ ॥

paap karam keenaa mai bhaaro ||

ਧੋਖੇ ਲਵਨ ਇਨੈ ਬਿਖੁ ਖ੍ਵਾਰੋ ॥੭॥

dhokhe lavan inai bikh khavaiaaro ||7||

ਅਬ ਮੈ ਗਰੌ ਹਿਮਾਚਲ ਜਾਇ ॥

ab mai garau himaachal jai ||

ਕੈ ਪਾਵਕ ਮਹਿ ਬਰੌ ਬਨਾਇ ॥

kai paavak meh barau banai ||

ਸਹਚਰਿ ਸਹਸ ਹਟਕਿ ਤਿਹ ਰਹੀ ॥

sahachar sahas haTak teh rahee ||

ਮਾਨਤ ਭਈ ਨ ਤਿਨ ਕੀ ਕਹੀ ॥੮॥

maanat bhiee na tin kee kahee ||8||

ਵਹੈ ਸੰਗ ਬੈਰਾਗੀ ਲੀਨਾ ॥

vahai sa(n)g bairaagee leenaa ||

ਜਾ ਸੌ ਕਾਮ ਭੋਗ ਕਹ ਕੀਨਾ ॥

jaa sau kaam bhog keh keenaa ||

ਲੋਗ ਲਖੈ ਤ੍ਰਿਯ ਗਰਬੇ ਗਈ ॥

log lakhai tiray garabe giee ||

ਕਿਨਹੂੰ ਬਾਤ ਜਾਨਿ ਨਹਿ ਲਈ ॥੯॥

kinahoo(n) baat jaan neh liee ||9||

ਮੂਰਖ ਰਾਇ ਬਾਇ ਮੁਖ ਰਹਾ ॥

moorakh rai bai mukh rahaa ||

ਭਲਾ ਬੁਰਾ ਕਛੁ ਤਾਹਿ ਨ ਕਹਾ ॥

bhalaa buraa kachh taeh na kahaa ||

ਨਾਰਿ ਜਾਰਿ ਕੇ ਸਾਥ ਸਿਧਾਈ ॥

naar jaar ke saath sidhaiee ||

ਬਾਤ ਭੇਦ ਕੀ ਕਿਨਹੁ ਨ ਪਾਈ ॥੧੦॥

baat bhedh kee kinahu na paiee ||10||

ਤ੍ਰਿਯ ਕੋ ਚਰਿਤ ਨ ਬਿਧਨਾ ਜਾਨੈ ॥

tiray ko charit na bidhanaa jaanai ||

ਮਹਾ ਰੁਦ੍ਰ ਭੀ ਕਛੁ ਨ ਪਛਾਨੈ ॥

mahaa rudhr bhee kachh na pachhaanai ||

ਇਨ ਕੀ ਬਾਤ ਏਕ ਹੀ ਪਾਈ ॥

ein kee baat ek hee paiee ||

ਜਿਨ ਇਸਤ੍ਰੀ ਜਗਦੀਸ ਬਨਾਈ ॥੧੧॥

jin isatree jagadhees banaiee ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਤੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੮॥੬੩੨੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau aThatees charitr samaapatam sat subham sat

||338||6329||afajoo(n)||

ਚੌਪਈ ॥

chauapiee ||

ਸੁਨਿਯਤ ਇਕ ਨਗਰੀ ਉਜਿਯਾਰੀ ॥

suniyat ik nagaree ujiyaaree ||

ਬਿਸੁਕਰਮਾ ਨਿਜੁ ਹਾਥ ਸਵਾਰੀ ॥

bisukaramaa nij haath savaaree ||

ਨਾਮੁ ਅਲੂਰਾ ਤਾ ਕੋ ਸੋਹੈ ॥

naam alooraa taa ko sohai ||

ਤੀਨੋ ਲੋਕ ਰਚਿਤ ਤਿਨ ਮੋਹੈ ॥੧॥

teeno lok rachit tin mohai ||1||

ਭੂਪ ਭਦ੍ਰ ਤਿਹ ਗੜ ਕੋ ਰਾਜਾ ॥

bhoop bhadhr teh gaR ko raajaa ||

ਰਾਜ ਪਾਟ ਤਾਹੀ ਕਹ ਛਾਜਾ ॥

raaj paaT taahee keh chhaajaa ||

ਰਤਨ ਮਤੀ ਤਿਹ ਨ੍ਰਿਪ ਕੀ ਰਾਨੀ ॥

ratan matee teh nirap kee raanee ||

ਅਧਿਕ ਕੁਰੂਪ ਜਗਤ ਮਹਿ ਜਾਨੀ ॥੨॥

adhik kuroop jagat meh jaanee ||2||

ਤਾ ਕੇ ਨਿਕਟ ਨ ਰਾਜਾ ਜਾਵੈ ॥

taa ke nikaT na raajaa jaavai ||

ਨਿਰਖਿ ਨਾਰਿ ਕੋ ਰੂਪ ਡਰਾਵੈ ॥

nirakh naar ko roop ddaraavai ||

ਅਵਰ ਰਾਨਿਯਨ ਕੇ ਘਰ ਰਹੈ ॥

avar raaniyan ke ghar rahai ||

ਤਾ ਸੌ ਬੈਨ ਨ ਬੋਲਾ ਚਹੈ ॥੩॥

taa sau bain na bolaa chahai ||3||

ਯਹ ਦੁਖ ਅਧਿਕ ਨਾਰਿ ਕੇ ਮਨੈ ॥

yeh dhukh adhik naar ke manai ||

ਚਾਹਤ ਪ੍ਰੀਤਿ ਨ੍ਰਿਪਤਿ ਸੌ ਬਨੈ ॥

chaahat preet nirapat sau banai ||

ਏਕ ਜਤਨ ਤਬ ਕਿਯਾ ਪਿਆਰੀ ॥

ek jatan tab kiyaa piaaree ||

ਸੁਨਹੁ ਕਹਤ ਹੌਂ ਕਥਾ ਬਿਚਾਰੀ ॥੪॥

sunahu kahat hau kathaa bichaaree ||4||

ਪੂਜਾ ਕਰਤ ਲਖਿਯੋ ਜਬ ਰਾਜਾ ॥

poojaa karat lakhiyo jab raajaa ||

ਤਬ ਤਨ ਸਜਾ ਸਕਲ ਤ੍ਰਿਯ ਸਾਜਾ ॥

tab tan sajaa sakal tiray saajaa ||

ਮਹਾ ਰੁਦ੍ਰ ਕੋ ਭੇਸ ਬਨਾਇ ॥

mahaa rudhr ko bhes banai ||

ਅਪਨੈ ਅੰਗ ਬਿਭੂਤਿ ਚੜਾਇ ॥੫॥

apanai a(n)g bibhoot chaRai ||5||

ਕਰਤ ਹੁਤੋ ਰਾਜਾ ਜਪੁ ਜਹਾ ॥

karat huto raajaa jap jahaa ||

ਸਿਵ ਬਨਿ ਆਨਿ ਠਾਢਿ ਭੀ ਤਹਾ ॥

siv ban aan Thaadd bhee tahaa ||

ਜਬ ਰਾਜੈ ਤਿਹ ਰੂਪ ਨਿਹਰਾ ॥

jab raajai teh roop niharaa ||

ਮਨ ਕ੍ਰਮ ਈਸ ਜਾਨਿ ਪਗ ਪਰਾ ॥੬॥

man kram iees jaan pag paraa ||6||

ਸੁਫਲ ਭਯੋ ਅਬ ਜਨਮ ਹਮਾਰਾ ॥

sufal bhayo ab janam hamaaraa ||

ਮਹਾਦੇਵ ਕੋ ਦਰਸ ਨਿਹਾਰਾ ॥

mahaadhev ko dharas nihaaraa ||

ਕਹਿਯੋ ਕਰੀ ਮੈ ਬਡੀ ਕਮਾਈ ॥

kahiyo karee mai baddee kamaiee ||

ਜਾ ਤੇ ਦੀਨੀ ਰੁਦ੍ਰ ਦਿਖਾਈ ॥੭॥

jaa te dheenee rudhr dhikhaiee ||7||

ਬਰੰਬ੍ਰੂਹ ਤਿਹ ਕਹਾ ਨਾਰਿ ਤਬ ॥

bara(n)braooh teh kahaa naar tab ||

ਜੌ ਜੜ ਰੁਦ੍ਰ ਲਖਿਯੋ ਜਾਨਾ ਜਬ ॥

jau jaR rudhr lakhiyo jaanaa jab ||

ਤੈ ਮੁਰਿ ਕਰੀ ਸੇਵ ਭਾਖਾ ਅਤਿ ॥

tai mur karee sev bhaakhaa at ||

ਤਬ ਤਹਿ ਦਰਸੁ ਦਿਯੋ ਮੈ ਸੁਭ ਮਤਿ ॥੮॥

tab teh dharas dhiyo mai subh mat ||8||

ਸੁਨਿ ਬਚ ਨਾਰਿ ਰਾਇ ਹਰਖਾਨਾ ॥

sun bach naar rai harakhaanaa ||

ਭੇਦ ਅਭੇਦ ਜੜ ਕਛੂ ਨ ਜਾਨਾ ॥

bhedh abhedh jaR kachhoo na jaanaa ||

ਤ੍ਰਿਯ ਕੇ ਚਰਨ ਰਹਾ ਲਪਟਾਈ ॥

tiray ke charan rahaa lapaTaiee ||

ਨਾਰਿ ਚਰਿਤ ਕੀ ਬਾਤ ਨ ਪਾਈ ॥੯॥

naar charit kee baat na paiee ||9||

ਤਬ ਐਸਾ ਤ੍ਰਿਯ ਕਿਯਾ ਉਚਾਰਾ ॥

tab aaisaa tiray kiyaa uchaaraa ||

ਸੁਨਹੁ ਬਾਤ ਤੁਮ ਰਾਜ ਕੁਮਾਰਾ ॥

sunahu baat tum raaj kumaaraa ||

ਰਤਨ ਮਤੀ ਤੁਮਰੀ ਜੋ ਰਾਨੀ ॥

ratan matee tumaree jo raanee ||

ਯਹ ਮੁਰਿ ਅਤਿ ਸੇਵਕੀ ਪ੍ਰਮਾਨੀ ॥੧੦॥

yeh mur at sevakee pramaanee ||10||

ਜੌ ਯਾ ਸੌ ਤੁਮ ਕਰਹੁ ਪਯਾਰਾ ॥

jau yaa sau tum karahu payaaraa ||

ਹ੍ਵੈ ਹੈ ਤੁਮਰੋ ਤਬੈ ਉਧਾਰਾ ॥

havai hai tumaro tabai udhaaraa ||

ਸਤ੍ਰ ਹੋਇਗੋ ਨਾਸ ਤਿਹਾਰੋ ॥

satr hoigo naas tihaaro ||

ਤਬ ਜਾਨੌ ਤੂ ਭਗਤ ਹਮਾਰੋ ॥੧੧॥

tab jaanau too bhagat hamaaro ||11||

ਯੌ ਕਹਿ ਲੋਕੰਜਨ ਦ੍ਰਿਗ ਡਾਰੀ ॥

yau keh loka(n)jan dhirag ddaaree ||

ਭਈ ਲੋਪ ਨਹਿ ਜਾਇ ਨਿਹਾਰੀ ॥

bhiee lop neh jai nihaaree ||

ਮੂੜ ਰਾਵ ਤਿਹ ਰੁਦ੍ਰ ਪ੍ਰਮਾਨਾ ॥

mooR raav teh rudhr pramaanaa ||

ਭੇਦ ਅਭੇਦ ਕਛੁ ਪਸੁ ਨ ਜਾਨਾ ॥੧੨॥

bhedh abhedh kachh pasoo na jaanaa ||12||

ਤਬ ਤੇ ਤਾ ਸੌ ਕੀਆ ਪਯਾਰਾ ॥

tab te taa sau keeaa payaaraa ||

ਤਜਿ ਕਰਿ ਸਕਲ ਸੁੰਦਰੀ ਨਾਰਾ ॥

taj kar sakal su(n)dharee naaraa ||

ਇਹ ਛਲ ਛਲਾ ਚੰਚਲਾ ਰਾਜਾ ॥

eeh chhal chhalaa cha(n)chalaa raajaa ||

ਆਲੂਰੇ ਗੜ ਕੋ ਸਿਰਤਾਜਾ ॥੧੩॥

aaloore gaR ko sirataajaa ||13||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੩੯॥੬੩੪੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau unataalees charitr samaapatam sat subham sat

||339||6342||afajoo(n)||

ਚੌਪਈ ॥

chauapiee ||

ਮਥੁਰਾ ਨਾਮ ਹਮਾਰੇ ਰਹੈ ॥

mathuraa naam hamaare rahai ||

ਜਗ ਤਿਹ ਤ੍ਰਿਯਹਿ ਗੁਲਾਬੇ ਕਹੈ ॥

jag teh tirayeh gulaabe kahai ||

ਰਾਮ ਦਾਸ ਨਾਮਾ ਤਹ ਆਯੋ ॥

raam dhaas naamaa teh aayo ||

ਨਿਰਖਿ ਨਾਰਿ ਤਿਹ ਮਦਨ ਸਤਾਯੋ ॥੧॥

nirakh naar teh madhan sataayo ||1||

ਬਹੁਤ ਬਰਿਸ ਤਾ ਸੌ ਵਹੁ ਰਹਾ ॥

bahut baris taa sau vahu rahaa ||

ਪੁਨਿ ਐਸੇ ਤਿਹ ਤ੍ਰਿਯ ਸੌ ਕਹਾ ॥

pun aaise teh tiray sau kahaa ||

ਆਉ ਹੋਹਿ ਹਮਰੀ ਤੈ ਨਾਰੀ ॥

aau hoh hamaree tai naaree ||

ਕਸਿ ਦੈ ਹੈ ਤੁਹਿ ਯਹ ਮੁਰਦਾਰੀ ॥੨॥

kas dhai hai tuh yeh muradhaaree ||2||

ਭਲੀ ਭਲੀ ਅਬਲਾ ਤਿਨ ਭਾਖੀ ॥

bhalee bhalee abalaa tin bhaakhee ||

ਚਿਤ ਮਹਿ ਰਾਖਿ ਨ ਕਾਹੂ ਆਖੀ ॥

chit meh raakh na kaahoo aakhee ||

ਜਬ ਮਥੁਰਾ ਆਯੋ ਤਿਹ ਧਾਮਾ ॥

jab mathuraa aayo teh dhaamaa ||

ਤਬ ਅਸਿ ਬਚਨ ਬਖਾਨਜੋ ਬਾਮਾ ॥੩॥

tab as bachan bakhaanayo baamaa ||3||

ਹਰੀ ਚੰਦ ਰਾਜਾ ਜਗ ਭਯੋ ॥

haree cha(n)dh raajaa jag bhayo ||

ਅੰਤ ਕਾਲ ਸੋ ਭੀ ਮਰਿ ਗਯੋ ॥

a(n)t kaal so bhee mar gayo ||

ਮਾਨਧਾਤ ਪ੍ਰਭ ਭੂਪ ਬਢਾਯੋ ॥

maanadhaat prabh bhoop baddaayo ||

ਅੰਤ ਕਾਲ ਸੋਊ ਕਾਲ ਖਪਾਯੋ ॥੪॥

a(n)t kaal souoo kaal khapaayo ||4||

ਜੋ ਨਰ ਨਾਰਿ ਭਯੋ ਸੋ ਮਰਾ ॥

jo nar naar bhayo so maraa ||

ਯਾ ਜਗ ਮਹਿ ਕੋਊ ਨ ਉਬਰਾ ॥

yaa jag meh kouoo na ubaraa ||

ਇਹ ਜਗ ਥਿਰ ਏਕੈ ਕਰਤਾਰਾ ॥

eeh jag thir ekai karataaraa ||

ਔਰ ਮ੍ਰਿਤਕ ਇਹ ਸਗਲ ਸੰਸਾਰਾ ॥੫॥

aauar mritak ieh sagal sa(n)saaraa ||5||

ਦੋਹਰਾ ॥

dhoharaa ||

ਯਾ ਜਗ ਮਹਿ ਸੋਈ ਜਿਯਤ ਪੁੰਨਯ ਦਾਨ ਜਿਨ ਕੀਨ ॥

yaa jag meh soiee jiyat pu(n)nay dhaan jin keen ||

ਸਿਖਿਯਨ ਕੀ ਸੇਵਾ ਕਰੀ ਜੋ ਮਾਗੈ ਸੋ ਦੀਨ ॥੬॥

sikhiyan kee sevaa karee jo maagai so dheen ||6||

ਚੌਪਈ ॥

chauapiee ||

ਯਹ ਉਪਦੇਸ ਸੁਨਤ ਜੜ ਢਰਿਯੋ ॥

yeh upadhes sunat jaR ddariyo ||

ਬਹੁਰਿ ਨਾਰਿ ਸੌ ਬਚਨ ਉਚਰਿਯੋ ॥

bahur naar sau bachan uchariyo ||

ਜੋ ਉਪਜੈ ਜਿਯ ਭਲੀ ਤਿਹਾਰੈ ॥

jo upajai jiy bhalee tihaarai ||

ਵਹੈ ਕਾਮ ਮੈ ਕਰੌ ਸਵਾਰੈ ॥੭॥

vahai kaam mai karau savaarai ||7||

ਤ੍ਰਿਯ ਬਾਚ ॥

tiray baach ||

ਫਟਾ ਬਸਤ੍ਰ ਜਾ ਕਾ ਲਖਿ ਲੀਜੈ ॥

faTaa basatr jaa kaa lakh leejai ||

ਬਸਤ੍ਰ ਨਵੀਨ ਤੁਰਤ ਤਿਹ ਦੀਜੈ ॥

basatr naveen turat teh dheejai ||

ਜਾ ਕੈ ਘਰਿ ਮਹਿ ਹੋਇ ਨ ਦਾਰਾ ॥

jaa kai ghar meh hoi na dhaaraa ||

ਤਾ ਕਹ ਦੀਜੈ ਅਪਨੀ ਨਾਰਾ ॥੮॥

taa keh dheejai apanee naaraa ||8||

ਰਾਮ ਦਾਸ ਤਬ ਤਾਹਿ ਨਿਹਾਰਿਯੋ ॥

raam dhaas tab taeh nihaariyo ||

ਧਨ ਬਿਹੀਨ ਬਿਨੁ ਨਾਰਿ ਬਿਚਾਰਿਯੋ ॥

dhan biheen bin naar bichaariyo ||

ਧਨ ਹੂੰ ਦੀਯਾ ਨਾਰਿ ਹੂੰ ਦੀਨੀ ॥

dhan hoo(n) dheeyaa naar hoo(n) dheenee ||

ਭਲੀ ਬੁਰੀ ਜੜ ਕਛੂ ਨ ਚੀਨੀ ॥੯॥

bhalee buree jaR kachhoo na cheenee ||9||

ਇਹ ਛਲ ਗਈ ਜਾਰ ਕੇ ਨਾਰਾ ॥

eeh chhal giee jaar ke naaraa ||

ਬਸਤ੍ਰ ਦਰਬ ਲੈ ਸਾਥ ਅਪਾਰਾ ॥

basatr dharab lai saath apaaraa ||

ਇਹ ਆਪਨ ਅਤਿ ਸਾਧ ਪਛਾਨਾ ॥

eeh aapan at saadh pachhaanaa ||

ਭਲੀ ਬੁਰੀ ਕਾ ਭੇਵ ਨ ਜਾਨਾ ॥੧੦॥

bhalee buree kaa bhev na jaanaa ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੦॥੬੩੫੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chaalees charitr samaapatam sat subham sat

||340||6352||afajoo(n)||

ਚੌਪਈ ॥

chauapiee ||

ਸੁਕ੍ਰਿਤਾਵਤੀ ਨਗਰ ਇਕ ਸੁਨਾ ॥

sukirataavatee nagar ik sunaa ||

ਸੁਕ੍ਰਿਤ ਸੈਨ ਰਾਜਾ ਬਹੁ ਗੁਨਾ ॥

sukirat sain raajaa bahu gunaa ||

ਸੁਭ ਲਛਨਿ ਦੇ ਨਾਰਿ ਬਿਰਾਜੈ ॥

subh lachhan dhe naar biraajai ||

ਚੰਦ੍ਰ ਸੂਰ ਕੀ ਲਖਿ ਦੁਤਿ ਲਾਜੈ ॥੧॥

cha(n)dhr soor kee lakh dhut laajai ||1||

ਸ੍ਰੀ ਅਪਛਰਾ ਦੇਇ ਸੁ ਬਾਲਾ ॥

sree apachharaa dhei su baalaa ||

ਮਾਨਹੁ ਸਕਲ ਰਾਗ ਕੀ ਮਾਲਾ ॥

maanahu sakal raag kee maalaa ||

ਕਹੀ ਨ ਜਾਤ ਤਵਨ ਕੀ ਸੋਭਾ ॥

kahee na jaat tavan kee sobhaa ||

ਇੰਦ੍ਰ ਚੰਦ੍ਰ ਜਸ ਰਵਿ ਲਖਿ ਲੋਭਾ ॥੨॥

ei(n)dhr cha(n)dhr jas rav lakh lobhaa ||2||

ਤਹ ਇਕ ਆਇ ਗਯੋ ਸੌਦਾਗਰ ॥

teh ik aai gayo sauadhaagar ||

ਪੂਤ ਸਾਥ ਤਿਹ ਜਾਨੁ ਪ੍ਰਭਾਕਰ ॥

poot saath teh jaan prabhaakar ||

ਰਾਜ ਸੁਤਾ ਤਿਹ ਊਪਰ ਅਟਕੀ ॥

raaj sutaa teh uoopar aTakee ||

ਚਟਪਟ ਲਾਜ ਲੋਕ ਕੀ ਸਟਕੀ ॥੩॥

chaTapaT laaj lok kee saTakee ||3||

ਚਤੁਰਿ ਜਾਨਿ ਤਹ ਸਖੀ ਪਠਾਈ ॥

chatur jaan teh sakhee paThaiee ||

ਜਯੋਂ ਤਯੋਂ ਤਹਾ ਤਾਹਿ ਲੈ ਆਈ ॥

jayo(n) tayo(n) tahaa taeh lai aaiee ||

ਰਾਜ ਸੁਤਾ ਤਾ ਸੌ ਰਤਿ ਮਾਨੀ ॥

raaj sutaa taa sau rat maanee ||

ਕੇਲ ਕਰਤ ਸਭ ਰਾਤਿ ਬਿਹਾਨੀ ॥੪॥

kel karat sabh raat bihaanee ||4||

ਬਾਢਾ ਬਿਰਹ ਦੁਹਨ ਕੋ ਐਸਾ ॥

baaddaa bireh dhuhan ko aaisaa ||

ਹਮ ਤੇ ਭਾਖਿ ਨ ਜਾਈ ਕੈਸਾ ॥

ham te bhaakh na jaiee kaisaa ||

ਏਕ ਛੋਰਿ ਇਕ ਅਨਤ ਨ ਜਾਵੈ ॥

ek chhor ik anat na jaavai ||

ਪਲਕ ਓਟ ਜੁਗ ਕੋਟਿ ਬਿਹਾਵੈ ॥੫॥

palak oT jug koT bihaavai ||5||

ਕਾਮ ਭੋਗ ਕਰਿ ਬਦਾ ਸੰਕੇਤਾ ॥

kaam bhog kar badhaa sa(n)ketaa ||

ਲਾਗਿਯੋ ਸਾਹ ਪੁਤ੍ਰ ਸੋ ਹੇਤਾ ॥

laagiyo saeh putr so hetaa ||

ਮੁਹਿ ਅਪਨੇ ਲੈ ਸੰਗ ਸਿਧਾਰੋ ॥

muh apane lai sa(n)g sidhaaro ||

ਤਬ ਜਾਨੌਂ ਤੈ ਯਾਰ ਹਮਾਰੋ ॥੬॥

tab jaanau tai yaar hamaaro ||6||

ਤਾ ਸੌ ਰਤਿ ਕਰਿ ਧਾਮ ਸਿਧਾਯੋ ॥

taa sau rat kar dhaam sidhaayo ||

ਕੀਯਾ ਜਤਨ ਜੋ ਹਿਤੂ ਸਿਖਾਯੋ ॥

keeyaa jatan jo hitoo sikhaayo ||

ਬਸਤ੍ਰ ਬਹੁਤ ਬਹੁ ਮੋਲ ਪਠਾਏ ॥

basatr bahut bahu mol paThaae ||

ਪ੍ਰਥਮ ਨ੍ਰਿਪਤਿ ਕਹ ਸਕਲ ਦਿਖਾਏ ॥੭॥

pratham nirapat keh sakal dhikhaae ||7||

ਪੁਨਿ ਰਨਿਵਾਸਹਿ ਪਠੈ ਬਨਾਏ ॥

pun ranivaaseh paThai banaae ||

ਰਾਜ ਸੁਤਹਿ ਅਸ ਗਯੋ ਜਤਾਏ ॥

raaj suteh as gayo jataae ||

ਜੋ ਪਸੰਦ ਇਨ ਮੈ ਤੇ ਕੀਜੈ ॥

jo pasa(n)dh in mai te keejai ||

ਸੋ ਦੇ ਬਸਤ੍ਰ ਮੋਲਿ ਮੁਰਿ ਲੀਜੈ ॥੮॥

so dhe basatr mol mur leejai ||8||

ਅੜਿਲ ॥

aRil ||

ਰਾਨੀ ਮਾਲੁ ਦਿਖਾਇ ਬਹੁਰਿ ਲੈ ਕੁਅਰਿ ਦਿਖਾਯੋ ॥

raanee maal dhikhai bahur lai kuar dhikhaayo ||

ਲਪਟਿ ਤਰੁਨਿ ਤਿਹ ਮਾਹਿ ਆਪਨੋ ਅੰਗ ਦੁਰਾਯੋ ॥

lapaT tarun teh maeh aapano a(n)g dhuraayo ||

ਗਈ ਮਿਤ੍ਰ ਕੇ ਧਾਮ ਨ ਭੂਪ ਬਿਚਾਰਿਯੋ ॥

giee mitr ke dhaam na bhoop bichaariyo ||

ਹੋ ਇਹ ਛਲ ਤਿਹ ਲੈ ਸਾਥ ਹਰੀਫ ਸਿਧਾਰਿਯੋ ॥੯॥

ho ieh chhal teh lai saath hareef sidhaariyo ||9||

ਦੋਹਰਾ ॥

dhoharaa ||

ਭਾਗ ਨ ਭੌਦੂ ਪਿਯਤ ਥੋ ਰਾਹਤ ਭਯੌ ਪਰਬੀਨ ॥

bhaag na bhauadhoo piyat tho raahat bhayau parabeen ||

ਦੁਹਿਤਾ ਹਰੀ ਹਰੀਫ ਯੌ ਸਕਾ ਨ ਜੜ ਛਲ ਚੀਨ ॥੧੦॥

dhuhitaa haree hareef yau sakaa na jaR chhal cheen ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੧॥੬੩੬੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau ikataalees charitr samaapatam sat subham sat

||341||6362||afajoo(n)||

ਚੌਪਈ ॥

chauapiee ||

ਉਤਰ ਦਿਸਾ ਪ੍ਰਗਟ ਇਕ ਨਗਰੀ ॥

autar dhisaa pragaT ik nagaree ||

ਸ੍ਰੀ ਬ੍ਰਿਜਰਾਜਵਤੀ ਸੁ ਉਜਗਰੀ ॥

sree birajaraajavatee su ujagaree ||

ਸ੍ਰੀ ਬ੍ਰਿਜਰਾਜ ਸੈਨ ਤਹ ਰਾਜਾ ॥

sree birajaraaj sain teh raajaa ||

ਜਾ ਕਹ ਨਿਰਖਿ ਇੰਦ੍ਰ ਅਤਿ ਲਾਜਾ ॥੧॥

jaa keh nirakh i(n)dhr at laajaa ||1||

ਸ੍ਰੀ ਬ੍ਰਿਜਰਾਜ ਮਤੀ ਤਿਹ ਰਾਨੀ ॥

sree birajaraaj matee teh raanee ||

ਸੁੰਦਰਿ ਭਵਨ ਚਤਰਦਸ ਜਾਨੀ ॥

su(n)dhar bhavan chataradhas jaanee ||

ਸ੍ਰੀ ਬਰੰਗਨਾ ਦੇ ਤਿਹ ਬਾਲਾ ॥

sree bara(n)ganaa dhe teh baalaa ||

ਜਨੁ ਨਿਰਧੂਮ ਅਗਨਿ ਕੀ ਜ੍ਵਾਲਾ ॥੨॥

jan niradhoom agan kee javaiaalaa ||2||

ਚਤੁਰਿ ਸਖੀ ਜਬ ਤਾਹਿ ਨਿਹਾਰੈ ॥

chatur sakhee jab taeh nihaarai ||

ਮਧੁਰ ਬਚਨ ਮਿਲਿ ਐਸ ਉਚਾਰੈ ॥

madhur bachan mil aais uchaarai ||

ਜੈਸੀ ਇਹ ਹੈ ਦੁਤਿਯ ਨ ਜਈ ॥

jaisee ieh hai dhutiy na jiee ||

ਆਗੇ ਹੋਇ ਨ ਪਾਛੇ ਭਈ ॥੩॥

aage hoi na paachhe bhiee ||3||

ਜਬ ਬਰੰਗਨਾ ਦੇਇ ਤਰੁਨਿ ਭੀ ॥

jab bara(n)ganaa dhei tarun bhee ||

ਲਰਿਕਾਪਨ ਕੀ ਬਾਤ ਬਿਸਰਿਗੀ ॥

larikaapan kee baat bisarigee ||

ਰਾਜ ਕੁਅਰ ਤਬ ਤਾਹਿ ਨਿਹਾਰਿਯੋ ॥

raaj kuar tab taeh nihaariyo ||

ਤਾ ਪਰ ਤਰੁਨਿ ਪ੍ਰਾਨ ਕਹ ਵਾਰਿਯੋ ॥੪॥

taa par tarun praan keh vaariyo ||4||

ਤਾ ਸੌ ਕਾਮ ਭੋਗ ਨਿਤ ਮਾਨੈ ॥

taa sau kaam bhog nit maanai ||

ਦ੍ਵੈ ਤੈ ਏਕ ਦੇਹ ਕਰਿ ਜਾਨੈ ॥

dhavai tai ek dheh kar jaanai ||

ਤਬ ਚਤੁਰਾ ਇਹ ਚਰਿਤ੍ਰ ਬਿਚਾਰਿਯੋ ॥

tab chaturaa ieh charitr bichaariyo ||

ਕਹੋ ਨ੍ਰਿਪਤਿ ਸੋ ਪ੍ਰਗਟ ਉਚਾਰਿਯੋ ॥੫॥

kaho nirapat so pragaT uchaariyo ||5||

ਮੋ ਕੌ ਸ੍ਰਾਪ ਸਦਾ ਸਿਵ ਦੀਨਾ ॥

mo kau sraap sadhaa siv dheenaa ||

ਤਾ ਤੇ ਜਨਮ ਤਿਹਾਰੇ ਲੀਨਾ ॥

taa te janam tihaare leenaa ||

ਸ੍ਰਾਪ ਅਵਧਿ ਪੂਰਨ ਹ੍ਵੈ ਹੈ ਜਬ ॥

sraap avadh pooran havai hai jab ||

ਪੁਨਿ ਜੈ ਹੌ ਹਰਿ ਲੋਕ ਬਿਖੈ ਤਬ ॥੬॥

pun jai hau har lok bikhai tab ||6||

ਇਕ ਦਿਨ ਗਈ ਮਿਤ੍ਰ ਕੇ ਸੰਗਾ ॥

eik dhin giee mitr ke sa(n)gaa ||

ਲਿਖਿ ਪਤ੍ਰਾ ਪਰ ਅਪਨੇ ਅੰਗਾ ॥

likh patraa par apane a(n)gaa ||

ਸ੍ਰਾਪ ਅਵਧਿ ਪੂਰਨ ਅਬ ਭਈ ॥

sraap avadh pooran ab bhiee ||

ਸੁਰਪੁਰ ਸੁਤਾ ਤਿਹਾਰੀ ਗਈ ॥੭॥

surapur sutaa tihaaree giee ||7||

ਅਬ ਜੋ ਧਾਮ ਹਮਾਰੇ ਮਾਲਾ ॥

ab jo dhaam hamaare maalaa ||

ਸੋ ਦੀਜੈ ਦਿਜ ਕੌ ਤਤਕਾਲਾ ॥

so dheejai dhij kau tatakaalaa ||

ਯਾਰ ਅਪਨੇ ਬ੍ਰਹਮਨ ਠਹਰਾਯੋ ॥

yaar apane brahaman Thaharaayo ||

ਸਕਲ ਦਰਬ ਇਹ ਛਲ ਤਿਹ ਦ੍ਰਯਾਯੋ ॥੮॥

sakal dharab ieh chhal teh dhrayaayo ||8||

ਇਹ ਚਰਿਤ੍ਰ ਗੀ ਮਿਤ੍ਰਹ ਸਾਥਾ ॥

eeh charitr gee mitreh saathaa ||

ਦੈ ਧਨ ਕਿਯਾ ਅਨਾਥ ਸਨਾਥਾ ॥

dhai dhan kiyaa anaath sanaathaa ||

ਮਾਤ ਪਿਤਾ ਸਭ ਅਸ ਲਖਿ ਲਈ ॥

maat pitaa sabh as lakh liee ||

ਸ੍ਰਾਪ ਮੁਚਿਤ ਭਯੋ ਸੁਰਪੁਰ ਗਈ ॥੯॥

sraap muchit bhayo surapur giee ||9||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੨॥੬੩੭੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau bataalees charitr samaapatam sat subham sat

||342||6371||afajoo(n)||

ਚੌਪਈ ॥

chauapiee ||

ਸੋਰਠ ਦੇਸ ਬਸਤ ਹੈ ਜਹਾ ॥

soraTh dhes basat hai jahaa ||

ਦਿਜਬਰ ਸੈਨ ਨਰਾਧਿਪ ਤਹਾ ॥

dhijabar sain naraadhip tahaa ||

ਮਤੀ ਸੁਮੇਰ ਤਵਨ ਕੀ ਨਾਰੀ ॥

matee sumer tavan kee naaree ||

ਦੁਤਿਯ ਨ ਜਗ ਮੈ ਐਸਿ ਕੁਮਾਰੀ ॥੧॥

dhutiy na jag mai aais kumaaree ||1||

ਸੋਰਠ ਦੇਇ ਸੁਤਾ ਇਕ ਤਾ ਕੇ ॥

soraTh dhei sutaa ik taa ke ||

ਔਰ ਨਾਰ ਸਮ ਤੁਲਿ ਨ ਵਾ ਕੇ ॥

aauar naar sam tul na vaa ke ||

ਦੁਤਿਯ ਪਰਜ ਦੇ ਭਈ ਕੁਮਾਰੀ ॥

dhutiy paraj dhe bhiee kumaaree ||

ਜਿਹ ਸੀ ਦੁਤਿਯ ਨ ਬ੍ਰਹਮ ਸਵਾਰੀ ॥੨॥

jeh see dhutiy na braham savaaree ||2||

ਦੋਊ ਸੁਤਾ ਤਰੁਨਿ ਜਬ ਭਈ ॥

dhouoo sutaa tarun jab bhiee ||

ਜਨ ਕਰਿ ਕਿਰਣਿ ਸੂਰ ਸਸਿ ਵਈ ॥

jan kar kiran soor sas viee ||

ਐਸੀ ਪ੍ਰਭਾ ਹੋਤ ਭੀ ਤਿਨ ਕੀ ॥

aaisee prabhaa hot bhee tin kee ||

ਬਾਛਾ ਕਰਤ ਬਿਧਾਤਾ ਜਿਨ ਕੀ ॥੩॥

baachhaa karat bidhaataa jin kee ||3||

ਓਜ ਸੈਨ ਇਕ ਅਨਤ ਨ੍ਰਿਪਤਿ ਬਰ ॥

oj sain ik anat nirapat bar ||

ਜਨੁ ਕਰਿ ਮੈਨ ਪ੍ਰਗਟਿਯੋ ਬਪੁ ਧਰਿ ॥

jan kar main pragaTiyo bap dhar ||

ਸੋ ਨ੍ਰਿਪ ਖੇਲਨ ਚੜਾ ਸਿਕਾਰਾ ॥

so nirap khelan chaRaa sikaaraa ||

ਰੋਝ ਰੀਛ ਮਾਰੇ ਝੰਖਾਰਾ ॥੪॥

rojh reechh maare jha(n)khaaraa ||4||

ਨਿਕਸਿਯੋ ਤਹਾ ਏਕ ਝੰਖਾਰਾ ॥

nikasiyo tahaa ek jha(n)khaaraa ||

ਦ੍ਵਾਦਸ ਜਾ ਕੇ ਸੀਗ ਅਪਾਰਾ ॥

dhavaiaadhas jaa ke seeg apaaraa ||

ਨ੍ਰਿਪ ਤਿਹ ਨਿਰਖਿ ਤੁਰੰਗ ਧਵਾਵਾ ॥

nirap teh nirakh tura(n)g dhavaavaa ||

ਪਾਛੇ ਚਲਾ ਕੋਸ ਬਹੁ ਆਵਾ ॥੫॥

paachhe chalaa kos bahu aavaa ||5||

ਬਹੁਤ ਕੋਸ ਤਿਹ ਮ੍ਰਿਗਹਿ ਦਖੇਰਾ ॥

bahut kos teh mirageh dhakheraa ||

ਚਾਕਰ ਏਕ ਨ ਪਹੁਚਾ ਨੇਰਾ ॥

chaakar ek na pahuchaa neraa ||

ਆਯੋ ਦੇਸ ਸੋਰਠੀ ਕੇ ਮਹਿ ॥

aayo dhes soraThee ke meh ||

ਨ੍ਰਿਪ ਕੀ ਸੁਤਾ ਅਨਾਤ ਹੁਤੀ ਜਹਿ ॥੬॥

nirap kee sutaa anaat hutee jeh ||6||

ਆਨਿ ਤਹੀ ਝੰਖਾਰ ਨਿਕਾਰਾ ॥

aan tahee jha(n)khaar nikaaraa ||

ਅਬਲਾ ਦੁਹੂੰ ਨਿਹਾਰਤਿ ਮਾਰਾ ॥

abalaa dhuhoo(n) nihaarat maaraa ||

ਐਸਾ ਬਾਨ ਤਵਨ ਕਹ ਲਾਗਾ ॥

aaisaa baan tavan keh laagaa ||

ਠੌਰ ਰਹਾ ਪਗ ਦ੍ਵੈਕ ਨ ਭਾਗਾ ॥੭॥

Thauar rahaa pag dhavaik na bhaagaa ||7||

ਰਾਜ ਕੁਆਰੀ ਦੁਹੂੰ ਨਿਹਾਰੋ ॥

raaj kuaaree dhuhoo(n) nihaaro ||

ਦੁਹੂੰ ਹ੍ਰਿਦੈ ਇਹ ਭਾਤਿ ਬਿਚਾਰੋ ॥

dhuhoo(n) hiradhai ieh bhaat bichaaro ||

ਬਿਨੁ ਪੂਛੇ ਪਿਤੁ ਇਹ ਹਮ ਬਰਿ ਹੈ ॥

bin poochhe pit ieh ham bar hai ||

ਨਾਤਰ ਮਾਰਿ ਕਟਾਰੀ ਮਰਿ ਹੈ ॥੮॥

naatar maar kaTaaree mar hai ||8||

ਤਬ ਲਗੁ ਭੂਪ ਤ੍ਰਿਖਾਤੁਰ ਭਯੋ ॥

tab lag bhoop tirakhaatur bhayo ||

ਮ੍ਰਿਗ ਕੇ ਸਹਿਤ ਤਹਾ ਚਲਿ ਗਯੋ ॥

mirag ke sahit tahaa chal gayo ||

ਸੋ ਮ੍ਰਿਗ ਰਾਜ ਸੁ ਤਨ ਕਹ ਦੀਯੋ ॥

so mirag raaj su tan keh dheeyo ||

ਤਿਨ ਕੋ ਸੀਤ ਬਾਰਿ ਲੈ ਪੀਯੋ ॥੯॥

tin ko seet baar lai peeyo ||9||

ਬਾਧਾ ਬਾਜ ਏਕ ਦ੍ਰੁਮ ਕੇ ਤਰ ॥

baadhaa baaj ek dhrum ke tar ||

ਸੋਵਤ ਭਯੋ ਹ੍ਵੈ ਭੂਪ ਸ੍ਰਮਾਤੁਰ ॥

sovat bhayo havai bhoop sramaatur ||

ਰਾਜ ਕੁਆਰਨ ਘਾਤ ਪਛਾਨਾ ॥

raaj kuaaran ghaat pachhaanaa ||

ਸਖਿਯਨ ਸੋ ਅਸ ਕਿਯਾ ਬਖਾਨਾ ॥੧੦॥

sakhiyan so as kiyaa bakhaanaa ||10||

ਮਦਰਾ ਬਹੁ ਦੁਹੂੰ ਕੁਅਰਿ ਮੰਗਾਯੋ ॥

madharaa bahu dhuhoo(n) kuar ma(n)gaayo ||

ਸਾਤ ਬਾਰ ਜੋ ਹੁਤੋ ਚੁਆਯੋ ॥

saat baar jo huto chuaayo ||

ਅਪਨ ਸਹਿਤ ਸਖਿਯਨ ਕੌ ਪ੍ਯਾਇ ॥

apan sahit sakhiyan kau prayai ||

ਅਧਿਕ ਮਤ ਕਰਿ ਦਈ ਸੁਵਾਇ ॥੧੧॥

adhik mat kar dhiee suvai ||11||

ਜਬ ਜਾਨਾ ਤੇ ਭਈ ਦਿਵਾਨੀ ॥

jab jaanaa te bhiee dhivaanee ||

ਸੋਏ ਸਕਲ ਪਹਰੂਆ ਜਾਨੀ ॥

soe sakal paharooaa jaanee ||

ਦੁਹੂੰ ਸਨਾਹੀ ਲਈ ਮੰਗਾਇ ॥

dhuhoo(n) sanaahee liee ma(n)gai ||

ਪਹਿਰਿ ਨਦੀ ਮੈ ਧਸੀ ਬਨਾਇ ॥੧੨॥

pahir nadhee mai dhasee banai ||12||

ਤਰਤ ਤਰਤ ਆਈ ਤੇ ਤਹਾ ॥

tarat tarat aaiee te tahaa ||

ਸੋਵਤ ਸੁਤੋ ਨਰਾਧਿਪ ਜਹਾ ॥

sovat suto naraadhip jahaa ||

ਪਕਰਿ ਪਾਵ ਤਿਹ ਦਿਯਾ ਜਗਾਇ ॥

pakar paav teh dhiyaa jagai ||

ਅਜਾ ਚਰਮ ਪਰ ਲਿਯਾ ਚੜਾਇ ॥੧੩॥

ajaa charam par liyaa chaRai ||13||

ਭੂਪਤਿ ਲਿਯਾ ਚੜਾਇ ਸਨਾਈ ॥

bhoopat liyaa chaRai sanaiee ||

ਸਰਿਤਾ ਬੀਚ ਪਰੀ ਪੁਨਿ ਜਾਈ ॥

saritaa beech paree pun jaiee ||

ਤਰਤ ਤਰਤ ਅਪਨੋ ਤਜਿ ਦੇਸਾ ॥

tarat tarat apano taj dhesaa ||

ਪ੍ਰਾਪਤ ਭੀ ਤਿਹ ਦੇਸ ਨਰੇਸਾ ॥੧੪॥

praapat bhee teh dhes naresaa ||14||

ਜਬ ਕਛੁ ਸੁਧਿ ਸਖਿਯਨ ਤਿਨ ਪਾਈ ॥

jab kachh sudh sakhiyan tin paiee ||

ਨ੍ਰਿਸੰਦੇਹ ਯੌ ਹੀ ਠਹਰਾਈ ॥

nirasa(n)dheh yau hee Thaharaiee ||

ਮਦ ਸੌ ਭਈ ਜਾਨੁ ਮਤਵਾਰੀ ॥

madh sau bhiee jaan matavaaree ||

ਡੂਬਿ ਮੁਈ ਦੋਊ ਰਾਜ ਦੁਲਾਰੀ ॥੧੫॥

ddoob muiee dhouoo raaj dhulaaree ||15||

ਦੋਹਰਾ ॥

dhoharaa ||

ਵੈ ਦੋਊ ਨ੍ਰਿਪ ਸੰਗ ਗਈ ਅਨਿਕ ਹਿਯੇ ਹਰਖਾਤ ॥

vai dhouoo nirap sa(n)g giee anik hiye harakhaat ||

ਅਜਾ ਚਰਮ ਪਰ ਭੂਪ ਬਰ ਦੁਹੂੰਅਨ ਚਲਾ ਬਜਾਤ ॥੧੬॥

ajaa charam par bhoop bar dhuhoo(n)an chalaa bajaat ||16||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤ੍ਰਿਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੩॥੬੩੮੭॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau tirataalees charitr samaapatam sat subham sat

||343||6387||afajoo(n)||

ਚੌਪਈ ॥

chauapiee ||

ਹਰਿਦ੍ਵਾਰ ਇਕ ਸੁਨ ਨ੍ਰਿਪਾਲਾ ॥

haridhavaiaar ik sun nirapaalaa ||

ਤੇਜਿਮਾਨ ਦੁਤਿਮਾਨ ਛਿਤਾਲਾ ॥

tejimaan dhutimaan chhitaalaa ||

ਸ੍ਰੀ ਰਸਰੰਗ ਮਤੀ ਤਿਹ ਜਾਈ ॥

sree rasara(n)g matee teh jaiee ||

ਜਿਹ ਸਮ ਦੂਸਰਿ ਬਿਧਿ ਨ ਬਨਾਈ ॥੧॥

jeh sam dhoosar bidh na banaiee ||1||

ਜਬ ਵਹੁ ਤਰੁਨਿ ਤਰੁਨ ਅਤਿ ਭਈ ॥

jab vahu tarun tarun at bhiee ||

ਭੂਪ ਸੈਨ ਨ੍ਰਿਪ ਕਹਿ ਪਿਤ ਦਈ ॥

bhoop sain nirap keh pit dhiee ||

ਸਿਰੀ ਨਗਰ ਭੀਤਰ ਜਬ ਆਈ ॥

siree nagar bheetar jab aaiee ||

ਲਖਿ ਚੰਡਾਲਿਕ ਅਧਿਕ ਲੁਭਾਈ ॥੨॥

lakh cha(n)ddaalik adhik lubhaiee ||2||

ਪਠੈ ਸਹਚਰੀ ਲਿਯਾ ਬੁਲਾਈ ॥

paThai sahacharee liyaa bulaiee ||

ਨ੍ਰਿਪ ਸੌ ਭੋਗ ਕਥਾ ਬਿਸਰਾਈ ॥

nirap sau bhog kathaa bisaraiee ||

ਰੈਨਿ ਦਿਵਸ ਤਿਹ ਲੇਤ ਬੁਲਾਈ ॥

rain dhivas teh let bulaiee ||

ਰਤਿ ਅਤਿ ਨਿਤਪ੍ਰਤਿ ਕਰਤ ਬਨਾਈ ॥੩॥

rat at nitaprat karat banaiee ||3||

ਰਸਤ ਰਸਤ ਐਸੀ ਰਸਿ ਗਈ ॥

rasat rasat aaisee ras giee ||

ਜਨੁ ਕਰ ਨਾਰਿ ਤਵਨ ਕੀ ਭਈ ॥

jan kar naar tavan kee bhiee ||

ਸਭ ਬ੍ਰਿਤਾਤ ਕਹਿ ਤਾਹਿ ਸਿਖਾਯੋ ॥

sabh birataat keh taeh sikhaayo ||

ਸੋਵਤਿ ਸਮੈ ਭੂਪ ਕਹ ਘਾਯੋ ॥੪॥

sovat samai bhoop keh ghaayo ||4||

ਪ੍ਰਾਤ ਜਰਨ ਕੇ ਕਾਜ ਸਿਧਾਈ ॥

praat jaran ke kaaj sidhaiee ||

ਆਗੇ ਰਾਖਿ ਲਏ ਨਿਜੁ ਰਾਈ ॥

aage raakh le nij raiee ||

ਜਬੈ ਚਿਤਾ ਪਰ ਬੈਠੀ ਜਾਇ ॥

jabai chitaa par baiThee jai ||

ਚਹੂੰ ਓਰ ਦਿਯ ਆਗਿ ਲਗਾਇ ॥੫॥

chahoo(n) or dhiy aag lagai ||5||

ਚਾਰੋ ਦਿਸਾ ਅਗਨਿ ਜਬ ਲਾਗੀ ॥

chaaro dhisaa agan jab laagee ||

ਤਬ ਹੀ ਉਤਰਿ ਚਿਤਾ ਤੈ ਭਾਗੀ ॥

tab hee utar chitaa tai bhaagee ||

ਲੋਗਨ ਚਰਿਤ ਕ੍ਰਿਯਾ ਨਹਿ ਜਾਨੀ ॥

logan charit kirayaa neh jaanee ||

ਦੀਨੀ ਤਿਸੀ ਚੰਡਾਰਹਿ ਰਾਨੀ ॥੬॥

dheenee tisee cha(n)ddaareh raanee ||6||

ਯੌ ਛਲਿ ਛੈਲ ਚਿਕਨਿਸਨ ਗਈ ॥

yau chhal chhail chikanisan giee ||

ਕਿਨੂੰ ਨ ਬਾਤ ਤਾਹਿ ਲਖਿ ਲਈ ॥

kinoo(n) na baat taeh lakh liee ||

ਨਾਰਿ ਅਧਿਕ ਮਨ ਹਰਖ ਬਢਾਯੋ ॥

naar adhik man harakh baddaayo ||

ਚਾਹਤ ਹੁਤੀ ਸੋਇ ਪਤਿ ਪਾਯੋ ॥੭॥

chaahat hutee soi pat paayo ||7||

ਤਬ ਤੇ ਆਜੁ ਲਗੇ ਉਹ ਦੇਸਾ ॥

tab te aaj lage uh dhesaa ||

ਮਾਰਤ ਤ੍ਰਿਯ ਕੌ ਪ੍ਰਥਮ ਨਰੇਸਾ ॥

maarat tiray kau pratham naresaa ||

ਕਠ ਤਰੇ ਕਰਿ ਜਾਹਿ ਜਰਾਵਤ ॥

kaTh tare kar jaeh jaraavat ||

ਭਾਖਿ ਸਕਤਿ ਨਹਿ ਬਾਤ ਲਜਾਵਤ ॥੮॥

bhaakh sakat neh baat lajaavat ||8||

ਦੋਹਰਾ ॥

dhoharaa ||

ਤਿਹ ਰਾਨੀ ਕੇ ਪੁਤ੍ਰ ਤਬ ਰਾਜ ਕਰਾ ਤਿਹ ਠਾਵ ॥

teh raanee ke putr tab raaj karaa teh Thaav ||

ਆਜੁ ਲਗੇ ਚੰਡਾਲਿਯੈ ਭਾਖਤ ਤਿਨ ਕੋ ਨਾਵ ॥੯॥

aaj lage cha(n)ddaaliyai bhaakhat tin ko naav ||9||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੪॥੬੩੯੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau chauataalees charitr samaapatam sat subham sat

||344||6396||afajoo(n)||

ਚੌਪਈ ॥

chauapiee ||

ਦੌਲਾ ਕੀ ਗੁਜਰਾਤਿ ਬਸਤ ਜਹ ॥

dhaualaa kee gujaraat basat jeh ||

ਅਮਰ ਸਿੰਘ ਇਕ ਹੁਤਾ ਨ੍ਰਿਪਤਿ ਤਹ ॥

amar si(n)gh ik hutaa nirapat teh ||

ਅੰਗਨਾ ਦੇ ਰਾਨੀ ਤਿਹ ਰਾਜੈ ॥

a(n)ganaa dhe raanee teh raajai ||

ਨਿਰਖਿ ਦਿਵੰਗਨਨ ਕੋ ਮਨ ਲਾਜੈ ॥੧॥

nirakh dhiva(n)ganan ko man laajai ||1||

ਰਾਜਾ ਅਧਿਕ ਪੀਰ ਕਹ ਮਾਨੈ ॥

raajaa adhik peer keh maanai ||

ਭਲੀ ਬੁਰੀ ਜੜ ਬਾਤ ਨ ਜਾਨੈ ॥

bhalee buree jaR baat na jaanai ||

ਤਹਾ ਸੁਬਰਨ ਸਿੰਘ ਇਕ ਛਤ੍ਰੀ ॥

tahaa subaran si(n)gh ik chhatree ||

ਰੂਪਵਾਨ ਧਨਵਾਨ ਧਰਤ੍ਰੀ ॥੨॥

roopavaan dhanavaan dharatree ||2||

ਸੁੰਦਰ ਅਧਿਕ ਹੁਤੋ ਖਤਿਰੇਟਾ ॥

su(n)dhar adhik huto khatireTaa ||

ਜਨੁਕ ਰੂਪ ਸੌ ਸਕਲ ਲਪੇਟਾ ॥

januk roop sau sakal lapeTaa ||

ਜਬ ਤੇ ਨਿਰਖਿ ਨਾਰਿ ਤਿਹ ਗਈ ॥

jab te nirakh naar teh giee ||

ਸੁਧਿ ਬੁਧਿ ਛਾਡਿ ਦਿਵਾਨੀ ਭਈ ॥੩॥

sudh budh chhaadd dhivaanee bhiee ||3||

ਤਾ ਸੰਗ ਨੇਹ ਸਜਾ ਰੁਚਿ ਮਾਨ ॥

taa sa(n)g neh sajaa ruch maan ||

ਜਾਨਿ ਬੂਝਿ ਹ੍ਵੈ ਗਈ ਅਜਾਨ ॥

jaan boojh havai giee ajaan ||

ਦਈ ਸਹਚਰੀ ਤਹਿਕ ਪਠਾਇ ॥

dhiee sahacharee tahik paThai ||

ਜਯੋਂ ਤਯੋਂ ਤਿਹ ਗ੍ਰਿਹ ਲਿਯਾ ਮੰਗਾਇ ॥੪॥

jayo(n) tayo(n) teh gireh liyaa ma(n)gai ||4||

ਪੋਸਤ ਭਾਗ ਅਫੀਮ ਮੰਗਾਈ ॥

posat bhaag afeem ma(n)gaiee ||

ਪਾਨਿ ਡਾਰਿ ਕਰਿ ਭਾਗ ਘੁਟਾਈ ॥

paan ddaar kar bhaag ghuTaiee ||

ਪਾਨ ਕਿਯਾ ਦੁਹੂੰ ਬੈਠਿ ਪ੍ਰਜੰਕਹਿ ॥

paan kiyaa dhuhoo(n) baiTh praja(n)keh ||

ਰਤਿ ਮਾਨੀ ਭਰਿ ਭਰਿ ਦ੍ਰਿੜ ਅੰਕਹਿ ॥੫॥

rat maanee bhar bhar dhiraR a(n)keh ||5||

ਦੋਹਰਾ ॥

dhoharaa ||

ਜਬੈ ਟਨਾਨੇ ਕੈਫ ਕੇ ਆਏ ਅਖਿਯਨ ਮਾਹਿ ॥

jabai Tanaane kaif ke aae akhiyan maeh ||

ਕਰਹਿ ਬਿਲਾਸ ਪ੍ਰਜੰਕ ਚੜਿ ਹਸਿ ਹਸਿ ਨਾਰਿ ਔ ਨਾਹਿ ॥੬॥

kareh bilaas praja(n)k chaR has has naar aau naeh ||6||

ਚੌਪਈ ॥

chauapiee ||

ਭਾਤਿ ਭਾਤਿ ਕੇ ਆਸਨ ਲੈ ਕੈ ॥

bhaat bhaat ke aasan lai kai ||

ਅਬਲਾ ਕਹ ਬਹੁ ਭਾਤਿ ਰਿਝੈ ਕੈ ॥

abalaa keh bahu bhaat rijhai kai ||

ਆਪਨ ਪਰ ਘਾਯਲ ਕਰਿ ਮਾਰੀ ॥

aapan par ghaayal kar maaree ||

ਮਦਨ ਮੋਹਨੀ ਰਾਜ ਦੁਲਾਰੀ ॥੭॥

madhan mohanee raaj dhulaaree ||7||

ਅਧਿਕ ਬਢਾਇ ਨਾਰਿ ਸੌ ਹੇਤਾ ॥

adhik baddai naar sau hetaa ||

ਇਹਿ ਬਿਧਿ ਬਾਧਤ ਭਏ ਸੰਕੇਤਾ ॥

eeh bidh baadhat bhe sa(n)ketaa ||

ਧੂੰਈ ਕਾਲਿ ਪੀਰ ਕੀ ਐਯਹੁ ॥

dhoo(n)iee kaal peer kee aaiyahu ||

ਡਾਰਿ ਭਾਗ ਹਲਵਾ ਮਹਿ ਜੈਯਹੁ ॥੮॥

ddaar bhaag halavaa meh jaiyahu ||8||

ਸੋਫੀ ਜਬੈ ਚੂਰਮਾ ਖੈ ਹੈ ॥

sofee jabai chooramaa khai hai ||

ਜੀਯਤ ਮ੍ਰਿਤਕ ਸਭੈ ਹ੍ਵੈ ਜੈ ਹੈ ॥

jeeyat mritak sabhai havai jai hai ||

ਤਹੀ ਕ੍ਰਿਪਾ ਕਰਿ ਤੁਮਹੂੰ ਐਯਹੁ ॥

tahee kirapaa kar tumahoo(n) aaiyahu ||

ਮੁਹਿ ਲੈ ਸੰਗ ਦਰਬ ਜੁਤ ਜੈਯਹੁ ॥੯॥

muh lai sa(n)g dharab jut jaiyahu ||9||

ਜਬ ਹੀ ਦਿਨ ਧੂੰਈ ਕੋ ਆਯੋ ॥

jab hee dhin dhoo(n)iee ko aayo ||

ਭਾਗਿ ਡਾਰਿ ਚੂਰਮਾ ਪਕਾਯੋ ॥

bhaag ddaar chooramaa pakaayo ||

ਸਕਲ ਮੁਰੀਦਨ ਗਈ ਖਵਾਇ ॥

sakal mureedhan giee khavai ||

ਰਾਖੇ ਮੂੜ ਮਤ ਕਰਿ ਸ੍ਵਾਇ ॥੧੦॥

raakhe mooR mat kar savaiai ||10||

ਸੋਫੀ ਭਏ ਜਬੈ ਮਤਵਾਰੇ ॥

sofee bhe jabai matavaare ||

ਪ੍ਰਿਥਮ ਦਰਬ ਹਰਿ ਬਸਤ੍ਰ ਉਤਾਰੇ ॥

piratham dharab har basatr utaare ||

ਦੁਹੂੰਅਨ ਲਿਯਾ ਦੇਸ ਕੋ ਪੰਥਾ ॥

dhuhoo(n)an liyaa dhes ko pa(n)thaa ||

ਇਹ ਬਿਧਿ ਦੈ ਸਾਜਨ ਕਹ ਸੰਥਾ ॥੧੧॥

eeh bidh dhai saajan keh sa(n)thaa ||11||

ਭਯਾ ਪ੍ਰਾਤ ਸੋਫੀ ਸਭ ਜਾਗੇ ॥

bhayaa praat sofee sabh jaage ||

ਪਗਰੀ ਬਸਤ੍ਰ ਬਿਲੋਕਨ ਲਾਗੇ ॥

pagaree basatr bilokan laage ||

ਸਰਵਰ ਕਹੈ ਕ੍ਰੋਧ ਕਿਯ ਭਾਰਾ ॥

saravar kahai krodh kiy bhaaraa ||

ਸਭਹਿਨ ਕੌ ਅਸ ਚਰਿਤ ਦਿਖਾਰਾ ॥੧੨॥

sabhahin kau as charit dhikhaaraa ||12||

ਸਭ ਜੜ ਰਹੋ ਤਹਾ ਮੁਖ ਬਾਈ ॥

sabh jaR raho tahaa mukh baiee ||

ਲਜਾ ਮਾਨ ਮੂੰਡ ਨਿਹੁਰਾਈ ॥

lajaa maan moo(n)dd nihuraiee ||

ਭੇਦ ਅਭੇਦ ਨ ਕਿਨੂੰ ਪਛਾਨਾ ॥

bhedh abhedh na kinoo(n) pachhaanaa ||

ਸਰਵਰ ਕਿਯਾ ਸੁ ਸਿਰ ਪਰ ਮਾਨਾ ॥੧੩॥

saravar kiyaa su sir par maanaa ||13||

ਦੋਹਰਾ ॥

dhoharaa ||

ਭੇਦ ਅਭੇਦ ਤ੍ਰਿਯਾਨ ਕੋ ਸਕਤ ਨ ਕੋਊ ਪਾਇ ॥

bhedh abhedh tirayaan ko sakat na kouoo pai ||

ਸਭਨ ਲਖੋ ਕੈਸੇ ਛਲਾ ਕਸ ਕਰਿ ਗਈ ਉਪਾਇ ॥੧੪॥

sabhan lakho kaise chhalaa kas kar giee upai ||14||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪੈਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੫॥੬੪੧੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau paitaalees charitr samaapatam sat subham sat

||345||6410||afajoo(n)||

ਚੌਪਈ ॥

chauapiee ||

ਸੁਨੁ ਰਾਜਾ ਇਕ ਕਹੌ ਕਬਿਤ ॥

sun raajaa ik kahau kabit ||

ਜਿਹ ਬਿਧਿ ਅਬਲਾ ਕਿਯਾ ਚਰਿਤ ॥

jeh bidh abalaa kiyaa charit ||

ਸਭਹਿਨ ਕੌ ਦਿਨ ਹੀ ਮਹਿ ਛਲਾ ॥

sabhahin kau dhin hee meh chhalaa ||

ਨਿਰਖਹੁ ਯਾ ਸੁੰਦਰਿ ਕੀ ਕਲਾ ॥੧॥

nirakhahu yaa su(n)dhar kee kalaa ||1||

ਇਸਕਾਵਤੀ ਨਗਰ ਇਕ ਸੋਹੈ ॥

eisakaavatee nagar ik sohai ||

ਇਸਕ ਸੈਨ ਰਾਜਾ ਤਹ ਕੋ ਹੈ ॥

eisak sain raajaa teh ko hai ||

ਸ੍ਰੀ ਗਜਗਾਹ ਮਤੀ ਤਿਹ ਨਾਰੀ ॥

sree gajagaeh matee teh naaree ||

ਜਾ ਸਮ ਕਹੂੰ ਨ ਰਾਜ ਕੁਮਾਰੀ ॥੨॥

jaa sam kahoo(n) na raaj kumaaree ||2||

ਇਕ ਰਣਦੂਲਹ ਸੈਨ ਨ੍ਰਿਪਤਿ ਤਿਹ ॥

eik ranadhooleh sain nirapat teh ||

ਜਾ ਸਮ ਉਪਜਾ ਦੁਤਿਯ ਨ ਮਹਿ ਮਹਿ ॥

jaa sam upajaa dhutiy na meh meh ||

ਮਹਾ ਸੂਰ ਅਰੁ ਸੁੰਦਰ ਘਨੋ ॥

mahaa soor ar su(n)dhar ghano ||

ਜਨੁ ਅਵਤਾਰ ਮਦਨ ਕੋ ਬਨੋ ॥੩॥

jan avataar madhan ko bano ||3||

ਸੋ ਨ੍ਰਿਪ ਇਕ ਦਿਨ ਚੜਾ ਸਿਕਾਰਾ ॥

so nirap ik dhin chaRaa sikaaraa ||

ਮਾਰਤ ਰੀਝ ਰੋਝ ਝੰਖਾਰਾ ॥

maarat reejh rojh jha(n)khaaraa ||

ਇਸਕਾਵਤੀ ਨਗਰ ਤਰ ਨਿਕਸਾ ॥

eisakaavatee nagar tar nikasaa ||

ਪ੍ਰਭਾ ਬਿਲੋਕਿ ਨਗਰ ਕੀ ਬਿਗਸਾ ॥੪॥

prabhaa bilok nagar kee bigasaa ||4||

ਅਸ ਸੁੰਦਰਿ ਜਿਹ ਨ੍ਰਿਪ ਕੀ ਨਗਰੀ ॥

as su(n)dhar jeh nirap kee nagaree ||

ਕਸ ਹ੍ਵੈ ਹੈ ਤਿਹ ਨਾਰਿ ਉਜਗਰੀ ॥

kas havai hai teh naar ujagaree ||

ਜਿਹ ਕਿਹ ਬਿਧਿ ਤਿਹ ਰੂਪ ਨਿਹਰਿਯੈ ॥

jeh keh bidh teh roop nihariyai ||

ਨਾਤਰ ਅਤਿਥ ਇਹੀ ਹ੍ਵੈ ਮਰਿਯੈ ॥੫॥

naatar atith ihee havai mariyai ||5||

ਬਸਤ੍ਰ ਉਤਾਰਿ ਮੇਖਲਾ ਡਾਰੀ ॥

basatr utaar mekhalaa ddaaree ||

ਭੂਖਨ ਛੋਰਿ ਭਿਭੂਤਿ ਸਵਾਰੀ ॥

bhookhan chhor bhibhoot savaaree ||

ਸਭ ਤਨ ਭੇਖ ਅਤਿਥ ਕਾ ਧਾਰਾ ॥

sabh tan bhekh atith kaa dhaaraa ||

ਆਸਨ ਆਨ ਦ੍ਵਾਰ ਤਿਹ ਮਾਰਾ ॥੬॥

aasan aan dhavaiaar teh maaraa ||6||

ਕੇਤਕ ਬਰਸ ਤਹਾ ਬਿਤਾਏ ॥

ketak baras tahaa bitaae ||

ਰਾਜ ਤਰੁਨਿ ਕੇ ਦਰਸ ਨ ਪਾਏ ॥

raaj tarun ke dharas na paae ||

ਕਿਤਕ ਦਿਨਨ ਪ੍ਰਤਿਬਿੰਬੁ ਨਿਹਾਰਾ ॥

kitak dhinan pratibi(n)b nihaaraa ||

ਚਤੁਰ ਭੇਦ ਸਭ ਗਯੋ ਬਿਚਾਰਾ ॥੭॥

chatur bhedh sabh gayo bichaaraa ||7||

ਤਰੁਨੀ ਖਰੀ ਸਦਨ ਆਨੰਦ ਭਰਿ ॥

tarunee kharee sadhan aana(n)dh bhar ||

ਜਲ ਪ੍ਰਤਿਬਿੰਬ ਪਰਾ ਤਿਹ ਸੁੰਦਰਿ ॥

jal pratibi(n)b paraa teh su(n)dhar ||

ਤਹੀ ਸੁਘਰ ਤਿਹ ਠਾਢ ਨਿਹਾਰਾ ॥

tahee sughar teh Thaadd nihaaraa ||

ਜਾਨਿ ਗਯੋ ਸਭ ਭੇਦ ਸੁਧਾਰਾ ॥੮॥

jaan gayo sabh bhedh sudhaaraa ||8||

ਤ੍ਰਿਯਹੁ ਤਾਹਿ ਪ੍ਰਤਿਬਿੰਬੁ ਲਖਾ ਜਬ ॥

tirayahu taeh pratibi(n)b lakhaa jab ||

ਇਹ ਬਿਧਿ ਕਹਾ ਚਿਤ ਭੀਤਰ ਤਬ ॥

eeh bidh kahaa chit bheetar tab ||

ਇਹੁ ਜਨਿਯਤ ਕੋਈ ਰਾਜ ਕੁਮਾਰਾ ॥

eih janiyat koiee raaj kumaaraa ||

ਪਾਰਬਤੀਸ ਅਰਿ ਕੋ ਅਵਤਾਰਾ ॥੯॥

paarabatees ar ko avataaraa ||9||

ਰਾਨੀ ਬੋਲਿ ਸੁਰੰਗਿਯਾ ਲੀਨਾ ॥

raanee bol sura(n)giyaa leenaa ||

ਅਤਿ ਹੀ ਦਰਬ ਗੁਪਤ ਤਿਹ ਦੀਨਾ ॥

at hee dharab gupat teh dheenaa ||

ਨਿਜੁ ਗ੍ਰਿਹ ਭੀਤਰਿ ਸੁਰੰਗਿ ਦਿਵਾਈ ॥

nij gireh bheetar sura(n)g dhivaiee ||

ਕਾਢੀ ਤਹੀ ਨ ਕਿਨਹੂੰ ਪਾਈ ॥੧੦॥

kaaddee tahee na kinahoo(n) paiee ||10||

ਦੋਹਰਾ ॥

dhoharaa ||

ਸਖੀ ਤਿਸੀ ਮਾਰਗ ਪਠੀ ਤਹੀ ਪਹੂੰਚੀ ਜਾਇ ॥

sakhee tisee maarag paThee tahee pahoo(n)chee jai ||

ਗਹਿ ਜਾਘਨ ਤੇ ਲੈ ਗਈ ਚਲਾ ਨ ਭੂਪ ਉਪਾਇ ॥੧੧॥

geh jaaghan te lai giee chalaa na bhoop upai ||11||

ਚੌਪਈ ॥

chauapiee ||

ਗਹਿ ਨ੍ਰਿਪ ਕੋ ਲੈ ਗਈ ਸਖੀ ਤਹ ॥

geh nirap ko lai giee sakhee teh ||

ਰਾਨੀ ਹੁਤੀ ਬਿਲੋਕਤਿ ਮਗ ਜਹ ॥

raanee hutee bilokat mag jeh ||

ਦਿਯਾ ਮਿਲਾਇ ਮਿਤ੍ਰ ਤਾ ਕੋ ਇਨ ॥

dhiyaa milai mitr taa ko in ||

ਮਨ ਮਾਨਤ ਰਤਿ ਕਰੀ ਦੁਹੂ ਤਿਨ ॥੧੨॥

man maanat rat karee dhuhoo tin ||12||

ਭਾਤਿ ਭਾਤਿ ਚੁੰਬਨ ਦੁਹੂੰ ਲੀਨੋ ॥

bhaat bhaat chu(n)ban dhuhoo(n) leeno ||

ਅਨਿਕ ਅਨਿਕ ਆਸਨ ਤ੍ਰਿਯ ਦੀਨੇ ॥

anik anik aasan tiray dheene ||

ਅਸ ਲੁਭਧਾ ਰਾਜਾ ਕੋ ਚਿਤਾ ॥

as lubhadhaa raajaa ko chitaa ||

ਜਸ ਗੁਨਿ ਜਨ ਸੁਨਿ ਸ੍ਰਵਨ ਕਬਿਤਾ ॥੧੩॥

jas gun jan sun sravan kabitaa ||13||

ਰਾਨੀ ਕਹਤ ਬਚਨ ਸੁਨੁ ਮੀਤਾ ॥

raanee kahat bachan sun meetaa ||

ਤੌ ਸੌ ਬਧਾ ਹਮਾਰਾ ਚੀਤਾ ॥

tau sau badhaa hamaaraa cheetaa ||

ਜਬ ਤੇ ਤਵ ਪ੍ਰਤਿਬਿੰਬੁ ਨਿਹਾਰਾ ॥

jab te tav pratibi(n)b nihaaraa ||

ਤਬ ਤੇ ਮਨ ਹਠ ਪਰਿਯੋ ਹਮਾਰਾ ॥੧੪॥

tab te man haTh pariyo hamaaraa ||14||

ਨਿਤਿਪ੍ਰਤਿ ਚਹੈ ਤੁਮੀ ਸੰਗ ਜਾਊ ॥

nitiprat chahai tumee sa(n)g jaauoo ||

ਮਾਤ ਪਿਤਾ ਕੀ ਕਾਨਿ ਨ ਲਜਾਊ ॥

maat pitaa kee kaan na layaauoo ||

ਅਬ ਕਿਛੁ ਅਸ ਪਿਯ ਚਰਿਤ ਬਨੈਯੈ ॥

ab kichh as piy charit banaiyai ||

ਲਾਜ ਰਹੈ ਤੋਹਿ ਪਤਿ ਪੈਯੈ ॥੧੫॥

laaj rahai toh pat paiyai ||15||

ਛੋਰਿ ਕਥਾ ਤਿਹ ਭੂਪ ਸੁਨਾਈ ॥

chhor kathaa teh bhoop sunaiee ||

ਨਿਜੁ ਨ੍ਰਿਪ ਤਾ ਕੀ ਕਥਾ ਜਤਾਈ ॥

nij nirap taa kee kathaa jataiee ||

ਮੈ ਹੌ ਰਾਸਟ੍ਰ ਦੇਸ ਕੋ ਰਾਜਾ ॥

mai hau raasaTr dhes ko raajaa ||

ਤਵ ਹਿਤ ਭੇਸ ਅਤਿਥ ਕੋ ਸਾਜਾ ॥੧੬॥

tav hit bhes atith ko saajaa ||16||

ਨੇਤ੍ਰ ਲਗੇ ਤੁਮ ਸੌ ਹਮਰੇ ਤਬ ॥

netr lage tum sau hamare tab ||

ਤਵ ਪ੍ਰਤਿਬਿੰਬੁ ਲਖੇ ਜਲ ਮਹਿ ਜਬ ॥

tav pratibi(n)b lakhe jal meh jab ||

ਤਵ ਮੁਰਿ ਜਬ ਪ੍ਰਤਿਬਿੰਬੁ ਨਿਹਾਰਾ ॥

tav mur jab pratibi(n)b nihaaraa ||

ਗਯੋ ਮਾਰਿ ਤੁਹਿ ਮਦਨ ਕਟਾਰਾ ॥੧੭॥

gayo maar tuh madhan kaTaaraa ||17||

ਮੁਹਿ ਲਖਿ ਧੀਰਜ ਨ ਤੁਮਰਾ ਰਹਾ ॥

muh lakh dheeraj na tumaraa rahaa ||

ਸੁਰੰਗਿ ਖੋਦਿ ਸਖਿਯਨ ਅਸ ਕਹਾ ॥

sura(n)g khodh sakhiyan as kahaa ||

ਸੋ ਗਹਿ ਮੁਹਿ ਗੀ ਤੀਰ ਤਿਹਾਰੀ ॥

so geh muh gee teer tihaaree ||

ਚਹਤ ਜੋ ਥੋ ਸੋ ਭਈ ਪਿਯਾਰੀ ॥੧੮॥

chahat jo tho so bhiee piyaaree ||18||

ਦੁਹੂੰ ਬੈਠ ਇਕ ਮੰਤ੍ਰ ਬਿਚਾਰਾ ॥

dhuhoo(n) baiTh ik ma(n)tr bichaaraa ||

ਮੈ ਰਾਜਾ ਲਖਿ ਗਯੋ ਰਖਵਾਰਾ ॥

mai raajaa lakh gayo rakhavaaraa ||

ਪਿਯ ਪਠਾਇ ਗ੍ਰਿਹ ਐਸ ਉਚਾਰੀ ॥

piy paThai gireh aais uchaaree ||

ਲੋਨ ਲੇਤ ਨ੍ਰਿਪ ਨਾਰ ਤਿਹਾਰੀ ॥੧੯॥

lon let nirap naar tihaaree ||19||

ਸੁਨਤ ਸ੍ਰਵਨ ਸਭ ਜਨ ਮਿਲਿ ਆਏ ॥

sunat sravan sabh jan mil aae ||

ਆਨਿ ਤਵਨ ਕਹ ਬਚਨ ਸੁਨਾਏ ॥

aan tavan keh bachan sunaae ||

ਕਿਹ ਨਿਮਿਤ ਛਾਡਤ ਹੈ ਦੇਹੀ ॥

keh nimit chhaaddat hai dhehee ||

ਸੁਨਿ ਰਾਜਾ ਕੀ ਨਾਰਿ ਸਨੇਹੀ ॥੨੦॥

sun raajaa kee naar sanehee ||20||

ਸੁਨੁ ਰਾਜਾ ਇਕ ਦਿਜ ਮਾਰਿਯੋ ਮੁਹਿ ॥

sun raajaa ik dhij maariyo muh ||

ਲੋਨ ਲੇਊਗੀ ਸਾਚ ਕਹੂੰ ਤੁਹਿ ॥

lon leuoogee saach kahoo(n) tuh ||

ਜੋ ਧਨ ਹਮਰੇ ਧਾਮ ਨਿਹਾਰਹੁ ॥

jo dhan hamare dhaam nihaarahu ||

ਸੋ ਸਭ ਗਾਡਿ ਗੋਰਿ ਮਹਿ ਡਾਰਹੁ ॥੨੧॥

so sabh gaadd gor meh ddaarahu ||21||

ਹੋਰਿ ਰਹੇ ਸਭ ਏਕ ਨ ਮਾਨੀ ॥

hor rahe sabh ek na maanee ||

ਪਰੀ ਭੋਹਰਾ ਭੀਤਰ ਰਾਨੀ ॥

paree bhoharaa bheetar raanee ||

ਆਸ ਪਾਸ ਲੈ ਲੋਨ ਬਿਥਾਰੋ ॥

aas paas lai lon bithaaro ||

ਜੋ ਧਨ ਹੁਤੋ ਗਾਡਿ ਸਭ ਡਾਰੋ ॥੨੨॥

jo dhan huto gaadd sabh ddaaro ||22||

ਸੁਰੰਗਿ ਸੁਰੰਗਿ ਰਾਨੀ ਤਹ ਆਈ ॥

sura(n)g sura(n)g raanee teh aaiee ||

ਬੈਠੇ ਜਹਾ ਮੀਤ ਸੁਖਦਾਈ ॥

baiThe jahaa meet sukhadhaiee ||

ਤਾ ਕੋ ਸੰਗ ਲੌ ਤਹੀ ਸਿਧਾਰੀ ॥

taa ko sa(n)g lau tahee sidhaaree ||

ਮੂੜ ਲੋਗ ਕਛੂ ਗਤਿ ਨ ਬਿਚਾਰੀ ॥੨੩॥

mooR log kachh gat na bichaaree ||23||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਿਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੬॥੬੪੩੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chhitaalees charitr samaapatam sat subham sat

||346||6433||afajoo(n)||

ਚੌਪਈ ॥

chauapiee ||

ਜਹ ਹਮ ਦਿਸਾ ਉਤਰਾ ਸੁਨੀ ॥

jeh ham dhisaa utaraa sunee ||

ਰਾਜਾ ਤਹਿਕ ਬਸਤ ਥੋ ਗੁਨੀ ॥

raajaa tahik basat tho gunee ||

ਕਲਗੀ ਰਾਇ ਜਾਹਿ ਜਗ ਭਾਖਤ ॥

kalagee rai jaeh jag bhaakhat ||

ਨਾਨਾ ਦੇਸ ਕਾਨਿ ਤਿਹ ਰਾਖਤ ॥੧॥

naanaa dhes kaan teh raakhat ||1||

ਮੀਤ ਮਤੀ ਤਿਹ ਨਾਰਿ ਬਿਰਾਜੈ ॥

meet matee teh naar biraajai ||

ਜਾਹਿ ਬਿਲੋਕਿ ਚੰਦ੍ਰਮਾ ਲਾਜੈ ॥

jaeh bilok cha(n)dhramaa laajai ||

ਤਾ ਕੀ ਏਕ ਲਛਿਮਿਨਿ ਦਾਸੀ ॥

taa kee ek lachhimin dhaasee ||

ਦੁਰਬਲ ਦੇਹ ਘੜੀ ਅਬਿਨਾਸੀ ॥੨॥

dhurabal dheh ghaRee abinaasee ||2||

ਤਾ ਸੌ ਨਾਰਿ ਹੇਤੁ ਅਤਿ ਮਾਨੈ ॥

taa sau naar het at maanai ||

ਮੂੜ ਨ ਰਾਨੀ ਕ੍ਰਿਆ ਪਛਾਨੈ ॥

mooR na raanee kriaa pachhaanai ||

ਗੁਪਤ ਲੇਤ ਦਾਸੀ ਸੁ ਛਿਮਾਹੀ ॥

gupat let dhaasee su chhimaahee ||

ਬੁਰੀ ਬੁਰੀ ਤਿਹ ਦੇਤ ਉਗਾਹੀ ॥੩॥

buree buree teh dhet ugaahee ||3||

ਤਿਹ ਰਾਨੀ ਅਪਨੀ ਕਰਿ ਮਾਨੈ ॥

teh raanee apanee kar maanai ||

ਮੂਰਖ ਤਾਹਿ ਜਸੂਸ ਨ ਜਾਨੈ ॥

moorakh taeh jasoos na jaanai ||

ਪਰੈ ਬਾਤ ਤਾ ਕਹ ਜੇ ਸ੍ਰਵਨਨ ॥

parai baat taa keh je sravanan ||

ਲਿਖਿ ਪਠਵੈ ਤਤਛਿਨ ਰਾਜਾ ਤਨ ॥੪॥

likh paThavai tatachhin raajaa tan ||4||

ਹੁਤੇ ਦੋਇ ਦਾਸੀ ਕੇ ਭਾਈ ॥

hute dhoi dhaasee ke bhaiee ||

ਬਿਰਧ ਦੰਤ ਕਛੁ ਕਹਾ ਨ ਜਾਈ ॥

biradh dha(n)t kachh kahaa na jaiee ||

ਸਯਾਮ ਬਰਨ ਇਕ ਦੁਤਿਯ ਕੁਰੂਪਾ ॥

sayaam baran ik dhutiy kuroopaa ||

ਆਂਖੈ ਜਾਨੁ ਸੁਰਨ ਕੇ ਕੂਪਾ ॥੫॥

aa(n)khai jaan suran ke koopaa ||5||

ਬਗਲ ਗੰਧਿ ਤਿਨ ਤੇ ਅਤਿ ਆਵੈ ॥

bagal ga(n)dh tin te at aavai ||

ਬੈਠਨ ਨਿਕਟ ਨ ਕੋਈ ਪਾਵੈ ॥

baiThan nikaT na koiee paavai ||

ਚੇਰੀ ਭ੍ਰਾਤ ਜਾਨਿ ਹਿਤ ਮਾਨੈ ॥

cheree bhraat jaan hit maanai ||

ਮੂੜ ਨਾਰਿ ਕਛੁ ਕ੍ਰਿਯਾ ਨ ਜਾਨੈ ॥੬॥

mooR naar kachh kirayaa na jaanai ||6||

ਤਹ ਇਕ ਹੁਤੀ ਜਾਟਿ ਕੀ ਨਾਰ ॥

teh ik hutee jaaT kee naar ||

ਮੈਨ ਕਹਤ ਤਿਹ ਨਾਮ ਉਚਾਰ ॥

main kahat teh naam uchaar ||

ਜਉ ਤਿਹ ਨਾਮ ਚੇਰਿ ਸੁਨਿ ਪਾਵੇ ॥

jau teh naam cher sun paave ||

ਤਹ ਤੇ ਤਾਹਿ ਟੂਕਰਾ ਜਾਵੇ ॥੭॥

teh te taeh Tookaraa jaave ||7||

ਤਿਨ ਇਸਤ੍ਰੀ ਇਹ ਭਾਤਿ ਬਿਚਾਰੀ ॥

tin isatree ieh bhaat bichaaree ||

ਦਾਸੀ ਮੂੜ ਹ੍ਰਿਦੈ ਮਹਿ ਧਾਰੀ ॥

dhaasee mooR hiradhai meh dhaaree ||

ਭਾਇ ਖਰਚੁ ਕਛੁ ਮਾਗਤ ਤੇਰੇ ॥

bhai kharach kachh maagat tere ||

ਗੁਹਜ ਪਠੈਯੈ ਕਰਿ ਕਰਿ ਮੇਰੇ ॥੮॥

guhaj paThaiyai kar kar mere ||8||

ਤਬ ਚੇਰੀ ਐਸੋ ਤਨ ਕਿਯੋ ॥

tab cheree aaiso tan kiyo ||

ਡਾਰਿ ਦਰਬ ਭੋਜਨ ਮਹਿ ਦਿਯੋ ॥

ddaar dharab bhojan meh dhiyo ||

ਭਾਇ ਨਿਮਿਤ ਖਰਚੀ ਪਠ ਦਈ ॥

bhai nimit kharachee paTh dhiee ||

ਸੋ ਲੈ ਨਾਰਿ ਦਰਬੁ ਘਰ ਗਈ ॥੯॥

so lai naar dharab ghar giee ||9||

ਆਧੋ ਧਨ ਤਿਹ ਭ੍ਰਾਤਨ ਦੀਨਾ ॥

aadho dhan teh bhraatan dheenaa ||

ਆਧੋ ਕਾਢਿ ਆਪਿ ਤ੍ਰਿਯ ਲੀਨਾ ॥

aadho kaadd aap tiray leenaa ||

ਮੂਰਖ ਚੇਰੀ ਭੇਦ ਨ ਪਾਵੈ ॥

moorakh cheree bhedh na paavai ||

ਇਹ ਚਰਿਤ੍ਰ ਤਨ ਮੂੰਡ ਮੁੰਡਾਵੈ ॥੧੦॥

eeh charitr tan moo(n)dd mu(n)ddaavai ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸੰਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੭॥੬੪੪੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau sa(n)taalees charitr samaapatam sat subham sat

||347||6443||afajoo(n)||

ਚੌਪਈ ॥

chauapiee ||

ਗੌਰਿਪਾਲ ਇਕ ਸੁਨਾ ਨਰੇਸਾ ॥

gauaripaal ik sunaa naresaa ||

ਮਾਨਤ ਆਨਿ ਸਕਲ ਤਿਹ ਦੇਸਾ ॥

maanat aan sakal teh dhesaa ||

ਗੌਰਾ ਦੇਈ ਨਾਰਿ ਤਿਹ ਸੋਹੈ ॥

gauaraa dheiee naar teh sohai ||

ਗੌਰਾਵਤੀ ਨਗਰ ਤਿਹ ਕੋ ਹੈ ॥੧॥

gauaraavatee nagar teh ko hai ||1||

ਤਾ ਕੀ ਤ੍ਰਿਯਾ ਨੀਚ ਸੇਤੀ ਰਤਿ ॥

taa kee tirayaa neech setee rat ||

ਭਲੀ ਬੁਰੀ ਜਾਨਤ ਨ ਮੂੜ ਮਤਿ ॥

bhalee buree jaanat na mooR mat ||

ਇਕ ਦਿਨ ਭੇਦ ਭੂਪ ਲਖਿ ਲਯੋ ॥

eik dhin bhedh bhoop lakh layo ||

ਤ੍ਰਾਸਿਤ ਜਾਰੁ ਤੁਰਤੁ ਭਜਿ ਗਯੋ ॥੨॥

traasit jaar turat bhaj gayo ||2||

ਗੌਰਾ ਦੇ ਇਕ ਚਰਿਤ ਬਨਾਯੋ ॥

gauaraa dhe ik charit banaayo ||

ਲਿਖਾ ਏਕ ਲਿਖਿ ਤਹਾ ਪਠਾਯੋ ॥

likhaa ek likh tahaa paThaayo ||

ਇਕ ਰਾਜਾ ਕੀ ਜਾਨ ਸੁਰੀਤਾ ॥

eik raajaa kee jaan sureetaa ||

ਸੋ ਤਾ ਕੌ ਠਹਰਾਯੋ ਮੀਤਾ ॥੩॥

so taa kau Thaharaayo meetaa ||3||

ਤਿਸੁ ਮੁਖ ਤੇ ਲਿਖਿ ਲਿਖਾ ਪਠਾਈ ॥

tis mukh te likh likhaa paThaiee ||

ਜਹਾ ਹੁਤੇ ਅਪਨੇ ਸੁਖਦਾਈ ॥

jahaa hute apane sukhadhaiee ||

ਕੋ ਦਿਨ ਰਮਤ ਈਹਾ ਤੇ ਰਹਨਾ ॥

ko dhin ramat ieehaa te rahanaa ||

ਦੈ ਕਰਿ ਪਠਿਵਹੁ ਹਮਰਾ ਲਹਨਾ ॥੪॥

dhai kar paThivahu hamaraa lahanaa ||4||

ਸੋ ਪਤ੍ਰੀ ਨ੍ਰਿਪ ਕੇ ਕਰ ਆਈ ॥

so patree nirap ke kar aaiee ||

ਜਾਨੀ ਮੋਰਿ ਸੁਰੀਤਿ ਪਠਾਈ ॥

jaanee mor sureet paThaiee ||

ਜੜ ਨਿਜੁ ਤ੍ਰਿਯ ਕੋ ਭੇਦ ਨ ਪਾਯੋ ॥

jaR nij tiray ko bhedh na paayo ||

ਨੇਹ ਤਯਾਗ ਤਿਹ ਸਾਥ ਗਵਾਯੋ ॥੫॥

neh tayaag teh saath gavaayo ||5||

ਸੁਘਰ ਹੁਤੌ ਤੌ ਭੇਵ ਪਛਾਨਤ ॥

sughar hutau tau bhev pachhaanat ||

ਤ੍ਰਿਯ ਕੀ ਘਾਤ ਸਤਿ ਕਰਿ ਜਾਨਤ ॥

tiray kee ghaat sat kar jaanat ||

ਮੂੜ ਰਾਵ ਕਛੁ ਕ੍ਰਿਯਾ ਨ ਜਾਨੀ ॥

mooR raav kachh kirayaa na jaanee ||

ਇਹ ਬਿਧਿ ਮੂੰਡ ਮੂੰਡਿ ਗੀ ਰਾਨੀ ॥੬॥

eeh bidh moo(n)dd moo(n)dd gee raanee ||6||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਤਾਲੀਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੮॥੬੪੪੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau aThataalees charitr samaapatam sat subham sat

||348||6449||afajoo(n)||

ਚੌਪਈ ॥

chauapiee ||

ਸੁਨੁ ਰਾਜਾ ਇਕ ਕਥਾ ਪ੍ਰਕਾਸੌਂ ॥

sun raajaa ik kathaa prakaasau ||

ਤੁਮਰੇ ਜਿਯ ਕਾ ਭਰਮ ਬਿਨਾਸੌਂ ॥

tumare jiy kaa bharam binaasau ||

ਉਗ੍ਰਦਤ ਇਕ ਸੁਨਿਯਤ ਰਾਜਾ ॥

augradhat ik suniyat raajaa ||

ਉਗ੍ਰਾਵਤੀ ਨਗਰ ਜਿਹ ਛਾਜਾ ॥੧॥

augraavatee nagar jeh chhaajaa ||1||

ਉਗ੍ਰ ਦੇਇ ਤਿਹ ਧਾਮ ਦੁਲਾਰੀ ॥

augr dhei teh dhaam dhulaaree ||

ਬ੍ਰਹਮਾ ਬਿਸਨ ਸਿਵ ਤਿਹੂੰ ਸਵਾਰੀ ॥

brahamaa bisan siv tihoo(n) savaaree ||

ਅਵਰਿ ਨ ਅਸਿ ਕੋਈ ਨਾਰਿ ਬਨਾਈ ॥

avar na as koiee naar banaiee ||

ਜੈਸੀ ਯਹ ਰਾਜਾ ਕੀ ਜਾਈ ॥੨॥

jaisee yeh raajaa kee jaiee ||2||

ਅਜਬ ਰਾਇ ਇਕ ਤਹ ਖਤਿਰੇਟਾ ॥

ajab rai ik teh khatireTaa ||

ਇਸਕ ਮੁਸਕ ਕੇ ਸਾਥ ਲਪੇਟਾ ॥

eisak musak ke saath lapeTaa ||

ਰਾਜ ਸੁਤਾ ਜਬ ਤਿਹ ਲਖਿ ਪਾਯੋ ॥

raaj sutaa jab teh lakh paayo ||

ਪਠੈ ਸਹਚਰੀ ਪਕਰਿ ਮੰਗਾਯੋ ॥੩॥

paThai sahacharee pakar ma(n)gaayo ||3||

ਕਾਮ ਭੋਗ ਮਾਨਾ ਤਿਹ ਸੰਗਾ ॥

kaam bhog maanaa teh sa(n)gaa ||

ਲਪਟਿ ਲਪਟਿ ਤਾ ਕੇ ਤਰ ਅੰਗਾ ॥

lapaT lapaT taa ke tar a(n)gaa ||

ਇਕ ਛਿਨ ਛੈਲ ਨ ਛੋਰਾ ਭਾਵੈ ॥

eik chhin chhail na chhoraa bhaavai ||

ਮਾਤ ਪਿਤਾ ਤੇ ਅਧਿਕ ਡਰਾਵੈ ॥੪॥

maat pitaa te adhik ddaraavai ||4||

ਇਕ ਦਿਨ ਕਰੀ ਸਭਨ ਮਿਜਮਾਨੀ ॥

eik dhin karee sabhan mijamaanee ||

ਸੰਬਲ ਖਾਰ ਡਾਰਿ ਕਰਿ ਸਜਾਨੀ ॥

sa(n)bal khaar ddaar kar sayaanee ||

ਰਾਜਾ ਰਾਨੀ ਸਹਿਤ ਬੁਲਾਏ ॥

raajaa raanee sahit bulaae ||

ਦੇ ਦੋਊ ਬਿਖਿ ਸ੍ਵਰਗ ਪਠਾਏ ॥੫॥

dhe dhouoo bikh savairag paThaae ||5||

ਆਪੁ ਸਭਨ ਪ੍ਰਤਿ ਐਸ ਉਚਾਰਾ ॥

aap sabhan prat aais uchaaraa ||

ਬਰ ਦੀਨਾ ਮੁਹਿ ਕਹ ਤ੍ਰਿਪੁਰਾਰਾ ॥

bar dheenaa muh keh tirapuraaraa ||

ਰਾਨੀ ਸਹਿਤ ਨਰਾਧਿਪ ਘਾਏ ॥

raanee sahit naraadhip ghaae ||

ਮੁਰ ਨਰ ਕੇ ਸਭ ਅੰਗ ਬਨਾਏ ॥੬॥

mur nar ke sabh a(n)g banaae ||6||

ਅਧਿਕ ਮਯਾ ਮੋ ਪਰ ਸਿਵ ਕੀਨੀ ॥

adhik mayaa mo par siv keenee ||

ਰਾਜ ਸਮਗ੍ਰੀ ਸਭ ਮੁਹਿ ਦੀਨੀ ॥

raaj samagree sabh muh dheenee ||

ਭੇਦ ਅਭੇਦ ਨ ਕਾਹੂ ਪਾਯੋ ॥

bhedh abhedh na kaahoo paayo ||

ਸੀਸ ਸੁਤਾ ਕੇ ਛਤ੍ਰ ਫਿਰਾਯੋ ॥੭॥

sees sutaa ke chhatr firaayo ||7||

ਕਿਤਕ ਦਿਵਸ ਇਹ ਭਾਤਿ ਬਿਤਾਈ ॥

kitak dhivas ieh bhaat bitaiee ||

ਰੋਮ ਮਿਤ੍ਰ ਕੇ ਦੂਰ ਕਰਾਈ ॥

rom mitr ke dhoor karaiee ||

ਤ੍ਰਿਯ ਕੇ ਬਸਤ੍ਰ ਸਗਲ ਦੈ ਵਾ ਕੌਂ ॥

tiray ke basatr sagal dhai vaa kau ||

ਬਰ ਆਨ੍ਯੋ ਇਸਤ੍ਰੀ ਕਰਿ ਤਾ ਕੌ ॥੮॥

bar aanrayo isatree kar taa kau ||8||

ਦੋਹਰਾ ॥

dhoharaa ||

ਮਾਤ ਪਿਤਾ ਹਨਿ ਪੁਰਖ ਬਨ ਬਰਿਯੋ ਮਿਤ੍ਰ ਤ੍ਰਿਯ ਸੋਇ ॥

maat pitaa han purakh ban bariyo mitr tiray soi ||

ਰਾਜ ਕਰਾ ਇਹ ਛਲ ਭਏ ਭੇਦ ਨ ਪਾਵਤ ਕੋਇ ॥੯॥

raaj karaa ieh chhal bhe bhedh na paavat koi ||9||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਚਾਸ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੪੯॥੬੪੫੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau unachaas charitr samaapatam sat subham sat

||349||6458||afajoo(n)||

ਚੌਪਈ ॥

chauapiee ||

ਸੁਜਨਾਵਤੀ ਨਗਰ ਇਕ ਪੂਰਬ ॥

sujanaavatee nagar ik poorab ||

ਸਭ ਸਹਿਰਨ ਤੇ ਹੁਤੋ ਅਪੂਰਬ ॥

sabh sahiran te huto apoorab ||

ਸਿੰਘ ਸੁਜਾਨ ਤਹਾ ਕੋ ਰਾਜਾ ॥

si(n)gh sujaan tahaa ko raajaa ||

ਜਿਹ ਸਮ ਬਿਧ ਨੈ ਔਰ ਨ ਸਾਜਾ ॥੧॥

jeh sam bidh nai aauar na saajaa ||1||

ਸ੍ਰੀ ਨਵਜੋਬਨ ਦੇ ਤਿਹ ਨਾਰੀ ॥

sree navajoban dhe teh naaree ||

ਘੜੀ ਨ ਜਿਹ ਸੀ ਬ੍ਰਹਮ ਕੁਮਾਰੀ ॥

ghaRee na jeh see braham kumaaree ||

ਜੋ ਅਬਲਾ ਤਿਹ ਰੂਪ ਨਿਹਾਰੈ ॥

jo abalaa teh roop nihaarai ||

ਮਨ ਕ੍ਰਮ ਬਚ ਇਹ ਭਾਤਿ ਉਚਾਰੈ ॥੨॥

man kram bach ieh bhaat uchaarai ||2||

ਇੰਦ੍ਰ ਧਾਮ ਹੈ ਐਸ ਨ ਨਾਰੀ ॥

ei(n)dhr dhaam hai aais na naaree ||

ਜੈਸੀ ਨ੍ਰਿਪ ਕੀ ਨਾਰਿ ਨਿਹਾਰੀ ॥

jaisee nirap kee naar nihaaree ||

ਅਸ ਸੁੰਦਰ ਇਕ ਸਾਹ ਸਪੂਤਾ ॥

as su(n)dhar ik saeh sapootaa ||

ਜਿਹ ਲਖਿ ਪ੍ਰਭਾ ਲਜਤ ਪੁਰਹੂਤਾ ॥੩॥

jeh lakh prabhaa lajat purahootaa ||3||

ਯਹ ਧੁਨਿ ਪਰੀ ਤਰੁਨਿ ਕੇ ਕਾਨਨ ॥

yeh dhun paree tarun ke kaanan ||

ਤਬ ਤੇ ਲਗੀ ਚਟਪਟੀ ਭਾਮਨਿ ॥

tab te lagee chaTapaTee bhaaman ||

ਜਤਨ ਕਵਨ ਮੈ ਆਜੁ ਸੁ ਧਾਰੂੰ ॥

jatan kavan mai aaju su dhaaroo(n) ||

ਉਹਿ ਸੁੰਦਰ ਕਹ ਨੈਨ ਨਿਹਾਰੂੰ ॥੪॥

auh su(n)dhar keh nain nihaaroo(n) ||4||

ਨਗਰ ਢੰਢੋਰਾ ਨਾਰਿ ਫਿਰਾਯੋ ॥

nagar dda(n)ddoraa naar firaayo ||

ਸਭਹਿਨ ਕਹ ਇਹ ਭਾਤਿ ਸੁਨਾਯੋ ॥

sabhahin keh ieh bhaat sunaayo ||

ਊਚ ਨੀਚ ਕੋਈ ਰਹੈ ਨ ਪਾਵੈ ॥

uooch neech koiee rahai na paavai ||

ਪ੍ਰਾਤਕਾਲ ਭੋਜਨ ਸਭ ਖਾਵੈ ॥੫॥

praatakaal bhojan sabh khaavai ||5||

ਰਾਜਹਿ ਬਾਤ ਕਛੂ ਨਹਿ ਜਾਨੀ ॥

raajeh baat kachhoo neh jaanee ||

ਨਿਵਤਾ ਦਿਯੋ ਲਖਿਯੋ ਤ੍ਰਿਯ ਮਾਨੀ ॥

nivataa dhiyo lakhiyo tiray maanee ||

ਭਾਤਿ ਭਾਤਿ ਪਕਵਾਨ ਪਕਾਏ ॥

bhaat bhaat pakavaan pakaae ||

ਊਚ ਨੀਚ ਸਭ ਨਿਵਤਿ ਬੁਲਾਏ ॥੬॥

uooch neech sabh nivat bulaae ||6||

ਭੋਜਨ ਖਾਨ ਜਨਾਵਹਿ ਬਿਗਸਹਿ ॥

bhojan khaan janaaveh bigaseh ||

ਤ੍ਰਿਯ ਕੀ ਦ੍ਰਿਸਟਿ ਤਰੇ ਹ੍ਵੈ ਨਿਕਸਹਿ ॥

tiray kee dhirasaT tare havai nikaseh ||

ਐਂਠੀ ਰਾਇ ਜਬਾਯੋ ਤਹਾ ॥

aai(n)Thee rai jabaayo tahaa ||

ਬੈਠਿ ਝਰੋਖੇ ਰਾਨੀ ਜਹਾ ॥੭॥

baiTh jharokhe raanee jahaa ||7||

ਰਾਨੀ ਨਿਰਖਿ ਚੀਨ ਤਿਹ ਗਈ ॥

raanee nirakh cheen teh giee ||

ਬਹੁ ਬਿਧਿ ਤਾਹਿ ਸਰਾਹਤ ਭਈ ॥

bahu bidh taeh saraahat bhiee ||

ਧੰਨਿ ਧੰਨਿ ਮੁਖ ਤੇ ਬਹੁਰਿ ਉਚਾਰਾ ॥

dha(n)n dha(n)n mukh te bahur uchaaraa ||

ਜਿਨ ਕਰਤੈ ਇਹ ਕੁਅਰ ਸਵਾਰਾ ॥੮॥

jin karatai ieh kuar savaaraa ||8||

ਲੀਨਾ ਸਖੀ ਪਠਾਇ ਤਿਸੈ ਘਰਿ ॥

leenaa sakhee paThai tisai ghar ||

ਕਾਮ ਭੋਗ ਕਿਯ ਲਪਟਿ ਲਪਟਿ ਕਰਿ ॥

kaam bhog kiy lapaT lapaT kar ||

ਏਕ ਤਰੁਨ ਅਰੁ ਭਾਗ ਚੜਾਈ ॥

ek tarun ar bhaag chaRaiee ||

ਚਾਰ ਪਹਰਿ ਨਿਸਿ ਨਾਰਿ ਬਜਾਈ ॥੯॥

chaar pahar nis naar bajaiee ||9||

ਐਂਠੀ ਸੌ ਬਧਿ ਗਯੋ ਸਨੇਹਾ ॥

aai(n)Thee sau badh gayo sanehaa ||

ਜੋ ਮੁਹਿ ਕਹੇ ਨ ਆਵਤ ਨੇਹਾ ॥

jo muh kahe na aavat nehaa ||

ਭੇਦ ਸਿਖੈ ਤਿਹ ਧਾਮ ਪਠਾਯੋ ॥

bhedh sikhai teh dhaam paThaayo ||

ਆਧੀ ਰੈਨਿ ਨਰੇਸਹਿ ਘਾਯੋ ॥੧੦॥

aadhee rain nareseh ghaayo ||10||

ਪ੍ਰਾਤਿ ਚਲੀ ਜਰਬੇ ਕੇ ਕਾਜਾ ॥

praat chalee jarabe ke kaajaa ||

ਦਰਬੁ ਲੁਟਾਵਤ ਨਾਰਿ ਨ੍ਰਿਲਾਜਾ ॥

dharab luTaavat naar niralaajaa ||

ਦ੍ਰਿਸਟ ਬੰਧੁ ਸਭ ਕੀ ਅਸਿ ਕਰੀ ॥

dhirasaT ba(n)dh sabh kee as karee ||

ਸਭਹੂੰ ਲਖਾ ਅਬਲਾ ਜਰਿ ਮਰੀ ॥੧੧॥

sabhahoo(n) lakhaa abalaa jar maree ||11||

ਨਿਕਸਿ ਜਾਰਿ ਸੰਗ ਆਪੁ ਸਿਧਾਰੀ ॥

nikas jaar sa(n)g aap sidhaaree ||

ਭੇਦ ਨ ਲਖੈ ਪੁਰਖ ਅਰੁ ਨਾਰੀ ॥

bhedh na lakhai purakh ar naaree ||

ਦ੍ਰਿਸਟਿ ਬੰਦ ਕਰਤ ਅਸ ਭਈ ॥

dhirasaT ba(n)dh karat as bhiee ||

ਮੂੰਡਿ ਮੂੰਡਿ ਸਭਹਿਨ ਕੋ ਗਈ ॥੧੨॥

moo(n)dd moo(n)dd sabhahin ko giee ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪਚਾਸਵੋ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੫੦॥੬੪੭੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau pachaasavo charitr samaapatam sat subham sat

||350||6470||afajoo(n)||

ਚੌਪਈ ॥

chauapiee ||

ਸੁਨੋ ਭੂਪ ਇਕ ਕਹੌ ਕਹਾਨੀ ॥

suno bhoop ik kahau kahaanee ||

ਕਿਨਹੂੰ ਸੁਨੀ ਨ ਆਗੇ ਜਾਨੀ ॥

kinahoo(n) sunee na aage jaanee ||

ਭੂਪ ਸੁ ਬਸਤ੍ਰ ਸੈਨ ਇਕ ਸੋਹੈ ॥

bhoop su basatr sain ik sohai ||

ਤਾ ਕੇ ਸਮ ਨ ਨਰਾਧਿਪ ਕੋ ਹੈ ॥੧॥

taa ke sam na naraadhip ko hai ||1||

ਧਾਮ ਸੁ ਬਸਤ੍ਰ ਮਤੀ ਤਿਹ ਨਾਰੀ ॥

dhaam su basatr matee teh naaree ||

ਬਸਤ੍ਰਾਵਤੀ ਨਗਰ ਉਜਿਯਾਰੀ ॥

basatraavatee nagar ujiyaaree ||

ਅਵਲ ਚੰਦ ਤਿਹ ਠਾ ਇਕ ਰਾਵਤ ॥

aval cha(n)dh teh Thaa ik raavat ||

ਰਾਨੀ ਸੁਨਾ ਏਕ ਦਿਨ ਗਾਵਤ ॥੨॥

raanee sunaa ek dhin gaavat ||2||

ਬਧਿ ਗਯੋ ਤਾ ਸੌ ਐਸ ਸਨੇਹਾ ॥

badh gayo taa sau aais sanehaa ||

ਜਸ ਸਾਵਨ ਕੋ ਬਰਸਤ ਮੇਹਾ ॥

jas saavan ko barasat mehaa ||

ਏਕ ਜਤਨ ਤਿਨ ਨਾਰਿ ਬਨਾਯੋ ॥

ek jatan tin naar banaayo ||

ਪਠੈ ਸਖੀ ਤਿਹ ਬੋਲਿ ਪਠਾਯੋ ॥੩॥

paThai sakhee teh bol paThaayo ||3||

ਕਾਮ ਭੋਗ ਤਾ ਸੌ ਦ੍ਰਿੜ ਕੀਨਾ ॥

kaam bhog taa sau dhiraR keenaa ||

ਭਾਤਿ ਭਾਤਿ ਪਿਯ ਕੋ ਰਸ ਲੀਨਾ ॥

bhaat bhaat piy ko ras leenaa ||

ਰਾਜ ਪਾਟ ਸਭ ਹੀ ਸੁ ਬਿਸਾਰਿਯੋ ॥

raj paaT sabh hee su bisaariyo ||

ਤਾ ਕੇ ਹਾਥ ਬੇਚਿ ਜੀਯ ਡਾਰਿਯੋ ॥੪॥

taa ke haath bech jeey ddaariyo ||4||

ਸਭ ਅਤੀਤ ਗ੍ਰਿਹਿ ਨਿਵਤਿ ਪਠਾਏ ॥

sabh ateet gireh nivat paThaae ||

ਬਸਤ੍ਰ ਭਗੌਹੈ ਤਿਸ ਪਹਿਰਾਏ ॥

basatr bhagauahai tis pahiraae ||

ਆਪਹੁ ਬਸਤ੍ਰ ਭਗੌਹੇ ਧਰਿ ਕੈ ॥

aapahu basatr bhagauahe dhar kai ||

ਜਾਤ ਭਈ ਤਿਹ ਸਾਥ ਨਿਕਰਿ ਕੈ ॥੫॥

jaat bhiee teh saath nikar kai ||5||

ਚੋਬਦਾਰ ਕਿਨਹੂੰ ਨ ਹਟਾਈ ॥

chobadhaar kinahoo(n) na haTaiee ||

ਸਭਹਿਨ ਕਰਿ ਜੋਗੀ ਠਹਰਾਈ ॥

sabhahin kar jogee Thaharaiee ||

ਜਬ ਵਹੁ ਜਾਤ ਕੋਸ ਬਹੁ ਭਈ ॥

jab vahu jaat kos bahu bhiee ||

ਤਬ ਰਾਜੈ ਪਾਛੇ ਸੁਧ ਲਈ ॥੬॥

tab raajai paachhe sudh liee ||6||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕ੍ਯਾਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੫੧॥੬੪੭੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau ikrayaavan charitr samaapatam sat subham sat

||351||6476||afajoo(n)||

ਚੌਪਈ ॥

chauapiee ||

ਇਸਕ ਤੰਬੋਲ ਸਹਿਰ ਜਹ ਸੋਹੈ ॥

eisak ta(n)bol sahir jeh sohai ||

ਇਸਕ ਤੰਬੋਲ ਨਰਿਸ ਤਹ ਕੋ ਹੈ ॥

eisak ta(n)bol naris teh ko hai ||

ਇਸਕਪੇਚ ਦੇ ਤਾ ਕੀ ਰਾਨੀ ॥

eisakapech dhe taa kee raanee ||

ਸੁੰਦਰਿ ਦੇਸ ਦੇਸ ਮਹਿ ਜਾਨੀ ॥੧॥

su(n)dhar dhes dhes meh jaanee ||1||

ਕਾਜੀ ਬਸਤ ਏਕ ਤਹ ਭਾਰੋ ॥

kaajee basat ek teh bhaaro ||

ਆਰਫ ਦੀਨ ਨਾਮ ਉਜਿਯਾਰੋ ॥

aaraf dheen naam ujiyaaro ||

ਸੁਤਾ ਜੇਬਤੁਲ ਨਿਸਾ ਤਵਨ ਕੀ ॥

sutaa jebatul nisaa tavan kee ||

ਸਸਿ ਕੀ ਸੀ ਦੁਤਿ ਲਗਤ ਜਵਨ ਕੀ ॥੨॥

sas kee see dhut lagat javan kee ||2||

ਤਹ ਗੁਲਜਾਰ ਰਾਇ ਇਕ ਨਾਮਾ ॥

teh gulajaar rai ik naamaa ||

ਥਕਿਤ ਰਹਤ ਨਿਰਖਤ ਜਿਹ ਬਾਮਾ ॥

thakit rahat nirakhat jeh baamaa ||

ਸੋ ਕਾਜੀ ਕੀ ਸੁਤਾ ਨਿਹਾਰਾ ॥

so kaajee kee sutaa nihaaraa ||

ਮਦਨ ਬਾਨ ਤਹ ਤਾਹਿ ਪ੍ਰਹਾਰਾ ॥੩॥

madhan baan teh taeh prahaaraa ||3||

ਹਿਤੂ ਜਾਨਿ ਇਕ ਸਖੀ ਬੁਲਾਈ ॥

hitoo jaan ik sakhee bulaiee ||

ਤਾ ਕਹ ਕਹਾ ਭੇਦ ਸਮਝਾਈ ॥

taa keh kahaa bhedh samajhaiee ||

ਜੌ ਤਾ ਕਹ ਤੈ ਮੋਹਿ ਮਿਲਾਵੈਂ ॥

jau taa keh tai moh milaavai(n) ||

ਮੁਖ ਮਾਗੈ ਸੋਈ ਬਰੁ ਪਾਵੈਂ ॥੪॥

mukh maagai soiee bar paavai(n) ||4||

ਸਖੀ ਗਈ ਤਬ ਹੀ ਤਾ ਕੇ ਪ੍ਰਤਿ ॥

sakhee giee tab hee taa ke prat ||

ਆਨਿ ਮਿਲਾਇ ਦਯੌ ਤਿਨ ਸੁਭ ਮਤਿ ॥

aan milai dhayau tin subh mat ||

ਭਾਤਿ ਭਾਤਿ ਦੁਹੂੰ ਕਰੇ ਬਿਲਾਸਾ ॥

bhaat bhaat dhuhoo(n) kare bilaasaa ||

ਤਜਿ ਕਰਿ ਮਾਤ ਪਿਤਾ ਕੋ ਤ੍ਰਾਸਾ ॥੫॥

taj kar maat pitaa ko traasaa ||5||

ਅਸ ਗੀ ਅਟਕਿ ਤਵਨ ਪਰ ਤਰੁਨੀ ॥

as gee aTak tavan par tarunee ||

ਜੋਰਿ ਨ ਸਕਤ ਪਲਕ ਸੌ ਬਰਨੀ ॥

jor na sakat palak sau baranee ||

ਰੈਨਿ ਦਿਵਸ ਤਿਹ ਪ੍ਰਭਾ ਨਿਹਾਰੈ ॥

rain dhivas teh prabhaa nihaarai ||

ਧੰਨਜ ਜਨਮ ਕਰਿ ਅਪਨ ਬਿਚਾਰੈ ॥੬॥

dha(n)nay janam kar apan bichaarai ||6||

ਧੰਨਿ ਧੰਨਿ ਤਵਨ ਦਿਵਸ ਬਡਭਾਗੀ ॥

dha(n)n dha(n)n tavan dhivas baddabhaagee ||

ਜਿਹ ਦਿਨ ਲਗਨ ਤੁਮਾਰੀ ਲਾਗੀ ॥

jeh dhin lagan tumaaree laagee ||

ਅਬ ਕਛੁ ਐਸ ਉਪਾਵ ਬਨੈਯੈ ॥

ab kachh aais upaav banaiyai ||

ਜਿਹ ਛਲ ਪਿਯ ਕੇ ਸੰਗ ਸਿਧੈਯੈ ॥੭॥

jeh chhal piy ke sa(n)g sidhaiyai ||7||

ਬੋਲਿ ਭੇਦ ਸਭ ਪਿਯਹਿ ਸਿਖਾਯੋ ॥

bol bhedh sabh piyeh sikhaayo ||

ਰੋਮਨਾਸ ਤਿਹ ਬਦਨ ਲਗਾਯੋ ॥

romanaas teh badhan lagaayo ||

ਸਭ ਹੀ ਕੇਸ ਦੂਰ ਕਰਿ ਡਾਰੇ ॥

sabh hee kes dhoor kar ddaare ||

ਪੁਰਖ ਨਾਰਿ ਨਹਿ ਜਾਤ ਬਿਚਾਰੇ ॥੮॥

purakh naar neh jaat bichaare ||8||

ਸਭ ਤ੍ਰਿਯ ਭੇਸ ਧਰਾ ਪ੍ਰੀਤਮ ਜਬ ॥

sabh tiray bhes dharaa preetam jab ||

ਠਾਢਾ ਭਯੋ ਅਦਾਲਤਿ ਮੈ ਤਬ ॥

Thaaddaa bhayo adhaalat mai tab ||

ਕਹਿ ਮੁਰ ਚਿਤ ਕਾਜੀ ਸੁਤ ਲੀਨਾ ॥

keh mur chit kaajee sut leenaa ||

ਮੈ ਚਾਹਤ ਤਾ ਕੌ ਪਤਿ ਕੀਨਾ ॥੯॥

mai chaahat taa kau pat keenaa ||9||

ਕਾਜੀ ਕਾਢਿ ਕਿਤਾਬ ਨਿਹਾਰੀ ॥

kaajee kaadd kitaab nihaaree ||

ਦੇਖਿ ਦੇਖਿ ਕਰਿ ਇਹੈ ਉਚਾਰੀ ॥

dhekh dhekh kar ihai uchaaree ||

ਜੋ ਆਵੈ ਆਪਨ ਹ੍ਵੈ ਰਾਜੀ ॥

jo aavai aapan havai raajee ||

ਤਾ ਕਹ ਕਹਿ ਨ ਸਕਤ ਕਛੁ ਕਾਜੀ ॥੧੦॥

taa keh keh na sakat kachh kaajee ||10||

ਯਹ ਹਮਰੇ ਸੁਤ ਕੀ ਭੀ ਦਾਰਾ ॥

yeh hamare sut kee bhee dhaaraa ||

ਹਮ ਯਾ ਕੀ ਕਰਿ ਹੈ ਪ੍ਰਤਿਪਾਰਾ ॥

ham yaa kee kar hai pratipaaraa ||

ਭੇਦ ਅਭੇਦ ਜੜ ਕਛੂ ਨ ਚੀਨੀ ॥

bhedh abhedh jaR kachhoo na cheenee ||

ਨਿਰਖਿਤ ਸਾਹ ਮੁਹਰ ਕਰਿ ਦੀਨੀ ॥੧੧॥

nirakhit saeh muhar kar dheenee ||11||

ਮੁਹਰ ਕਰਾਇ ਧਾਮ ਵਹ ਗਯੋ ॥

muhar karai dhaam veh gayo ||

ਪੁਰਸ ਭੇਸ ਧਰਿ ਆਵਤ ਭਯੋ ॥

puras bhes dhar aavat bhayo ||

ਜਬ ਦਿਨ ਦੁਤਿਯ ਕਚਹਿਰੀ ਲਾਗੀ ॥

jab dhin dhutiy kachahiree laagee ||

ਪਾਤਸਾਹ ਬੈਠੇ ਬਡਭਾਗੀ ॥੧੨॥

paatasaeh baiThe baddabhaagee ||12||

ਕਾਜੀ ਕੋਟਵਾਰ ਥੋ ਜਹਾ ॥

kaajee koTavaar tho jahaa ||

ਪੁਰਖ ਭੇਸ ਧਰਿ ਆਯੋ ਤਹਾ ॥

purakh bhes dhar aayo tahaa ||

ਸੰਗ ਸੁਤਾ ਕਾਜੀ ਕੀ ਆਨੀ ॥

sa(n)g sutaa kaajee kee aanee ||

ਸਾਹ ਸੁਨਤ ਇਹ ਭਾਤਿ ਬਖਾਨੀ ॥੧੩॥

saeh sunat ieh bhaat bakhaanee ||13||

ਨਿਰਖਹੁ ਕਾਜਿ ਸੁਤਾ ਮੁਹਿ ਬਰਾ ॥

nirakhahu kaaj sutaa muh baraa ||

ਆਪਹਿ ਰੀਝਿ ਮਦਨਪਤਿ ਕਰਾ ॥

aapeh reejh madhanapat karaa ||

ਵਹੈ ਮੁਹਰ ਹਜਰਤਿਹਿ ਦਿਖਾਈ ॥

vahai muhar hajarateh dhikhaiee ||

ਜੋ ਇਸਤ੍ਰੀ ਹ੍ਵੈ ਆਪੁ ਕਰਾਈ ॥੧੪॥

jo isatree havai aap karaiee ||14||

ਨਿਰਖਤ ਮੁਹਰ ਸਭਾ ਸਭ ਹਸੀ ॥

nirakhat muhar sabhaa sabh hasee ||

ਕਾਜਿ ਸੁਤਾ ਮਿਤਵਾ ਗ੍ਰਿਹ ਬਸੀ ॥

kaaj sutaa mitavaa gireh basee ||

ਕਾਜੀ ਹੂੰ ਚੁਪ ਹ੍ਵੈ ਕਰਿ ਰਹਾ ॥

kaajee hoo(n) chup havai kar rahaa ||

ਨਜਾਇ ਕਿਯਾ ਤੈਸਾ ਫਲ ਲਹਾ ॥੧੫॥

nayai kiyaa taisaa fal lahaa ||15||

ਦੋਹਰਾ ॥

dhoharaa ||

ਇਹ ਛਲ ਸੌ ਕਾਜੀ ਛਲਾ ਬਸੀ ਮਿਤ੍ਰ ਕੇ ਧਾਮ ॥

eeh chhal sau kaajee chhalaa basee mitr ke dhaam ||

ਲਖਨ ਚਰਿਤ ਚਤੁਰਾਨ ਕੋ ਹੈ ਨ ਕਿਸੀ ਕੋ ਕਾਮ ॥੧੬॥

lakhan charit chaturaan ko hai na kisee ko kaam ||16||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਾਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੫੨॥੬੪੯੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau baavan charitr samaapatam sat subham sat ||352||6492||afajoo(n)||

ਚੌਪਈ ॥

chauapiee ||

ਸੁਨਹੁ ਰਾਜ ਇਕ ਕਥਾ ਉਚਾਰੋ ॥

sunahu raaj ik kathaa uchaaro ||

ਜਿਯ ਤੁਮਰੇ ਕੋ ਭਰਮ ਨਿਵਾਰੋ ॥

jiy tumare ko bharam nivaaro ||

ਬਿਸਨਾਵਤੀ ਨਗਰ ਇਕ ਦਛਿਨ ॥

bisanaavatee nagar ik dhachhhin ||

ਬਿਸਨ ਚੰਦ ਤਹ ਭੂਪ ਬਿਚਛਨ ॥੧॥

bisan cha(n)dh teh bhoop bichachhan ||1||

ਉਗ੍ਰ ਸਿੰਘ ਤਹ ਸਾਹੁ ਭਨਿਜੈ ॥

augr si(n)gh teh saahu bhanijai ||

ਕਵਨ ਭੂਪ ਪਟਤਰ ਤਿਹ ਦਿਜੈ ॥

kavan bhoop paTatar teh dhijai ||

ਸ੍ਰੀ ਰਨਝੂਮਕ ਦੇ ਤਿਹਾ ਬਾਲਾ ॥

sree ranajhoomak dhe tihaa baalaa ||

ਚੰਦ੍ਰ ਲਯੋ ਜਾ ਤੇ ਉਜਿਯਾਲਾ ॥੨॥

cha(n)dhr layo jaa te ujiyaalaa ||2||

ਸੁੰਭ ਕਰਨ ਕਹ ਹੁਤੀ ਬਿਵਾਹੀ ॥

su(n)bh karan keh hutee bivaahee ||

ਸੋ ਦਿਨ ਏਕ ਨਿਰਖ ਨ੍ਰਿਪ ਚਾਹੀ ॥

so dhin ek nirakh nirap chaahee ||

ਜਤਨ ਥਕਿਯੋ ਕਰਿ ਹਾਥ ਨ ਆਈ ॥

jatan thakiyo kar haath na aaiee ||

ਕੋਪ ਬਢਾ ਅਤਿ ਹੀ ਨਰ ਰਾਈ ॥੩॥

kop baddaa at hee nar raiee ||3||

ਦੇਖਹੁ ਇਹੁ ਅਬਲਾ ਕਾ ਹੀਯਾ ॥

dhekhahu ih abalaa kaa heeyaa ||

ਜਿਹ ਕਾਰਨ ਹਮ ਅਸ ਛਲ ਕੀਯਾ ॥

jeh kaaran ham as chhal keeyaa ||

ਰੰਕ ਛੋਰਿ ਕਰਿ ਰਾਵ ਨ ਭਾਯੋ ॥

ra(n)k chhor kar raav na bhaayo ||

ਬਹੁ ਭ੍ਰਿਤਨ ਕਹ ਤਹਾ ਪਠਾਯੋ ॥੪॥

bahu bhiratan keh tahaa paThaayo ||4||

ਸੁਨਤ ਬਚਨ ਚਾਕਰ ਤਹ ਗਏ ॥

sunat bachan chaakar teh ge ||

ਘੇਰ ਲੇਤ ਤਾ ਕੋ ਘਰ ਭਏ ॥

gher let taa ko ghar bhe ||

ਤਾ ਕੇ ਪਤਿ ਕਹ ਹਨਾ ਰਿਸਾਈ ॥

taa ke pat keh hanaa risaiee ||

ਭਾਜਿ ਗਈ ਤ੍ਰਿਯ ਹਾਥ ਨ ਆਈ ॥੫॥

bhaaj giee tiray haath na aaiee ||5||

ਮ੍ਰਿਤਕ ਨਾਥ ਜਬ ਨਾਰਿ ਨਿਹਾਰਿਯੋ ॥

mritak naath jab naar nihaariyo ||

ਇਹੈ ਚੰਚਲਾ ਚਰਿਤ ਬਿਚਾਰਿਯੋ ॥

eihai cha(n)chalaa charit bichaariyo ||

ਕਵਨ ਜਤਨ ਰਾਜਾ ਕਹ ਮਰਿਯੈ ॥

kavan jatan raajaa keh mariyai ||

ਅਪਨੇ ਪਤਿ ਕੋ ਬੈਰ ਉਤਰਿਯੈ ॥੬॥

apane pat ko bair utariyai ||6||

ਲਿਖ ਪਤਿਯਾ ਪਠਈ ਇਕ ਤਹਾ ॥

likh patiyaa paThiee ik tahaa ||

ਬੈਠੋ ਹੁਤੋ ਨਰਾਧਿਪ ਜਹਾ ॥

baiTho huto naraadhip jahaa ||

ਜੋ ਮੋ ਕਹ ਰਾਨੀ ਤੁਮ ਕਰਹੁ ॥

jo mo keh raanee tum karahu ||

ਤੋ ਮੁਹਿ ਭੂਪ ਆਜੁ ਹੀ ਬਰਹੁ ॥੭॥

to muh bhoop aaj hee barahu ||7||

ਸੁਨਤ ਬਚਨ ਨ੍ਰਿਪ ਬੋਲਿ ਪਠਾਈ ॥

sunat bachan nirap bol paThaiee ||

ਪਰ ਕੀ ਤ੍ਰਿਯ ਰਾਨੀ ਠਹਰਾਈ ॥

par kee tiray raanee Thaharaiee ||

ਜਿਹ ਤਿਹ ਬਿਧਿ ਤਾ ਕੋ ਗ੍ਰਿਹਿ ਆਨੋ ॥

jeh teh bidh taa ko gireh aano ||

ਭੇਦ ਅਭੇਦ ਜੜ ਕਛੁ ਨ ਪਛਾਨੋ ॥੮॥

bhedh abhedh jaR kachh na pachhaano ||8||

ਸੰਗ ਅਪਨੇ ਤਾ ਕੌ ਲੈ ਸੋਯੋ ॥

sa(n)g apane taa kau lai soyo ||

ਚਿਤ ਕੋ ਭਰਮੁ ਸਕਲ ਹੀ ਖੋਯੋ ॥

chit ko bharam sakal hee khoyo ||

ਕਾਮਾਤੁਰ ਹ੍ਵੈ ਹਾਥ ਚਲਾਯੋ ॥

kaamaatur havai haath chalaayo ||

ਕਾਢਿ ਕ੍ਰਿਪਾਨ ਨਾਰਿ ਤਿਨ ਘਾਯੋ ॥੯॥

kaadd kirapaan naar tin ghaayo ||9||

ਨ੍ਰਿਪ ਕਹ ਮਾਰਿ ਵੈਸਹੀ ਡਾਰੀ ॥

nirap keh maar vaisahee ddaaree ||

ਤਾ ਪਰ ਤ੍ਰਯੋ ਹੀ ਬਸਤ੍ਰ ਸਵਾਰੀ ॥

taa par trayo hee basatr savaaree ||

ਆਪੁ ਜਾਇ ਨਿਜੁ ਪਤਿ ਤਨ ਜਲੀ ॥

aap jai nij pat tan jalee ||

ਨਿਰਖਹੁ ਚਤੁਰਿ ਨਾਰਿ ਕੀ ਭਲੀ ॥੧੦॥

nirakhahu chatur naar kee bhalee ||10||

ਦੋਹਰਾ ॥

dhoharaa ||

ਬੈਰ ਲਿਯਾ ਨਿਜੁ ਨਾਹਿ ਕੋ ਨ੍ਰਿਪ ਕਹ ਦਿਯਾ ਸੰਘਾਰਿ ॥

bair liyaa nij naeh ko nirap keh dhiyaa sa(n)ghaar ||

ਬਹੁਰਿ ਜਰੀ ਨਿਜੁ ਨਾਥ ਸੌ ਲੋਗਨ ਚਰਿਤ ਦਿਖਾਰਿ ॥੧੧॥

bahur jaree nij naath sau logan charit dhikhaar ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤ੍ਰਿਪਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੫੩॥੬੫੦੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau tirapan charitr samaapatam sat subham sat ||353||6503||afajoo(n)||

ਚੌਪਈ ॥

chauapiee ||

ਸੁਨਹੁ ਭੂਪ ਇਕ ਕਥਾ ਨਵੀਨੀ ॥

sunahu bhoop ik kathaa naveenee ||

ਕਿਨਹੂੰ ਲਖੀ ਨ ਆਗੇ ਚੀਨੀ ॥

kinahoo(n) lakhee na aage cheenee ||

ਰਾਧਾ ਨਗਰ ਪੂਰਬ ਮੈ ਜਹਾ ॥

raadhaa nagar poorab mai jahaa ||

ਰੁਕਮ ਸੈਨ ਰਾਜਾ ਇਕ ਤਹਾ ॥੧॥

rukam sain raajaa ik tahaa ||1||

ਸ੍ਰੀ ਦਲਗਾਹ ਮਤੀ ਤ੍ਰਿਯ ਤਾ ਕੀ ॥

sree dhalagaeh matee tiray taa kee ||

ਨਰੀ ਨਾਗਨੀ ਤੁਲਿ ਨ ਵਾ ਕੀ ॥

naree naaganee tul na vaa kee ||

ਸੁਤਾ ਸਿੰਧੁਲਾ ਦੇਇ ਭਨਿਜੈ ॥

sutaa si(n)dhulaa dhei bhanijai ||

ਪਰੀ ਪਦਮਨੀ ਪ੍ਰਕ੍ਰਿਤ ਕਹਿਜੈ ॥੨॥

paree padhamanee prakirat kahijai ||2||

ਤਹਿਕ ਭਵਾਨੀ ਭਵਨ ਭਨੀਜੈ ॥

tahik bhavaanee bhavan bhaneejai ||

ਕੋ ਦੂਸਰ ਪਟਤਰ ਤਿਹਿ ਦੀਜੈ ॥

ko dhoosar paTatar teh dheejai ||

ਦੇਸ ਦੇਸ ਏਸ੍ਵਰ ਤਹ ਆਵਤ ॥

dhes dhes esavair teh aavat ||

ਆਨਿ ਗਵਰਿ ਕਹ ਸੀਸ ਝੁਕਾਵਤ ॥੩॥

aan gavar keh sees jhukaavat ||3||

ਭੁਜਬਲ ਸਿੰਘ ਤਹਾ ਨ੍ਰਿਪ ਆਯੋ ॥

bhujabal si(n)gh tahaa nirap aayo ||

ਭੋਜ ਰਾਜ ਤੇ ਜਨੁਕ ਸਵਾਯੋ ॥

bhoj raaj te januk savaayo ||

ਨਿਰਖਿ ਸਿੰਧੁਲਾ ਦੇ ਦੁਤਿ ਤਾ ਕੀ ॥

nirakh si(n)dhulaa dhe dhut taa kee ||

ਮਨ ਬਚ ਕ੍ਰਮ ਚੇਰੀ ਭੀ ਵਾ ਕੀ ॥੪॥

man bach kram cheree bhee vaa kee ||4||

ਆਗੇ ਹੁਤੀ ਔਰ ਸੋ ਪਰਨੀ ॥

aage hutee aauar so paranee ||

ਅਬ ਇਹ ਸਾਥ ਜਾਤ ਨਹਿ ਬਰਨੀ ॥

ab ieh saath jaat neh baranee ||

ਚਿਤ ਮਹਿ ਅਧਿਕ ਬਿਚਾਰ ਬਿਚਾਰਤ ॥

chit meh adhik bichaar bichaarat ||

ਸਹਚਰਿ ਪਠੀ ਤਹਾ ਹ੍ਵੈ ਆਰਤਿ ॥੫॥

sahachar paThee tahaa havai aarat ||5||

ਸੁਨੁ ਰਾਜਾ ਤੈ ਪਰ ਮੈ ਅਟਕੀ ॥

sun raajaa tai par mai aTakee ||

ਭੂਲਿ ਗਈ ਸਭ ਹੀ ਸੁਧਿ ਘਟ ਕੀ ॥

bhool giee sabh hee sudh ghaT kee ||

ਜੌ ਮੁਹਿ ਅਬ ਤੁਮ ਦਰਸ ਦਿਖਾਵੋ ॥

jau muh ab tum dharas dhikhaavo ||

ਅਮ੍ਰਿਤ ਡਾਰਿ ਜਨੁ ਮ੍ਰਿਤਕ ਜਿਯਾਵੋ ॥੬॥

amirat ddaar jan mritak jiyaavo ||6||

ਸੁਨਿ ਸਖੀ ਬਚਨ ਕੁਅਰਿ ਕੇ ਆਤੁਰ ॥

sun sakhee bachan kuar ke aatur ||

ਜਾਤ ਭਈ ਰਾਜਾ ਤਹਿ ਸਾਤਿਰ ॥

jaat bhiee raajaa teh saatir ||

ਜੁ ਕਛੁ ਕਹਿਯੋ ਕਹਿ ਤਾਹਿ ਸੁਨਾਯੋ ॥

j kachh kahiyo keh taeh sunaayo ||

ਸੁਨਿ ਬਚ ਭੂਪ ਅਧਿਕ ਲਲਚਾਯੋ ॥੭॥

sun bach bhoop adhik lalachaayo ||7||

ਚਿੰਤ ਕਰੀ ਕਿਹ ਬਿਧਿ ਤਹ ਜੈਯੈ ॥

chi(n)t karee keh bidh teh jaiyai ||

ਕਿਹ ਛਲ ਸੌ ਤਾ ਕੌ ਹਰਿ ਲਯੈਯੈ ॥

keh chhal sau taa kau har layaiyai ||

ਸੁਨਿ ਬਚ ਭੂਖਿ ਭੂਪ ਕੀ ਭਾਗੀ ॥

sun bach bhookh bhoop kee bhaagee ||

ਤਬ ਤੇ ਅਧਿਕ ਚਟਪਟੀ ਲਾਗੀ ॥੮॥

tab te adhik chaTapaTee laagee ||8||

ਭੂਪ ਸਖੀ ਤਬ ਤਹੀ ਪਠਾਈ ॥

bhoop sakhee tab tahee paThaiee ||

ਇਸਥਿਤ ਹੁਤੀ ਜਹਾ ਸੁਖਦਾਈ ॥

eisathit hutee jahaa sukhadhaiee ||

ਕਹਾ ਚਰਿਤ ਕਛੁ ਤੁਮਹਿ ਬਨਾਵਹੁ ॥

kahaa charit kachh tumeh banaavahu ||

ਜਿਹ ਛਲ ਸਦਨ ਹਮਾਰੇ ਆਵਹੁ ॥੯॥

jeh chhal sadhan hamaare aavahu ||9||

ਏਕ ਢੋਲ ਤ੍ਰਿਯ ਕੋਰ ਮੰਗਾਵਾ ॥

ek ddol tiray kor ma(n)gaavaa ||

ਬੈਠਿ ਚਰਮ ਸੋ ਬੀਚ ਮੜਾਵਾ ॥

baiTh charam so beech maRaavaa ||

ਇਸਥਿਤ ਆਪੁ ਤਵਨ ਮਹਿ ਭਈ ॥

eisathit aap tavan meh bhiee ||

ਇਹ ਛਲ ਧਾਮ ਮਿਤ੍ਰ ਕੇ ਗਈ ॥੧੦॥

eeh chhal dhaam mitr ke giee ||10||

ਇਹ ਛਲ ਢੋਲ ਬਜਾਵਤ ਚਲੀ ॥

eeh chhal ddol bajaavat chalee ||

ਮਾਤ ਪਿਤਾ ਸਭ ਨਿਰਖਤ ਅਲੀ ॥

maat pitaa sabh nirakhat alee ||

ਭੇਵ ਅਭੇਵ ਨ ਕਿਨਹੂੰ ਪਾਯੋ ॥

bhev abhev na kinahoo(n) paayo ||

ਸਭ ਹੀ ਇਹ ਬਿਧਿ ਮੂੰਡ ਮੁੰਡਾਯੋ ॥੧੧॥

sabh hee ieh bidh moo(n)dd mu(n)ddaayo ||11||

ਦੋਹਰਾ ॥

dhoharaa ||

ਇਹ ਚਰਿਤ੍ਰ ਤਨ ਚੰਚਲਾ ਗਈ ਮਿਤ੍ਰ ਕੇ ਧਾਮ ॥

eeh charitr tan cha(n)chalaa giee mitr ke dhaam ||

ਢੋਲ ਢਮਾਕੋ ਦੈ ਗਈ ਕਿਨਹੂੰ ਲਖਾ ਨ ਬਾਮ ॥੧੨॥

ddol ddamaako dhai giee kinahoo(n) lakhaa na baam ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚੌਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ

॥੩੫੪॥੬੫੧੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chauavan charitr samaapatam sat subham sat

||354||6515||afajoo(n)||

ਚੌਪਈ ॥

chauapiee ||

ਸੁਨੁ ਰਾਜਾ ਇਕ ਕਥਾ ਅਪੂਰਬ ॥

sun raajaa ik kathaa apoorab ||

ਜੋ ਛਲ ਕਿਯਾ ਸੁਤਾ ਨ੍ਰਿਪ ਪੂਰਬ ॥

jo chhal kiyaa sutaa nirap poorab ||

ਭੁਜੰਗ ਧੁਜਾ ਇਕ ਭੂਪ ਕਹਾਵਤ ॥

bhuja(n)g dhujaa ik bhoop kahaavat ||

ਅਮਿਤ ਦਰਬ ਬਿਪਨ ਪਹ ਦ੍ਰਯਾਵਤ ॥੧॥

amit dharab bipan peh dhrayaavat ||1||

ਅਜਿਤਾਵਤੀ ਨਗਰ ਤਿਹ ਰਾਜਤ ॥

ajitaavatee nagar teh raajat ||

ਅਮਰਾਵਤੀ ਨਿਰਖਿ ਜਿਹ ਲਾਜਤ ॥

amaraavatee nirakh jeh laajat ||

ਬਿਮਲ ਮਤੀ ਤਾ ਕੇ ਗ੍ਰਿਹ ਰਾਨੀ ॥

bimal matee taa ke gireh raanee ||

ਸੁਤਾ ਬਿਲਾਸ ਦੇਇ ਪਹਿਚਾਨੀ ॥੨॥

sutaa bilaas dhei pahichaanee ||2||

ਮੰਤ੍ਰ ਜੰਤ੍ਰ ਤਿਨ ਪੜੇ ਅਪਾਰਾ ॥

ma(n)tr ja(n)tr tin paRe apaaraa ||

ਜਿਹ ਸਮ ਪੜੇ ਨ ਦੂਸਰਿ ਨਾਰਾ ॥

jeh sam paRe na dhoosar naaraa ||

ਗੰਗ ਸਮੁਦ੍ਰਹਿ ਜਹਾ ਮਿਲਾਨੀ ॥

ga(n)g samudhreh jahaa milaanee ||

ਤਹੀ ਹੁਤੀ ਤਿਨ ਕੀ ਰਾਜਧਾਨੀ ॥੩॥

tahee hutee tin kee raajadhaanee ||3||

ਨਿਰਖਿ ਪ੍ਰਭਾ ਤਿਹ ਜਾਤ ਨ ਕਹੀ ॥

nirakh prabhaa teh jaat na kahee ||

ਰਜਧਾਨੀ ਐਸੀ ਤਿਹ ਅਹੀ ॥

rajadhaanee aaisee teh ahee ||

ਊਚ ਧੌਲਹਰ ਤਹਾ ਸੁਧਾਰੇ ॥

uooch dhaualahar tahaa sudhaare ||

ਜਿਨ ਪਰ ਬੈਠਿ ਪਕਰਿਯਤ ਤਾਰੇ ॥੪॥

jin par baiTh pakariyat taare ||4||

ਮਜਨ ਹੇਤ ਤਹਾ ਨ੍ਰਿਪ ਆਵਤ ॥

majan het tahaa nirap aavat ||

ਨਾਇ ਪੂਰਬਲੇ ਪਾਪ ਗਵਾਵਤ ॥

nai poorabale paap gavaavat ||

ਤਹ ਇਕ ਨ੍ਰਹਾਨ ਨਰਾਧਿਪ ਚਲੋ ॥

teh ik nrahaan naraadhip chalo ||

ਜੋਬਨਵਾਨ ਸਿਪਾਹੀ ਭਲੋ ॥੫॥

jobanavaan sipaahee bhalo ||5||

ਸੋ ਬਿਲਾਸ ਦੇ ਨੈਨ ਨਿਹਾਰਾ ॥

so bilaas dhe nain nihaaraa ||

ਮਨ ਕ੍ਰਮ ਬਚ ਇਹ ਭਾਤਿ ਬਿਚਾਰਾ ॥

man kram bach ieh bhaat bichaaraa ||

ਕੈ ਮੈ ਅਬ ਯਾਹੀ ਕਹ ਬਰਿਹੌ ॥

kai mai ab yaahee keh barihau ||

ਨਾਤਰ ਬੂਡਿ ਗੰਗ ਮਹਿ ਮਰਿਹੌ ॥੬॥

naatar boodd ga(n)g meh marihau ||6||

ਏਕ ਸਖੀ ਲਖਿ ਹਿਤੂ ਸਿਯਾਨੀ ॥

ek sakhee lakh hitoo siyaanee ||

ਤਾ ਸੌ ਚਿਤ ਕੀ ਬਾਤ ਬਖਾਨੀ ॥

taa sau chit kee baat bakhaanee ||

ਜੋ ਤਾ ਕੌ ਤੂੰ ਮੁਝੈ ਮਿਲਾਵੈ ॥

jo taa kau too(n) mujhai milaavai ||

ਮੁਖ ਮਾਗੈ ਜੇਤੋ ਧਨ ਪਾਵੈ ॥੭॥

mukh maagai jeto dhan paavai ||7||

ਤਬ ਸਖਿ ਗਈ ਤਵਨ ਕੇ ਗ੍ਰੇਹਾ ॥

tab sakh giee tavan ke grehaa ||

ਪਰ ਪਾਇਨ ਅਸਿ ਦਿਯੋ ਸੰਦੇਹਾ ॥

par pain as dhiyo sa(n)dhehaa ||

ਰਾਜ ਸੁਤਾ ਤੁਮਰੈ ਪਰ ਅਟਕੀ ॥

raj sutaa tumarai par aTakee ||

ਭੂਲਿ ਗਈ ਤਾ ਕਹਿ ਸੁਧਿ ਘਟ ਕੀ ॥੮॥

bhool giee taa keh sudh ghaT kee ||8||

ਸੁਨਿ ਨ੍ਰਿਪ ਬਚਨ ਭਯੋ ਬਿਸਮੈ ਮਨ ॥

sun nirap bachan bhayo bisamai man ||

ਇਹ ਬਿਧਿ ਤਾਹਿ ਬਖਾਨੇ ਬੈਨਨ ॥

eeh bidh taeh bakhaane bainan ||

ਅਸ ਕਿਛੁ ਕਰਿਯੈ ਬਚਨ ਸਜਾਨੀ ॥

as kichh kariyai bachan sayaanee ||

ਸ੍ਰੀ ਬਿਲਾਸ ਦੇ ਹ੍ਵੈ ਮੁਰ ਰਾਨੀ ॥੯॥

sree bilaas dhe havai mur raanee ||9||

ਤੁਮ ਨ੍ਰਿਪ ਭੇਸ ਨਾਰਿ ਕੋ ਧਾਰਹੁ ॥

tum nirap bhes naar ko dhaarahu ||

ਭੂਖਨ ਬਸਤਰ ਅੰਗ ਸੁਧਾਰਹੁ ॥

bhookhan basatar a(n)g sudhaarahu ||

ਭੁਜੰਗ ਧੁਜ ਕਹ ਦੈ ਦਿਖਰਾਈ ॥

bhuja(n)g dhuj keh dhai dhikharaiee ||

ਫੁਨਿ ਅੰਗਨਾ ਮਹਿ ਜਾਹੁ ਛਪਾਈ ॥੧੦॥

fun a(n)ganaa meh jaahu chhapaiee ||10||

ਭੂਪਤਿ ਬਸਤ੍ਰ ਨਾਰਿ ਕੇ ਧਾਰੇ ॥

bhoopat basatr naar ke dhaare ||

ਅੰਗ ਅੰਗ ਗਹਿਨਾ ਗੁਹਿ ਡਾਰੇ ॥

a(n)g a(n)g gahinaa guh ddaare ||

ਭੁਜੰਗ ਧੁਜ ਕਹ ਦਈ ਦਿਖਾਈ ॥

bhuja(n)g dhuj keh dhiee dhikhaiee ||

ਨਿਜੁ ਅੰਗਨਾ ਮਹਿ ਗਯੋ ਲੁਕਾਈ ॥੧੧॥

nij a(n)ganaa meh gayo lukaiee ||11||

ਨਿਰਖਿ ਭੂਪ ਤਿਹ ਰਹਾ ਲੁਭਾਇ ॥

nirakh bhoop teh rahaa lubhai ||

ਵਹੈ ਸਖੀ ਤਹ ਦੇਇ ਪਠਾਇ ॥

vahai sakhee teh dhei paThai ||

ਪ੍ਰਿਥਮੇ ਨਿਰਖਿ ਤਾਹਿ ਤੁਮ ਆਵਹੋ ॥

pirathame nirakh taeh tum aavaho ||

ਬਹੁਰਿ ਬਿਯਾਹ ਕੋ ਬਯੋਤ ਬਨਾਵਹੁ ॥੧੨॥

bahur biyaeh ko bayot banaavahu ||12||

ਸੁਨਤ ਬਚਨ ਸਹਚਰਿ ਤਹ ਗਈ ॥

sunat bachan sahachar teh giee ||

ਟਾਰਿ ਘਰੀ ਦ੍ਵੈ ਆਵਤ ਭਈ ॥

Taar gharee dhavai aavat bhiee ||

ਤਿਹ ਮੁਖ ਤੇ ਹ੍ਵੈ ਬਚਨ ਉਚਾਰੇ ॥

teh mukh te havai bachan uchaare ||

ਸੁਨਹੁ ਸ੍ਰਵਨ ਦੈ ਭੂਪ ਹਮਾਰੇ ॥੧੩॥

sunahu sravan dhai bhoop hamaare ||13||

ਪ੍ਰਥਮ ਸੁਤਾ ਅਪਨੀ ਤਿਹ ਦੀਜੈ ॥

pratham sutaa apanee teh dheejai ||

ਬਹੁਰੌ ਬਹਿਨਿ ਤਵਨ ਕੀ ਲੀਜੈ ॥

bahurau bahin tavan kee leejai ||

ਸੁਨਤ ਬੈਨ ਨ੍ਰਿਪ ਫੇਰ ਨ ਕੀਨੋ ॥

sunat bain nirap fer na keeno ||

ਦੁਹਿਤਹਿ ਕਾਢਿ ਤਵਨ ਕਹ ਦੀਨੋ ॥੧੪॥

dhuhiteh kaadd tavan keh dheeno ||14||

ਸੁਤਾ ਪ੍ਰਥਮ ਦੈ ਬਜਾਹ ਰਚਾਯੋ ॥

sutaa pratham dhai bayaeh rachaayo ||

ਨ੍ਰਿਪ ਕੌ ਬਜਾਹ ਨਾਰਿ ਕਰ ਲਜਾਯੋ ॥

nirap kau bayaeh naar kar layaayo ||

ਤਬ ਤਿਨ ਬਧਿ ਤਿਹ ਜੜ ਕੋ ਕਿਯੋ ॥

tab tin badh teh jaR ko kiyo ||

ਦੁਹਿਤਾ ਸਹਿਤ ਰਾਜ ਹਰ ਲਿਯੋ ॥੧੫॥

dhuhitaa sahit raaj har liyo ||15||

ਪ੍ਰਥਮ ਸੁਤਾ ਰਾਜਾ ਕੀ ਹਰੀ ॥

pratham sutaa raajaa kee haree ||

ਬਹੁਰਿ ਨਾਸ ਤਿਹ ਤਨ ਕੀ ਕਰੀ ॥

bahur naas teh tan kee karee ||

ਬਹੁਰੌ ਛੀਨਿ ਰਾਜ ਤਿਨ ਲੀਨਾ ॥

bahurau chheen raaj tin leenaa ||

ਬਰਿ ਬਿਲਾਸ ਦੇਈ ਕਹ ਕੀਨਾ ॥੧੬॥

bar bilaas dheiee keh keenaa ||16||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪਚਪਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੫੫॥੬੫੩੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau pachapan charitr samaapatam sat subham sat

||355||6531||afajoo(n)||

ਚੌਪਈ ॥

chauapiee ||

ਸੁਨੁ ਨ੍ਰਿਪ ਕਥਾ ਬਖਾਨੈ ਔਰੈ ॥

sun nirap kathaa bakhaanai aauarai ||

ਜੋ ਭਈ ਏਕ ਰਾਜ ਕੀ ਠੌਰੈ ॥

jo bhiee ek raaj kee Thauarai ||

ਸਹਿਰ ਸੁ ਨਾਰ ਗਾਵ ਹੈ ਜਹਾ ॥

sahir su naar gaav hai jahaa ||

ਸਬਲ ਸਿੰਘ ਰਾਜਾ ਇਕ ਤਹਾ ॥੧॥

sabal si(n)gh raajaa ik tahaa ||1||

ਦਲ ਥੰਭਨ ਦੇਈ ਤਿਹ ਨਾਰਿ ॥

dhal tha(n)bhan dheiee teh naar ||

ਜੰਤ੍ਰ ਮੰਤ੍ਰ ਜਿਹ ਪੜੇ ਸੁਧਾਰਿ ॥

ja(n)tr ma(n)tr jeh paRe sudhaar ||

ਜੋਗੀ ਇਕ ਸੁੰਦਰ ਤਹ ਆਯੋ ॥

jogee ik su(n)dhar teh aayo ||

ਜਿਹ ਸਮ ਸੁੰਦਰ ਬਿਧ ਨ ਬਨਾਯੋ ॥੨॥

jeh sam su(n)dhar bidh na banaayo ||2||

ਰਾਨੀ ਨਿਰਖਿ ਰੀਝਿ ਤਿਹ ਰਹੀ ॥

raanee nirakh reejh teh rahee ||

ਮਨ ਬਚ ਕ੍ਰਮ ਐਸੀ ਬਿਧਿ ਕਹੀ ॥

man bach kram aaisee bidh kahee ||

ਜਿਹ ਚਰਿਤ੍ਰ ਜੁਗਿਯਾ ਕਹ ਪੈਯੈ ॥

jeh charitr jugiyaa keh paiyai ||

ਉਸੀ ਚਰਿਤ੍ਰ ਕੌ ਆਜੁ ਬਨੈਯੈ ॥੩॥

ausee charitr kau aaj banaiyai ||3||

ਬ੍ਰਿਸਟਿ ਬਿਨਾ ਬਦਰਾ ਗਰਜਾਏ ॥

birasaT binaa badharaa garajaae ||

ਮੰਤ੍ਰ ਸਕਤਿ ਅੰਗਰਾ ਬਰਖਾਏ ॥

ma(n)tr sakat a(n)garaa barakhaae ||

ਸ੍ਰੋਨ ਅਸਥਿ ਪ੍ਰਿਥਮੀ ਪਰ ਪਰੈ ॥

sron asath pirathamee par parai ||

ਨਿਰਖਿ ਲੋਗ ਸਭ ਹੀ ਜਿਯ ਡਰੈ ॥੪॥

nirakh log sabh hee jiy ddarai ||4||

ਭੂਪ ਮੰਤ੍ਰਿਯਨ ਬੋਲਿ ਪਠਾਯੋ ॥

bhoop ma(n)tirayan bol paThaayo ||

ਬੋਲਿ ਬਿਪ੍ਰ ਪੁਸਤਕਨ ਦਿਖਾਯੋ ॥

bol bipr pusatakan dhikhaayo ||

ਇਨ ਬਿਘਨਨ ਕੋ ਕਹ ਉਪਚਾਰਾ ॥

ein bighanan ko keh upachaaraa ||

ਤੁਮ ਸਭ ਹੀ ਮਿਲਿ ਕਰਹੁ ਬਿਚਾਰਾ ॥੫॥

tum sabh hee mil karahu bichaaraa ||5||

ਤਬ ਲਗਿ ਬੀਰ ਹਾਕਿ ਤਿਹ ਰਾਨੀ ॥

tab lag beer haak teh raanee ||

ਇਹ ਬਿਧਿ ਸੌ ਕਹਵਾਈ ਬਾਨੀ ॥

eeh bidh sau kahavaiee baanee ||

ਏਕ ਕਾਜ ਉਬਰੇ ਜੋ ਕਰੈ ॥

ek kaaj ubare jo karai ||

ਨਾਤਰ ਪ੍ਰਜਾ ਸਹਿਤ ਨ੍ਰਿਪ ਮਰੈ ॥੬॥

naatar prajaa sahit nirap marai ||6||

ਸਭਹਿਨ ਲਖੀ ਗਗਨ ਕੀ ਬਾਨੀ ॥

sabhahin lakhee gagan kee baanee ||

ਬੀਰ ਬਾਕ੍ਰਯ ਕਿਨਹੂੰ ਨ ਪਛਾਨੀ ॥

beer baakray kinahoo(n) na pachhaanee ||

ਬਹੁਰਿ ਬੀਰ ਤਿਨ ਐਸ ਉਚਾਰੋ ॥

bahur beer tin aais uchaaro ||

ਸੁ ਮੈ ਕਹਤ ਹੌ ਸੁਨਹੁ ਪਯਾਰੋ ॥੭॥

s mai kahat hau sunahu payaaro ||7||

ਜੌ ਰਾਜਾ ਅਪਨੀ ਲੈ ਨਾਰੀ ॥

jau raajaa apanee lai naaree ||

ਜੁਗਿਯਨ ਦੈ ਧਨ ਸਹਿਤ ਸੁਧਾਰੀ ॥

jugiyan dhai dhan sahit sudhaaree ||

ਤਬ ਇਹ ਪ੍ਰਜਾ ਸਹਿਤ ਨਹਿ ਮਰੈ ॥

tab ieh prajaa sahit neh marai ||

ਅਬਿਚਲ ਰਾਜ ਪ੍ਰਿਥੀ ਪਰ ਕਰੈ ॥੮॥

abichal raaj pirathee par karai ||8||

ਪ੍ਰਜਾ ਲੋਕ ਸੁਨਿ ਬਚ ਅਕੁਲਾਏ ॥

prajaa lok sun bach akulaae ||

ਜਯੋਂ ਤਯੋਂ ਤਹਾ ਨ੍ਰਿਪਹਿ ਲੈ ਆਏ ॥

jayo(n) tayo(n) tahaa nirapeh lai aae ||

ਜੁਗਿਯਹਿ ਦੇਹਿ ਦਰਬੁ ਜੁਤ ਨਾਰੀ ॥

jugiyeh dheh dharab jut naaree ||

ਭੇਦ ਅਭੇਦ ਕੀ ਗਤਿ ਨ ਬਿਚਾਰੀ ॥੯॥

bhedh abhedh kee gat na bichaaree ||9||

ਦੋਹਰਾ ॥

dhoharaa ||

ਪ੍ਰਜਾ ਸਹਿਤ ਰਾਜਾ ਛਲਾ ਗਈ ਮਿਤ੍ਰ ਕੇ ਨਾਰਿ ॥

prajaa sahit raajaa chhalaa giee mitr ke naar ||

ਭੇਦ ਅਭੇਦ ਭਲਾ ਬੁਰਾ ਸਕਾ ਨ ਕੋਈ ਬਿਚਾਰਿ ॥੧੦॥

bhedh abhedh bhalaa buraa sakaa na koiee bichaar ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਪਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੫੬॥੬੫੪੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chhapan charitr samaapatam sat subham sat

||356||6541||afajoo(n)||

ਚੌਪਈ ॥

chauapiee ||

ਸੁਨੁ ਰਾਜਾ ਇਕ ਔਰ ਪ੍ਰਸੰਗਾ ॥

sun raajaa ik aauar prasa(n)gaa ||

ਭਾਖਿ ਸੁਨਾਵਤ ਤੁਮਰੇ ਸੰਗਾ ॥

bhaakh sunaavat tumare sa(n)gaa ||

ਅਚਲਾਵਤੀ ਨਗਰ ਇਕ ਰਾਜਤ ॥

achalaavatee nagar ik raajat ||

ਸੂਰ ਸਿੰਘ ਤਹ ਭੂਪ ਬਿਰਾਜਤ ॥੧॥

soor si(n)gh teh bhoop biraajat ||1||

ਅੰਜਨ ਦੇਇ ਤਵਨ ਕੀ ਰਾਨੀ ॥

a(n)jan dhei tavan kee raanee ||

ਖੰਜਨ ਦੇ ਦੁਹਿਤਾ ਤਿਹ ਜਾਨੀ ॥

kha(n)jan dhe dhuhitaa teh jaanee ||

ਅਧਿਕ ਦੁਹੂੰ ਕੀ ਪ੍ਰਭਾ ਬਿਰਾਜੈ ॥

adhik dhuhoo(n) kee prabhaa biraajai ||

ਨਿਰਖਿ ਨਰੀ ਨਾਗਿਨਿ ਮਨ ਲਾਜੈ ॥੨॥

nirakh naree naagin man laajai ||2||

ਤਹਾ ਏਕ ਆਯੋ ਸੌਦਾਗਰ ॥

tahaa ek aayo sauadhaagar ||

ਰੂਪਵੰਤੁ ਜਨੁ ਦੁਤਿਯ ਨਿਸਾਕਰ ॥

roopava(n)t jan dhutiy nisaakar ||

ਜੋ ਅਬਲਾ ਤਿਹ ਰੂਪ ਨਿਹਾਰੈ ॥

jo abalaa teh roop nihaarai ||

ਰਾਜ ਪਾਟ ਤਜਿ ਸਾਥ ਸਿਧਾਰੈ ॥੩॥

raaj paaT taj saath sidhaarai ||3||

ਸੋ ਆਯੋ ਨ੍ਰਿਪ ਤ੍ਰਿਯ ਕੇ ਘਰ ਤਰ ॥

so aayo nirap tiray ke ghar tar ||

ਰਾਜ ਸੁਤਾ ਨਿਰਖਾ ਤਿਹ ਦ੍ਰਿਗ ਭਰਿ ॥

raaj sutaa nirakhaa teh dhirag bhar ||

ਮਨ ਬਚ ਕ੍ਰਮ ਇਹ ਉਪਰ ਭੂਲੀ ॥

man bach kram ieh upar bhoolee ||

ਜਨੁ ਮਦ ਪੀ ਮਤਵਾਰੀ ਝੂਲੀ ॥੪॥

jan madh pee matavaaree jhoolee ||4||

ਸਿੰਘ ਪ੍ਰਚੰਡ ਨਾਮ ਤਿਹ ਨਰ ਕੋ ॥

si(n)gh pracha(n)dd naam teh nar ko ||

ਜਨੁ ਕਰਿ ਮੁਕਟ ਕਾਮ ਕੇ ਸਿਰ ਕੋ ॥

jan kar mukaT kaam ke sir ko ||

ਸਖੀ ਏਕ ਤਹ ਕੁਅਰਿ ਪਠਾਈ ॥

sakhee ek teh kuar paThaiee ||

ਕਹਿਯਹੁ ਬ੍ਰਿਥਾ ਸਜਨ ਸੌ ਜਾਈ ॥੫॥

kahiyahu birathaa sajan sau jaiee ||5||

ਸਖੀ ਤੁਰਤ ਤਿਨ ਤਹ ਪਹੁਚਾਯੋ ॥

sakhee turat tin teh pahuchaayo ||

ਜਸ ਨਾਵਕ ਕੋ ਤੀਰ ਚਲਾਯੋ ॥

jas naavak ko teer chalaayo ||

ਸਕਲ ਕੁਅਰਿ ਤਿਨ ਬ੍ਰਿਥਾ ਸੁਨਾਈ ॥

sakal kuar tin birathaa sunaiee ||

ਮਨ ਬਚ ਰੀਝਿ ਰਹਾ ਸੁਖਦਾਈ ॥੬॥

man bach reejh rahaa sukhadhaiee ||6||

ਨਦੀ ਬਹਤ ਨ੍ਰਿਪ ਗ੍ਰਿਹਿ ਤਰ ਜਹਾ ॥

nadhee bahat nirap gireh tar jahaa ||

ਠਾਢ ਹੂਜਿਯਹੁ ਨਿਸਿ ਕਹ ਤਹਾ ॥

Thaadd hoojiyahu nis keh tahaa ||

ਡਾਰਿ ਦੇਗ ਮੈ ਕੁਅਰਿ ਬਹੈ ਹੈਂ ॥

ddaar dheg mai kuar bahai hai(n) ||

ਛਿਦ੍ਰ ਮੂੰਦਿ ਤਾ ਕੋ ਸਭ ਲੈ ਹੈਂ ॥੭॥

chhidhr moo(n)dh taa ko sabh lai hai(n) ||7||

ਊਪਰ ਬਾਧਿ ਤੰਬੂਰਾ ਦੈ ਹੈਂ ॥

uoopar baadh ta(n)booraa dhai hai(n) ||

ਇਹ ਚਰਿਤ੍ਰ ਮੁਹਿ ਤਾਹਿ ਮਿਲੈ ਹੈਂ ॥

eeh charitr muh taeh milai hai(n) ||

ਜਬ ਤੁਬਰੀ ਲਖਿਯਹੁ ਢਿਗ ਆਈ ॥

jab tubaree lakhiyahu ddig aaiee ||

ਕਾਢਿ ਭੋਗ ਦੀਜਹੁ ਸੁਖਦਾਈ ॥੮॥

kaadd bhog dheejahu sukhadhaiee ||8||

ਇਹ ਬਿਧਿ ਬਦਿ ਤਾ ਸੌ ਸੰਕੇਤਾ ॥

eeh bidh badh taa sau sa(n)ketaa ||

ਦੂਤੀ ਗੀ ਨ੍ਰਿਪ ਤ੍ਰਿਯਜ ਨਿਕੇਤਾ ॥

dhootee gee nirap tirayaj niketaa ||

ਡਾਰਿ ਦੇਗ ਮੈ ਕੁਅਰਿ ਬਹਾਈ ॥

ddaar dheg mai kuar bahaiee ||

ਬਾਧਿ ਤੂੰਬਰੀ ਤਹ ਪਹੁਚਾਈ ॥੯॥

baadh too(n)baree teh pahuchaiee ||9||

ਜਬ ਬਹਤੀ ਤੁਬਰੀ ਤਹ ਆਈ ॥

jab bahatee tubaree teh aaiee ||

ਆਵਤ ਕੁਅਰਿ ਲਖਾ ਸੁਖਦਾਈ ॥

aavat kuar lakhaa sukhadhaiee ||

ਐਂਚਿ ਤਹਾ ਤੇ ਦੇਗ ਨਿਕਾਰੀ ॥

aai(n)ch tahaa te dheg nikaaree ||

ਲੈ ਪਲਕਾ ਊਪਰ ਬੈਠਾਰੀ ॥੧੦॥

lai palakaa uoopar baiThaaree ||10||

ਪੋਸਤ ਭਾਗ ਅਫੀਮ ਮੰਗਾਈ ॥

posat bhaag afeem ma(n)gaiee ||

ਦੁਹੂੰ ਖਾਟ ਪਰ ਬੈਠਿ ਚੜਾਈ ॥

dhuhoo(n) khaaT par baiTh chaRaiee ||

ਚਾਰਿ ਪਹਰ ਤਾ ਸੌ ਕਰਿ ਭੋਗਾ ॥

chaar pahar taa sau kar bhogaa ||

ਭੇਦ ਨ ਲਖਾ ਦੂਸਰੇ ਲੋਗਾ ॥੧੧॥

bhedh na lakhaa dhoosare logaa ||11||

ਇਹ ਬਿਧਿ ਤਾ ਸੌ ਰੋਜ ਬੁਲਾਵੈ ॥

eeh bidh taa sau roj bulaavai ||

ਕਾਮ ਭੋਗ ਕਰਿ ਤਾਹਿ ਪਠਾਵੈ ॥

kaam bhog kar taeh paThaavai ||

ਭੂਪ ਸਹਿਤ ਕੋਈ ਭੇਦ ਨ ਪਾਵੈ ॥

bhoop sahit koiee bhedh na paavai ||

ਨਿਤਪ੍ਰਤਿ ਅਪਨੋ ਮੂੰਡ ਮੁੰਡਾਵੈ ॥੧੨॥

nitaprat apano moo(n)dd mu(n)ddaavai ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤਾਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੫੭॥੬੫੫੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau sataavan charitr samaapatam sat subham sat

||357||6553||afajoo(n)||

ਚੌਪਈ ॥

chauapiee ||

ਸੁਨੁ ਭੂਪਤਿ ਇਕ ਕਥਾ ਨਵੀਨੀ ॥

sun bhoopat ik kathaa naveenee ||

ਕਿਨਹੂੰ ਲਖੀ ਨ ਆਗੇ ਚੀਨੀ ॥

kinahoo(n) lakhee na aage cheenee ||

ਸੁੰਦ੍ਰਾਵਤੀ ਨਗਰ ਇਕ ਸੋਹੈ ॥

su(n)dhraavatee nagar ik sohai ||

ਸੁੰਦਰ ਸਿੰਘ ਰਾਜਾ ਤਹ ਕੋ ਹੈ ॥੧॥

su(n)dhar si(n)gh raajaa teh ko hai ||1||

ਸੁੰਦਰ ਦੇ ਰਾਜਾ ਕੀ ਨਾਰੀ ॥

su(n)dhar dhe raajaa kee naaree ||

ਆਪੁ ਜਨਕੁ ਜਗਦੀਸ ਸਵਾਰੀ ॥

aap janak jagadhees savaaree ||

ਤਾ ਕੀ ਜਾਤ ਨ ਪ੍ਰਭਾ ਬਖਾਨੀ ॥

taa kee jaat na prabhaa bakhaanee ||

ਐਸੀ ਹੁਤੀ ਰਾਇ ਕੀ ਰਾਨੀ ॥੨॥

aaisee hutee rai kee raanee ||2||

ਤਹਿਕ ਸਾਹ ਕੋ ਪੂਤ ਅਪਾਰਾ ॥

tahik saeh ko poot apaaraa ||

ਕਨਕ ਅਵਟਿ ਸਾਚੇ ਜਨੁ ਢਾਰਾ ॥

kanak avaT saache jan ddaaraa ||

ਨਿਰਖਿ ਨਾਕ ਜਿਹ ਸੂਆ ਰਿਸਾਨੋ ॥

nirakh naak jeh sooaa risaano ||

ਕੰਜ ਜਾਨਿ ਦ੍ਰਿਗ ਭਵਰ ਭੁਲਾਨੋ ॥੩॥

ka(n)j jaan dhirag bhavar bhulaano ||3||

ਕਟਿ ਕੇਹਰਿ ਲਖਿ ਅਧਿਕ ਰਿਸਾਵਤ ॥

kaT kehar lakh adhik risaavat ||

ਤਾ ਤੇ ਫਿਰਤ ਮ੍ਰਿਗਨ ਕਹ ਘਾਵਤ ॥

taa te firat miragan keh ghaavat ||

ਸੁਨਿ ਬਾਨੀ ਕੋਕਿਲ ਕੁਕਰਈ ॥

sun baanee kokil kukariee ||

ਕ੍ਰੋਧ ਜਰਤ ਕਾਰੀ ਹ੍ਵੈ ਗਈ ॥੪॥

krodh jarat kaaree havai giee ||4||

ਨੈਨ ਨਿਰਖਿ ਕਰਿ ਜਲਜ ਲਜਾਨਾ ॥

nain nirakh kar jalaj lajaanaa ||

ਤਾ ਤੇ ਜਲ ਮਹਿ ਕਿਯਾ ਪਯਾਨਾ ॥

taa te jal meh kiyaa payaanaa ||

ਅਲਕ ਹੇਰਿ ਨਾਗਿਨਿ ਰਿਸਿ ਭਰੀ ॥

alak her naagin ris bharee ||

ਚਿਤ ਮਹਿ ਲਜਤ ਪਤਾਰਹਿ ਬਰੀ ॥੫॥

chit meh lajat pataareh baree ||5||

ਸੋ ਆਯੋ ਰਾਜਾ ਕੇ ਪਾਸਾ ॥

so aayo raajaa ke paasaa ||

ਸੌਦਾ ਕੀ ਜਿਯ ਮੈ ਧਰਿ ਆਸਾ ॥

sauadhaa kee jiy mai dhar aasaa ||

ਸੁੰਦਰਿ ਦੇ ਨਿਰਖਤ ਤਿਹ ਭਈ ॥

su(n)dhar dhe nirakhat teh bhiee ||

ਸੁਧਿ ਬੁਧਿ ਤਜਿ ਬੌਰੀ ਹ੍ਵੈ ਗਈ ॥੬॥

sudh budh taj bauaree havai giee ||6||

ਪਠੈ ਸਹਚਰੀ ਤਾਹਿ ਬੁਲਾਵਾ ॥

paThai sahacharee taeh bulaavaa ||

ਕਾਮ ਭੋਗ ਕਿਯ ਜਸ ਮਨ ਭਾਵਾ ॥

kaam bhog kiy jas man bhaavaa ||

ਤਹ ਇਕ ਹੁਤੀ ਨ੍ਰਿਪਤਿ ਕੀ ਚੇਰੀ ॥

teh ik hutee nirapat kee cheree ||

ਹੇਰਿ ਗਈ ਜਸ ਹੇਰਿ ਅਹੇਰੀ ॥੭॥

her giee jas her aheree ||7||

ਪਾਵ ਦਾਬਿ ਨ੍ਰਿਪ ਜਾਇ ਜਗਾਯੋ ॥

paav dhaab nirap jai jagaayo ||

ਧਾਮ ਤੋਰ ਤਸਕਰਿ ਇਕ ਆਯੋ ॥

dhaam tor tasakar ik aayo ||

ਰਾਨੀ ਕੇ ਸੰਗ ਕਰਤ ਬਿਲਾਸਾ ॥

raanee ke sa(n)g karat bilaasaa ||

ਚਲਿ ਦੇਖਹੁ ਤਿਹ ਭੂਪ ਤਮਾਸਾ ॥੮॥

chal dhekhahu teh bhoop tamaasaa ||8||

ਸੁਨਤ ਬਚਨ ਨ੍ਰਿਪ ਅਧਿਕ ਰਿਸਾਯੋ ॥

sunat bachan nirap adhik risaayo ||

ਖੜਗ ਹਾਥ ਲੈ ਤਹਾ ਸਿਧਾਯੋ ॥

khaRag haath lai tahaa sidhaayo ||

ਜਬ ਅਬਲਾ ਪਤਿ ਕੀ ਸੁਧਿ ਪਾਈ ॥

jab abalaa pat kee sudh paiee ||

ਅਧਿਕ ਧੂੰਮ ਤਹ ਦਿਯਾ ਜਗਾਈ ॥੯॥

adhik dhoo(n)m teh dhiyaa jagaiee ||9||

ਸਭ ਕੇ ਨੈਨ ਧੂਮ੍ਰ ਸੌ ਭਰੇ ॥

sabh ke nain dhoomr sau bhare ||

ਅਸੁਆ ਟੂਟਿ ਬਦਨ ਪਰ ਪਰੇ ॥

asuaa TooT badhan par pare ||

ਜਬ ਰਾਨੀ ਇਹ ਘਾਤ ਪਛਾਨੀ ॥

jab raanee ieh ghaat pachhaanee ||

ਮਿਤ੍ਰ ਲੰਘਾਇ ਹਿਯੇ ਹਰਖਾਨੀ ॥੧੦॥

mitr la(n)ghai hiye harakhaanee ||10||

ਆਗੇ ਸੌ ਕਰਿ ਕਾਢਾ ਜਾਰਾ ॥

aage sau kar kaaddaa jaaraa ||

ਧੂਮ੍ਰ ਭਰੇ ਦ੍ਰਿਗ ਨ੍ਰਿਪਨ ਨਿਹਾਰਾ ॥

dhoomr bhare dhirag nirapan nihaaraa ||

ਪੌਛ ਨੇਤ੍ਰ ਜਬ ਹੀ ਗਯੋ ਤਹਾ ॥

pauachh netr jab hee gayo tahaa ||

ਕੋਊ ਨ ਪੁਰਖ ਨਿਹਾਰਾ ਉਹਾ ॥੧੧॥

kouoo na purakh nihaaraa uhaa ||11||

ਉਲਟਿ ਤਿਸੀ ਚੇਰੀ ਕਹ ਘਾਯੋ ॥

aulaT tisee cheree keh ghaayo ||

ਇਹ ਰਾਨੀ ਕਹ ਦੋਸ ਲਗਾਯੋ ॥

eeh raanee keh dhos lagaayo ||

ਮੂਰਖ ਭੂਪ ਨ ਭੇਦ ਬਿਚਾਰਾ ॥

moorakh bhoop na bhedh bichaaraa ||

ਆਗੇ ਕਰਿ ਤ੍ਰਿਯ ਮਿਤ੍ਰ ਨਿਕਾਰਾ ॥੧੨॥

aage kar tiray mitr nikaaraa ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਾਵਨ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੫੮॥੬੫੬੫॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau aThaavan charitr samaapatam sat subham sat

||358||6565||afajoo(n)||

ਚੌਪਈ ॥

chauapiee ||

ਸੁਨੁ ਰਾਜਾ ਇਕ ਔਰ ਚਰਿਤ੍ਰ ॥

sun raajaa ik aauar charitr ||

ਜਿਹ ਛਲ ਨਾਰਿ ਨਿਕਾਰਾ ਮਿਤ੍ਰ ॥

jeh chhal naar nikaaraa mitr ||

ਪੂਰਬ ਦੇਸ ਅਪੂਰਬ ਨਗਰੀ ॥

poorab dhes apoorab nagaree ||

ਤਿਹੂੰ ਭਵਨ ਕੇ ਬੀਚ ਉਜਗਰੀ ॥੧॥

tihoo(n) bhavan ke beech ujagaree ||1||

ਸਿਵ ਪ੍ਰਸਾਦ ਰਾਜਾ ਤਹ ਕੋ ਹੈ ॥

siv prasaadh raajaa teh ko hai ||

ਸਦਾ ਸਰਬਦਾ ਸਿਵ ਰਤ ਸੋਹੈ ॥

sadhaa sarabadhaa siv rat sohai ||

ਭਾਵਨ ਦੇ ਤਿਹ ਨਾਰਿ ਭਣਿਜੈ ॥

bhaavan dhe teh naar bhanijai ||

ਮਨ ਮੋਹਨਿ ਦੇ ਸੁਤਾ ਕਹਿਜੈ ॥੨॥

man mohan dhe sutaa kahijai ||2||

ਸਾਹ ਮਦਾਰ ਪੀਰ ਤਹ ਜਾਹਿਰ ॥

saeh madhaar peer teh jaahir ||

ਸੇਵਤ ਜਾਹਿ ਭੂਪ ਨਰ ਨਾਹਰ ॥

sevat jaeh bhoop nar naahar ||

ਏਕ ਦਿਵਸ ਨ੍ਰਿਪ ਤਹਾ ਸਿਧਾਰਾ ॥

ek dhivas nirap tahaa sidhaaraa ||

ਦੁਹਿਤਾ ਸਹਿਤ ਲਏ ਸੰਗ ਦਾਰਾ ॥੩॥

dhuhitaa sahit le sa(n)g dhaaraa ||3||

ਅੜਿਲ ॥

aRil ||

ਏਕ ਪੁਰਖ ਨ੍ਰਿਪ ਕੀ ਦੁਹਿਤਾ ਕਹਿ ਭਾਇਯੋ ॥

ek purakh nirap kee dhuhitaa keh bhaiyo ||

ਪਠੈ ਸਹਚਰੀ ਤਾ ਕਹ ਤਹੀ ਬੁਲਾਇਯੋ ॥

paThai sahacharee taa keh tahee bulaiyo ||

ਤਹੀ ਕਾਮ ਕੇ ਕੇਲ ਤਰੁਨਿ ਤਾ ਸੌ ਕਿਯੋ ॥

tahee kaam ke kel tarun taa sau kiyo ||

ਹੋ ਹਸਿ ਹਸਿ ਕਰਿ ਆਸਨ ਤਾ ਕੋ ਕਸਿ ਕਸਿ ਲਿਯੋ ॥੪॥

ho has has kar aasan taa ko kas kas liyo ||4||

ਪੀਰ ਚੂਰਮਾ ਹੇਤ ਜੁ ਭੂਪ ਬਨਾਇਯੋ ॥

peer chooramaa het ju bhoop banaiyo ||

ਅਧਿਕ ਭਾਗ ਕੌ ਤਾ ਮਹਿ ਤਰੁਨਿ ਮਿਲਾਇਯੋ ॥

adhik bhaag kau taa meh tarun milaiyo ||

ਸਭ ਸੋਫੀ ਤਿਹ ਖਾਇ ਦਿਵਾਨੇ ਹ੍ਵੈ ਪਰੇ ॥

sabh sofee teh khai dhivaane havai pare ||

ਹੋ ਜਾਨੁ ਪ੍ਰਹਾਰ ਬਿਨਾ ਸਗਰੇ ਆਪੇ ਮਰੇ ॥੫॥

ho jaan prahaar binaa sagare aape mare ||5||

ਚੌਪਈ ॥

chauapiee ||

ਸੋਫੀ ਭਏ ਸਭੇ ਮਤਵਾਰੇ ॥

sofee bhe sabhe matavaare ||

ਜਨੁ ਕਰ ਪਰੇ ਬੀਰ ਰਨ ਮਾਰੇ ॥

jan kar pare beer ran maare ||

ਰਾਜ ਸੁਤਾ ਇਤ ਘਾਤ ਪਛਾਨਾ ॥

raaj sutaa it ghaat pachhaanaa ||

ਉਠ ਪ੍ਰੀਤਮ ਸੰਗ ਕਿਯਾ ਪਯਾਨਾ ॥੬॥

auTh preetam sa(n)g kiyaa payaanaa ||6||

ਸੋਫੀ ਕਿਨੂੰ ਨ ਆਂਖਿ ਉਘਾਰੀ ॥

sofee kinoo(n) na aa(n)kh ughaaree ||

ਲਾਤ ਜਾਨੁ ਸੈਤਾਨ ਪ੍ਰਹਾਰੀ ॥

laat jaan saitaan prahaaree ||

ਭੇਦ ਅਭੇਦ ਨ ਕਿਨਹੂੰ ਪਾਯੋ ॥

bhedh abhedh na kinahoo(n) paayo ||

ਰਾਜ ਕੁਅਰਿ ਲੈ ਮੀਤ ਸਿਧਾਯੋ ॥੭॥

raaj kuar lai meet sidhaayo ||7||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਸਠਿ ਚਰਿਤ੍ਰ ਸਮਾਪਤਮ ਸਤੁ ਸੁਭਮ

ਸਤੁ ॥੩੫੯॥੬੫੭੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau unasaTh charitr samaapatam sat subham sat

||359||6572||afajoo(n)||

ਚੌਪਈ ॥

chauapiee ||

ਸੁਨੁ ਰਾਜਾ ਇਕ ਔਰ ਪ੍ਰਸੰਗਾ ॥

sun raajaa ik aauar prasa(n)gaa ||

ਜਸ ਕਿਯ ਸੁਤਾ ਪਿਤਾ ਕੇ ਸੰਗਾ ॥

jas kiy sutaa pitaa ke sa(n)gaa ||

ਪ੍ਰਬਲ ਸਿੰਘ ਰਾਜਾ ਇਕ ਅਤਿ ਬਲ ॥

prabal si(n)gh raajaa ik at bal ||

ਅਰਿ ਕਾਪਤ ਜਾ ਕੇ ਡਰ ਜਲ ਥਲ ॥੧॥

ar kaapat jaa ke ddar jal thal ||1||

ਸ੍ਰੀ ਝਕਝੂਮਕ ਦੇ ਤਿਹ ਬਾਰਿ ॥

sree jhakajhoomak dhe teh baar ||

ਘੜੀ ਆਪੁ ਜਨੁ ਬ੍ਰਹਮ ਸੁ ਨਾਰ ॥

ghaRee aap jan braham su naar ||

ਤਹ ਥੋ ਸੁਘਰ ਸੈਨ ਖਤਿਰੇਟਾ ॥

teh tho sughar sain khatireTaa ||

ਇਸਕ ਮੁਸਕ ਕੇ ਸਾਥ ਲਪੇਟਾ ॥੨॥

eisak musak ke saath lapeTaa ||2||

ਜਗੰਨਾਥ ਕਹ ਭੂਪ ਸਿਧਾਯੋ ॥

jaga(n)naath keh bhoop sidhaayo ||

ਪੁਤ੍ਰ ਕਲਤ੍ਰ ਸੰਗ ਲੈ ਆਯੋ ॥

putr kalatr sa(n)g lai aayo ||

ਜਗੰਨਾਥ ਕੋ ਨਿਰਖ ਦਿਵਾਲਾ ॥

jaga(n)naath ko nirakh dhivaalaa ||

ਬਚਨ ਬਖਾਨਾ ਭੂਪ ਉਤਾਲਾ ॥੩॥

bachan bakhaanaa bhoop utaalaa ||3||

ਹਮਰੋ ਪਾਪ ਪੁਰਾਤਨ ਗਯੋ ॥

hamaro paap puraatan gayo ||

ਸਫਲ ਜਨਮ ਹਮਰੋ ਅਬ ਭਯੋ ॥

safal janam hamaro ab bhayo ||

ਜਗੰਨਾਥ ਕੋ ਪਾਯੋ ਦਰਸਨ ॥

jaga(n)naath ko paayo dharasan ||

ਔਰ ਕਰਾ ਹਾਥਨ ਪਗ ਪਰਸਨ ॥੪॥

aauar karaa haathan pag parasan ||4||

ਤਬ ਲਗ ਭੂਪ ਸੁਤਾ ਤਹ ਆਈ ॥

tab lag bhoop sutaa teh aaiee ||

ਪਿਤਾ ਸੁਨਤ ਅਸ ਕਹਾ ਸੁਨਾਈ ॥

pitaa sunat as kahaa sunaiee ||

ਸੁਨਿ ਮੈ ਸੈਨ ਆਜੁ ਹਿਯਾ ਕਰਿ ਹੋ ॥

sun mai sain aaj hiyaa kar ho ||

ਜਿਹ ਏ ਕਹੈ ਤਿਸੀ ਕਹ ਬਰਿ ਹੋ ॥੫॥

jeh e kahai tisee keh bar ho ||5||

ਪ੍ਰਾਤ ਉਠੀ ਤਹ ਤੇ ਸੋਈ ਜਬ ॥

praat uThee teh te soiee jab ||

ਬਚਨ ਕਹਾ ਪਿਤ ਸੰਗ ਇਹ ਬਿਧਿ ਤਬ ॥

bachan kahaa pit sa(n)g ieh bidh tab ||

ਸੁਘਰ ਸੈਨ ਖਤ੍ਰੀ ਜੋ ਆਹੀ ॥

sughar sain khatree jo aahee ||

ਜਗੰਨਾਥ ਦੀਨੀ ਮੈ ਤਾਹੀ ॥੬॥

jaga(n)naath dheenee mai taahee ||6||

ਰਾਜੈ ਬਚਨ ਸੁਨਾ ਇਹ ਬਿਧਿ ਜਬ ॥

raajai bachan sunaa ieh bidh jab ||

ਐਸ ਕਹਾ ਦੁਹਿਤਾ ਕੇ ਸੰਗ ਤਬ ॥

aais kahaa dhuhitaa ke sa(n)g tab ||

ਜਗੰਨਾਥ ਜਾ ਕਹ ਤੂ ਦੀਨੀ ॥

jaga(n)naath jaa keh too dheenee ||

ਹਮ ਸੌ ਜਾਤ ਨ ਤਾ ਸੌ ਲੀਨੀ ॥੭॥

ham sau jaat na taa sau leenee ||7||

ਭੇਦ ਅਭੇਦ ਨ ਕਛੁ ਜੜ ਪਾਯੋ ॥

bhedh abhedh na kachh jaR paayo ||

ਇਹ ਛਲ ਅਪਨਾ ਮੂੰਡ ਮੁੰਡਾਯੋ ॥

eeh chhal apanaa moo(n)dd mu(n)ddaayo ||

ਜਗੰਨਾਥ ਕੋ ਬਚਨ ਪਛਾਨਾ ॥

jaga(n)naath ko bachan pachhaanaa ||

ਰਾਜ ਸੁਤਾ ਲੈ ਮੀਤ ਸਿਧਾਨਾ ॥੮॥

raaj sutaa lai meet sidhaanaa ||8||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਾਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੬੦॥੬੫੮੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau saaTh charitr samaapatam sat subham sat ||360||6580||afajoo(n)||

ਚੌਪਈ ॥

chauapiee ||

ਸੁਨੁ ਰਾਜਾ ਇਕ ਕਥਾ ਪੁਰਾਤਨ ॥

sun raajaa ik kathaa puraatan ||

ਜਿਹ ਬਿਧਿ ਪੰਡਿਤ ਕਹਤ ਮਹਾ ਮੁਨਿ ॥

jeh bidh pa(n)ddit kahat mahaa mun ||

ਏਕ ਮਹੇਸ੍ਰ ਸਿੰਘ ਰਾਜਾਨਾ ॥

ek mahesr si(n)gh raajaanaa ||

ਡੰਡ ਦੇਤ ਜਾ ਕੋ ਨ੍ਰਿਪ ਨਾਨਾ ॥੧॥

dda(n)dd dhet jaa ko nirap naanaa ||1||

ਨਗਰ ਮਹੇਸ੍ਰਾਵਤਿ ਤਹ ਰਾਜਤ ॥

nagar mahesraavat teh raajat ||

ਅਮਰਾਵਤਿ ਜਹ ਦੁਤਿਯ ਬਿਰਾਜਤ ॥

amaraavat jeh dhutiy biraajat ||

ਤਾ ਕੀ ਜਾਤ ਨ ਉਪਮਾ ਕਹੀ ॥

taa kee jaat na upamaa kahee ||

ਅਲਕਾ ਨਿਰਖਿ ਥਕਿਤ ਤਿਹ ਰਹੀ ॥੨॥

alakaa nirakh thakit teh rahee ||2||

ਗਜ ਗਾਮਿਨਿ ਦੇ ਸੁਤਾ ਭਨਿਜੈ ॥

gaj gaamin dhe sutaa bhanijai ||

ਚੰਦ੍ਰ ਸੂਰ ਪਟਤਰ ਮੁਖ ਦਿਜੈ ॥

cha(n)dhr soor paTatar mukh dhijai ||

ਤਾ ਕੀ ਜਾਤ ਨ ਪ੍ਰਭਾ ਬਖਾਨੀ ॥

taa kee jaat na prabhaa bakhaanee ||

ਥਕਿਤ ਰਹਤ ਰਾਜਾ ਅਰੁ ਰਾਨੀ ॥੩॥

thakit rahat raajaa ar raanee ||3||

ਤਾ ਕੀ ਲਗਨ ਏਕ ਸੋ ਲਾਗੀ ॥

taa kee lagan ek so laagee ||

ਨੀਂਦ ਭੂਖਿ ਜਾ ਤੇ ਸਭ ਭਾਗੀ ॥

nee(n)dh bhookh jaa te sabh bhaagee ||

ਗਾਜੀ ਰਾਇ ਤਵਨ ਕੋ ਨਾਮਾ ॥

gaajee rai tavan ko naamaa ||

ਥਕਿਤ ਰਹਤ ਜਾ ਕੌ ਲਿਖ ਬਾਮਾ ॥੪॥

thakit rahat jaa kau likh baamaa ||4||

ਔਰ ਘਾਤ ਜਬ ਹਾਥ ਨ ਆਈ ॥

aauar ghaat jab haath na aaiee ||

ਏਕ ਨਾਵ ਤਵ ਨਿਕਟ ਮੰਗਾਈ ॥

ek naav tav nikaT ma(n)gaiee ||

ਰਾਜ ਕੁਅਰਿ ਤਿਹ ਰਾਖਾ ਨਾਮਾ ॥

raaj kuar teh raakhaa naamaa ||

ਜਾਨਤ ਸਕਲ ਪੁਰਖ ਅਰੁ ਬਾਮਾ ॥੫॥

jaanat sakal purakh ar baamaa ||5||

ਗਾਜੀ ਰਾਇ ਬੈਠਿ ਤਿਹ ਊਪਰ ॥

gaajee rai baiTh teh uoopar ||

ਨਿਕਸਾ ਆਇ ਭੂਪ ਮਹਲਨ ਤਰ ॥

nikasaa aai bhoop mahalan tar ||

ਲੈਨੀ ਹੋਇ ਨਾਵ ਤੌ ਲੀਜੈ ॥

lainee hoi naav tau leejai ||

ਨਾਤਰੁ ਮੋਹਿ ਉਤਰ ਕਛੁ ਦੀਜੈ ॥੬॥

naatar moh utar kachh dheejai ||6||

ਮੈ ਲੈ ਰਾਜ ਕੁਅਰਿ ਕੌ ਜਾਊ ॥

mai lai raaj kuar kau jaauoo ||

ਬੇਚੌਂ ਜਾਇ ਔਰ ਹੀ ਗਾਊ ॥

bechau jai aauar hee gaauoo ||

ਲੈਨੀ ਹੋਇ ਨਾਵ ਤਬ ਲੀਜੈ ॥

lainee hoi naav tab leejai ||

ਨਾਤਰ ਹਮੈ ਬਿਦਾ ਕਰਿ ਦੀਜੈ ॥੭॥

naatar hamai bidhaa kar dheejai ||7||

ਮੂਰਖ ਭੂਪ ਬਾਤ ਨਹਿ ਪਾਈ ॥

moorakh bhoop baat neh paiee ||

ਬੀਤਾ ਦਿਨ ਰਜਨੀ ਹ੍ਵੈ ਆਈ ॥

beetaa dhin rajanee havai aaiee ||

ਰਾਜ ਸੁਤਾ ਤਬ ਦੇਗ ਮੰਗਾਇ ॥

raaj sutaa tab dheg ma(n)gai ||

ਬੈਠੀ ਬੀਚ ਤਵਨ ਕੇ ਜਾਇ ॥੮॥

baiThee beech tavan ke jai ||8||

ਛਿਦ੍ਰ ਮੂੰਦਿ ਨੌਕਾ ਤਰ ਬਾਧੀ ॥

chhidhr moo(n)dh nauakaa tar baadhee ||

ਛੋਰੀ ਤਬੈ ਬਹੀ ਜਬ ਆਂਧੀ ॥

chhoree tabai bahee jab aa(n)dhee ||

ਜਬ ਨ੍ਰਿਪ ਪ੍ਰਾਤ ਦਿਵਾਨ ਲਗਾਯੋ ॥

jab nirap praat dhivaan lagaayo ||

ਤਬ ਤਿਨ ਤਹ ਇਕ ਮਨੁਖ ਪਠਾਯੋ ॥੯॥

tab tin teh ik manukh paThaayo ||9||

ਜੌ ਤੁਮ ਨਾਵ ਨ ਮੋਲ ਚੁਕਾਵਤ ॥

jau tum naav na mol chukaavat ||

ਰਾਜ ਕੁਅਰਿ ਲੈ ਬਨਿਕ ਸਿਧਾਵਤ ॥

raaj kuar lai banik sidhaavat ||

ਜਾਨਿ ਦੇਹੁ ਜੋ ਮੋਲ ਨ ਬਨੀ ॥

jaan dheh jo mol na banee ||

ਮੇਰੇ ਘਰ ਨਵਕਾ ਹੈ ਘਨੀ ॥੧੦॥

mere ghar navakaa hai ghanee ||10||

ਹਰੀ ਕੁਅਰਿ ਰਾਜਾ ਕੌ ਕਹਿ ਕੈ ॥

haree kuar raajaa kau keh kai ||

ਮੂਰਖ ਸਕਾ ਭੇਦ ਨਹਿ ਲਹਿ ਕੈ ॥

moorakh sakaa bhedh neh leh kai ||

ਪ੍ਰਾਤ ਸੁਤਾ ਕੀ ਜਬ ਸੁਧਿ ਪਾਈ ॥

praat sutaa kee jab sudh paiee ||

ਬੈਠਿ ਰਹਾ ਮੂੰਡੀ ਨਿਹੁਰਾਈ ॥੧੧॥

baiTh rahaa moo(n)ddee nihuraiee ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਸਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੬੧॥੬੫੯੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau ikasaTh charitr samaapatam sat subham sat

||361||6591||afajoo(n)||

ਚੌਪਈ ॥

chauapiee ||

ਸੁਨੁ ਭੂਪਤਿ ਇਕ ਕਥਾ ਬਚਿਤ੍ਰ ॥

sun bhoopat ik kathaa bachitr ||

ਜਿਹ ਬਿਧਿ ਕਿਯ ਇਕ ਨਾਰਿ ਚਰਿਤ੍ਰ ॥

jeh bidh kiy ik naar charitr ||

ਗੁਲੋ ਇਕ ਖਤ੍ਰਾਨੀ ਆਹੀ ॥

gulo ik khatraanee aahee ||

ਜੇਠ ਮਲ ਛਤ੍ਰੀ ਕਹ ਬਯਾਹੀ ॥੧॥

jeTh mal chhatree keh bayaahee ||1||

ਤਾ ਕੌ ਔਰ ਪੁਰਖ ਇਕ ਭਾਯੋ ॥

taa kau aauar purakh ik bhaayo ||

ਨਿਜੁ ਪਤਿ ਸੇਤੀ ਹੇਤੁ ਭੁਲਾਯੋ ॥

nij pat setee het bhulaayo ||

ਰੈਨਿ ਦਿਵਸ ਤਿਹ ਧਾਮ ਬੁਲਾਵੈ ॥

rain dhivas teh dhaam bulaavai ||

ਕਾਮ ਭੋਗ ਤਿਨ ਸਾਥ ਕਮਾਵੈ ॥੨॥

kaam bhog tin saath kamaavai ||2||

ਇਕ ਦਿਨ ਸੁਧਿ ਤਾ ਕੇ ਪਤਿ ਪਾਈ ॥

eik dhin sudh taa ke pat paiee ||

ਬਹੁ ਬਿਧਿ ਤਾ ਸੰਗ ਕਰੀ ਲਰਾਈ ॥

bahu bidh taa sa(n)g karee laraiee ||

ਅਨਿਕ ਕਰੀ ਜੂਤਿਨ ਕੀ ਮਾਰਾ ॥

anik karee jootin kee maaraa ||

ਤਬ ਤਿਨ ਇਹ ਬਿਧਿ ਚਰਿਤ ਬਿਚਾਰਾ ॥੩॥

tab tin ieh bidh charit bichaaraa ||3||

ਤਾ ਦਿਨ ਤੇ ਨਿਜੁ ਪਤਿ ਕੌ ਤਜਾਗੀ ॥

taa dhin te nij pat kau tayaagee ||

ਸਾਥ ਫਕੀਰਨ ਕੇ ਅਨੁਰਾਗੀ ॥

saath fakeeran ke anuraagee ||

ਵਾਹਿ ਅਤਿਥ ਕਰਿ ਕੈ ਸੰਗ ਲੀਨਾ ॥

vaeh atith kar kai sa(n)g leenaa ||

ਔਰੈ ਦੇਸ ਪਯਾਨਾ ਕੀਨਾ ॥੪॥

aauarai dhes payaanaa keenaa ||4||

ਜਿਹ ਜਿਹ ਦੇਸ ਆਪੁ ਪਗੁ ਧਾਰੈ ॥

jeh jeh dhes aap pag dhaarai ||

ਤਹੀ ਤਹੀ ਵਹੁ ਸੰਗ ਸਿਧਾਰੈ ॥

tahee tahee vahu sa(n)g sidhaarai ||

ਔਰ ਪੁਰਖੁ ਤਿਹ ਅਤਿਥ ਪਛਾਨੈ ॥

aauar purakh teh atith pachhaanai ||

ਤ੍ਰਿਯਾ ਚਰਿਤ੍ਰ ਨ ਕੋਈ ਜਾਨੈ ॥੫॥

tirayaa charitr na koiee jaanai ||5||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਾਸਿਠ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੬੨॥੬੫੯੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau baasiTh charitr samaapatam sat subham sat

||362||6596||afajoo(n)||

ਚੌਪਈ ॥

chauapiee ||

ਸੁਨ ਰਾਜਾ ਇਕ ਕਥਾ ਨਵੀਨ ॥

sun raajaa ik kathaa naveen ||

ਜਸ ਚਰਿਤ੍ਰ ਕਿਯ ਨਾਰਿ ਪ੍ਰਬੀਨ ॥

jas charitr kiy naar prabeen ||

ਸਿੰਘ ਮਹੇਸ੍ਰ ਸੁਨਾ ਇਕ ਰਾਜਾ ॥

si(n)gh mahesr sunaa ik raajaa ||

ਜਿਹ ਸਮ ਔਰ ਨ ਬਿਧਨਾ ਸਾਜਾ ॥੧॥

jeh sam aauar na bidhanaa saajaa ||1||

ਨਗਰ ਮਹੇਸ੍ਰਾਵਤਿ ਤਿਹ ਰਾਜਤ ॥

nagar mahesraavat teh raajat ||

ਦੇਵਪੁਰੀ ਜਾ ਕੌ ਲਖਿ ਲਾਜਤ ॥

dhevapuree jaa kau lakh laajat ||

ਬਿਮਲ ਮਤੀ ਰਾਨੀ ਤਿਹ ਐਨ ॥

bimal matee raanee teh aain ||

ਜਾ ਸਮ ਸੁਨੀ ਨ ਨਿਰਖੀ ਨੈਨ ॥੨॥

jaa sam sunee na nirakhee nain ||2||

ਸ੍ਰੀ ਪੰਜਾਬ ਦੇਇ ਤਿਹ ਬੇਟੀ ॥

sree pa(n)jaab dhei teh beTee ||

ਜਾ ਸਮ ਇੰਦ੍ਰ ਚੰਦ੍ਰ ਨਹਿ ਭੇਟੀ ॥

jaa sam i(n)dhr cha(n)dhr neh bheTee ||

ਅਧਿਕ ਤਵਨ ਕੀ ਪ੍ਰਭਾ ਬਿਰਾਜੈ ॥

adhik tavan kee prabhaa biraajai ||

ਜਿਹ ਦੁਤਿ ਨਿਰਖਿ ਚੰਦ੍ਰਮਾ ਲਾਜੈ ॥੩॥

jeh dhut nirakh cha(n)dhramaa laajai ||3||

ਜਬ ਜੋਬਨ ਤਾ ਕੇ ਤਨ ਭਯੋ ॥

jab joban taa ke tan bhayo ||

ਅੰਗ ਅੰਗ ਮਦਨ ਦਮਾਮੋ ਦਯੋ ॥

a(n)g a(n)g madhan dhamaamo dhayo ||

ਭੂਪ ਬਜਾਹ ਕੋ ਬਿਵਤ ਬਨਾਇ ॥

bhoop bayaeh ko bivat banai ||

ਸਕਲ ਪ੍ਰੋਹਿਤਨ ਲਿਯਾ ਬੁਲਾਇ ॥੪॥

sakal prohitan liyaa bulai ||4||

ਸਿੰਘ ਸੁਰੇਸ੍ਰ ਭੂਪ ਤਬ ਚੀਨਾ ॥

si(n)gh suresr bhoop tab cheenaa ||

ਜਿਹ ਸਸਿ ਜਾਤ ਨ ਪਟਤਰ ਦੀਨਾ ॥

jeh sas jaat na paTatar dheenaa ||

ਕਰੀ ਤਵਨ ਕੇ ਸਾਥ ਸਗਾਈ ॥

karee tavan ke saath sagaiee ||

ਦੈ ਸਨਮਾਨ ਬਰਾਤ ਬੁਲਾਈ ॥੫॥

dhai sanamaan baraat bulaiee ||5||

ਜੋਰਿ ਸੈਨ ਆਯੋ ਰਾਜਾ ਤਹ ॥

jor sain aayo raajaa teh ||

ਰਚਾ ਬ੍ਯਾਹ ਕੋ ਬਿਵਤਾਰਾ ਜਹ ॥

rachaa bayaeh ko bivataaraa jeh ||

ਤਹੀ ਬਰਾਤ ਆਇ ਕਰਿ ਨਿਕਸੀ ॥

tahee baraat aai kar nikasee ||

ਰਾਨੀ ਕੰਜ ਕਲੀ ਜਿਮਿ ਬਿਗਸੀ ॥੬॥

raanee ka(n)j kalee jim bigasee ||6||

ਦੋਹਰਾ ॥

dhoharaa ||

ਰਾਜ ਸੁਤਾ ਸੁੰਦਰ ਹੁਤੀ ਤਿਹ ਬਰ ਹੋਤ ਕੁਰੂਪ ॥

raaj sutaa su(n)dhar hutee teh bar hot kuroop ||

ਬਿਮਨ ਭਈ ਅਬਲਾ ਨਿਰਖਿ ਜਨੁ ਜਿਯ ਹਾਰਾ ਜੂਪ ॥੭॥

biman bhiee abalaa nirakh jan jiy haaraa joop ||7||

ਚੌਪਈ ॥

chauapiee ||

ਏਕ ਸਾਹੁ ਕੋ ਪੂਤ ਹੁਤੋ ਸੰਗ ॥

ek saahu ko poot huto sa(n)g ||

ਸੁੰਦਰ ਹੁਤੇ ਸਕਲ ਜਾ ਕੇ ਅੰਗ ॥

su(n)dhar hute sakal jaa ke a(n)g ||

ਰਾਜ ਸੁਤਾ ਲਖ ਤਾਹਿ ਲੁਭਾਈ ॥

raaj sutaa lakh taeh lubhaiee ||

ਗਿਰੀ ਧਰਨਿ ਜਨੁ ਨਾਗ ਚਬਾਈ ॥੮॥

giree dharan jan naag chabaiee ||8||

ਸੁਤਾ ਗਿਰੀ ਮਇਯਾ ਤਹ ਆਈ ॥

sutaa giree miyaa teh aaiee ||

ਸੀਚਿ ਬਾਰਿ ਬਹੁ ਚਿਰੈ ਜਗਾਈ ॥

seech baar bahu chirai jagaiee ||

ਜਬ ਤਾ ਕੋ ਬਹੁਰੌ ਸੁਧਿ ਆਈ ॥

jab taa ko bahurau sudh aaiee ||

ੳਲਟਿ ਗਿਰੀ ਜਨ ਲਗੀ ਹਵਾਈ ॥੯॥

aulaT giree jan lagee havaiee ||9||

ਪਹਰਿਕ ਬਿਤੇ ਬਹੁਰਿ ਸੁਧਿ ਆਈ ॥

paharik bite bahur sudh aaiee ||

ਰੋਇ ਮਾਤ ਸੌ ਬਾਤ ਜਨਾਈ ॥

roi maat sau baat janaiee ||

ਅਗਨਿ ਜਾਰਿ ਮੁਹਿ ਅਬੈ ਜਰਾਵੌਂ ॥

agan jaar muh abai jaraavau ||

ਇਹੁ ਕੁਰੂਪ ਕੇ ਧਾਮ ਨ ਦ੍ਰਯਾਵੌਂ ॥੧੦॥

eih kuroop ke dhaam na dhrayaavau ||10||

ਮਾਤਹਿ ਹੁਤੀ ਸੁਤਾ ਅਤਿ ਪਜ੍ਯਾਰੀ ॥

maateh hutee sutaa at payaaree ||

ਚਿੰਤਾ ਕਰੀ ਚਿਤ ਮਹਿ ਭਾਰੀ ॥

chi(n)taa karee chit meh bhaaree ||

ਜਿਨਿ ਇਹ ਰਾਜ ਸੁਤਾ ਮਰਿ ਜਾਇ ॥

jin ieh raaj sutaa mar jai ||

ਕਹਾ ਕਰੈ ਤਾ ਕੀ ਤਬ ਮਾਇ ॥੧੧॥

kahaa karai taa kee tab mai ||11||

ਜਬ ਨ੍ਰਿਪ ਸੁਤਾ ਕਛੂ ਸੁਧਿ ਪਾਈ ॥

jab nirap sutaa kachhoo sudh paiee ||

ਰੋਇ ਮਾਤ ਸੌ ਬਾਤ ਸੁਨਾਈ ॥

roi maat sau baat sunaiee ||

ਧ੍ਰਿਗ ਮੁਹਿ ਰਾਜ ਸੁਤਾ ਕਯੋ ਭਈ ॥

dhirag muh raaj sutaa kayo bhiee ||

ਕਿਸੀ ਸਾਹ ਕੇ ਧਾਮ ਨ ਗਈ ॥੧੨॥

kisee saeh ke dhaam na giee ||12||

ਮੋਰੋ ਭਾਗ ਲੋਪ ਹ੍ਵੈ ਗਯੋ ॥

moro bhaag lop havai gayo ||

ਤਾ ਤੇ ਜਨਮ ਭੂਪ ਕੋ ਲਯੋ ॥

taa te janam bhoop ko layo ||

ਅਬ ਐਸੇ ਕੁਰੂਪ ਕੇ ਜੈ ਹੌਂ ॥

ab aaise kuroop ke jai hau ||

ਰੈਨਿ ਦਿਵਸ ਸਭ ਰੋਤ ਬਿਤੈ ਹੌਂ ॥੧੩॥

rain dhivas sabh rot bitai hau ||13||

ਧ੍ਰਿਗ ਮੁਹਿ ਨਾਰਿ ਜੋਨਿ ਕਸ ਧਰੀ ॥

dhirag muh naar jon kas dharee ||

ਕਯੋਨ ਭੂਪਤਿ ਕੇ ਧਾਮੌਤਰੀ ॥

kayon bhoopat ke dhaamauataree ||

ਮਾਗੀ ਦੇਤ ਨ ਮ੍ਰਿਤੁ ਬਿਧਾਤਾ ॥

maagee dhet na mrit bidhaataa ||

ਅਬ ਹੀ ਕਰੌਂ ਦੇਹਿ ਕੋ ਘਾਤਾ ॥੧੪॥

ek ek kar taa kau puhap dhikhaiyo ||

ਭੂਪ ਬਿਦਾ ਹ੍ਵੈ ਜਬੈ ਆਪੁਨੇ ਗ੍ਰਿਹ ਅਯੋ ॥

bhoop bidhaa havai jabai aapune gireh ayo ||

ਹੋ ਕਾਢਿ ਤਹਾ ਤੇ ਮਿਤ੍ਰ ਸੇਜ ਊਪਰ ਲਯੋ ॥੯॥

ho kaadd tahaa te mitr sej uoopar layo ||9||

ਦੋਹਰਾ ॥

dhoharaa ||

ਇਹ ਛਲ ਸੌ ਰਾਜਾ ਛਲਾ ਸਕਾ ਭੇਦ ਨਹਿ ਪਾਇ ॥

eeh chhal sau raajaa chhalaa sakaa bhedh neh pai ||

ਦੁਹਿਤਾ ਕੇ ਗ੍ਰਿਹ ਜਾਇ ਸਿਰ ਆਯੋ ਕੋਰ ਮੁੰਡਾਇ ॥੧੦॥

dhuhitaa ke gireh jai sir aayo kor mu(n)ddai ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪੰਝਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੭੫॥੬੭੯੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau pa(n)jhatar charitr samaapatam sat subham sat

||375||6791||afajoo(n)||

ਚੌਪਈ ॥

chauapiee ||

ਸੁਨ ਰਾਜਾ ਇਕ ਔਰ ਕਹਾਨੀ ॥

sun raajaa ik aauar kahaanee ||

ਕਿਨਹੂੰ ਲਖੀ ਨ ਕਿਨਹੂੰ ਜਾਨੀ ॥

kinahoo(n) lakhee na kinahoo(n) jaanee ||

ਸਹਿਰ ਹੈਦਰਾਬਾਦ ਬਸਤ ਜਹ ॥

sahir haidharaabaadh basat jeh ||

ਸ੍ਰੀ ਹਰਿਜਛ ਕੇਤੁ ਰਾਜਾ ਤਹ ॥੧॥

sree harijachh ket raajaa teh ||1||

ਗ੍ਰਿਹ ਮਦਮਤ ਮਤੀ ਤਿਹ ਨਾਰੀ ॥

gireh madhamat matee teh naaree ||

ਸ੍ਰੀ ਪ੍ਰਬੀਨ ਦੇ ਧਾਮ ਦੁਲਾਰੀ ॥

sree prabeen dhe dhaam dhulaaree ||

ਅਪਮਾਨ ਦੁਤਿ ਜਾਤ ਨ ਕਹੀ ॥

apamaan dhut jaat na kahee ||

ਜਾਨੁਕ ਫੂਲ ਚੰਬੇਲੀ ਰਹੀ ॥੨॥

jaanuk fool cha(n)belee rahee ||2||

ਨਿਹਚਲ ਸਿੰਘ ਤਹਾ ਇਕ ਛਤ੍ਰੀ ॥

nihachal si(n)gh tahaa ik chhatree ||

ਸੂਰਬੀਰ ਬਲਵਾਨ ਤਿਅਤ੍ਰੀ ॥

soorabeer balavaan tiatree ||

ਤਿਹ ਪ੍ਰਬੀਨ ਦੇ ਨੈਨ ਨਿਹਾਰਾ ॥

teh prabeen dhe nain nihaaraa ||

ਮਦਨ ਕ੍ਰਿਪਾਨ ਘਾਇ ਜਨੁ ਮਾਰਾ ॥੩॥

madhan kirapaan ghai jan maaraa ||3||

ਪਠੈ ਸਹਚਰੀ ਲਿਯਾ ਬੁਲਾਇ ॥

paThai sahacharee liyaa bulai ||

ਭੋਗ ਕਿਯਾ ਰੁਚਿ ਦੁਹੂੰ ਬਢਾਇ ॥

bhog kiyaa ruch dhuhoo(n) baddai ||

ਭਾਤਿ ਭਾਤਿ ਤਨ ਚੁੰਬਨ ਕਰੈ ॥

bhaat bhaat tan chu(n)ban karai ||

ਬਿਬਿਧ ਪ੍ਰਕਾਰ ਆਸਨਨ ਧਰੈ ॥੪॥

bibidh prakaar aasanan dharai ||4||

ਤਬ ਤਹ ਆਇ ਗਯੋ ਪਿਤੁ ਵਾ ਕੋ ॥

tab teh aai gayo pit vaa ko ||

ਭੋਗਤ ਹੁਤੋ ਜਹਾ ਪਿਯ ਤਾ ਕੋ ॥

bhogat huto jahaa piy taa ko ||

ਚਮਕਿ ਚਰਿਤ੍ਰ ਚੰਚਲਾ ਕੀਨਾ ॥

chamak charitr cha(n)chalaa keenaa ||

ਪਰਦਨ ਬੀਚ ਲਪਟਿ ਤਿਹ ਲੀਨਾ ॥੫॥

paradhan beech lapaT teh leenaa ||5||

ਦੋਹਰਾ ॥

dhoharaa ||

ਪਰਦਨ ਬੀਚ ਲਪੇਟਿ ਤਿਹ ਦਿਯਾ ਧਾਮ ਪਹੁਚਾਇ ॥

paradhan beech lapeT teh dhiyaa dhaam pahuchai ||

ਮੁਖ ਬਾਏ ਰਾਜਾ ਰਹਾ ਸਕਾ ਚਰਿਤ੍ਰ ਨ ਪਾਇ ॥੬॥

mukh baae raajaa rahaa sakaa charitr na pai ||6||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਿਹਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੭੬॥੬੭੯੭॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chhihatar charitr samaapatam sat subham sat

||376||6797||afajoo(n)||

ਚੌਪਈ ॥

chauapiee ||

ਨਵਤਨ ਸੁਨਹੁ ਨਰਾਧਿਪ ਕਥਾ ॥

navatan sunahu naraadhip kathaa ||

ਕਿਯਾ ਚਰਿਤ੍ਰ ਚੰਚਲਾ ਜਥਾ ॥

kiyaa charitr cha(n)chalaa jathaa ||

ਤ੍ਰਿੰਬਕ ਮਹਾ ਰੁਦ੍ਰ ਹੈ ਜਹਾ ॥

tira(n)bak mahaa rudhr hai jahaa ||

ਤ੍ਰਿੰਬਕ ਦਤ ਨਰਾਧਪ ਤਹਾ ॥੧॥

tira(n)bak dhat naraadhap tahaa ||1||

ਤ੍ਰਿਬੰਕ ਪੁਰ ਤਾ ਕੋ ਬਹੁ ਸੋਹੈ ॥

tiraba(n)k pur taa ko bahu sohai ||

ਇੰਦ੍ਰ ਚੰਦ੍ਰ ਲੋਕ ਕਹ ਮੋਹੈ ॥

ei(n)dhr cha(n)dhr lok keh mohai ||

ਸ੍ਰੀ ਰਸਰੀਤਿ ਮਤੀ ਤਿਹ ਨਾਰੀ ॥

sree rasareet matee teh naaree ||

ਕੰਚਨ ਅਵਟਿ ਸਾਚੇ ਜਨੁ ਢਾਰੀ ॥੨॥

ka(n)chan avaT saache jan ddaaree ||2||

ਸ੍ਰੀ ਸੁਹਾਸ ਦੇ ਤਾ ਕੀ ਕੰਨਯਾ ॥

sree suhaas dhe taa kee ka(n)nayaa ||

ਜਿਹ ਸਮ ਉਪਜੀ ਨਾਰਿ ਨ ਅੰਨ੍ਯਾ ॥

jeh sam upajee naar na a(n)nrayaa ||

ਏਕ ਚਤੁਰਿ ਅਰੁ ਸੁੰਦਰਿ ਘਨੀ ॥

ek chatur ar su(n)dhar ghanee ||

ਜਿਹ ਸਮਾਨ ਕੋਈ ਨਹਿ ਬਨੀ ॥੩॥

jeh samaan koiee neh banee ||3||

ਇਕ ਦਿਨ ਕੁਅਰਿ ਬਾਗ ਕੋ ਚਲੀ ॥

eik dhin kuar baag ko chalee ||

ਬੀਸ ਪਚਾਸ ਲਏ ਸੰਗ ਅਲੀ ॥

bees pachaas le sa(n)g alee ||

ਜਾਤ ਹੁਤੀ ਮਾਰਗ ਕੇ ਮਾਹੀ ॥

jaat hutee maarag ke maahee ||

ਸੁੰਦਰ ਨਿਰਖਾ ਏਕ ਤਹਾ ਹੀ ॥੪॥

su(n)dhar nirakhaa ek tahaa hee ||4||

ਸੇਰ ਸਿੰਘ ਤਿਹ ਨਾਮ ਬਿਰਾਜਤ ॥

ser si(n)gh teh naam biraajat ||

ਜਾਹਿ ਨਿਰਖਿ ਰਤਿ ਕੋ ਮਨ ਲਾਜਤ ॥

jaeh nirakh rat ko man laajat ||

ਕਹ ਲਗਿ ਤਿਹ ਛਬਿ ਭਾਖਿ ਸੁਨਾਊ ॥

keh lag teh chhab bhaakh sunaauoo ||

ਪ੍ਰਭਾ ਕੇਰ ਸੁਭ ਗ੍ਰੰਥ ਬਨਾਊ ॥੫॥

prabhaa ker subh gra(n)th banaauoo ||5||

ਅੜਿਲ ॥

aRil ||

ਰਾਜ ਸੁਤਾ ਜਬ ਤੇ ਤਿਹ ਗਈ ਨਿਹਾਰਿ ਕਰਿ ॥

raaj sutaa jab te teh giee nihaar kar ||

ਰਹੀ ਮਤ ਹ੍ਵੈ ਮਨ ਇਹ ਬਾਤ ਬਿਚਾਰਿ ਕਰਿ ॥

rahee mat havai man ieh baat bichaar kar ||

ਕੋਟਿ ਜਤਨ ਕਰਿ ਕਰਿ ਕਰਿ ਯਾਹਿ ਬੁਲਾਇਯੈ ॥

koT jatan kar kar kar yaeh bulaiyai ||

ਹੋ ਕਾਮ ਕੇਲ ਕਰਿ ਯਾ ਸੌ ਹਰਖ ਕਮਾਇਯੈ ॥੬॥

ho kaam kel kar yaa sau harakh kamaiyai ||6||

ਚੌਪਈ ॥

chauapiee ||

ਸਖੀ ਏਕ ਤਹ ਦਈ ਪਠਾਇ ॥

sakhee ek teh dhiee paThai ||

ਜਿਹ ਤਿਹ ਬਿਧਿ ਤਿਹ ਲਯੋ ਬੁਲਾਇ ॥

jeh teh bidh teh layo bulai ||

ਪੜਿ ਪੜਿ ਦੋਹਾ ਛੰਦ ਬਿਹਾਰਹਿ ॥

paR paR dhohaa chha(n)dh bihaareh ||

ਸਕਲ ਮਦਨ ਕੋ ਤਾਪ ਨਿਵਾਰਹਿ ॥੭॥

sakal madhan ko taap nivaareh ||7||

ਆਵਤ ਨੈਨ ਨਿਰਖਿ ਕਰਿ ਰਾਜਾ ॥

aavat nain nirakh kar raajaa ||

ਇਹ ਬਿਧਿ ਚਰਿਤ ਚੰਚਲਾ ਸਾਜਾ ॥

eeh bidh charit cha(n)chalaa saajaa ||

ਰੋਮ ਨਾਸ ਤਿਹ ਬਦਨ ਲਗਾਯੋ ॥

rom naas teh badhan lagaayo ||

ਨਾਰਿ ਭੇਸ ਤਾ ਕਹ ਪਹਿਰਾਯੋ ॥੮॥

naar bhes taa keh pahiraayo ||8||

ਝਾਰੂ ਏਕ ਹਾਥ ਤਿਹ ਲਿਯੋ ॥

jhaaroo ek haath teh liyo ||

ਦੂਜੇ ਹਾਥ ਟੋਕਰਾ ਦਿਯੋ ॥

dhooje haath Tokaraa dhiyo ||

ਮੁਹਰਨ ਔਰ ਰਪੈਯਨ ਭਰੋ ॥

muharan aauar rapaiyan bharo ||

ਤਾਹਿ ਚੰਡਾਰੀ ਭਾਖਿਨਿ ਕਰੋ ॥੯॥

taeh cha(n)ddaaree bhaakhin karo ||9||

ਨ੍ਰਿਪ ਆਗੇ ਕਰਿ ਤਾਹਿ ਨਿਕਾਰਿਯੋ ॥

nirap aage kar taeh nikaariyo ||

ਮੂੜ ਭੂਪ ਨਹਿ ਭੇਦ ਬਿਚਾਰਿਯੋ ॥

mooR bhoop neh bhedh bichaariyo ||

ਕਾਢਿ ਖੜਗ ਤਿਹ ਹਨਤ ਨ ਭਯੋ ॥

kaadd khaRag teh hanat na bhayo ||

ਜਾਨਿ ਚੰਡਾਰ ਤਾਹਿ ਨ੍ਰਿਪ ਗਯੋ ॥੧੦॥

jaan cha(n)ddaar taeh nirap gayo ||10||

ਜਿਨ ਇਹ ਮੋਰ ਅੰਗ ਛੁਹਿ ਜਾਇ ॥

jin ieh mor a(n)g chhuh jai ||

ਮੁਝੈ ਕਰੈ ਅਪਵਿਤ੍ਰ ਬਨਾਇ ॥

mujhai karai apavitr banai ||

ਤਾਹਿ ਪਛਾਨਿ ਪਕਰਿ ਨਹਿ ਲਯੋ ॥

taeh pachhaan pakar neh layo ||

ਲੈ ਮੁਹਰੈ ਸੁੰਦਰ ਘਰ ਗਯੋ ॥੧੧॥

lai muharai su(n)dhar ghar gayo ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤਤਰ ਚਰਿਤ੍ਰ ਸਮਾਪਤਮ ਸਤੁ ਸੁਭਮ

ਸਤੁ ॥੩੭੭॥੬੮੦੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau satatar charitr samaapatam sat subham sat ||377||6808||afajoo(n)||

ਚੌਪਈ ॥

chauapiee ||

ਭੂਪ ਤ੍ਰਿਹਾਟਕ ਸੈਨ ਭਨਿਜੈ ॥

bhoop tirahaaTak sain bhanijai ||

ਨਗਰ ਤਿਹਾੜੋ ਜਾਹਿ ਕਹਿਜੈ ॥

nagar tihaaRo jaeh kahijai ||

ਜਾਹਿ ਤ੍ਰਿਹਾਟਕ ਪੁਰੀ ਬਖਾਨੈ ॥

jaeh tirahaaTak puree bakhaanai ||

ਦਾਨਵ ਦੇਵ ਜਛ ਸਭ ਜਾਨੈ ॥੧॥

dhaanav dhev jachh sabh jaanai ||1||

ਸ੍ਰੀ ਮਹਬੂਬ ਮਤੀ ਤਿਹ ਨਾਰੀ ॥

sree mahaboob matee teh naaree ||

ਜਿਹ ਸਮ ਸੁੰਦਰਿ ਕਹੂੰ ਨ ਕੁਮਾਰੀ ॥

jeh sam su(n)dhar kahoo(n) na kumaaree ||

ਦੁਤਿਯ ਨਾਰਿ ਮ੍ਰਿਦੁਹਾਸ ਮਤੀ ਤਿਹ ॥

dhutiy naar miradhuhaas matee teh ||

ਨਹਿ ਸਸਿ ਸਮ ਕਹਿਯਤ ਆਨਨ ਜਿਹ ॥੨॥

neh sas sam kahiyat aanan jeh ||2||

ਸ੍ਰੀ ਮਹਬੂਬ ਮਤੀ ਤਨ ਨ੍ਰਿਪ ਰਤਿ ॥

sree mahaboob matee tan nirap rat ||

ਦੁਤਿਯ ਨਾਰਿ ਪਰ ਨਹਿ ਆਨਨ ਮਤਿ ॥

dhutiy naar par neh aanan mat ||

ਅਧਿਕ ਭੋਗ ਤਿਹ ਸਾਥ ਕਮਾਯੋ ॥

adhik bhog teh saath kamaayo ||

ਏਕ ਪੁਤ੍ਰ ਤਾ ਤੇ ਉਪਜਾਯੋ ॥੩॥

ek putr taa te upajaayo ||3||

ਦੁਤਿਯ ਨਾਰਿ ਤੇ ਸਾਥ ਨ ਪ੍ਰੀਤਾ ॥

dhutiy naar te saath na preetaa ||

ਤਾਹਿ ਨ ਬੀਚ ਲਜਾਵਤ ਚੀਤਾ ॥

taeh na beech layaavat cheetaa ||

ਸੁਤਵੰਤੀ ਇਕ ਪੁਨਿ ਪਤਿ ਪ੍ਰੀਤ ॥

sutava(n)tee ik pun pat preet ||

ਅਵਰ ਤ੍ਰਿਯਹਿ ਲਯਾਵਤ ਨਹਿ ਚੀਤ ॥੪॥

avar tirayeh layaavat neh cheet ||4||

ਦੁਤਿਯ ਨਾਰਿ ਤਬ ਅਧਿਕ ਰਿਸਾਈ ॥

dhutiy naar tab adhik risaiee ||

ਏਕ ਘਾਤ ਕੀ ਬਾਤ ਬਨਾਈ ॥

ek ghaat kee baat banaiee ||

ਸਿਸ ਕੀ ਗੁਦਾ ਗੋਖਰੂ ਦਿਯਾ ॥

sis kee gudhaa gokharoo dhiyaa ||

ਤਾ ਤੇ ਅਧਿਕ ਦੁਖਿਤ ਤਿਹ ਕਿਯਾ ॥੫॥

taa te adhik dhukhit teh kiyaa ||5||

ਬਾਲਕ ਅਧਿਕ ਦੁਖਾਤੁਰ ਭਯੋ ॥

baalak adhik dhukhaatur bhayo ||

ਰੋਵਤ ਧਾਮ ਮਾਤ ਕੇ ਗਯੋ ॥

rovat dhaam maat ke gayo ||

ਨਿਰਖਿ ਤਾਤ ਮਾਤਾ ਦੁਖ ਪਾਯੋ ॥

nirakh taat maataa dhukh paayo ||

ਭਲੀ ਭਲੀ ਧਾਯਾਨ ਮੰਗਾਯੋ ॥੬॥

bhalee bhalee dhaayaan ma(n)gaayo ||6||

ਇਹ ਚਰਿਤ੍ਰ ਬਾਲਹਿ ਦੁਖ ਦਿਯੋ ॥

eeh charitr baaleh dhukh dhiyo ||

ਆਪਨ ਭੇਸ ਧਾਇ ਕੋ ਕਿਯੋ ॥

aapan bhes dhai ko kiyo ||

ਕਿਯਾ ਸਵਤਿ ਕੇ ਧਾਮ ਪਯਾਨਾ ॥

kiyaa savat ke dhaam payaanaa ||

ਭੇਦ ਨਾਰਿ ਕਿਨਹੂੰ ਨ ਪਛਾਨਾ ॥੭॥

bhedh naar kinahoo(n) na pachhaanaa ||7||

ਔਖਧ ਏਕ ਹਾਥ ਮੈ ਲਈ ॥

aauakhadh ek haath mai liee ||

ਸਿਸੁ ਕੀ ਪ੍ਰਥਮ ਮਾਤ ਕੌ ਦਈ ॥

sis kee pratham maat kau dhiee ||

ਬਰੀ ਖਾਤ ਰਾਨੀ ਮਰਿ ਗਈ ॥

baree khaat raanee mar giee ||

ਸ੍ਵਛ ਸੁਘਰਿ ਰਾਨੀ ਫਿਰਿ ਅਈ ॥੮॥

savaichh sughar raanee fir iee ||8||

ਨਿਜੁ ਗ੍ਰਿਹ ਆਇ ਭੇਸ ਨ੍ਰਿਪ ਤ੍ਰਿਯ ਧਰਿ ॥

nij gireh aai bhes nirap tiray dhar ||

ਜਾਤਿ ਭਈ ਅਪਨੀ ਸਵਿਤਨ ਘਰ ॥

jaat bhiee apanee savitan ghar ||

ਸਿਸੁ ਕੋ ਕਾਢਿ ਗੋਖਰੂ ਡਾਰੋ ॥

sis ko kaadd gokharoo ddaaro ||

ਤਾਹਿ ਸੁਘਰਿ ਤਿਹ ਸੁਤ ਕਰਿ ਪਾਰੋ ॥੯॥

taeh sughar teh sut kar paaro ||9||

ਇਹ ਛਲ ਸੋ ਸਵਤਿਨ ਕਹ ਮਾਰਾ ॥

eeh chhal so savatin keh maaraa ||

ਸਿਸਹੁ ਜਾਨਿ ਸੁਤ ਲਿਯੋ ਉਬਾਰਾ ॥

sisahu jaan sut liyo ubaaraa ||

ਨ੍ਰਿਪਹ ਸੰਗ ਪੁਨਿ ਕਰਿ ਲਿਯ ਪਜਾਰਾ ॥

nirapeh sa(n)g pun kar liy payaaraa ||

ਭੇਦ ਅਭੇਦ ਨ ਕਿਨੂੰ ਬਿਚਾਰਾ ॥੧੦॥

bhedh abhedh na kinoo(n) bichaaraa ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਹਤਰਿ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੭੮॥੬੮੧੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau aThahatar charitr samaapatam sat subham sat

||378||6818||afajoo(n)||

ਚੌਪਈ ॥

chauapiee ||

ਸੁਨ ਰਾਜਾ ਇਕ ਔਰ ਪ੍ਰਸੰਗਾ ॥

sun raajaa ik aauar prasa(n)gaa ||

ਜਿਹ ਬਿਧਿ ਭਯੋ ਨਰੇਸੁਰ ਸੰਗਾ ॥

jeh bidh bhayo naresur sa(n)gaa ||

ਮ੍ਰਿਦੁਲਾ ਦੇ ਤਿਹ ਨਾਰਿ ਭਨਿਜੈ ॥

miradhulaa dhe teh naar bhanijai ||

ਇੰਦ੍ਰ ਚੰਦ੍ਰ ਪਟਤਰ ਤਿਹ ਦਿਜੈ ॥੧॥

ei(n)dhr cha(n)dhr paTatar teh dhijai ||1||

ਅੜਿਲ ॥

aRil ||

ਸ੍ਰੀ ਸੁਪ੍ਰਭਾ ਦੇ ਤਾ ਕੀ ਸੁਤਾ ਬਖਾਨਿਯੈ ॥

sree suprabhaa dhe taa kee sutaa bakhaaniyai ||

ਮਹਾ ਸੁੰਦਰੀ ਲੋਕ ਚਤੁਰਦਸ ਜਾਨਿਯੈ ॥

mahaa su(n)dharee lok chaturadhas jaaniyai ||

ਜੋ ਸਹਚਰਿ ਤਾ ਕੌ ਭਰਿ ਨੈਨ ਨਿਹਾਰਹੀ ॥

jo sahachar taa kau bhar nain nihaarahee ||

ਹੋ ਪਰੀ ਪਦੁਮਨੀ ਪ੍ਰਕ੍ਰਿਤ ਸੁ ਵਾਹਿ ਬਿਚਾਰਹੀ ॥੨॥

ho paree padhumanee prakirat su vaeh bichaarahee ||2||

ਚੌਪਈ ॥

chauapiee ||

ਹਾਟਕਪੁਰ ਤਿਨ ਕੋ ਦਿਸਿ ਦਛਿਨ ॥

haaTakapur tin ko dhis dhachhin ||

ਰਾਜ ਕਰਤ ਤੇ ਤਹਾ ਬਿਚਛਨ ॥

raaj karat te tahaa bichachhan ||

ਤਿਹ ਪੁਰ ਏਕ ਸਾਹ ਕੋ ਪੁਤ੍ਰ ॥

teh pur ek saeh ko putr ||

ਜਨੁ ਕਰਿ ਬਿਧਨਾ ਠਟਾ ਚਰਿਤ੍ਰ ॥੩॥

jan kar bidhanaa ThaTaa charitr ||3||

ਬ੍ਯਾਘ੍ਰ ਕੇਤੁ ਤਿਹ ਨਾਮ ਕਹਿਜੈ ॥

brayaaghr ket teh naam kahijai ||

ਛਤ੍ਰ ਜਾਤਿ ਰਘੁਬੰਸ ਭਨਿਜੈ ॥

chhatr jaat raghuba(n)s bhanijai ||

ਪ੍ਰਗਟ ਜਾਨੁ ਅਵਤਾਰ ਅਨੰਗਾ ॥

pragaT jaan avataar ana(n)gaa ||

ਐਸੋ ਸਾਹ ਪੁਤ੍ਰ ਕੋ ਅੰਗਾ ॥੪॥

aaiso saeh putr ko a(n)gaa ||4||

ਲਾਗੀ ਲਗਨ ਤਵਨ ਪਰ ਬਾਲਾ ॥

laagee lagan tavan par baalaa ||

ਸਖੀ ਪਠੀ ਇਕ ਤਹਾ ਰਿਸਾਲਾ ॥

sakhee paThee ik tahaa risaalaa ||

ਸੋ ਚਲਿ ਗਈ ਕੁਅਰ ਕੇ ਧਾਮਾ ॥

so chal giee kuar ke dhaamaa ||

ਜਿਮਿ ਤਿਮਿ ਤਾਹਿ ਪ੍ਰਬੋਧ੍ਯੋ ਬਾਮਾ ॥੫॥

jim tim taeh prabodhrayo baamaa ||5||

ਜਾਤ ਭਈ ਤਾ ਕਹ ਲੈ ਤਹਾ ॥

jaat bhiee taa keh lai tahaa ||

ਮਾਰਗ ਕੁਅਰਿ ਬਿਲੋਕਤ ਜਹਾ ॥

maarag kuar bilokat jahaa ||

ਨਿਰਖਤ ਨੈਨ ਗਰੇ ਲਪਟਾਈ ॥

nirakhat nain gare lapaTaiee ||

ਸੇਜਾਸਨ ਪਰ ਲਿਯੋ ਚੜਾਈ ॥੬॥

sejaasan par liyo chaRaiee ||6||

ਬਹੁ ਬਿਧਿ ਕਰੀ ਤਵਨ ਸੌ ਕ੍ਰੀੜਾ ॥

bahu bidh karee tavan sau kreeRaa ||

ਕਾਮਨਿ ਕਾਮ ਨਿਵਾਰੀ ਪੀੜਾ ॥

kaaman kaam nivaaree peeRaa ||

ਨਿਸੁ ਦਿਨ ਧਾਮ ਬਾਮ ਤਿਹ ਰਾਖਾ ॥

nis dhin dhaam baam teh raakhaa ||

ਮਾਤ ਪਿਤਾ ਤਨ ਭੇਦ ਨ ਭਾਖਾ ॥੭॥

maat pitaa tan bhedh na bhaakhaa ||7||

ਤਬ ਲੌ ਬਜਾਹਿ ਦਯੋ ਤਿਹ ਤਾਤੈ ॥

tab lau bayaeh dhayo teh taatai ||

ਭੂਲਿ ਗਈ ਵਾ ਕੌ ਵੈ ਬਾਤੈ ॥

bhool giee vaa kau vai baatai ||

ਨਿਜੁ ਪਜਾਰੇ ਬਿਨ ਰਹਿਯੋ ਨ ਗਯੋ ॥

nij payaare bin rahiyo na gayo ||

ਘਾਲਿ ਸੰਦੂਕਹਿ ਸਾਥ ਚਲਯੋ ॥੮॥

ghaal sa(n)dhookeh saath chalayo ||8||

ਨਿਸੁ ਦਿਨ ਤਾ ਸੌ ਭੋਗ ਕਮਾਵੈ ॥

nis dhin taa sau bhog kamaavai ||

ਸੋਵਤ ਰਹੈ ਨ ਭੂਪਤਿ ਪਾਵੈ ॥

sovat rahai na bhoopat paavai ||

ਏਕ ਦਿਵਸ ਜਬ ਹੀ ਨ੍ਰਿਪ ਜਾਗਾ ॥

ek dhivas jab hee nirap jaagaa ||

ਰਨਿਯਹਿ ਛੋਰਿ ਜਾਰ ਉਠਿ ਭਾਗਾ ॥੯॥

raniyeh chhor jaar uTh bhaagaa ||9||

ਤ੍ਰਿਯ ਸੌ ਬਚਨ ਕੋਪ ਕਰਿ ਭਾਖਿਯੋ ॥

tiray sau bachan kop kar bhaakhiyo ||

ਤੈ ਲੈ ਜਾਰ ਧਾਮ ਕਿਮਿ ਰਾਖਿਯੋ ॥

tai lai jaar dhaam kim raakhiyo ||

ਕੈ ਅਬ ਹੀ ਮੁਹਿ ਬਾਤ ਬਤਾਵੌ ॥

kai ab hee muh baat bataavau ||

ਕੈ ਪ੍ਰਾਨਨ ਕੀ ਆਸ ਚੁਕਾਵੌਂ ॥੧੦॥

kai praanan kee aas chukaavau ||10||

ਬਾਤ ਸਤ੍ਯ ਜਾਨੀ ਜਿਯ ਰਾਨੀ ॥

baat satay jaanee jiy raanee ||

ਮੁਝੈ ਨ ਨ੍ਰਿਪ ਛਾਡਤ ਅਭਿਮਾਨੀ ॥

mujhai na nirap chhaaddat abhimaanee ||

ਭਾਗ ਘੋਟਨਾ ਹਾਥ ਸੰਭਾਰਾ ॥

bhaag ghoTanaa haath sa(n)bhaaraa ||

ਫੋਰਿ ਨਰਾਧਿਪ ਕੇ ਸਿਰ ਡਾਰਾ ॥੧੧॥

for naraadhip ke sir ddaaraa ||11||

ਬਹੁਰਿ ਸਭਨ ਇਹ ਭਾਤਿ ਸੁਨਾਈ ॥

bahur sabhan ieh bhaat sunaiee ||

ਪ੍ਰਜਾ ਲੋਗ ਜਬ ਲਏ ਬੁਲਾਈ ॥

prajaa log jab le bulaiee ||

ਮਦ ਕਰਿ ਭੂਪ ਭਯੋ ਮਤਵਾਰਾ ॥

madh kar bhoop bhayo matavaaraa ||

ਪਹਿਲ ਪੁਤ੍ਰ ਕੋ ਨਾਮ ਉਚਾਰਾ ॥੧੨॥

pahil putr ko naam uchaaraa ||12||

ਮ੍ਰਿਤਕ ਪੁਤ੍ਰ ਕੋ ਨਾਮਹਿ ਲਯੋ ॥

mritak putr ko naameh layo ||

ਤਾ ਤੇ ਅਧਿਕ ਦੁਖਾਤੁਰ ਭਯੋ ॥

taa te adhik dhukhaatur bhayo ||

ਸੋਕ ਤਾਪ ਕੋ ਅਧਿਕ ਬਿਚਾਰਾ ॥

sok taap ko adhik bichaaraa ||

ਮੂੰਡ ਫੋਰਿ ਭੀਤਨ ਸੌ ਡਾਰਾ ॥੧੩॥

moo(n)dd for bheetan sau ddaaraa ||13||

ਦੋਹਰਾ ॥

dhoharaa ||

ਇਹ ਛਲ ਨਿਜੁ ਨਾਯਕ ਹਨਾ ਲੀਨਾ ਮਿਤ੍ਰ ਬਚਾਇ ॥

eeh chhal nij naayak hanaa leenaa mitr bachai ||

ਬਹੁਰਿ ਭੋਗ ਤਾ ਸੌ ਕਰੋ ਕੋ ਨ ਸਕਾ ਛਲ ਪਾਇ ॥੧੪॥

bahur bhog taa sau karo ko na sakaa chhal pai ||14||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਉਨਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੭੯॥੬੮੩੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau unaasee charitr samaapatam sat subham sat

||379||6832||afajoo(n)||

ਚੌਪਈ ॥

chauapiee ||

ਏਕ ਚਰਿਤ੍ਰ ਸੈਨ ਰਾਜਾ ਬਰ ॥

ek charitr sain raajaa bar ||

ਨਾਰਿ ਚਰਿਤ੍ਰ ਮਤੀ ਤਾ ਕੇ ਘਰ ॥

naar charitr matee taa ke ghar ||

ਵਤੀ ਚਰਿਤ੍ਰਾ ਤਾ ਕੀ ਨਗਰੀ ॥

vatee charitraa taa kee nagaree ||

ਤਿਹੂੰ ਭਵਨ ਕੇ ਬੀਚ ਉਜਗਰੀ ॥੧॥

tihoo(n) bhavan ke beech ujagaree ||1||

ਗੋਪੀ ਰਾਇ ਸਾਹ ਸੁਤ ਇਕ ਤਹ ॥

gopee rai saeh sut ik teh ||

ਜਿਹ ਸਮ ਸੁੰਦਰ ਦੁਤਿਯ ਨ ਜਗ ਮਹ ॥

jeh sam su(n)dhar dhutiy na jag meh ||

ਤਿਹ ਚਰਿਤ੍ਰ ਦੇ ਨੈਨ ਨਿਹਾਰਿਯੋ ॥

teh charitr dhe nain nihaariyo ||

ਅੰਗ ਅੰਗ ਤਿਹ ਮਦਨ ਪ੍ਰਜਾਰਿਯੋ ॥੨॥

a(n)g a(n)g teh madhan prajaariyo ||2||

ਜਿਹ ਤਿਹ ਬਿਧਿ ਤਿਹ ਲਯੋ ਬੁਲਾਇ ॥

jeh teh bidh teh layo bulai ||

ਉਠਤ ਲਯੋ ਛਤਿਯਾ ਸੌ ਲਾਇ ॥

auThat layo chhatiyaa sau lai ||

ਕਾਮ ਕੇਲ ਕੀਨੋ ਰੁਚਿ ਠਾਨੀ ॥

kaam kel keeno ruch Thaanee ||

ਕੇਲ ਕਰਤ ਸਭ ਰੈਨਿ ਬਿਹਾਨੀ ॥੩॥

kel karat sabh rain bihaanee ||3||

ਪੋਸਤ ਭਾਗ ਅਫੀਮ ਮੰਗਾਈ ॥

posat bhaag afeem ma(n)gaiee ||

ਏਕ ਸੇਜ ਚੜਿ ਦੁਹੂੰ ਚੜਾਈ ॥

ek sej chaR dhuhoo(n) chaRaiee ||

ਭਾਤਿ ਅਨਿਕ ਤਨ ਕਿਯੇ ਬਿਲਾਸਾ ॥

bhaat anik tan kiye bilaasaa ||

ਮਾਤ ਪਿਤਾ ਕੋ ਮਨ ਨ ਤ੍ਰਾਸਾ ॥੪॥

maat pitaa ko man na traasaa ||4||

ਤਬ ਲਗਿ ਆਇ ਗਯੋ ਤਾ ਕੌ ਪਤਿ ॥

tab lag aai gayo taa kau pat ||

ਡਾਰਿ ਦਯੋ ਸੇਜਾ ਤਰ ਉਪ ਪਤਿ ॥

ddaar dhayo sejaa tar up pat ||

ਦੁਪਟਾ ਡਾਰਿ ਦਯੋ ਤਿਹ ਮੁਖ ਪਰ ॥

dhupaTaa ddaar dhayo teh mukh par ||

ਜਾਨਯੋ ਜਾਇ ਨ ਤਾ ਤੇ ਤ੍ਰਿਯ ਨਰ ॥੫॥

jaanayo jai na taa te tiray nar ||5||

ਸੋਵਤ ਕਵਨ ਸੇਜ ਪਰ ਤੋਰੀ ॥

sovat kavan sej par toree ||

ਭਾਖੀ ਨਾਥ ਮਾਤ ਹੈ ਮੋਰੀ ॥

bhaakhee naath maat hai moree ||

ਹਮ ਪਹਿ ਤੋ ਨਹਿ ਜਾਤ ਜਗਾਈ ॥

ham peh to neh jaat jagaiee ||

ਤੁਮੈ ਕਹਤ ਹੌ ਬਾਧਿ ਢਿਠਾਈ ॥੬॥

tumai kahat hau baadh ddiThaiee ||6||

ਦ੍ਵੈਕ ਘਰੀ ਤੁਮ ਅਨਤ ਸਿਧਾਵਹੁ ॥

dhavaik gharee tum anat sidhaavahu ||

ਇਹ ਉਠਿ ਗਏ ਬਹੁਰਿ ਹਜਾਂ ਆਵਹੁ ॥

eeh uTh ge bahur hayaa(n) aavahu ||

ਜਬ ਜਾਗੈ ਤੇ ਅਧਿਕ ਰਿਸੈਹੈ ॥

jab jaagai te adhik risaihai ||

ਹਮ ਤੁਮ ਲਖਿ ਇਕਤ੍ਰ ਚੁਪ ਹ੍ਵੈਹੈ ॥੭॥

ham tum lakh ikatr chup havaihai ||7||

ਤਿਨਿ ਇਹ ਬਾਤ ਸਤਜ ਕਰਿ ਮਾਨੀ ॥

tin ieh baat satay kar maanee ||

ਜਾਤ ਭਯੋ ਉਠਿ ਕ੍ਰਿਯਾ ਨ ਜਾਨੀ ॥

jaat bhayo uTh kirayaa na jaanee ||

ਜਬ ਉਠਿ ਮਾਤ ਗਈ ਲਖਿ ਲੈਯਹੁ ॥

jab uTh maat giee lakh laiyahu ||

ਤਬ ਹਮ ਕੌ ਤੁਮ ਬਹੁਰਿ ਬੁਲੈਯਹੁ ॥੮॥

tab ham kau tum bahur bulaiyahu ||8||

ਇਮਿ ਕਹਿ ਬਾਤ ਜਾਤ ਜੜ ਭਯੋ ॥

eim keh baat jaat jaR bhayo ||

ਤਾਹਿ ਚੜਾਇ ਖਾਟ ਪਰ ਲਯੋ ॥

taeh chaRai khaaT par layo ||

ਭਾਤਿ ਅਨਿਕ ਤਨ ਕਰੈ ਬਿਲਾਸਾ ॥

bhaat anik tan karai bilaasaa ||

ਆਵਤ ਭਯੋ ਤਿਹ ਪਿਤਾ ਨਿਵਾਸਾ ॥੯॥

aavat bhayo teh pitaa nivaasaa ||9||

ਤਿਸੀ ਭਾਤਿ ਤਨ ਤਾਹਿ ਸੁਵਾਯੋ ॥

tisee bhaat tan taeh suvaayo ||

ਤਾਤ ਭਏ ਇਹ ਭਾਤਿ ਜਤਾਯੋ ॥

taat bhe ieh bhaat jataayo ||

ਸੁਨਹੁ ਪਿਤਾ ਇਹ ਨਾਰਿ ਤਿਹਾਰੀ ॥

sunahu pitaa ieh naar tihaaree ||

ਤੁਮ ਸੇ ਛਪੀ ਲਾਜ ਕੀ ਮਾਰੀ ॥੧੦॥

tum se chhapee laaj kee maaree ||10||

ਸੁਨਤ ਬਚਨ ਨ੍ਰਿਪ ਧਾਮ ਸਿਧਾਨਾ ॥

sunat bachan nirap dhaam sidhaanaa ||

ਭੇਦ ਅਭੇਦ ਕਛੂ ਨ ਪਛਾਨਾ ॥

bhedh abhedh kachhoo na pachhaanaa ||

ਤਾ ਕੌ ਕਾਢਿ ਸੇਜ ਪਰ ਲੀਨਾ ॥

taa kau kaadd sej par leenaa ||

ਤਾ ਕੀ ਮਾਤ ਗਵਨ ਤਹ ਕੀਨਾ ॥੧੧॥

taa kee maat gavan teh keenaa ||11||

ਵੈਸਹਿ ਤਾ ਕਹ ਦਿਯਾ ਸੁਵਾਇ ॥

vaiseh taa keh dhiyaa suvai ||

ਕਹੀ ਮਾਤ ਸੈ ਬਾਤ ਬਨਾਇ ॥

kahee maat sai baat banai ||

ਸੁਨਹੁ ਮਾਤ ਜਾਮਾਤ ਤਿਹਾਰੋ ॥

sunahu maat jaamaat tihaaro ||

ਮੋ ਕੋ ਅਧਿਕ ਪ੍ਰਾਨ ਤੇ ਪਜਾਰੋ ॥੧੨॥

mo ko adhik praan te payaaro ||12||

ਯਾ ਕੋ ਨੈਨ ਨੀਦ ਦੁਖ ਦਿਯੋ ॥

yaa ko nain needh dhukh dhiyo ||

ਤਾ ਤੇ ਸੈਨ ਸ੍ਰਮਿਤ ਹ੍ਵੈ ਕਿਯੋ ॥

taa te sain sramit havai kiyo ||

ਮੈ ਯਾ ਕੋ ਨਹਿ ਸਕਤ ਜਗਾਈ ॥

mai yaa ko neh sakat jagaiee ||

ਅਬ ਹੀ ਸੋਇ ਗਯੋ ਸੁਖਦਾਈ ॥੧੩॥

ab hee soi gayo sukhadhaiee ||13||

ਸੁਨਿ ਬਚ ਮਾਤ ਜਾਤ ਭੀ ਉਠ ਘਰ ॥

sun bach maat jaat bhee uTh ghar ||

ਲਯੋ ਸੇਜ ਪਰ ਤ੍ਰਿਯ ਪਿਯ ਭੁਜ ਭਰ ॥

layo sej par tiray piy bhuj bhar ||

ਭਾਤਿ ਭਾਤਿ ਤਨ ਭੋਗ ਕਮਾਏ ॥

bhaat bhaat tan bhog kamaae ||

ਬਹੁਰਿ ਧਾਮ ਕੌ ਤਾਹਿ ਪਠਾਏ ॥੧੪॥

bahur dhaam kau taeh paThaae ||14||

ਦੋਹਰਾ ॥

dhoharaa ||

ਇਹ ਚਰਿਤ੍ਰ ਤਿਹ ਚੰਚਲਾਮ ਪਿਯਹਿ ਦਯੋ ਪਹੁਚਾਇ ॥

eeh charitr teh cha(n)chalaam piyeh dhayo pahuchai ||

ਭੇਦ ਅਭੇਦ ਤ੍ਰਿਯਾਨ ਕੇ ਸਕਿਯੋ ਨ ਕੋਈ ਪਾਇ ॥੧੫॥

bhedh abhedh tirayaan ke sakiyo na koiee pai ||15||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੮੦॥੬੮੪੭॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau asee charitr samaapatam sat subham sat ||380||6847||afajoo(n)||

ਚੌਪਈ ॥

chauapiee ||

ਸੁਨਹੁ ਰਾਵ ਇਕ ਕਥਾ ਸ੍ਰਵਨ ਧਰਿ ॥

sunahu raav ik kathaa sravan dhar ||

ਜਿਹ ਬਿਧ ਕਿਯਾ ਚਰਿਤ੍ਰ ਤ੍ਰਿਯਾ ਬਰ ॥

jeh bidh kiyaa charitr tirayaa bar ||

ਪੀਰ ਏਕ ਮੁਲਤਾਨ ਭਨਿਜੈ ॥

peer ek mulataan bhanijai ||

ਰੂਪਵੰਤ ਤਿਹ ਅਧਿਕ ਕਹਿਜੈ ॥੧॥

roopava(n)t teh adhik kahijai ||1||

ਰੋਸਨ ਕਦਰ ਤਵਨ ਕੋ ਨਾਮਾ ॥

rosan kadhar tavan ko naamaa ||

ਥਕਿਤ ਰਹਿਤ ਜਿਹ ਨਿਰਖਤ ਬਾਮਾ ॥

thakit rahit jeh nirakhat baamaa ||

ਜੋ ਨਿਰਖਤਿ ਤਿਯ ਪਤਿਹਿ ਨਿਹਾਰੈ ॥

jo nirakhat tiy pateh nihaarai ||

ਤਾ ਕੌ ਐਂਚ ਜੂਤਯਨ ਮਾਰੈ ॥੨॥

taa kau aai(n)ch jootayan maarai ||2||

ਅੜਿਲ ॥

aRil ||

ਏਕ ਨਾਰ ਤਿਹ ਪਤਿ ਕੋ ਰੂਪ ਨਿਹਾਰਿ ਬਰ ॥

ek naar teh pat ko roop nihaar bar ||

ਰਹੀ ਮੁਬਤਲਾ ਹ੍ਵੈ ਇਮਿ ਚਰਿਤ ਬਿਚਾਰਿ ਕਰਿ ॥

rahee mubatalaa havai im charit bichaar kar ||

ਇਹ ਨਿਰਖੇ ਬਿਨੁ ਚੈਨ ਨ ਮੋ ਕੌ ਪਲ ਪਰੈ ॥

eeh nirakhe bin chain na mo kau pal parai ||

ਹੋ ਜੌ ਨਿਰਖਤ ਹੌ ਤਾਹਿ ਤੁ ਰਾਰਹਿ ਤ੍ਰਿਯ ਕਰੈ ॥੩॥

ho jau nirakhat hau taeh ta raareh tiray karai ||3||

ਚੌਪਈ ॥

chauapiee ||

ਤਿਸੀ ਤ੍ਰਿਯਾ ਕੇ ਧਾਮ ਸਿਧਾਈ ॥

tisee tirayaa ke dhaam sidhaiee ||

ਬਹੁਤਕ ਭੇਟ ਅਸਰਫੀ ਲਯਾਈ ॥

bahutak bheT asarafee layaiee ||

ਜੇਵਰ ਦੀਨੇ ਜਰੇ ਜਰਾਇਨ ॥

jevar dheene jare jarain ||

ਜਿਨ ਕੋ ਸਕਤ ਅੰਤ ਕੋਈ ਪਾਇਨ ॥੪॥

jin ko sakat a(n)t koiee pain ||4||

ਸੁ ਸਭ ਦਈ ਤਿਹ ਸਾਥਿ ਕਹਾ ਇਮਿ ॥

s sabh dhiee teh saath kahaa im ||

ਸਾਥ ਖਾਦਿਮਾ ਬਾਨੋ ਕੇ ਤਿਮਿ ॥

saath khaadhimaa baano ke tim ||

ਏਕਹਿ ਆਸ ਹਜਾਂ ਮੈ ਆਈ ॥

ekeh aas hayaa(n) mai aaiee ||

ਸੁ ਮੈ ਕਹਤ ਹੌਂ ਤੁਮੈ ਸੁਨਾਈ ॥੫॥

s mai kahat hau tumai sunaiee ||5||

ਗ੍ਰਿਹ ਅਪਨੇ ਹੀ ਮਦਰੋ ਚ੍ਵਾਇ ॥

gireh apane hee madharo chavaiai ||

ਖਾਨਾ ਅਨਿਕ ਭਾਤਿ ਕੇ ਲਜਾਇ ॥

khaanaa anik bhaat ke layai ||

ਨਿਜੁ ਹਾਥਨ ਲੈ ਦੁਹੂੰ ਪਯਾਊ ॥

nij haathan lai dhuhoo(n) payaauoo ||

ਭੇਟ ਚੜਾਇ ਘਰਹਿ ਉਠਿ ਜਾਊ ॥੬॥

bheT chaRai ghareh uTh jaauoo ||6||

ਸੋਈ ਮਦ ਲੈ ਤਹਾ ਸਿਧਾਈ ॥

soiee madh lai tahaa sidhaiee ||

ਸਾਤ ਬਾਰ ਬਹੁ ਭਾਤਿ ਚੁਆਈ ॥

saat baar bahu bhaat chuaaiee ||

ਨਿਜੁ ਹਾਥਨ ਲੈ ਦੁਹੂੰ ਪਿਯਾਯੋ ॥

nij haathan lai dhuhoo(n) piyaayo ||

ਅਧਿਕ ਮਤ ਕਰਿ ਸੇਜ ਸੁਆਯੋ ॥੭॥

adhik mat kar sej suaayo ||7||

ਸੋਈ ਲਖੀ ਪੀਰ ਤ੍ਰਿਯ ਜਬ ਹੀ ॥

soiee lakhee peer tiray jab hee ||

ਨੈਨ ਸੈਨ ਦੈ ਤਿਹ ਪ੍ਰਤਿ ਤਬ ਹੀ ॥

nain sain dhai teh prat tab hee ||

ਤਾ ਕੇ ਧਰਿ ਛਤਿਯਾ ਪਰੁ ਚੂਤ੍ਰਨ ॥

taa ke dhar chhatiyaa par chootran ||

ਕਾਮ ਭੋਗ ਕੀਨਾ ਤਿਹ ਪਤਿ ਤਨ ॥੮॥

kaam bhog keenaa teh pat tan ||8||

ਸੋਵਤ ਰਹੀ ਚੜੇ ਮਦ ਨਾਰੀ ॥

sovat rahee chaRe madh naaree ||

ਭੇਦ ਅਭੇਦ ਕੀ ਗਤਿ ਨ ਬਿਚਾਰੀ ॥

bhedh abhedh kee gat na bichaaree ||

ਚੀਠੀ ਏਕ ਲਿਖੀ ਨਿਜ ਅੰਗਾ ॥

cheeThee ek likhee nij a(n)gaa ||

ਬਾਧਿ ਗਈ ਤਾ ਕੇ ਸਿਰ ਸੰਗਾ ॥੯॥

baadh giee taa ke sir sa(n)gaa ||9||

ਜੋ ਤ੍ਰਿਯ ਖਯਾਲ ਤ੍ਰਿਯਨ ਕੇ ਪਰਿ ਹੈ ॥

jo tiray khayaal tirayan ke par hai ||

ਤਾ ਕੀ ਬਿਧਿ ਐਸੀ ਗਤਿ ਕਰਿ ਹੈ ॥

taa kee bidh aaisee gat kar hai ||

ਤਾ ਤੇ ਤੁਮ ਤ੍ਰਿਯ ਐਸ ਨ ਕੀਜੈ ॥

taa te tum tiray aais na keejai ||

ਬੁਰੋ ਸੁਭਾਇ ਸਕਲ ਤਜਿ ਦੀਜੈ ॥੧੦॥

buro subhai sakal taj dheejai ||10||

ਦੋਹਰਾ ॥

dhoharaa ||

ਕੇਸ ਪਾਸ ਤੇ ਛੋਰਿ ਕੈ ਬਾਚਤ ਪਤਿਯਾ ਅੰਗ ॥

kes paas te chhor kai baachat patiyaa a(n)g ||

ਤਾ ਦਿਨ ਤੇ ਤ੍ਰਿਯ ਤਜਿ ਦਿਯਾ ਬਾਦ ਤ੍ਰਿਯਨ ਕੇ ਸੰਗ ॥੧੧॥

taa dhin te tiray taj dhiyaa baadh tirayan ke sa(n)g ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕਆਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੮੧॥੬੮੫੮॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau ikaasee charitr samaapatam sat subham sat

||381||6858||afajoo(n)||

ਚੌਪਈ ॥

chauapiee ||

ਬਿਸਨ ਧੁਜਾ ਇਕ ਭੂਪ ਸੁਲਛਨ ॥

bisan dhujaa ik bhoop sulachhan ||

ਬਿਸਨਪੁਰੀ ਜਾ ਕੀ ਦਿਸਿ ਦਛਿਨ ॥

bisanapuree jaa kee dhis dhachhin ||

ਸ੍ਰੀ ਮਨਿ ਨੀਲ ਮਤੀ ਤਿਹ ਰਾਨੀ ॥

sree man neel matee teh raanee ||

ਸੁੰਦਰਿ ਸਕਲ ਭਵਨ ਮੌ ਜਾਨੀ ॥੧॥

su(n)dhar sakal bhavan mau jaanee ||1||

ਅਛਲੀ ਰਾਇ ਏਕ ਤਹ ਛਤ੍ਰੀ ॥

achhalee rai ek teh chhatree ||

ਸੂਰਬੀਰ ਬਲਵਾਨ ਨਿਛਤ੍ਰੀ ॥

soorabeer balavaan nichhatree ||

ਬਦਨ ਪ੍ਰਭਾ ਤਿਹ ਜਾਤ ਨ ਭਾਖੀ ॥

badhan prabhaa teh jaat na bhaakhee ||

ਜਨੁ ਮੁਖ ਚੀਰ ਚਾਦ ਕੀ ਰਾਖੀ ॥੨॥

jan mukh cheer chaadh kee raakhee ||2||

ਤ੍ਰਿਯ ਕੀ ਪ੍ਰੀਤਿ ਤਵਨ ਸੌ ਲਾਗੀ ॥

tiray kee preet tavan sau laagee ||

ਜਾ ਤੇ ਨੀਦ ਭੂਖਿ ਸਭ ਭਾਗੀ ॥

jaa te needh bhookh sabh bhaagee ||

ਜਿਯ ਤੇ ਨ੍ਰਿਪ ਰੋਗੀ ਠਹਰਾਯੋ ॥

jiy te nirap rogee Thaharaayo ||

ਊਚ ਨੀਚ ਸਭਹੀਨ ਸੁਨਾਯੋ ॥੩॥

uooch neech sabhaheen sunaayo ||3||

ਖੀਂਧ ਏਕ ਰਾਜਾ ਪਰ ਧਰੀ ॥

khee(n)dh ek raajaa par dharee ||

ਉਰ ਪਰ ਰਾਖਿ ਲੋਨ ਕੀ ਡਰੀ ॥

aur par raakh lon kee ddaree ||

ਅਗਨਿ ਸਾਥ ਤਿਹ ਅਧਿਕ ਤਪਾਈ ॥

agan saath teh adhik tapaiee ||

ਜੋ ਕਰ ਸਾਥ ਛੁਈ ਨਹਿ ਜਾਈ ॥੪॥

jo kar saath chhuiee neh jaiee ||4||

ਚਾਰੋ ਓਰ ਦਾਬਿ ਅਸ ਲਿਯਾ ॥

chaaro or dhaab as liyaa ||

ਮੁਖ ਤੇ ਤਾਹਿ ਨ ਬੋਲਨ ਦਿਯਾ ॥

mukh te taeh na bolan dhiyaa ||

ਤਬ ਹੀ ਤਜਾ ਗਏ ਜਬ ਪ੍ਰਾਨਾ ॥

tab hee tajaa ge jab praanaa ||

ਭੇਦ ਪੁਰਖ ਦੂਸਰੇ ਨ ਜਾਨਾ ॥੫॥

bhedh purakh dhoosare na jaanaa ||5||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਬਿਆਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੮੨॥੬੮੬੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau biaasee charitr samaapatam sat subham sat

||382||6863||afajoo(n)||

ਚੌਪਈ ॥

chauapiee ||

ਸੁਨਹੁ ਚਰਿਤ ਇਕ ਅਵਰ ਨਰੇਸਾ ॥

sunahu charit ik avar naresaa ||

ਨ੍ਰਿਪ ਇਕ ਝਾਰਖੰਡ ਕੇ ਦੇਸਾ ॥

nirap ik jhaarakha(n)dd ke dhesaa ||

ਕੋਕਿਲ ਸੈਨ ਤਵਨ ਕੋ ਨਾਮਾ ॥

kokil sain tavan ko naamaa ||

ਮਤੀ ਕੋਕਿਲਾ ਵਾ ਕੀ ਬਾਮਾ ॥੧॥

matee kokilaa vaa kee baamaa ||1||

ਬਦਲੀ ਰਾਮ ਸਾਹ ਸੁਤ ਇਕ ਤਹ ॥

badhalee raam saeh sut ik teh ||

ਜਿਹ ਸਮ ਸੁੰਦਰ ਕਹੂੰ ਨ ਜਗ ਮਹ ॥

jeh sam su(n)dhar kahoo(n) na jag meh ||

ਦ੍ਰਿਗ ਭਰਿ ਤਾਹਿ ਬਿਲੋਕਾ ਜਬ ਹੀ ॥

dhirag bhar taeh bilokaa jab hee ||

ਰਾਨੀ ਭਈ ਕਾਮ ਬਸਿ ਤਬ ਹੀ ॥੨॥

raanee bhiee kaam bas tab hee ||2||

ਕਾਮ ਭੋਗ ਤਿਹ ਸਾਥ ਕਮਾਵੈ ॥

kaam bhog teh saath kamaavai ||

ਮੂੜ ਨਾਰਿ ਨਹਿ ਹ੍ਰਿਦੈ ਲਜਾਵੈ ॥

mooR naar neh hiradhai lajaavai ||

ਜਬ ਰਾਜੈ ਇਹ ਬਾਤ ਪਛਾਨੀ ॥

jab raajai ieh baat pachhaanee ||

ਚਿਤ ਮਹਿ ਧਰੀ ਨ ਪ੍ਰਗਟ ਬਖਾਨੀ ॥੩॥

chit meh dharee na pragaT bakhaanee ||3||

ਆਧੀ ਰੈਨਿ ਹੋਤ ਭੀ ਜਬ ਹੀ ॥

aadhee rain hot bhee jab hee ||

ਰਾਜਾ ਦੁਰਾ ਖਾਟ ਤਰ ਤਬ ਹੀ ॥

raajaa dhuraa khaaT tar tab hee ||

ਰਾਨੀ ਭੇਦ ਨ ਵਾ ਕੋ ਪਾਯੋ ॥

raanee bhedh na vaa ko paayo ||

ਬੋਲਿ ਜਾਰ ਕੌ ਨਿਕਟ ਬੁਲਾਯੋ ॥੪॥

bol jaar kau nikaT bulaayo ||4||

ਰੁਚਿ ਭਰਿ ਭੋਗ ਤਵਨ ਸੌ ਕਰਾ ॥

ruch bhar bhog tavan sau karaa ||

ਖਾਟ ਤਰੇ ਰਾਜਾ ਲਹਿ ਪਰਾ ॥

khaaT tare raajaa leh paraa ||

ਅਧਿਕ ਨਾਰਿ ਮਨ ਮਹਿ ਡਰ ਪਾਈ ॥

adhik naar man meh ddar paiee ||

ਕਰੌ ਦੈਵ ਅਬ ਕਵਨ ਉਪਾਈ ॥੫॥

karau dhaiv ab kavan upaiee ||5||

ਸੁਨੁ ਮੂਰਖ ਤੈ ਬਾਤ ਨ ਪਾਵੈ ॥

sun moorakh tai baat na paavai ||

ਨ੍ਰਿਪ ਨਾਰੀ ਕਹ ਹਾਥ ਲਗਾਵੈ ॥

nirap naaree keh haath lagaavai ||

ਸੁੰਦਰਿ ਸੁਘਰਿ ਜੈਸੇ ਮੁਰ ਰਾਜਾ ॥

su(n)dhar sughar jaise mur raajaa ||

ਤੈਸੋ ਦੁਤਿਯ ਨ ਬਿਧਨਾ ਸਾਜਾ ॥੬॥

taiso dhutiy na bidhanaa saajaa ||6||

ਅੜਿਲ ॥

aRil ||

ਜੋ ਪਰ ਨਰ ਕਹ ਪਿਯ ਬਿਨੁ ਨਾਰਿ ਨਿਹਾਰਈ ॥

jo par nar keh piy bin naar nihaariee ||

ਮਹਾ ਨਰਕ ਮਹਿ ਤਾਹਿ ਬਿਧਾਤਾ ਡਾਰਈ ॥

mahaa narak meh taeh bidhaataa ddaariee ||

ਨਿਜੁ ਪਤਿ ਸੁੰਦਰ ਛਾਡਿ ਨ ਤੁਮਹਿ ਨਿਹਾਰਿਹੌ ॥

nij pat su(n)dhar chhaadd na tumeh nihaarihau ||

ਹੋ ਨਿਜੁ ਕੁਲ ਕੀ ਤਜਿ ਕਾਨਿ ਨ ਧਰਮਹਿ ਟਾਰਿਹੌ ॥੭॥

ho nij kul kee taj kaan na dharameh Taarihau ||7||

ਚੌਪਈ ॥

chauapiee ||

ਜੈਸੋ ਅਤਿ ਸੁੰਦਰ ਮੇਰੋ ਬਰ ॥

jaiso at su(n)dhar mero bar ||

ਤੁਹਿ ਵਾਰੌਂ ਵਾ ਕੇ ਇਕ ਪਗ ਪਰ ॥

tuh vaarau vaa ke ik pag par ||

ਤਿਹ ਤਜਿ ਤੁਹਿ ਕੈਸੇ ਹੂੰ ਨ ਭਜਿ ਹੋਂ ॥

teh taj tuh kaise hoo(n) na bhaj ho(n) ||

ਲੋਕ ਲਾਜ ਕੁਲ ਕਾਨਿ ਨ ਤਜਿ ਹੋਂ ॥੮॥

lok laaj kul kaan na taj ho(n) ||8||

ਸੁਨਤ ਬਚਨ ਮੂਰਖ ਹਰਖਾਨ੍ਯੋ ॥

sunat bachan moorakh harakhaanrayo ||

ਪਤੀਬ੍ਰਤਾ ਨਾਰੀ ਕਹ ਜਾਨ੍ਯੋ ॥

pateebrataa naaree keh jaanayo ||

ਸਿਰ ਪਰ ਧਰਿ ਪਲਕਾ ਪਰ ਨਚਾ ॥

sir par dhar palakaa par nachaa ||

ਇਹ ਬਿਧਿ ਜਾਰਿ ਨਾਰਿ ਜੁਤ ਬਚਾ ॥੯॥

eeh bidh jaar naar jut bachaa ||9||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਤਿਰਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੮੩॥੬੯੭੨॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau tiraasee charitr samaapatam sat subham sat

||383||6872||afajoo(n)||

ਚੌਪਈ ॥

chauapiee ||

ਸਦਾ ਸਿੰਘ ਇਕ ਭੂਪ ਮਹਾ ਮਨਿ ॥

sadhaa si(n)gh ik bhoop mahaa man ||

ਸਦਾਪੁਰੀ ਜਾ ਕੀ ਪਛਿਮ ਭਨਿ ॥

sadhaapuree jaa kee pachhim bhan ||

ਸ੍ਰੀ ਸੁਲੰਕ ਦੇ ਤਾ ਕੀ ਨਾਰੀ ॥

sree sula(n)k dhe taa kee naaree ||

ਜਨੁਕ ਚੰਦ੍ਰ ਤੇ ਚੀਰਿ ਨਿਕਾਰੀ ॥੧॥

januk cha(n)dhr te cheer nikaaree ||1||

ਤਹ ਇਕ ਹੋਤ ਸਾਹ ਧਨਵਾਨਾ ॥

teh ik hot saeh dhanavaanaa ||

ਨਿਰਧਨ ਕਰਿ ਡਾਰਿਯੋ ਭਗਵਾਨਾ ॥

niradhan kar ddaariyo bhagavaanaa ||

ਅਧਿਕ ਚਤੁਰਿ ਤਾ ਕੀ ਇਕ ਨਾਰੀ ॥

adhik chatur taa kee ik naaree ||

ਤਿਨ ਤਾ ਸੌ ਇਹ ਭਾਤਿ ਉਚਾਰੀ ॥੨॥

tin taa sau ieh bhaat uchaaree ||2||

ਕਰਿ ਹੌ ਬਹੁਰਿ ਤੁਮੈ ਧਨਵੰਤਾ ॥

kar hau bahur tumai dhanava(n)taa ||

ਕ੍ਰਿਪਾ ਕਰੈ ਜੋ ਸ੍ਰੀ ਭਗਵੰਤਾ ॥

kirapaa karai jo sree bhagava(n)taa ||

ਆਪਨ ਭੇਸ ਪੁਰਖ ਕੋ ਧਾਰੋ ॥

aapan bhes purakh ko dhaaro ||

ਰਾਜ ਬਾਟ ਪਰ ਹਾਟ ਉਸਾਰੋ ॥੩॥

raaj baaT par haaT usaaro ||3||

ਏਕਨ ਦਰਬ ਉਧਾਰੋ ਦਿਯੋ ॥

ekan dharab udhaaro dhiyo ||

ਏਕਨ ਤੇ ਰਾਖਨ ਹਿਤ ਲਿਯੋ ॥

ekan te raakhan hit liyo ||

ਅਧਿਕ ਆਪਨੀ ਪਤਿਹਿ ਚਲਾਯੋ ॥

adhik aapanee pateh chalaayo ||

ਜਹ ਤਹ ਸਕਲ ਧਨਿਨ ਸੁਨਿ ਪਾਯੋ ॥੪॥

jeh teh sakal dhanin sun paayo ||4||

ਸੋਫੀ ਸੂਮ ਸਾਹ ਇਕ ਤਹਾ ॥

sofee soom saeh ik tahaa ||

ਜਾ ਕੇ ਘਰ ਸੁਨਿਯਤ ਧਨ ਮਹਾ ॥

jaa ke ghar suniyat dhan mahaa ||

ਸੁਤ ਤ੍ਰਿਯ ਕੋ ਨਹਿ ਕਰਤ ਬਿਸ੍ਵਾਸਾ ॥

sut tiray ko neh karat bisavaiaasaa ||

ਰਾਖਤ ਦਰਬ ਆਪਨੇ ਪਾਸਾ ॥੫॥

raakhat dharab aapane paasaa ||5||

ਸਾਹ ਸੁਈ ਤਿਹ ਨਾਰਿ ਤਕਾਯੋ ॥

saeh suiee teh naar takaayo ||

ਅਧਿਕ ਪ੍ਰੀਤ ਕਰਿ ਤਾਹਿ ਬੁਲਾਯੋ ॥

adhik preet kar taeh bulaayo ||

ਤ੍ਰਿਯ ਸੁਤ ਮਾਲ ਕਹਾ ਤਵ ਖੈ ਹੈ ॥

tiray sut maal kahaa tav khai hai ||

ਏਕ ਦਾਮ ਫਿਰਿ ਤੁਮੈ ਨ ਦੈ ਹੈ ॥੬॥

ek dhaam fir tumai na dhai hai ||6||

ਸਾਹ ਮਾਲ ਕਹੂੰ ਅਨਤ ਰਖਾਇ ॥

saeh maal kahoo(n) anat rakhai ||

ਸਰਖਤ ਤਾ ਤੇ ਲੇਹੁ ਲਿਖਾਇ ॥

sarakhat taa te leh likhai ||

ਮਾਤ ਪੂਤ ਕੋਈ ਭੇਦ ਨ ਪਾਵੈ ॥

maat poot koiee bhedh na paavai ||

ਤੁਮ ਹੀ ਚਹਹੁ ਤਬੈ ਧਨ ਆਵੈ ॥੭॥

tum hee chahahu tabai dhan aavai ||7||

ਬਚਨ ਬਹੁਰਿ ਤਿਨ ਸਾਹ ਬਖਾਨੋ ॥

bachan bahur tin saeh bakhaano ||

ਤੁਮ ਤੇ ਔਰ ਭਲੋ ਨਹਿ ਜਾਨੋ ॥

tum te aauar bhalo neh jaano ||

ਮੇਰੋ ਸਕਲ ਦਰਬੁ ਤੈ ਲੇਹਿ ॥

mero sakal dharab tai leh ||

ਸਰਖਤ ਗੁਪਤ ਮੁਝੈ ਲਿਖਿ ਦੇਹਿ ॥੮॥

sarakhat gupat mujhai likh dheh ||8||

ਬੀਸ ਲਾਖ ਤਾ ਤੇ ਧਨ ਲਿਯਾ ॥

bees laakh taa te dhan liyaa ||

ਸਰਖਤ ਏਕ ਤਾਹਿ ਲਿਖਿ ਦਿਯਾ ॥

sarakhat ek taeh likh dhiyaa ||

ਬਾਜੂ ਬੰਦ ਬੀਚ ਇਹ ਰਖਿਯਹੁ ॥

baajoo ba(n)dh beech ieh rakhiyahu ||

ਅਵਰ ਪੁਰਖ ਸੌ ਭੇਵ ਨ ਭਖਿਯਹੁ ॥੯॥

avar purakh sau bhev na bhakhiyahu ||9||

ਦੈ ਧਨ ਸਾਹ ਜਬੈ ਘਰ ਗਯੋ ॥

dhai dhan saeh jabai ghar gayo ||

ਭੇਖ ਮਜੂਰਨ ਕੋ ਤਿਨ ਲਯੋ ॥

bhekh majooran ko tin layo ||

ਧਾਮ ਤਿਸੀ ਕੇ ਕਿਯਾ ਪਯਾਨਾ ॥

dhaam tisee ke kiyaa payaanaa ||

ਭੇਦ ਅਭੇਦ ਤਿਨ ਮੂੜ ਨ ਜਾਨਾ ॥੧੦॥

bhedh abhedh tin mooR na jaanaa ||10||

ਕਹੀ ਕਿ ਏਕ ਟੂਕ ਮੁਹਿ ਦੇਹੁ ॥

kahee k ek Took muh dheh ||

ਪਾਨ ਭਰਾਇਸ ਗਰਦਨਿ ਲੇਹੁ ॥

paan bharais garadhan leh ||

ਖਰਚ ਜਾਨਿ ਥੋਰੋ ਤਿਨ ਕਰੋ ॥

kharach jaan thoro tin karo ||

ਭੇਦ ਅਭੇਦ ਨਹਿ ਨੈਕੁ ਬਿਚਰੋ ॥੧੧॥

bhedh abhedh neh naik bicharo ||11||

ਜਬ ਹੀ ਘਾਤ ਨਾਰਿ ਤਿਨ ਪਾਈ ॥

jab hee ghaat naar tin paiee ||

ਬਾਜੂ ਬੰਦ ਲਯੋ ਸਰਕਾਈ ॥

baajoo ba(n)dh layo sarakaiee ||

ਅਪਨੀ ਕਬਜ ਕਾਢਿ ਕਰਿ ਲਈ ॥

apanee kabaj kaadd kar liee ||

ਸਤ ਕੀ ਡਾਰਿ ਤਵਨ ਮੈ ਗਈ ॥੧੨॥

sat kee ddaar tavan mai giee ||12||

ਕਿਤਕ ਦਿਨਨ ਕਹਿ ਦੇਹ ਰੁਪਇਯਾ ॥

kitak dhinan keh dheh rupiyaa ||

ਪਠੈ ਦਯੋ ਇਕ ਤਾਹਿ ਮਨਇਯਾ ॥

paThai dhayo ik taeh maniyaa ||

ਏਕ ਹਜਾਰ ਤਹਾ ਤੋ ਲ੍ਯਾਵਹੁ ॥

ek hajaar tahaa to layaavahu ||

ਆਨਿ ਬਨਿਜ ਕੋ ਕਾਜ ਚਲਾਵਹੁ ॥੧੩॥

aan banij ko kaaj chalaavahu ||13||

ਤਿਨਕ ਹਜਾਰ ਨ ਤਾ ਕੌ ਦਿਯਾ ॥

tinak hajaar na taa kau dhiyaa ||

ਜਿਯ ਮੈ ਕੋਪ ਸਾਹ ਤਬ ਕਿਯਾ ॥

jiy mai kop saeh tab kiyaa ||

ਬਾਧਿ ਲੈ ਗਯੋ ਤਾ ਕਹ ਤਹਾ ॥

baadh lai gayo taa keh tahaa ||

ਕਾਜੀ ਕੋਟਵਾਰ ਥੋ ਜਹਾ ॥੧੪॥

kaajee koTavaar tho jahaa ||14||

ਮੋ ਤੇ ਬੀਸ ਲਾਖ ਇਨ ਲਿਯਾ ॥

mo te bees laakh in liyaa ||

ਅਬ ਇਨ ਮੁਝੈ ਹਜਾਰ ਨ ਦਿਯਾ ॥

ab in mujhai hajaar na dhiyaa ||

ਕਹੀ ਸਭੋ ਸਰਖਤ ਤਿਹ ਹੇਰੋ ॥

kahee sabho sarakhat teh hero ||

ਇਨ ਕੋ ਅਬ ਹੀ ਨਜਾਇ ਨਿਬੇਰੋ ॥੧੫॥

ein ko ab hee nayai nibero ||15||

ਛੋਰਿ ਸਰਖਤਹਿ ਸਭਨ ਨਿਹਾਰੋ ॥

chhor sarakhateh sabhan nihaaro ||

ਰੁਪਯਾ ਸੌ ਇਕ ਤਹਾ ਬਿਚਾਰੋ ॥

rupayaa sau ik tahaa bichaaro ||

ਸਾਚਾ ਤੇ ਝੂਠਾ ਤਿਹ ਕਿਯਾ ॥

saachaa te jhooThaa teh kiyaa ||

ਸਭ ਧਨੁ ਹਰੋ ਕਾਢਿ ਤਿਹ ਦਿਯਾ ॥੧੬॥

sabh dhan haro kaadd teh dhiyaa ||16||

ਬਹੁਰਿ ਬਚਨ ਤਿਨ ਨਾਰਿ ਉਚਾਰੇ ॥

bahur bachan tin naar uchaare ||

ਮੈ ਨ ਰਹਤ ਹੌਂ ਗਾਵ ਤਿਹਾਰੇ ॥

mai na rahat hau gaav tihaare ||

ਯੌਂ ਕਹਿ ਜਾਤ ਤਹਾ ਤੇ ਭਈ ॥

yau keh jaat tahaa te bhiee ||

ਸੋਫੀ ਯਹਿ ਕੂਟਿ ਭੰਗੇਰੀ ਗਈ ॥੧੭॥

sofee yeh kooT bha(n)geree giee ||17||

ਦੋਹਰਾ ॥

dhoharaa ||

ਨਿਰਧਨ ਤੇ ਧਨਵੰਤ ਭੀ ਕਰਿ ਤਿਹ ਧਨ ਕੀ ਹਾਨਿ ॥

niradhan te dhanava(n)t bhee kar teh dhan kee haan ||

ਸੋਫੀ ਕਹ ਅਮਲਿਨ ਛਰਾ ਦੇਖਤ ਸਕਲ ਜਹਾਨ ॥੧੮॥

sofee keh amalin chharaa dhekhat sakal jahaan ||18||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਚਉਰਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੮੪॥੬੯੯੦॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chauraasee charitr samaapatam sat subham sat

||384||6890||afajoo(n)||

ਚੌਪਈ ॥

chauapiee ||

ਚਿਤ੍ਰ ਕੇਤੁ ਰਾਜਾ ਇਕ ਪੂਰਬ ॥

chitr ket raajaa ik poorab ||

ਜਿਹ ਬਚਿਤ੍ਰ ਰਥ ਪੁਤ੍ਰ ਅਪੂਰਬ ॥

jeh bachitr rath putr apoorab ||

ਚਿਤ੍ਰਾਪੁਰ ਨਗਰ ਤਿਹ ਸੋਹੈ ॥

chitraapur nagar teh sohai ||

ਜਿਹ ਢਿਗ ਦੇਵ ਦੈਤ ਪੁਰ ਕੋ ਹੈ ॥੧॥

jeh ddig dhev dhait pur ko hai ||1||

ਸ੍ਰੀ ਕਟਿ ਉਤਿਮ ਦੇ ਤਿਹ ਨਾਰੀ ॥

sree kaT utim dhe teh naaree ||

ਸੂਰਜ ਵਤ ਤਿਹ ਧਾਮ ਦੁਲਾਰੀ ॥

sooraj vat teh dhaam dhulaaree ||

ਜਿਹ ਸਮ ਸੁੰਦਰਿ ਨਾਰਿ ਨ ਕੋਈ ॥

jeh sam su(n)dhar naar na koiee ||

ਆਗੇ ਭਈ ਨ ਪਾਛੇ ਹੋਈ ॥੨॥

aage bhiee na paachhe hoiee ||2||

ਬਾਨੀ ਰਾਇ ਤਹਾ ਇਕ ਸਾਹਾ ॥

baanee rai tahaa ik saahaa ||

ਜਿਹ ਮੁਖ ਸਮ ਸੁੰਦਰਿ ਨਹਿ ਮਾਹਾ ॥

jeh mukh sam su(n)dhar neh maahaa ||

ਸ੍ਰੀ ਗੁਲਜਾਰ ਰਾਇ ਸੁਤ ਤਾ ਕੇ ॥

sree gulajaar rai sut taa ke ||

ਦੇਵ ਦੈਤ ਕੋਇ ਤੁਲਿ ਨ ਵਾ ਕੇ ॥੩॥

dhev dhait koi tul na vaa ke ||3||

ਰਾਜ ਸੁਤਾ ਤਾ ਕੋ ਲਖਿ ਰੂਪਾ ॥

raaj sutaa taa ko lakh roopaa ||

ਮੋਹਿ ਰਹੀ ਮਨ ਮਾਹਿ ਅਨੂਪਾ ॥

moh rahee man maeh anoopaa ||

ਏਕ ਸਹਚਰੀ ਤਹਾ ਪਠਾਈ ॥

ek sahacharee tahaa paThaiee ||

ਜਿਹ ਤਿਹ ਭਾਤਿ ਤਹਾ ਲੈ ਆਈ ॥੪॥

jeh teh bhaat tahaa lai aaiee ||4||

ਮਿਲਤ ਕੁਅਰਿ ਤਾ ਸੌ ਸੁਖੁ ਪਾਯੋ ॥

milat kuar taa sau sukh paayo ||

ਭਾਤਿ ਭਾਤਿ ਮਿਲਿ ਭੋਗ ਕਮਾਯੋ ॥

bhaat bhaat mil bhog kamaayo ||

ਚੁੰਬਨ ਭਾਤਿ ਭਾਤਿ ਕੇ ਲੀਏ ॥

chu(n)ban bhaat bhaat ke le'ee ||

ਭਾਤਿ ਅਨਿਕ ਕੇ ਆਸਨ ਕੀਏ ॥੫॥

bhaat anik ke aasan ke'ee ||5||

ਤਬ ਲਗਿ ਮਾਤ ਪਿਤਾ ਤਹ ਆਯੋ ॥

tab lag maat pitaa teh aayo ||

ਨਿਰਖਿ ਸੁਤਾ ਚਿਤ ਮੈ ਦੁਖ ਪਾਯੋ ॥

nirakh sutaa chit mai dhukh paayo ||

ਕਿਹ ਛਲ ਸੌ ਇਹ ਦੁਹੂੰ ਸੰਘਾਰੋ ॥

keh chhal sau ieh dhuhoo(n) sa(n)ghaaro ||

ਛਤ੍ਰ ਜਾਰ ਕੇ ਸਿਰ ਪਰ ਢਾਰੋ ॥੬॥

chhatr jaar ke sir par ddaaro ||6||

ਦੁਹੂੰਅਨ ਕੇ ਫਾਸੀ ਗਰੁ ਡਾਰੀ ॥

dhuhoo(n)an ke faasee gar ddaaree ||

ਪਿਤਾ ਸਹਿਤ ਮਾਤਾ ਹਨਿ ਡਾਰੀ ॥

pitaa sahit maataa han ddaaree ||

ਫਾਸ ਕੰਠ ਤੇ ਲਈ ਨਕਾਰੀ ॥

faas ka(n)Th te liee nakaaree ||

ਬੋਲਿ ਲੋਗ ਸਭ ਐਸ ਉਚਾਰੀ ॥੭॥

bol log sabh aais uchaaree ||7||

ਇਨ ਦੁਹੂੰ ਜੋਗ ਸਾਧਨਾ ਸਾਧੀ ॥

ein dhuhoo(n) jog saadhanaa saadhee ||

ਨ੍ਰਿਪ ਰਾਨੀ ਜੁਤ ਪਵਨ ਅਰਾਧੀ ॥

nirap raanee jut pavan araadhee ||

ਬਾਰਹ ਬਰਿਸ ਬੀਤ ਹੈ ਜਬ ਹੀ ॥

baareh baris beet hai jab hee ||

ਜਗਿ ਹੈ ਛਾਡਿ ਤਾਰਿਯਹਿ ਤਬ ਹੀ ॥੮॥

jag hai chhaadd taariyeh tab hee ||8||

ਤਬ ਲਗਿ ਤਾਤ ਦਿਯਾ ਮੁਹਿ ਰਾਜਾ ॥

tab lag taat dhiyaa muh raajaa ||

ਰਾਜ ਸਾਜ ਕਾ ਸਕਲ ਸਮਾਜਾ ॥

raaj saaj kaa sakal samaajaa ||

ਤਬ ਲਗਿ ਤਾ ਕੋ ਰਾਜ ਕਮੈ ਹੋ ॥

tab lag taa ko raaj kamai ho ||

ਜਬ ਜਗ ਹੈ ਤਾ ਕੌ ਤਬ ਦੈ ਹੋ ॥੯॥

jab jag hai taa kau tab dhai ho ||9||

ਇਹ ਛਲ ਤਾਤ ਮਾਤ ਕਹ ਘਾਈ ॥

eeh chhal taat maat keh ghaiee ||

ਲੋਗਨ ਸੌ ਇਹ ਭਾਤਿ ਜਨਾਈ ॥

logan sau ieh bhaat janaiee ||

ਜਬ ਅਪਨੋ ਦ੍ਰਿੜ ਰਾਜ ਪਕਾਯੋ ॥

jab apano dhiraR raaj pakaayo ||

ਛਤ੍ਰ ਮਿਤ੍ਰ ਕੇ ਸੀਸ ਫਿਰਾਯੋ ॥੧੦॥

chhatr mitr ke sees firaayo ||10||

ਦੋਹਰਾ ॥

dhoharaa ||

ਤਾਤ ਮਾਤ ਇਹ ਭਾਤਿ ਹਨਿ ਦਿਯੋ ਮਿਤ੍ਰ ਕੌ ਰਾਜ ॥

taat maat ieh bhaat han dhiyo mitr kau raaj ||

ਸਕਤ ਨ ਕੋਈ ਪਛਾਨਿ ਕਰਿ ਚੰਚਲਾਨ ਕੇ ਕਾਜ ॥੧੧॥

sakat na koiee pachhaan kar cha(n)chalaan ke kaaj ||11||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਪਚਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੮੫॥੬੯੦੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau pachaasee charitr samaapatam sat subham sat

||385||6901||afajoo(n)||

ਚੌਪਈ ॥

chauapiee ||

ਬੀਰ ਕੇਤੁ ਇਕ ਭੂਪ ਭਨਿਜੈ ॥

beer ket ik bhoop bhanijai ||

ਬੀਰਪੁਰੀ ਤਿਹ ਨਗਰ ਕਹਿਜੈ ॥

beerapuree teh nagar kahijai ||

ਸ੍ਰੀ ਦਿਨ ਦੀਪਕ ਦੇ ਤਿਹ ਰਾਨੀ ॥

sree dhin dheepak dhe teh raanee ||

ਸੁੰਦਰਿ ਭਵਨ ਚਤੁਰਦਸ ਜਾਨੀ ॥੧॥

su(n)dhar bhavan chaturadhas jaanee ||1||

ਰਾਇ ਗੁਮਾਨੀ ਤਹ ਇਕ ਛਤ੍ਰੀ ॥

rai gumaanee teh ik chhatree ||

ਸੂਰਬੀਰ ਬਲਵਾਨ ਧਰਤ੍ਰੀ ॥

soorabeer balavaan dharatree ||

ਇਕ ਸੁੰਦਰ ਅਰ ਚਤੁਰਾ ਮਹਾ ॥

eik su(n)dhar ar chaturaa mahaa ||

ਜਿਹ ਸਮ ਉਪਜਾ ਕੋਈ ਨ ਕਹਾ ॥੨॥

jeh sam upajaa koiee na kahaa ||2||

ਰਾਜ ਤਰੁਨਿ ਜਬ ਤਾਹਿ ਨਿਹਾਰਿਯੋ ॥

raaj tarun jab taeh nihaariyo ||

ਇਹੈ ਚੰਚਲਾ ਚਿਤ ਬਿਚਾਰਿਯੋ ॥

eihai cha(n)chalaa chit bichaariyo ||

ਕਹੋ ਚਰਿਤ੍ਰ ਕਵਨ ਸੋ ਕੀਜੈ ॥

kaho charitr kavan so keejai ||

ਜਿਹ ਬਿਧਿ ਪਿਯ ਸੌ ਭੋਗ ਕਰੀਜੈ ॥੩॥

jeh bidh piy sau bhog kareejai ||3||

ਬੀਰ ਮਤੀ ਇਕ ਸਖੀ ਸਜਾਨੀ ॥

beer matee ik sakhee sayaanee ||

ਕਾਨਿ ਲਾਗਿ ਭਾਖਜੋ ਤਿਹ ਰਾਨੀ ॥

kaan laag bhaakhayo teh raanee ||

ਰਾਇ ਗੁਮਾਨੀ ਕੌ ਲੈ ਕੈ ਆਇ ॥

rai gumaanee kau lai kai aai ||

ਜਿਹ ਤਿਹ ਬਿਧਿ ਮੁਹਿ ਦੇਹੁ ਮਿਲਾਇ ॥੪॥

jeh teh bidh muh dheh milai ||4||

ਸਖੀ ਬ੍ਰਿਥਾ ਸਭ ਭਾਖਿ ਸੁਨਾਈ ॥

sakhee birathaa sabh bhaakh sunaiee ||

ਜਯੋਂ ਰਾਨੀ ਕਹਿ ਤਾਹਿ ਸੁਨਾਈ ॥

jayo(n) raanee keh taeh sunaiee ||

ਜਿਹ ਤਿਹ ਬਿਧਿ ਤਾ ਕਹ ਉਰਝਾਈ ॥

jeh teh bidh taa keh urajhaiee ||

ਆਨਿ ਕੁਅਰ ਕੌਂ ਦਯੋ ਮਿਲਾਈ ॥੫॥

aan kuar kau dhayo milaiee ||5||

ਭਾਤਿ ਭਾਤਿ ਤਿਹ ਸਾਥ ਬਿਹਾਰੀ ॥

bhaat bhaat teh saath bihaaree ||

ਭੋਗ ਕਰਤ ਬੀਤੀ ਨਿਸੁ ਸਾਰੀ ॥

bhog karat beetee nis saaree ||

ਤਬ ਲਗਿ ਆਇ ਗਯੋ ਤਹ ਰਾਜਾ ॥

tab lag aai gayo teh raajaa ||

ਇਹ ਬਿਧਿ ਚਰਿਤ ਚੰਚਲਾ ਸਾਜਾ ॥੬॥

eeh bidh charit cha(n)chalaa saajaa ||6||

ਤੀਛਨ ਖੜਗ ਹਾਥ ਮਹਿ ਲਯੋ ॥

teechhan khaRag haath meh layo ||

ਲੈ ਮਿਤਹਿ ਕੇ ਸਿਰ ਮਹਿ ਦਯੋ ॥

lai miteh ke sir meh dhayo ||

ਟੂਕ ਟੂਕ ਕਰਿ ਤਾ ਕੇ ਅੰਗਾ ॥

Took Took kar taa ke a(n)gaa ||

ਬਚਨ ਕਹਾ ਰਾਜਾ ਕੇ ਸੰਗਾ ॥੭॥

bachan kahaa raajaa ke sa(n)gaa ||7||

ਚਲੋ ਭੂਪ ਇਕ ਚਰਿਤ ਦਿਖਾਊ ॥

chalo bhoop ik charit dhikhaauoo ||

ਗੌਸ ਮਰਾਤਿਬ ਤੁਮੈ ਲਖਾਊ ॥

gauas maraatib tumai lakhaauoo ||

ਰਾਇ ਚਰਿਤ ਕਛਹੂੰ ਨ ਬਿਚਾਰਿਯੋ ॥

rai charit kachhahoo(n) na bichaariyo ||

ਮ੍ਰਿਤਕ ਪਰਾ ਤਿਹ ਮਿਤ੍ਰ ਨਿਹਾਰਿਯੋ ॥੮॥

mritak paraa teh mitr nihaariyo ||8||

ਤਾ ਕੌ ਗੌਸ ਕੁਤੁਬ ਕਰਿ ਮਾਨਾ ॥

taa kau gauas kutub kar maanaa ||

ਭੇਦ ਅਭੇਦ ਨ ਮੂੜ ਪਛਾਨਾ ॥

bhedh abhedh na mooR pachhaanaa ||

ਤ੍ਰਸਤ ਹਾਥ ਤਾ ਕੌ ਨ ਲਗਾਯੋ ॥

trasat haath taa kau na lagaayo ||

ਪੀਰ ਪਛਾਨਿ ਜਾਰ ਫਿਰ ਆਯੋ ॥੯॥

peer pachhaan jaar fir aayo ||9||

ਦੋਹਰਾ ॥

dhoharaa ||

ਪ੍ਰਥਮ ਭੋਗ ਤਾ ਸੌ ਕਿਯਾ ਬਹੁਰੋ ਦਿਯਾ ਸੰਘਾਰਿ ॥

pratham bhog taa sau kiyaa bahuro dhiyaa sa(n)ghaar ||

ਮੂੜ ਭੂਪ ਇਹ ਛਲ ਛਲਾ ਸਕਾ ਨ ਭੇਦ ਬਿਚਾਰ ॥੧੦॥

mooR bhoop ieh chhal chhalaa sakaa na bhedh bichaar ||10||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਛਿਆਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੮੬॥੬੯੧੧॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau chhiaasee charitr samaapatam sat subham sat

||386||6911||afajoo(n)||

ਚੌਪਈ ॥

chauapiee ||

ਮਾਰਵਾਰ ਇਕ ਭੂਪ ਭਨਿਜੈ ॥

maaravaar ik bhoop bhanijai ||

ਚੰਦ੍ਰ ਸੈਨ ਤਿਹ ਨਾਮ ਕਹਿਜੈ ॥

cha(n)dhr sain teh naam kahijai ||

ਸ੍ਰੀ ਜਗ ਮੋਹਨ ਦੇ ਤਿਹ ਨਾਰਿ ॥

sree jag mohan dhe teh naar ||

ਘੜੀ ਆਪੁ ਜਨੁ ਬ੍ਰਹਮ ਸੁ ਨਾਰ ॥੧॥

ghaRee aap jan braham su naar ||1||

ਚੰਦ੍ਰਵਤੀ ਇਹ ਪੁਰੀ ਬਿਰਾਜੈ ॥

cha(n)dhravatee ieh puree biraajai ||

ਨਾਗ ਲੋਕ ਜਾ ਕੌ ਲਖਿ ਲਾਜੈ ॥

naag lok jaa kau lakh laajai ||

ਹੋਡ ਪਰੀ ਇਕ ਦਿਨ ਤਿਨ ਮਾਹ ॥

hodd paree ik dhin tin maeh ||

ਬਚਨ ਕਹਾ ਤ੍ਰਿਯ ਸੌ ਲਰ ਨਾਹ ॥੨॥

bachan kahaa tiray sau lar naeh ||2||

ਐਸੀ ਕਵਨ ਜਗਤ ਮੈ ਨਾਰੀ ॥

aaisee kavan jagat mai naaree ||

ਕਾਨ ਨ ਸੁਨੀ ਨ ਨੈਨ ਨਿਹਾਰੀ ॥

kaan na sunee na nain nihaaree ||

ਪਤਿਹਿ ਢੋਲ ਕੀ ਢਮਕ ਸੁਨਾਵੈ ॥

pateh ddol kee ddamak sunaavai ||

ਬਹੁਰਿ ਜਾਰ ਸੌ ਭੋਗ ਕਮਾਵੈ ॥੩॥

bahur jaar sau bhog kamaavai ||3||

ਕੇਤਕ ਦਿਨ ਬੀਤਤ ਜਬ ਭਏ ॥

ketak dhin beetat jab bhe ||

ਤਿਯ ਕੌ ਬਚ ਸਿਮਰਨ ਹ੍ਵੈ ਗਏ ॥

tiy kau bach simaran havai ge ||

ਅਸ ਚਰਿਤ੍ਰ ਕਰਿ ਪਤਿਹਿ ਦਿਖਾਊਂ ॥

as charitr kar pateh dhikhaauooaa(n) ||

ਭਜੌਂ ਜਾਰ ਅਰ ਢੋਲ ਬਜਾਊਂ ॥੪॥

bhajau jaar ar ddol bajaauooaa(n) ||4||

ਤਬ ਤੇ ਇਹੈ ਟੇਵ ਤਿਨ ਡਾਰੀ ॥

tab te ihai Tev tin ddaaree ||

ਔਰਨ ਤ੍ਰਿਯ ਸੌ ਪ੍ਰਗਟ ਉਚਾਰੀ ॥

aauaran tiray sau pragaT uchaaree ||

ਮੈ ਧਰਿ ਸੀਸ ਪਾਨਿ ਕੋ ਸਾਜਾ ॥

mai dhar sees paan ko saajaa ||

ਭਰਿ ਲਯੈਹੌ ਜਲ ਨ੍ਰਿਪ ਕੇ ਕਾਜਾ ॥੫॥

bhar layaihau jal nirap ke kaajaa ||5||

ਬਚਨ ਸੁਨਤ ਰਾਜਾ ਹਰਖਾਨੋ ॥

bachan sunat raajaa harakhaano ||

ਤਾ ਕੌ ਅਤਿ ਪਤਿਬ੍ਰਤਾ ਜਾਨੋ ॥

taa kau at patibrataa jaano ||

ਨਿਜੁ ਸਿਰ ਕੈ ਰਾਨੀ ਘਟ ਲ਼ਜਾਵੈ ॥

nij sir kai raanee ghaT layaavai ||

ਆਨਿ ਪਾਨਿ ਪੁਨਿ ਮੁਝੈ ਪਿਲਾਵੈ ॥੬॥

aan paan pun mujhai pilaavai ||6||

ਇਕ ਦਿਨ ਤ੍ਰਿਯ ਪਿਯ ਸੋਤ ਜਗਾਈ ॥

eik dhin tiray piy sot jagaiee ||

ਲੈ ਘਟ ਕੌ ਕਰ ਚਲੀ ਬਨਾਈ ॥

lai ghaT kau kar chalee banaiee ||

ਜਬ ਤੁਮ ਢੋਲ ਢਮਕ ਸੁਨਿ ਲੀਜੋ ॥

jab tum ddol ddamak sun leejo ||

ਤਬ ਇਮਿ ਕਾਜ ਰਾਜ ਤੁਮ ਕੀਜੋ ॥੭॥

tab im kaaj raaj tum keejo ||7||

ਪ੍ਰਥਮ ਸੁਨ੍ਯੋ ਸਭ ਢੋਲ ਬਜਾਯੋ ॥

pratham sunayo sabh ddol bajaayo ||

ਜਨਿਯਹੁ ਰਾਨੀ ਡੋਲ ਧਸਾਯੋ ॥

janiyahu raanee ddol dhasaayo ||

ਦੁਤਿਯ ਢਮਾਕ ਸੁਨੋ ਜਬ ਗਾਢਾ ॥

dhutiy ddamaak suno jab gaaddaa ||

ਜਨਿਯਹੁ ਤਰੁਨਿ ਕੂਪ ਤੇ ਕਾਢਾ ॥੮॥

janiyahu tarun koop te kaaddaa ||8||

ਤਹਿਕ ਲਹੌਰੀ ਰਾਇ ਭਨਿਜੈ ॥

tahik lahauaree rai bhanijai ||

ਜਾ ਸੰਗ ਤ੍ਰਿਯ ਕੋ ਹੇਤੁ ਕਹਿਜੈ ॥

jaa sa(n)g tiray ko het kahijai ||

ਲਯੋ ਤਿਸੀ ਕੋ ਤੁਰਤ ਮੰਗਾਇ ॥

layo tisee ko turat ma(n)gai ||

ਭੋਗ ਕਿਯਾ ਅਤਿ ਰੁਚਿ ਉਪਜਾਇ ॥੯॥

bhog kiyaa at ruch upajai ||9||

ਪ੍ਰਥਮ ਜਾਰ ਜਬ ਧਕਾ ਲਗਾਯੋ ॥

pratham jaar jab dhakaa lagaayo ||

ਤਬ ਰਾਨੀ ਲੈ ਢੋਲ ਬਜਾਯੋ ॥

tab raanee lai ddol bajaayo ||

ਜਬ ਤਿਹ ਲਿੰਗ ਸੁ ਭਗ ਤੇ ਕਾਢਾ ॥

jab teh li(n)g su bhag te kaaddaa ||

ਤ੍ਰਿਯ ਦਿਯ ਢੋਲ ਢਮਾਕਾ ਗਾਢਾ ॥੧੦॥

tiray dhiy ddol ddamaakaa gaaddaa ||10||

ਤਬ ਰਾਜੈ ਇਹ ਭਾਤਿ ਬਿਚਾਰੀ ॥

tab raajai ieh bhaat bichaaree ||

ਡੋਰਿ ਕੂਪ ਤੇ ਨਾਰਿ ਨਿਕਾਰੀ ॥

ddor koop te naar nikaaree ||

ਤਿਨ ਤ੍ਰਿਯ ਭੋਗ ਜਾਰ ਸੌ ਕੀਨਾ ॥

tin tiray bhog jaar sau keenaa ||

ਰਾਜਾ ਸੁਨਤ ਦਮਾਮੋ ਦੀਨਾ ॥੧੧॥

raajaa sunat dhamaamo dheenaa ||11||

ਪ੍ਰਥਮ ਜਾਰ ਸੌ ਭੋਗ ਕਮਾਯੋ ॥

pratham jaar sau bhog kamaayo ||

ਬਹੁਰੋ ਢੋਲ ਢਮਾਕ ਸੁਨਾਯੋ ॥

bahuro ddol ddamaak sunaayo ||

ਭੂਪ ਕ੍ਰਿਯਾ ਕਬਹੂੰ ਨ ਬਿਚਾਰੀ ॥

bhoop kirayaa kabahoo(n) na bichaaree ||

ਕਹਾ ਚਰਿਤ੍ਰ ਕਿਯਾ ਇਮ ਨਾਰੀ ॥੧੨॥

kahaa charitr kiyaa im naaree ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਸਤਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੮੭॥੬੯੨੩॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau sataasee charitr samaapatam sat subham sat

||387||6923||afajoo(n)||

ਚੌਪਈ ॥

chauapiee ||

ਸਿੰਘ ਨਰਿੰਦਰ ਭੂਪ ਇਕ ਨ੍ਰਿਪ ਬਰ ॥

si(n)gh nari(n)dhar bhoop ik nirap bar ||

ਨ੍ਰਿਪਬਰਵਤੀ ਨਗਰ ਜਾ ਕੋ ਘਰ ॥

nirapabaravatee nagar jaa ko ghar ||

ਸ੍ਰੀ ਮਦ ਮੋਕਲ ਦੇ ਤਿਹ ਨਾਰੀ ॥

sree madh mokal dhe teh naaree ||

ਬਿਧਿ ਸੁ ਨਾਰ ਸਾਚੇ ਜਨੁ ਢਾਰੀ ॥੧॥

bidh su naar saache jan ddaaree ||1||

ਦੇਹ ਕੁਰੂਪ ਭੂਪ ਕੌ ਭਾਰਾ ॥

dheh kuroop bhoop kau bhaaraa ||

ਨਿਜੁ ਤ੍ਰਿਯ ਸਾਥ ਨ ਰਾਖਤ ਪਜਾਰਾ ॥

nij tiray saath na raakhat payaaraa ||

ਰੈਨਿ ਦਿਵਸ ਜੋਗਿਯਨ ਬੁਲਾਵੈ ॥

rain dhivas jogiyan bulaavai ||

ਜੋਗ ਸਾਧਨਾ ਚਹੈ ਕਿ ਆਵੈ ॥੨॥

jog saadhanaa chahai k aavai ||2||

ਯਾ ਤੇ ਨਾਰਿ ਅਧਿਕ ਰਿਸਿ ਠਾਨੀ ॥

yaa te naar adhik ris Thaanee ||

ਸੁਨਤ ਜੋਗਿਯਨ ਕੀ ਅਸਿ ਬਾਨੀ ॥

sunat jogiyan kee as baanee ||

ਐਸਾ ਕਛੂ ਉਪਾਇ ਬਨਾਊ ॥

aaisaa kachhoo upai banaauoo ||

ਭੂਪਤਿ ਸਹਿਤ ਅਜੁ ਇਨ ਘਾਊ ॥੩॥

bhoopat sahit aj in ghaauoo ||3||

ਦੇਊਂ ਆਪਨੋ ਮਿਤ੍ਰਹਿ ਰਾਜਾ ॥

dheauaa(n) aapano mitreh raajaa ||

ਜੋਗੀ ਹਨੌ ਭੂਪ ਜੁਤ ਆਜਾ ॥

jogee hanau bhoop jut aajaa ||

ਸਕਲ ਪ੍ਰਜਹਿ ਇਨ ਮਾਰਿ ਦਿਖਾਊਂ ॥

sakal prajeh in maar dhikhaauooaa(n) ||

ਮਿਤ੍ਰ ਸੀਸ ਪਰ ਛਤ੍ਰ ਫਿਰਾਊਂ ॥੪॥

mitr sees par chhatr firaauooaa(n) ||4||

ਜਬ ਰਾਜਾ ਨਿਸ ਕੌ ਗ੍ਰਿਹ ਆਯੋ ॥

jab raajaa nis kau gireh aayo ||

ਬਹੁਰਿ ਜੋਗਿਯਨ ਬੋਲਿ ਪਠਾਯੋ ॥

bahur jogiyan bol paThaayo ||

ਤਿਮਿ ਤਿਮਿ ਨਾਰਿ ਫਾਸ ਗਰ ਡਾਰਿ ॥

tim tim naar faas gar ddaar ||

ਭੂਪ ਸਹਿਤ ਸਭ ਦਏ ਸੰਘਾਰ ॥੫॥

bhoop sahit sabh dhe sa(n)ghaar ||5||

ਭੂਪਤਿ ਮਾਰਿ ਖਾਟ ਤਰ ਪਾਯੋ ॥

bhoopat maar khaaT tar paayo ||

ਦੁਹੂੰ ਅਤੀਤਨ ਤਰੇ ਡਸਾਯੋ ॥

dhuhoo(n) ateetan tare ddasaayo ||

ਸਿੰਘਾਸਨ ਪਰ ਮਿਤ੍ਰਹਿ ਰਾਖਾ ॥

si(n)ghaasan par mitreh raakhaa ||

ਬੋਲਿ ਪ੍ਰਜਾ ਸਭ ਸੋ ਇਮਿ ਭਾਖਾ ॥੬॥

bol prajaa sabh so im bhaakhaa ||6||

ਜਬ ਰਾਜਾ ਨਿਸੁ ਕੌ ਗ੍ਰਿਹ ਆਯੋ ॥

jab raajaa nis kau gireh aayo ||

ਦੁਹੂੰ ਜੋਗਿਯਨ ਨਿਕਟ ਬੁਲਾਯੋ ॥

dhuhoo(n) jogiyan nikaT bulaayo ||

ਅਤਭੁਤ ਨਾਗਾ ਤਹਾ ਇਕ ਨਿਕਸਾ ॥

atabhut naagaa tahaa ik nikasaa ||

ਰਾਵਲ ਹੇਰਿ ਤਵਨ ਕੌ ਬਿਗਸਾ ॥੭॥

raaval her tavan kau bigasaa ||7||

ਸਾਪਹਿ ਮਾਰਿ ਤਬੈ ਤਿਨ ਲਿਯੋ ॥

saapeh maar tabai tin liyo ||

ਫਰੂਆ ਬੀਚ ਡਾਰਿ ਕਰਿ ਦਿਯੋ ॥

farooaa beech ddaar kar dhiyo ||

ਘੋਟਿ ਭਾਗ ਜਿਮਿ ਦੁਹੂੰਅਨ ਪੀਯੋ ॥

ghoT bhaag jim dhuhoo(n)an peeyo ||

ਅਤਿ ਅਸਥੂਲ ਦੇਹ ਕਹ ਕੀਯੋ ॥੮॥

at asathool dheh keh keeyo ||8||

ਤਾ ਤੇ ਅਧਿਕ ਫੂਲਿ ਜਬ ਗਏ ॥

taa te adhik fool jab ge ||

ਕੁੰਜਰ ਸੋ ਧਾਰਤ ਬਪੁ ਭਏ ॥

ku(n)jar so dhaarat bap bhe ||

ਦ੍ਵੈ ਘਟਿਕਾ ਬੀਤੀ ਤਬ ਫੂਟੇ ॥

dhavai ghaTikaa beetee tab fooTe ||

ਆਵਨ ਜਾਨ ਜਗਤ ਤੇ ਛੂਟੇ ॥੯॥

aavan jaan jagat te chhooTe ||9||

ਬਰਖ ਬਾਰਹਨ ਕੇ ਹ੍ਵੈ ਗਏ ॥

barakh baarahan ke havai ge ||

ਤਜਾਗਤ ਦੇਹ ਪੁਰਾਤਨ ਭਏ ॥

tayaagat dheh puraatan bhe ||

ਸ੍ਵਰਗ ਲੋਕ ਕਹ ਕਿਯਾ ਪਯਾਨ ॥

savairag lok keh kiyaa payaan ||

ਤਜਾਗਿ ਆਪੁਨੀ ਦੇਹ ਪੁਰਾਨਿ ॥੧੦॥

tayaag aapunee dheh puraan ||10||

ਭੂਪ ਨਿਰਖਿ ਚਕ੍ਰਿਤ ਚਿਤ ਰਹਾ ॥

bhoop nirakh chakirat chit rahaa ||

ਮੁਹਿ ਸੇਤੀ ਐਸੀ ਬਿਧਿ ਕਹਾ ॥

muh setee aaisee bidh kahaa ||

ਹਮ ਤੁਮ ਆਵ ਸਾਪ ਦੋਊ ਖਾਹਿ ॥

ham tum aav saap dhouoo khaeh ||

ਦੇਹ ਧਰੇ ਸੁਰਪੁਰ ਕੋ ਜਾਹਿ ॥੧੧॥

dheh dhare surapur ko jaeh ||11||

ਯੌ ਕਹਿ ਕੈ ਨ੍ਰਿਪ ਸਾਪ ਚਬਾਯੋ ॥

yau keh kai nirap saap chabaayo ||

ਮੈ ਡਰਤੇ ਨਹਿ ਤਾਹਿ ਹਟਾਯੋ ॥

mai ddarate neh taeh haTaayo ||

ਥੋਰਾ ਭਖ੍ਯੋ ਉਡਾ ਨਹਿ ਗਯੋ ॥

thoraa bhakhrayo uddaa neh gayo ||

ਤਾ ਤੇ ਤਨ ਸੁੰਦਰ ਇਹ ਭਯੋ ॥੧੨॥

taa te tan su(n)dhar ieh bhayo ||12||

ਦੇਹ ਪੁਰਾਤਨ ਤਜਾਗਨ ਕਰੀ ॥

dheh puraatan tayaagan karee ||

ਔਖਧ ਬਲ ਨੌਤਨ ਤਨ ਧਰੀ ॥

aauakhadh bal nauatan tan dharee ||

ਦੇਹ ਭੂਪ ਕੀ ਠੌਰ ਜਰਾਵਹੁ ॥

dheh bhoop kee Thauar jaraavahu ||

ਯਾ ਕੇ ਸਿਰ ਪਰ ਛਤ੍ਰ ਫਿਰਾਵਹੁ ॥੧੩॥

yaa ke sir par chhatr firaavahu ||13||

ਇਹ ਛਲ ਸਾਥ ਜੋਗਿਯਨ ਘਾਯੋ ॥

eeh chhal saath jogiyan ghaayo ||

ਭੂਪਤਿ ਕੋ ਸੁਰ ਲੋਕ ਪਠਾਯੋ ॥

bhoopat ko sur lok paThaayo ||

ਸਕਲ ਪ੍ਰਜਾ ਕੋ ਲੋਥਿ ਦਿਖਾਈ ॥

sakal prajaa ko loth dhikhaiee ||

ਦੇਸ ਮਿਤ੍ਰ ਕੀ ਫੇਰਿ ਦੁਹਾਈ ॥੧੪॥

dhes mitr kee fer dhuhaiee ||14||

ਭੇਵ ਪ੍ਰਜਾ ਕਿਨਹੂੰ ਨ ਪਛਾਨਾ ॥

bhev prajaa kinahoo(n) na pachhaanaa ||

ਕਿਹ ਬਿਧਿ ਹਨਾ ਹਮਾਰਾ ਰਾਨਾ ॥

keh bidh hanaa hamaaraa raanaa ||

ਕਿਹ ਛਲ ਸੋ ਜੁਗਿਯਨ ਕੋ ਘਾਯੋ ॥

keh chhal so jugiyan ko ghaayo ||

ਮਿਤ੍ਰ ਸੀਸ ਪਰ ਛਤ੍ਰ ਫਿਰਾਯੋ ॥੧੫॥

mitr sees par chhatr firaayo ||15||

ਦੋਹਰਾ ॥

dhoharaa ||

ਗਰਬੀ ਰਾਇ ਸੁ ਮਿਤ੍ਰ ਕੋ ਦਿਯਾ ਆਪਨਾ ਰਾਜ ॥

garabee rai su mitr ko dhiyaa aapanaa raaj ||

ਜੋਗਨ ਜੁਤ ਰਾਜਾ ਹਨਾ ਕਿਯਾ ਆਪਨਾ ਕਾਜ ॥੧੬॥

jogan jut raajaa hanaa kiyaa aapanaa kaaj ||16||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਅਠਾਸੀ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੮੮॥੬੯੩੯॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau aThaasee charitr samaapatam sat subham sat

||388||6939||afajoo(n)||

ਚੌਪਈ ॥

chauapiee ||

ਭੂਪ ਸੁਬਾਹੁ ਸੈਨ ਇਕ ਸੁਨਾ ॥

bhoop subaahu sain ik sunaa ||

ਰੂਪਵਾਨ ਸੁੰਦਰਿ ਬਹੁ ਗੁਨਾ ॥

roopavaan su(n)dhar bahu gunaa ||

ਸ੍ਰੀ ਸੁਬਾਹਪੁਰ ਤਾ ਕੋ ਸੋਹੈ ॥

sree subaahapur taa ko sohai ||

ਜਿਹ ਸਮ ਔਰ ਨਗਰ ਨਹਿ ਕੋ ਹੈ ॥੧॥

jeh sam aauar nagar neh ko hai ||1||

ਸ੍ਰੀ ਮਕਰਧੁਜ ਦੇ ਤਿਹ ਰਾਨੀ ॥

sree makaradhuj dhe teh raanee ||

ਸੁੰਦਰਿ ਦੇਸ ਦੇਸ ਮੌ ਜਾਨੀ ॥

su(n)dhar dhes dhes mau jaanee ||

ਤਿਹ ਸਮਾਨ ਨਾਰੀ ਨਹਿ ਕੋਊ ॥

teh samaan naaree neh kouoo ||

ਪਾਛੇ ਭਈ ਨ ਆਗੈ ਹੋਊ ॥੨॥

paachhe bhiee na aagai houoo ||2||

ਤਿਨ ਦੇਖਾ ਦਿਲੀ ਕੋ ਏਸਾ ॥

tin dhekhaa dhilee ko esaa ||

ਇਹ ਬਿਧਿ ਤੇ ਲਿਖਿ ਪਠਿਯੋ ਸੰਦੇਸਾ ॥

eeh bidh te likh paThiyo sa(n)dhesaa ||

ਤੁਮ ਇਹ ਠੌਰ ਆਪੁ ਚੜਿ ਆਵਹੁ ॥

tum ieh Thauar aap chaR aavahu ||

ਭੂਪਤਿ ਜੀਤਿ ਮੁਝੈ ਲੈ ਜਾਵਹੁ ॥੩॥

bhoopat jeet mujhai lai jaavahu ||3||

ਅਕਬਰ ਸੁਨਤ ਬੈਨ ਉਠਿ ਧਯੋ ॥

akabar sunat bain uTh dhayo ||

ਪਵਨ ਹੁਤੇ ਆਗੇ ਬਢਿ ਗਯੋ ॥

pavan hute aage badd gayo ||

ਸਾਹ ਸੁਨਾ ਆਯੋ ਨ੍ਰਿਪੁ ਜਬ ਹੀ ॥

saeh sunaa aayo nirap jab hee ||

ਪਤਿ ਸੌ ਬਚਨ ਬਖਾਨਾ ਤਬ ਹੀ ॥੪॥

pat sau bachan bakhaanaa tab hee ||4||

ਤੁਮ ਹਯਾਂ ਤੇ ਨ੍ਰਿਪ ਭਾਜਿ ਨ ਜੈਯਹੁ ॥

tum hayaa(n) te nirap bhaaj na jaiyahu ||

ਰਨ ਸਾਮੁਹਿ ਹ੍ਵੈ ਜੁਧ ਮਚੈਯਹੁ ॥

ran saamuh havai judh machaiyahu ||

ਮੈ ਨ ਤਜੌਂਗੀ ਤੁਮਰਾ ਸਾਥਾ ॥

mai na tajauagee tumaraa saathaa ||

ਮਰੇ ਜਰੋਗੀ ਤੁਮ ਸੌ ਨਾਥਾ ॥੫॥

mare jarogee tum sau naathaa ||5||

ਇਤ ਭੂਪਤਿ ਕਹ ਧੀਰ ਬੰਧਾਯੋ ॥

eit bhoopat keh dheer ba(n)dhaayo ||

ਉਤੈ ਲਿਖਾ ਲਿਖਿ ਤਹਾ ਪਠਾਯੋ ॥

autai likhaa likh tahaa paThaayo ||

ਆਈ ਸੈਨ ਸਾਹ ਕੀ ਜਬ ਹੀ ॥

aaiee sain saeh kee jab hee ||

ਰਹਾ ਉਪਾਇ ਕਛੂ ਨਹਿ ਤਬ ਹੀ ॥੬॥

rahaa upai kachhoo neh tab hee ||6||

ਰਾਜਾ ਜੂਝਿ ਮਰਤ ਭਯੋ ਜਬੈ ॥

raajaa joojh marat bhayo jabai ||

ਭਾਜ ਚਲਤ ਭੀ ਪਰਜਾ ਤਬੈ ॥

bhaaj chalat bhee parajaa tabai ||

ਰਾਨੀ ਬਾਧਿ ਤਬੈ ਤਿਨ ਲਈ ॥

raanee baadh tabai tin liee ||

ਇਹ ਛਲ ਧਾਮ ਮਿਤ੍ਰ ਕੇ ਗਈ ॥੭॥

eeh chhal dhaam mitr ke giee ||7||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਨਿਨਾਨਵੇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੯੯॥੬੯੪੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau ninaanave charitr samaapatam sat subham sat

||389||6946||afajoo(n)||

ਚੌਪਈ ॥

chauapiee ||

ਬਾਹੁਲੀਕ ਸੁਨਿਯਤ ਰਾਜਾ ਜਹ ॥

baahuleek suniyat raajaa jeh ||

ਜਿਹ ਸਮਾਨ ਕੋਈ ਭਯੋ ਦੁਤਿਯ ਨਹ ॥

jeh samaan koiee bhayo dhutiy neh ||

ਧਾਮ ਗੌਹਰਾ ਰਾਇ ਦੁਲਾਰੀ ॥

dhaam gauaharaa rai dhulaaree ||

ਜਿਹ ਸਮਾਨ ਨਹਿ ਦੇਵ ਕੁਮਾਰੀ ॥੧॥

jeh samaan neh dhev kumaaree ||1||

ਤਹ ਇਕ ਹੁਤਾ ਸਾਹ ਕਾ ਬੇਟਾ ॥

teh ik hutaa saeh kaa beTaa ||

ਜਿਹ ਸਮਾਨ ਕੋ ਭਯੋ ਨ ਭੇਟਾ ॥

jeh samaan ko bhayo na bheTaa ||

ਏਕ ਸੁਘਰ ਅਰੁ ਸੁੰਦਰ ਘਨੋ ॥

ek sughar ar su(n)dhar ghano ||

ਜਨੁ ਅਵਤਾਰ ਮਦਨ ਕੋ ਬਨੋ ॥੨॥

jan avataar madhan ko bano ||2||

ਭੂਪ ਸੁਤਾ ਤਿਹ ਨਿਰਖਿ ਲੁਭਾਈ ॥

bhoop sutaa teh nirakh lubhaiee ||

ਗਿਰੀ ਭੂਮਿ ਜਨੁ ਨਾਗ ਚਬਾਈ ॥

giree bhoom jan naag chabaiee ||

ਸਖੀ ਏਕ ਤਿਹ ਤੀਰ ਪਠਾਈ ॥

sakhee ek teh teer paThaiee ||

ਗਾਜਿ ਰਾਇ ਕਹ ਲਿਯਾ ਬੁਲਾਈ ॥੩॥

gaaj rai keh liyaa bulaiee ||3||

ਜਬ ਤਿਹ ਲਖਾ ਸਜਨ ਘਰ ਆਯੋ ॥

jab teh lakhaa sajan ghar aayo ||

ਕੰਠ ਗੌਹਰਾ ਰਾਇ ਲਗਾਯੋ ॥

ka(n)Th gauaharaa rai lagaayo ||

ਬਹੁ ਬਿਧਿ ਕਰੇ ਤਵਨ ਸੌ ਭੋਗਾ ॥

bahu bidh kare tavan sau bhogaa ||

ਦੂਰਿ ਕਰਾ ਜਿਯ ਕਾ ਸਭ ਸੋਗਾ ॥੪॥

dhoor karaa jiy kaa sabh sogaa ||4||

ਭੋਗ ਕਰਤ ਭਾਯੋ ਅਤਿ ਪਯਾਰੋ ॥

bhog karat bhaayo at payaaro ||

ਛਿਨ ਨ ਕਰਤ ਆਪਨ ਤੇ ਨਯਾਰੋ ॥

chhin na karat aapan te nayaaro ||

ਭਾਤਿ ਭਾਤਿ ਕੀ ਕੈਫ ਪਿਲਾਵੈ ॥

bhaat bhaat kee kaif pilaavai ||

ਸੁਭ੍ਰ ਸੇਜ ਚੜਿ ਭੋਗ ਕਮਾਵੈ ॥੫॥

subhr sej chaR bhog kamaavai ||5||

ਤਬ ਤਹ ਤਾਤ ਤਵਨ ਕਾ ਆਯੋ ॥

tab teh taat tavan kaa aayo ||

ਤ੍ਰਸਤ ਦੇਗ ਮਹਿ ਤਾਹਿ ਛਪਾਯੋ ॥

trasat dheg meh taeh chhapaayo ||

ਰੌਜਨ ਮੂੰਦਿ ਹੌਜ ਮਹਿ ਧਰਾ ॥

rauajan moo(n)dh hauaj meh dharaa ||

ਏਕ ਬੂੰਦ ਜਲ ਬੀਚ ਨ ਪਰਾ ॥੬॥

ek boo(n)dh jal beech na paraa ||6||

ਪਿਤਹਿ ਤਾਲ ਤਤਕਾਲ ਦਿਖਾਯੋ ॥

piteh taal tatakaal dhikhaayo ||

ਬੀਚ ਬੇਰੀਯਨ ਡਾਰਿ ਫਿਰਾਯੋ ॥

beech bereeyan ddaar firaayo ||

ਦੀਏ ਜਰਾਇ ਬੀਚ ਤਿਹ ਡਾਰੇ ॥

dhe'ee jarai beech teh ddaare ||

ਜਨੁ ਕਰਿ ਚੜੇ ਰੈਨਿ ਕੇ ਤਾਰੇ ॥੭॥

jan kar chaRe rain ke taare ||7||

ਪਿਤਹਿ ਅਚੰਭਵ ਐਸ ਦਿਖਾਯੋ ॥

piteh acha(n)bhav aais dhikhaayo ||

ਸਮਾਧਾਨ ਕਰਿ ਧਾਮ ਪਠਾਯੋ ॥

samaadhaan kar dhaam paThaayo ||

ਮਿਤ੍ਰਹਿ ਕਾਢ ਸੇਜ ਪਰ ਲੀਨਾ ॥

mitreh kaadd sej par leenaa ||

ਕਾਮ ਭੋਗ ਬਹੁ ਬਿਧਿ ਤਨ ਕੀਨਾ ॥੮॥

kaam bhog bahu bidh tan keenaa ||8||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਨਬੇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੯੦॥੬੯੫੪॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe

teen sau nabe charitr samaapatam sat subham sat ||390||6954||afajoo(n)||

ਚੌਪਈ ॥

chauapiee ||

ਬਰਬਰੀਨ ਕੋ ਦੇਸ ਬਸਤ ਜਹ ॥

barabareen ko dhes basat jeh ||

ਬਰਬਰ ਪੁਰ ਇਕ ਨਗਰ ਹੁਤੋ ਤਹ ॥

barabar pur ik nagar huto teh ||

ਅਫਕਨ ਸੇਰ ਤਹਾ ਕਾ ਰਾਜਾ ॥

afakan ser tahaa kaa raajaa ||

ਜਿਹ ਸਮਾਨ ਬਿਧਿ ਦੁਤਿਯ ਨ ਸਾਜਾ ॥੧॥

jeh samaan bidh dhutiy na saajaa ||1||

ਪੀਰ ਮੁਹੰਮਦ ਤਹ ਇਕ ਕਾਜੀ ॥

peer muha(n)madh teh ik kaajee ||

ਦੇਹ ਕੁਰੂਪ ਨਾਥ ਜਿਹ ਸਾਜੀ ॥

dheh kuroop naath jeh saajee ||

ਧਾਮ ਖਾਤਿਮਾ ਬਾਨੋ ਨਾਰੀ ॥

dhaam khaatimaa baano naaree ||

ਜਿਹ ਸਮਾਨ ਨਹਿ ਰਾਜ ਦੁਲਾਰੀ ॥੨॥

jeh samaan neh raaj dhulaaree ||2||

ਸੋਰਠਾ ॥

soraThaa ||

ਸੁੰਦਰ ਤਾ ਕੀ ਨਾਰਿ ਅਤਿ ਕੁਰੂਪ ਕਾਜੀ ਰਹੈ ॥

su(n)dhar taa kee naar at kuroop kaajee rahai ||

ਤਬ ਤਿਨ ਕਿਯਾ ਬਿਚਾਰਿ ਕਿਹ ਬਿਧਿ ਬਧ ਯਾ ਕੌ ਕਰੋ ॥੩॥

tab tin kiyaa bichaar keh bidh badh yaa kau karo ||3||

ਚੌਪਈ ॥

chauapiee ||

ਸਾਹ ਪੁਤ੍ਰ ਤਿਹ ਪੁਰ ਇਕ ਆਯੋ ॥

saeh putr teh pur ik aayo ||

ਬਾਕੇ ਰਾਇ ਸਰੂਪ ਸਵਾਯੋ ॥

baake rai saroop savaayo ||

ਕਾਜੀ ਕੀ ਇਸਤ੍ਰੀ ਤਿਹ ਲਹਾ ॥

kaajee kee isatree teh lahaa ||

ਬਰੌਂ ਇਸੀ ਕਹ ਚਿਤ ਯੌ ਕਹਾ ॥੪॥

barau isee keh chit yau kahaa ||4||

ਮੁਸਲਮਾਨ ਬਹੁ ਧਾਮ ਬੁਲਾਵਤ ॥

musalamaan bahu dhaam bulaavat ||

ਭਾਤਿ ਭਾਤਿ ਤਨ ਦਰਬ ਲੁਟਾਵਤ ॥

bhaat bhaat tan dharab luTaavat ||

ਯੌਂ ਕਹਿ ਸਭਹੂੰ ਸੀਸ ਝੁਕਾਵੈ ॥

yau keh sabhahoo(n) sees jhukaavai ||

ਯਹ ਕਾਜੀ ਸੁੰਦਰ ਹ੍ਵੈ ਜਾਵੈ ॥੫॥

yeh kaajee su(n)dhar havai jaavai ||5||

ਏਕ ਦਿਵਸ ਉਪ ਪਤਿਹਿ ਬੁਲਾਈ ॥

ek dhivas up pateh bulaiee ||

ਕਾਨ ਲਾਗਿ ਸਭ ਬਾਤ ਸਿਖਾਈ ॥

kaan laag sabh baat sikhaiee ||

ਬੀਚ ਛਪਾਇ ਸਦਨ ਕੇ ਰਾਖਾ ॥

beech chhapai sadhan ke raakhaa ||

ਔਰ ਨਾਰਿ ਸੌ ਭੇਵ ਨ ਭਾਖਾ ॥੬॥

aauar naar sau bhev na bhaakhaa ||6||

ਸਭ ਮਲੇਛ ਉਠਿ ਫਜਿਰ ਬੁਲਾਏ ॥

sabh malechh uTh fajir bulaae ||

ਭਾਤਿ ਭਾਤਿ ਕੇ ਸਾਥ ਜਿਵਾਏ ॥

bhaat bhaat ke saath jivaae ||

ਕਹਿਯੋ ਸਭੈ ਮਿਲਿ ਦੇਹੁ ਦੁਆਇ ॥

kahiyo sabhai mil dheh dhuaai ||

ਮਮ ਪਤਿ ਸੁੰਦਰਿ ਕਰੈ ਖੁਦਾਇ ॥੭॥

mam pat su(n)dhar karai khudhai ||7||

ਸਭਹੂੰ ਹਾਥ ਤਸਬਿਯੈ ਲੀਨੀ ॥

sabhahoo(n) haath tasabiyai leenee ||

ਬਹੁ ਬਿਧਿ ਦੁਆਇ ਤਵਨ ਕਹ ਦੀਨੀ ॥

bahu bidh dhuaai tavan keh dheenee ||

ਭਾਤਿ ਭਾਤਿ ਤਨ ਕਰੀ ਸੁਨਾਇ ॥

bhaat bhaat tan karee sunai ||

ਤਵ ਪਤਿ ਸੁੰਦਰ ਕਰੈ ਖੁਦਾਇ ॥੮॥

tav pat su(n)dhar karai khudhai ||8||

ਲੈ ਦੁਆਇ ਤ੍ਰਿਯ ਧਾਮ ਸਿਧਾਈ ॥

lai dhuaai tiray dhaam sidhaiee ||

ਮਾਰਿ ਕਾਜਿਯਹਿ ਦਿਯੋ ਦਬਾਈ ॥

maar kaajiyeh dhiyo dhabaiee ||

ਕਰਿ ਕਾਜੀ ਲੈਗੀ ਤਿਹ ਤਹਾ ॥

kar kaajee laigee teh tahaa ||

ਪੜਤ ਕਿਤਾਬ ਮੁਲਾਨੇ ਜਹਾ ॥੯॥

paRat kitaab mulaane jahaa ||9||

ਪ੍ਰਜਾ ਨਿਰਖਿ ਤਾ ਕਹ ਹਰਖਾਨੀ ॥

prajaa nirakh taa keh harakhaanee ||

ਸਾਚੁ ਕਿਤਾਬ ਆਪਨੀ ਜਾਨੀ ॥

saach kitaab aapanee jaanee ||

ਹਮ ਜੋ ਯਾ ਕਹ ਦਈ ਦੁਆਇ ॥

ham jo yaa keh dhiee dhuaai ||

ਯਾ ਤੇ ਸੁੰਦਰ ਕਰਾ ਖੁਦਾਇ ॥੧੦॥

yaa te su(n)dhar karaa khudhai ||10||

ਇਹ ਬਿਧਿ ਪ੍ਰਥਮ ਕਾਜਿਯਹਿ ਘਾਈ ॥

eeh bidh pratham kaajiyeh ghaiee ||

ਬਰਤ ਭਈ ਅਪਨਾ ਸੁਖਦਾਈ ॥

barat bhiee apanaa sukhadhaiee ||

ਭੇਦ ਅਭੇਦ ਨ ਕਿਨੂੰ ਬਿਚਾਰਾ ॥

bhedh abhedh na kinoo(n) bichaaraa ||

ਇਹ ਛਲ ਬਰਾ ਅਪਨਾ ਪਜਾਰਾ ॥੧੧॥

eeh chhal baraa apanaa payaaraa ||11||

ਦੋਹਰਾ ॥

dhoharaa ||

ਤੁਮ ਸਭ ਹੀ ਅਤਿ ਕ੍ਰਿਪਾ ਕਰ ਦੀਨੀ ਹਮੈ ਦੁਆਇ ॥

tum sabh hee at kirapaa kar dheenee hamai dhuaai ||

ਤਾ ਤੇ ਪਤਿ ਸੁੰਦਰ ਭਯੋ ਕੀਨੀ ਮਯਾ ਖੁਦਾਇ ॥੧੨॥

taa te pat su(n)dhar bhayo keenee mayaa khudhai ||12||

ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੀਨ ਸੌ ਇਕ੍ਯਾਨਵੇ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ ॥੩੯੧॥੬੯੬੬॥ਅਫਜੂੰ॥

eit sree charitr pakhayaane tirayaa charitre ma(n)tree bhoop sa(n)baadhe teen sau ikayaanave charitr samaapatam sat subham sat

||391||6966||afajoo(n)||

ਚੌਪਈ ॥

chauapiee ||

ਭੂਪ ਸੁ ਧਰਮ ਸੈਨ ਇਕ ਸੁਨਿਯਤ ॥

bhoop su dharam sain ik suniyat ||

ਜਿਹ ਸਮਾਨ ਜਗ ਦੁਤਿਯ ਨ ਗੁਨਿਯਤ ॥

jeh samaan jag dhutiy na guniyat ||

ਚੰਦਨ ਦੇ ਤਿਹ ਨਾਰਿ ਭਨਿਜੈ ॥

cha(n)dhan dhe teh naar bhanijai ||

ਜਿਹ ਮੁਖ ਛਬਿ ਨਿਸਕਰ ਕਹ ਦਿਜੈ ॥੧॥

jeh mukh chhab nisakar keh dhijai ||1||

ਸੰਦਲ ਦੇ ਦੁਹਿਤਾ ਤਿਹ ਸੁਹੈ ॥

sa(n)dhal dhe dhuhitaa teh suhai ||

ਖਗ ਮ੍ਰਿਗ ਜਛ ਭੁਜੰਗਨ ਮੋਹੈ ॥

khag mirag jachh bhuja(n)gan mohai ||

ਅਧਿਕ ਪ੍ਰਭਾ ਤਨ ਮੋ ਤਿਨ ਧਰੀ ॥

adhik prabhaa tan mo tin dharee ||

ਮਦਨ ਸੁ ਨਾਰ ਭਰਤ ਜਨੁ ਭਰੀ ॥੨॥

madhan su naar bharat jan bharee ||2||

ਨ੍ਰਿਪ ਸੁਤ ਏਕ ਸੁਘਰ ਤਿਨ ਹੇਰਿਯੋ ॥

nirap sut ek sughar tin heriyo ||

ਮਦਨ ਆਨਿ ਤਾ ਕਾ ਤਨ ਘੇਰਿਯੋ ॥

madhan aan taa kaa tan gheriyo ||

ਸਖੀ ਏਕ ਤਹ ਦਈ ਪਠਾਈ ॥

sakhee ek teh dhiee paThaiee ||

ਅਨਿਕ ਜਤਨ ਕਰਿ ਕੈ ਤਿਹ ਲ੍ਯਾਈ ॥੩॥

anik jatan kar kai teh layaiee ||3||

ਆਨਿ ਸਜਨ ਤਿਨ ਦਯੋ ਮਿਲਾਇ ॥

